ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਤੰਲੀ ਬਾਣੀ

# ਰਾਗਮਾਲਾ ਦਾ ਸਵਾਲ

ਤੇ

## ਜੋਧ ਕਵਿ ਅਤੇ ਆਲਮ

ਬਾਰੇ

ਪੁਰਜ਼ੋਰ, ਪੁਰ-ਦਲੀਲ ਖੋਜ ਪੂਰਤ ਵਾਕਫ਼ੀ

*- ਲਿਖਤ -*

ਡਾ. ਬਲਬੀਰ ਸਿੰਘ ਜੀ

ਪੀ. ਐਚ. ਡੀ. (ਲੰਡਨ)

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ

ਨਵੀਂ ਦਿੱਲੀ-110 001



www.sikhbookclub.com

**Ragmala Da Swal**

***Dr. Balbir Singh***

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਚਉਥੀ ਐਡੀਸ਼ਨ : ਅਗਸਤ 2006

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

*ਪ੍ਰਿੰਟਰ :*
ਭਾਈ ਵੀਰ ਸਿੰਘ ਪ੍ਰੈਸ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

ਮੁੱਲ : 80/- ਰੁਪਏ

 www.sikhbookclub.com

# ਰਾਗਮਾਲਾ ਦਾ ਸਵਾਲ

## ਛਪਾਈ ਦਾ ਵੇਰਵਾ

| | | |
|---|---|---|
| ਪਹਿਲੀ | ਵਾਰ | 1945-46<br>(ਖਾਲਸਾ ਸਮਾਚਾਰ ਦੇ ਲੇਖਾਂ ਦੇ ਰੂਪ ਵਿਚ) |
| ਦੂਜੀ | " | ਭਾਗ-1 ਦਸੰਬਰ, 1946<br>ਭਾਗ-2 ਮਾਰਚ, 1947<br>(ਸਪੈਸ਼ਲ ਅੰਕ ਖਾਲਸਾ ਐਡਵੋਕੇਟ) |
| ਤੀਜੀ | " | ਜਨਵਰੀ, 1969<br>(ਪੁਸਤਕ ਰੂਪ ਵਿਚ) |
| ਚੌਥੀ | " | ਅਗਸਤ, 2006 (ਕਮਪਿਊਟਰਾਇਜ਼ਡ) |

 www.sikhbookclub.com

# ਰਾਗਮਾਲਾ ਦਾ ਸਵਾਲ

## ਲੇਖ ਸੂਚੀ


| | | ਪੰਨਾ |
|---|---|---|
| | ਰਾਗਮਾਲਾ ਦਾ ਸਵਾਲ (ਪ੍ਰਧਾਨਗੀ ਭਾਸ਼ਨ) | 1 |
| | ਜੋਧ ਕਵੀ ਤੇ ਆਲਮ-ਪਹਿਲੀ ਗੱਲ | 24 |
| 1. | ਆਲਮ ਯਾਚਕ ਹੈ ਕਿ ਦਾਤਾ? | 27 |
| 2. | ਅਕਬਰ ਤੇ ਔਰੰਗਜ਼ੇਬ ਦੇ ਸਮੇਂ ਦੀਆਂ ਉਥਾਨਕਾਂ ਦਾ ਫਰਕ- | 34 |
| 3. | ਆਲਮ ਦੀ ਭਸੌੜ ਐਡੀਸ਼ਨ ਵਿਚ ਗ਼ਲਤੀਆਂ | 47 |
| 4. | ਆਲਮ ਦੇ ਅਨੁਵਾਦ ਹੋਣ ਬਾਬਤ ਭਾਈ ਕਾਹਨ ਸਿੰਘ ਜੀ ਦੀ ਰਾਏ | 50 |
| 5. | ਭਾਈ ਕਾਹਨ ਸਿੰਘ ਜੀ ਦੀ ਖੋਜ | 57 |
| 6. | ਭਾਈ ਕਾਹਨ ਸਿੰਘ ਜੀ ਦਾ ਤਰੀਕਾ | 70 |
| 7. | ਪਰਖ ਕਸੌਟੀ | 77 |
| 8. | ਆਲਮ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਚੋਰੀ | 84 |
| 9. | ਗਿਆਨੀ ਸ਼ਮਸ਼ੇਰ ਸਿੰਘ ਅਸ਼ੋਕ ਦੀ ਖੋਜ | 89 |
| 10. | ਬਾਬਾ ਧੀਰ ਮਲ ਤੇ ਅਸ਼ੋਕ | 96 |
| 11. | ਗੁਰਮਤ ਸੁਧਾਕਾਰ ਦਾ ਸੰਮਤ | 107 |
| 12. | ਅਨੁਸ਼ਟਪ ਛੰਦ | 114 |
| 13. | ਮੈਂ ਭਸੌੜੀਆ ਨਹੀਂ | 118 |
| 14. | ਆਲਮ ਦਾ ਸਮਾ ਸਿਖ ਇਤਿਹਾਸ ਵਿਚੋਂ | 123 |
| 15. | ਆਲਮ ਦੀ ਪੁਸਤਕ ਤੇ 1753 ਬਿ: | 135 |
| 16. | ਆਲਮ ਤੇ ਸ਼ਾਹਜ਼ਾਦਾ ਮੁਅੱਜ਼ਮ | 145 |
| 17. | ਆਲਮ ਅਤੇ ਟਹਿਕਣ | 152 |
| 18. | ਆਲਮ ਅਤੇ ਕ੍ਰਿਸ਼ਨਾਵਤਾਰ | 162 |
| 19. | ਆਲਮ ਅਤੇ ਰਾਗ ਮਾਲਾ | 169 |
| 20. | ਆਲਮ ਦੀ ਰਾਗਮਾਲਾ ਅਤੇ ਗ਼ਲਤੀ ਨਾਮਾ | 181 |
| 21. | ਆਲਮ ਦੀ ਰਾਗਮਾਲਾ ਅਤੇ ਬਾਣੀ ਦੀ ਸੁਧਾਈ | 189 |
| 22. | ਅਸਟ ਪਤ੍ਰ ਦੀਪਕ ਕੇ ਜਾਨਾ | 198 |

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਮੁੱਢਲੀ ਬੇਨਤੀ

ਸੰਨ 1945 ਈ: ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਪਣੇ ਪ੍ਰਬੰਧ ਹੇਠਲੇ ਗੁਰਧਾਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਸਮਾਪਤੀ ਪਰ ਰਾਗਮਾਲਾ ਦੇ ਪਾਠ ਕਰਨ ਦੀ ਮਨਾਹੀ ਕਰ ਦਿੱਤੀ ਸੀ। ਇਸ ਪਰ ਬੇਚੈਨੀ ਫੈਲੀ, ਐਜੀਟੇਸ਼ਨ ਹੋਈ ਤੇ ਇਹ ਚਰਚਾ ਲਗਪਗ ਤ੍ਰੈ ਸਾਲ ਚਲਦੀ ਰਹੀ। ਖਾਲਸਾ ਸਮਾਚਾਰ ਨੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਇਸ ਫੈਸਲੇ ਦੇ ਵਿਰੁੱਧ ਡਟਕੇ ਹਿੱਸਾ ਲਿਆ। ਹੋਰਨਾਂ ਲੇਖਾਂ ਤੋਂ ਇਲਾਵਾ ਪ੍ਰਸਿੱਧ ਪੰਥ ਰਤਨ ਡਾਕਟਰ ਬਲਬੀਰ ਸਿੰਘ ਜੀ ਪੀਐਚ.ਡੀ. (ਲੰਡਨ) ਨੇ ਵਿਦ੍ਵਤਾ ਭਰੀ ਖੋਜ ਪੂਰਤ ਬਾ-ਦਲੀਲ ਲੇਖ ਲੜੀ ਜਾਰੀ ਰੱਖੀ, ਉਸ ਨੇ ਬੜੇ ਬੜੇ ਕੱਟਰ ਵਿਪੱਖੀਆਂ ਦੇ ਬੀ ਹਠ ਤੋੜਕੇ ਕਾਇਲ ਕਰ ਦਿਤਾ ਕਿ ਰਾਗਮਾਲਾ ਗੁਰਬਾਣੀ ਹੈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਸੰਸੇ ਅੰਗ ਹੈ। ਇਹ ਆਲਮ ਤੋਂ ਨਹੀਂ ਲੀਤੀ ਗਈ ਪਰ ਆਲਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈ ਕੇ ਅਪਣੇ ਕਿੱਸੇ ਵਿਚ ਰੱਖੀ ਹੈ। ਵਿਪੱਖੀਆਂ ਦੇ ਇਤਰਾਜ਼ਾਂ ਦੇ ਜਵਾਬ ਜਿਸ ਖ਼ੂਬੀ ਤੇ ਦਲੀਲ ਦੀ ਪਕਿਆਈ ਨਾਲ ਦਿੱਤੇ ਹਨ ਓਹ ਹਰ ਹਠ ਹੀਨ ਬੁਧੀਵਾਨ ਪਾਠਕ ਨੂੰ ਇਸ ਨੁਕਤੇ ਤੇ ਕਾਇਲ ਕਰਨ ਵਾਲੇ ਹਨ। ਇਨ੍ਹਾਂ ਲੇਖਾਂ ਤੇ ਜੋ ਪੰਥਕ ਆਵਾਜ਼ ਉਠੀ ਉਸ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਜਬੂਰ ਕਰ ਦਿਤਾ ਕਿ ਉਹ ਰਾਗਮਾਲਾ ਸੰਬੰਧੀ ਆਪਣਾ ਫੈਸਲਾ ਵਾਪਸ ਲਵੇ ਤੇ ਰਾਗਮਾਲਾ ਦਾ ਪਾਠ, ਪਾਠਾਂ ਦੀ ਸਮਾਪਤੀ ਵੇਲੇ, ਜਿਥੇ ਉਹਨਾਂ ਨੇ ਰੋਕਿਆ ਸੀ ਫਿਰ ਸ਼ੁਰੂ ਹੋ ਗਿਆ।

ਡਾਕਟਰ ਬਲਬੀਰ ਸਿੰਘ ਜੀ ਦੀ ਇਸ ਪੁਰਜ਼ੋਰ ਲੇਖ ਲੜੀ ਦੀ ਸੰਗਤਾਂ ਵਲੋਂ ਮੰਗ ਹੋਈ ਕਿ ਇਹ ਅਖ਼ਬਾਰ ਦੇ ਪਰਚਿਆਂ ਵਿਚ ਹੀ ਨਾਂ ਰਹੇ ਸਗੋਂ ਪੁਸਤਕ ਆਕਾਰ ਵਿਚ ਪਾਠਕਾਂ ਲਈ ਸੁਲਭ ਹੋ ਜਾਵੇ; ਜਿਸ ਪਰ 'ਖਾਲਸਾ ਐਡਵੋਕੇਟ' ਸਪਤਾਹਕ ਪੱਤ੍ਰ ਦੇ ਦੋ ਵਿਸ਼ੇਸ਼ ਅੰਕ ਪੁਸਤਕ ਆਕਾਰ ਵਿਚ 15 ਦਸੰਬਰ 1946 ਤੇ 8 ਮਾਰਚ 1947 ਨੂੰ ਇਸ ਲੇ

ਖ ਲੜੀ ਦੇ ਛਾਪੇ ਗਏ, ਜੋ ਬੜੀ ਛੇਤੀ ਹੀ ਖਤਮ ਹੋ ਗਏ ਪਰ ਇਸ ਦੀ ਮਾਂਗ ਬਣੀ ਰਹੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੜ ਰਾਗਮਾਲਾ ਦਾ ਪਾਠ ਅਪਣੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿਚ ਜਾਰੀ ਕਰ ਦੇਣ ਉਤੇ ਮਾਮਲਾ ਖਤਮ ਸਮਝ ਕੇ ਇਸ ਰਚਨਾਂ ਨੂੰ ਹੋਰ ਪੁਸਤਕ ਰੂਪ ਵਿਚ ਛਾਪਣ ਤੋਂ ਸੰਕੋਚ ਰਿਹਾ। ਪਿਛਲੇਰੇ ਸਾਲ 30 ਮਾਰਚ 1967 ਨੂੰ ਪੰਜਾਬ ਸਰਕਾਰ ਵਲੋਂ ਭਾਸ਼ਾ ਵਿਭਾਗ ਪੰਜਾਬ ਦੇ ਵਾਰਸਕ ਸਮਾਰੋਹ ਵਿਚ ਜਦ ਮਾਨਯੋਗ ਡਾਕਟਰ ਬਲਬੀਰ ਸਿੰਘ ਜੀ ਦੀ ਪੰਜਾਬੀ ਸਾਹਿਤਜ ਸੇਵਾ ਨੂੰ ਆਦਰਦਿਆਂ ਆਪ ਨੂੰ ਸਿਰੋਪਾਉ, ਅਭਿਨੰਦਨ ਪੱਤ੍ਰ ਤੇ ਥੈਲੀ ਭੇਟ ਕੀਤੀ ਗਈ ਤਾਂ ਉਸ ਸਨਮਾਨ ਪੱਤ੍ਰ ਵਿਚ ਇਹ ਅੱਖਰ ਸ਼ਾਮਲ ਸਨ:-

"ਬਹੁਤ ਵੇਰ ਪੰਜਾਬੀਆਂ ਨੇ ਆਪ ਜੀ ਦੀਆਂ ਪ੍ਰੇਰਨਾ ਮਈ ਲਿਖਤਾਂ ਦੇ ਪ੍ਰਭਾਵ ਹੇਠ ਆਪਣੇ ਸ਼ੰਕਿਆਂ ਨੂੰ ਨਵਿਰਤ ਕੀਤਾ, ਜਿਵੇਂ ਕਿ 'ਰਾਗਮਾਲਾ' ਦਾ ਬਖੇੜਾ ਆਪ ਜੀ ਦੇ ਇਕੋ ਪ੍ਰਧਾਨਗੀ ਭਾਸ਼ਨ ਦੇ ਪੜ੍ਹਨ ਸੁਣਨ ਨੇ ਹੀ ਸਮਾਪਤ ਕਰ ਦਿੱਤਾ ਸੀ।"

ਜਦ ਇਹ ਲੇਖ ਅਖ਼ਬਾਰ ਵਿਚ ਛਪਿਆ, ਆਮ ਸੰਗਤਾਂ ਦੀ ਨਜ਼ਰ ਹੇਠੋਂ ਲੰਘਿਆ ਤਾਂ ਡਾਕਟਰ ਸਾਹਿਬ ਜੀ ਦੇ ਉਕਤ ਪ੍ਰਧਾਨਗੀ ਭਾਸ਼ਨ ਤੇ ਉਸ ਪੁਰਜ਼ੋਰ ਲੇਖ ਲੜੀ ਦੀ ਮਾਂਗ ਫਿਰ ਸ਼ੁਰੂ ਹੋ ਗਈ, ਤੇ ਉਸ ਮਾਂਗ ਨੂੰ ਸ੍ਵੀਕਾਰਦਿਆਂ ਡਾਕਟਰ ਸਾਹਿਬ ਜੀ ਦਾ ਪ੍ਰਧਾਨਗੀ ਭਾਸ਼ਨ ਜੋ ਸਰਗੋਧੇ ਦੀ ਰਾਗਮਾਲਾ ਮੰਡਨ ਕਾਨਫ੍ਰੰਸ ਵਿਚ ਪੜ੍ਹਿਆ ਸੀ ਅਤੇ ਰਾਗਮਾਲਾ ਸੁਆਲ ਤੇ ਕਵੀ ਜੋਧ ਤੇ ਆਲਮ ਸਬੰਧੀ ਵਾਕਫੀ ਭਰਪੂਰ ਲੇਖ ਲੜੀ ਅਸੀਂ ਇਸ ਸੰਚੀ ਵਿਚ ਪ੍ਰਕਾਸ਼ਤ ਕਰਕੇ ਪਾਠਕਾਂ ਲਈ ਸੁਲਭ ਕਰ ਰਹੇ ਹਾਂ। ਆਸ ਹੈ ਇਹ ਰਚਨਾ ਰਾਗਮਾਲਾ ਸੰਬੰਧੀ ਹਰ ਪ੍ਰਕਾਰ ਦੇ ਸੰਸਿਆਂ ਸ਼ੰਕਿਆਂ ਨੂੰ ਨਵਿਰਤ ਕਰਨ ਤੇ ਇਸ ਸੰਬੰਧੀ ਦੁਰੁਸਤ ਵਾਕਫੀ ਆਮ ਪਾਠਕ ਨੂੰ ਦਿੰਦੀ ਰਹੇਗੀ ਤੇ ਭਵਿੱਖਤ ਦੇ ਸ਼ੰਕਾਵਾਦੀਆਂ ਦੀ ਤਸੱਲੀ ਦਾ ਕਾਰਨ ਬਣੇਗੀ।

ਜਨਵਰੀ, 1969 — ਦਾਸ— ਮਹਾਂ ਸਿੰਘ ਗਜਾਨੀ

ਅੰਮ੍ਰਿਤਸਰ — (ਸੰਪਾਦਕ 'ਖਾਲਸਾ ਸਮਾਚਾਰ')

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

# ਰਾਗਮਾਲਾ ਦਾ ਸਵਾਲ

ਡਾਕਟਰ ਬਲਬੀਰ ਸਿੰਘ ਜੀ ਪੀ.ਐਚ.ਡੀ.(ਲੰਡਨ) ਦਾ ਪ੍ਰਧਾਨਗੀ ਭਾਸ਼ਨ ਜੋ ਉਨ੍ਹਾਂ ਸਰਗੋਧੇ ਵਿਖੇ ਦੂਜੀ ਰਾਗਮਾਲਾ ਮੰਡਨ ਕਾਨਫ੍ਰੰਸ ਦੇ ਸਮਾਗਮ ਵਿਚ ਦਿੱਤਾ।

**ਇਹ** ਗੱਲ ਕਈ ਵੇਰ ਕਹੀ ਜਾ ਚੁਕੀ ਹੈ ਕਿ ਰਾਗਮਾਲਾ ਦਾ ਸਵਾਲ ਕੇਵਲ ਇਕ ਬਾਣੀ ਦਾ ਸਵਾਲ ਨਹੀਂ, ਨਾਂ ਹੀ ਇਸ ਸਵਾਲ ਦਾ ਹੱਲ ਏਸ ਗੱਲ ਵਿਚ ਹੈ ਕਿ ਰਾਗਮਾਲਾ ਕਿਸ ਨੇ ਰਚੀ? ਇਹ ਬੀੜ ਦੀ ਅਖੰਡਤਾਈ ਦਾ ਸਵਾਲ ਹੈ।

ਸਾਡੇ ਲਈ ਏਸ ਕਰਕੇ ਰਾਗਮਾਲਾ ਦਾ ਵਿਸ਼ਯ ਉਸ ਗੰਭੀਰਤਾ ਦੀ ਗੱਲ ਹੈ ਜਿਸ ਦਾ ਸੰਬੰਧ ਸਾਡੀ ਧਰਮ ਨੇਸ਼ਟਾ ਨਾਲ ਹੈ, ਜਿਸ ਦੀ ਤੈਹ ਵਿਚ ਸਿਖ ਮਜ਼ਹਬ ਦੀ ਜੜ੍ਹ ਗੱਡੀ ਹੋਈ ਹੈ। ਤਾਂਤੇ ਏਸ ਕਾਨਫ੍ਰੰਸ ਦੇ ਸਾਹਮਣੇ ਕੇਵਲ ਇਕ ਪ੍ਰਸ਼ਨ ਹੈ, ਸਿਰਫ ਇਕ, ਅਤੇ ਉਹ ਇਹ ਕਿ 'ਅਸਾਂ ਪਵਿਤ੍ਰ ਬੀੜ ਨੂੰ ਅਖੰਡਤ ਰੱਖਣਾ ਹੈ ਜਾਂ ਨਹੀਂ?' ਜੇ ਅਖੰਡਤ ਰੱਖਣਾ ਹੈ ਤਾਂ ਸਾਨੂੰ ਅਮਲੀ ਤੌਰ ਉਪਰ ਤਿਆਰ ਹੋ ਜਾਣਾ ਚਾਹੀਦਾ ਹੈ, ਹਰ ਪ੍ਰਕਾਰ ਦੇ ਉਪਾਵਾਂ ਲਈ, ਜੋ ਏਸ ਮਹਾਨ ਕਾਰਯ ਲਈ ਦਰਕਾਰ ਹਨ।

ਕੋਈ ਸ਼ੱਕ ਨਹੀਂ ਕਿ ਪਵਿਤ੍ਰ ਬੀੜ ਦੀ ਰੱਖਿਆ ਗੁਰੂ ਜੀ ਦਾ ਆਪਣਾ ਕਾਰਯ ਹੈ ਤੇ ਏਸ ਸੇਵਾ ਵਿਚ ਅਸੀਂ ਕੇਵਲ ਨਿਮਿੱਤ ਸਾਧਨ ਹਾਂ। ਪਰ ਹਰ ਸੇਵਾ ਕਿਸੇ ਪੁਰਸ਼ਾਰਥ ਦੇ ਅਧੀਨ ਹੈ। ਹਰ ਸਫਲ ਪੁਰਸ਼ਾਰਥ ਨਿਸ਼ਕਾਮਤਾ ਦੀ ਮੰਗ ਕਰਦਾ ਹੈ। ਨਿਸ਼ਕਾਮਤਾ ਦਾ ਆਧਾਰ ਕੀਹ ਹੈ? ਨਿਸ਼ਕਾਮਤਾ ਦਾ ਆਧਾਰ ਕੇਵਲ ਇਕ ਹੈ, ਉਹ ਹੈ ਕੁਰਬਾਨੀ ਦਾ ਜਜ਼ਬਾ।

 www.sikhbookclub.com

ਏਸ ਕਾਨਫ੍ਰੰਸ ਦੇ ਸਾਹਮਣੇ ਏਸ ਕਰਕੇ ਇਹ ਇਲਮੀ ਸਵਾਲ ਨਹੀਂ ਕਿ ਰਾਗਮਾਲਾ ਕਿਸ ਨੇ ਲਿਖੀ, ਨਾਂ ਹੀ ਏਸ ਦੇ ਸਾਹਮਣੇ ਉਹ ਅਕਲ ਦੀ ਹੇਰਾ ਫੇਰੀ ਹੈ, ਜਿਸ ਨਾਲ ਸਿੱਧੀਆਂ ਸਰਲ ਗੱਲਾਂ ਮਕਤਬੀ ਉਲਝਣਾਂ ਵਿਚ ਹੇਠਾਂ ਉਤਾਂਹ ਹੋਕੇ ਗੁੰਝਲਦਾਰ ਹੋ ਜਾਂਦੀਆਂ ਹਨ। ਸਗੋਂ ਇਸ ਤੋਂ ਉਲਟ ਅਸਾਂ ਆਪਣੇ ਆਪ ਨੂੰ ਉਸ ਭਾਵ ਵਿਚ ਲੀਨ ਕਰਨਾ ਹੈ ਜਿਸ ਨਾਲ ਸਾਡੇ ਅੰਦਰ ਸੇਵਾ ਦੀ ਖ਼ਾਤਰ ਕੁਰਬਾਨੀ ਦਾ ਚਾਉ ਭਰਿਆ ਜਜ਼ਬਾ ਜਾਗ੍ਰਤ ਵਿਚ ਆਵੇ। ਕਾਨਫ੍ਰੰਸ ਦੀ ਕਾਮਯਾਬੀ ਏਸ ਕਰਕੇ ਕੇਵਲ ਗੁਰਮਤੇ ਪਾਸ ਕਰ ਦੇਣ ਵਿਚ ਨਹੀਂ, ਪ੍ਰੰਤੂ ਇਹ ਗੱਲ ਆਰੰਭ ਤੋਂ ਹੀ ਅਨੁਭਵ ਕਰਨ ਵਿਚ ਹੈ।

ਇਹ ਕਾਨਫ੍ਰੰਸ ਇਕ ਅਲੌਕਿਕ ਸਮਾਗਮ ਹੈ, ਇਹ ਸਾਧ ਦਾ ਸੰਗ ਹੈ, ਇਹ ਰੂਹਾਨੀਅਤ ਦਾ ਸਰੋਵਰ ਹੈ, ਏਸ ਦੀ ਸੀਤਲਤਾ ਵਿਚ ਨਿਮਗਨ ਹੋਕੇ ਸਾਡੀ ਕਾਂਇਆਂ ਨੇ ਪਲਟ ਜਾਣਾ ਹੈ, ਸਾਡੇ ਮਨ ਨੇ ਸ਼ੁੱਧ ਹੋ ਜਾਣਾ ਹੈ ਤੇ ਸਾਡੀ ਆਤਮਾ ਨੇ ਦੂਈ ਭਾਵ ਗੁਆਕੇ ਉਸ ਸਮਸਤ ਭਾਵ ਵਿਚ ਸਮਾ ਜਾਣਾ ਹੈ ਜੋ ਏਸ ਕਾਨਫ੍ਰੰਸ ਦੀ ਵਯਾਪਕ ਆਤਮਾ ਹੈ। ਅਸਾਂ ਏਸ ਸਮਾਗਮ ਵਿਚ ਬੈਠ ਕੇ ਤੇ ਐਸ ਤਰ੍ਹਾਂ ਆਪਣੀ ਪਰਸਪਰ ਅਹੰਗਤਾ ਨੂੰ ਗੁਆਕੇ ਉਸ ਸਰਬਤੀ ਭਾਵ ਵਿਚ ਇਕ ਹੋਕੇ ਉਸ ਰਸ ਨਾਲ ਸਰਸ਼ਾਰ ਹੋ ਉੱਠਣਾ ਹੈ, ਜਿਸ ਨੂੰ 'ਸ਼ਰਬਤੇ ਸ਼ਹਾਦਤ' ਕਿਹਾ ਹੈ ਤੇ ਜਿਸ ਦੀ ਮਿਠਾਸ ਚੱਖੇ ਬਗੈਰ ਕੋਈ ਪੁਰਸ਼ਾਰਥ ਸਫ਼ਲ ਨਿਸ਼ਕਾਮਤਾ ਨੂੰ ਪ੍ਰਾਪਤ ਨਹੀਂ ਹੁੰਦਾ।

ਸਾਡਾ ਧਰਮ-ਪ੍ਰਾਪਤੀ ਦਾ ਤ੍ਰੀਕਾ ਤਰਕ ਵਿਤਰਕ ਦਾ ਨਹੀਂ, ਹਿਸਾਬ ਨਾਲ 'ਗੁਰ ਗਿਰਾ ਕਸੌਟੀ' ਬਨਾਉਣੀ ਗ਼ਲਤ ਰਸਤਾ ਹੈ। ਅਕਲ ਦਾ ਦੁਫੁੱਟਾ ਸਿਦਕ ਦੀ ਤੈਹ ਦੀ ਮਿਣਤੀ ਨਹੀਂ ਕਰ ਸਕਦਾ। ਹਿਸਾਬੀ ਦੇ ਪੱਲੇ ਕੀ ਪੈਂਦਾ ਹੈ, ਇਸ ਉਪਰ ਪ੍ਰਮਾਣ ਹੈ:-

*ਹੈ ਹਿਸਾਬੀ ਆਖਦਾ: ਮੈਂ ਕਰ ਹਿਸਾਬਾਂ ਸਾਰੀਆਂ,*
*ਕਿਧਰੇ ਤੇਰੇ ਮਹਬੂਬ ਦੇ ਡਿੱਠੇ ਨਕਸ਼ ਨਾ ਧਾਰੀਆਂ।*
*ਲੈਕੇ ਫੀਤੇ ਅਕਲ ਦੇ ਕਰਦਾ ਫਿਰੇ ਹੈ ਗਿਣਤੀਆਂ;*
*ਖੋਜਦਾ ਤੇ ਭਾਲਦਾ ਦਿਲ ਲਾਕੇ ਟੁੱਭੀ ਤਾਰੀਆਂ।*

ਬੀੜ ਦੀ ਅਖੰਡਤਾਈ ਦਾ ਅਸੂਲ ਇਕ ਮਹਾਨ ਆਸ਼ਾ ਹੈ। ਏਸ ਮਹਾਨ ਆਸ਼ੇ ਨੂੰ ਸਮਝਣ ਲਈ ਸਾਨੂੰ ਇਕ ਗੱਲ ਪ੍ਰਤੱਖ ਕਰਨੀ ਪਵੇਗੀ, ਉਹ ਹੈ ਦੁਨੀਆਂ ਦੀਆਂ ਧਰਮ ਪੁਸਤਕਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ। ਏਸ ਗੱਲ ਨੂੰ ਸਪਸ਼ਟ ਕਰਨ ਲਈ ਮੈਂ ਇਕ ਅਨਜਮਤੀ ਦੀ ਰਾਇ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ।

੧੩ ਫਰਵਰੀ ਸੰਨ ੧੮੯੯ ਈ: ਵਾਲੇ ਦਿਨ ਮੈਕਾਲਿਫ ਸਾਹਿਬ ਨੇ ਤਖ਼ਤ ਅਕਾਲ ਬੁੰਗਾ ਸਾਹਿਬ ਦੇ ਹਜ਼ੂਰ ਇਕ ਲੈਕਚਰ ਦਿੱਤਾ। ਲੈਕਚਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਉਸਦੇ ਅਨੁਵਾਦ ਦੇ ਸੰਬੰਧ ਵਿਚ ਸੀ। ਲੈਕਚਰਾਰ ਨੇ ਪੰਜਾਬੀ ਭਾਸ਼ਾ ਵਿਚ ਕਿਹਾ:-

"ਸਿਖ ਧਰਮ ਵਿਚ ਇਕ ਹੋਰ ਵੱਡਾ ਭਾਰਾ ਗੁਣ ਇਹ ਹੈ ਕਿ ਸੰਸਾਰ ਵਿਚ ਅੰਨਜ ਧਰਮਾਂ ਦੇ ਜੋ ਵਡੇ ਵਡੇ ਗੁਰੂ ਹੋ ਬੀਤੇ ਹਨ, ਉਨ੍ਹਾਂ ਨੇ ਕਦੀ ਇਕ ਸਤਰ ਤਕ ਭੀ ਆਪਣੇ ਹੱਥੀਂ ਨਹੀਂ ਲਿਖੀ ਸੀ। ਆਪ ਵਿਚੋਂ ਸ਼ਾਇਦ ਕਿਸੇ ਕਿਸੇ ਨੇ ਸੁਣਿਆ ਹੋਵੇਗਾ ਕਿ ਯੂਨਾਨ ਦੇਸ਼ ਦਾ ਵੱਡਾ ਤਤਵੇਤਾ, ਜਿਸ ਦਾ ਨਾਉਂ ਫੀਥੋਗੋਰਸ ਸੀ ਤੇ ਜੋ ਮਸੀਹ ਤੋਂ ਪਹਿਲੇ ਛੀਵੀਂ ਸਦੀ ਵਿਚ ਹੋਇਆ ਸੀ, ਉਸ ਨੇ ਮਿਸਰ ਦੇਸ਼ ਅਤੇ ਕਈ ਹੋਰ ਪੂਰਬੀ ਦੇਸ਼ਾਂ ਦੀ ਯਾਤ੍ਰਾ ਵਿਦਜਾ ਪਾਉਣ ਲਈ ਕੀਤੀ ਸੀ। ਉਹ ਜੀਵ ਦੇ ਆਵਾਗਵਨ ਨੂੰ ਭੀ ਮੰਨਦਾ ਹੁੰਦਾ ਸੀ ਅਰ ਉਸ ਦੇ ਬਹੁਤ ਸਾਰੇ ਚੇਲੇ ਬਣ ਗਏ ਸਨ ਤੇ ਇਤਿਹਾਸਾਂ ਵਿਚ ਉਹ ਬਹੁਤ ਹੀ ਪ੍ਰਸਿੱਧ ਪੁਰਸ਼ ਹੋ ਗਿਆ ਸੀ, ਪਰ ਉਸ ਨੇ ਇਕ ਸਤਰ ਭੀ ਆਪਣੇ ਹੱਥੀਂ ਲਿਖਕੇ ਪਿੱਛੇ ਨਾ ਛੱਡੀ, ਜਿਸ ਕਰਕੇ ਅਸੀਂ ਭੀ ਜਾਣ ਲੈਂਦੇ ਕਿ ਇਹ ਉਸ ਦੇ ਨਿਯਮ ਸਨ। ਇਸ ਸੰਸਾਰ ਵਿਚ ਦੂਸਰਾ ਵੱਡਾ ਉਸਤਾਦ ਸੁਕਰਾਤ ਸੀ, ਜੋ ਮਸੀਹ ਤੋਂ ਪੰਜ ਸੌ ਵਰ੍ਹਾ ਪਹਿਲੇ ਯੂਨਾਨ ਦੇਸ਼ ਵਿਚ ਇਕ ਵੱਡਾ ਧਾਰਮਕ ਮਹਾਤਮਾ ਪ੍ਰਸਿੱਧ ਹੋਇਆ ਸੀ। ਉਹ ਆਖਦਾ ਸੀ ਮੇਰੇ ਅੰਦਰ ਪਰਮਾਤਮਾ ਦੀ ਅਕਾਸ਼ ਬਾਣੀ ਉਤਰਦੀ ਹੈ ਜੋ ਮੈਨੂੰ ਚੰਗੇ ਕਰਮਾਂ ਵਲ ਪ੍ਰੇਰਦੀ ਹੈ ਤੇ ਮੰਦੇ ਕਰਮਾਂ ਤੋਂ ਹਟਾਉਂਦੀ ਹੈ। ਪਰ ਉਹ ਭੀ ਆਪਣੇ ਪਿਛੋਂ ਕੋਈ ਤੁਕ ਅਜੇਹੀ ਲਿਖ ਕੇ ਨਾ ਛਡ ਗਿਆ; ਜਿਸ ਥੋਂ ਉਸ ਦਾ ਆਸ਼ਯ ਅਰ ਉਸ ਦੇ ਧਰਮ ਦੇ ਨਿਯਮਾਂ ਦੀ ਸਿੰਮ੍ਰਤੀ ਬਣੀ ਰਹਿੰਦੀ। ਜੋ ਕੁਛ ਉਸ ਦੀ ਸਿਖਜਾ ਪ੍ਰਗਟ ਹੈ,

ਉਹ ਬੀ ਉਸ ਦੇ ਚੇਲੇ ਅਫਲਾਤੂਨ ਦੀ ਰਾਹੀਂ ਹੀ ਪ੍ਰਸਿੱਧ ਹੋਈ ਹੈ। ਉਪ੍ਰੰਤ ਇਸ ਭਾਰਤ ਵਰਸ਼ ਵਿਚ ਵੱਡਾ ਧਾਰਮਕ ਗੁਰੂ ਬੁਧ ਹੋਇਆ ਸੀ। ਉਸ ਨੇ ਭੀ ਆਪਣੇ ਹੱਥੀਂ ਕਦੇ ਕੋਈ ਸਤਰ ਨਹੀਂ ਲਿਖੀ ਸੀ। ਫੇਰ ਇਸ ਦੇ ਪਿਛੋਂ ਬੜਾ ਪ੍ਰਸਿੱਧ ਧਾਰਮਕ ਗੁਰੂ ਮਸੀਹ ਹੋਇਆ ਸੀ, ਉਸਨੇ ਭੀ ਕੋਈ ਇਕ ਅੱਖਰ ਸਾਰਖਾ ਨਹੀਂ ਲਿਖਿਆ ਸੀ। ਇਸ ਦੀਆਂ ਸਿਖਿਆਂ ਭੀ ਅੰਜੀਲ ਨਾਮੇ ਪੋਥੀ ਦਵਾਰਾ ਹੀ ਪ੍ਰਸਿੱਧ ਹੋਈਆਂ ਹਨ। ਪ੍ਰੰਤੂ ਸਿਖਾਂ ਦੇ ਧਾਰਮਕ ਗੁਰੂ ਇਨ੍ਹਾਂ ਸਭਨਾਂ ਤੋਂ ਵਿਲੱਖਣ ਹੋਏ ਹਨ, ਕਿਉਂ ਜੋ ਉਨ੍ਹਾਂ ਨੇ ਆਪਣੇ ਧਰਮ ਦੇ ਨਿਯਮਾਂ ਨੂੰ ਆਪ ਲਿਖਿਆ ਤੇ ਸਤਜ ਉਪਦੇਸ਼ਾਂ ਦਾ ਸੰਗ੍ਰਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਵਾਸਤੇ ਰਚ ਗਏ। ਇਸ ਗੱਲ ਵਿਚ ਸਿੱਖਾਂ ਦਾ ਮਤ ਸਭ ਤੋਂ ਵਧਕੇ ਹੈ.....।"

ਇਹ ਸੀ ਮੈਕਾਲਫ ਸਾਹਿਬ ਦੀ ਰਾਇ। ਮੈਕਾਲਫ ਸਾਹਿਬ ਨੇ ਜੈਨ ਧਰਮ ਦਾ ਜ਼ਿਕਰ ਨਹੀਂ ਕੀਤਾ, ਪਰ ਮੈਂ ਆਪ ਨੂੰ ਦੱਸਦਾ ਹਾਂ ਕਿ ਜੈਨ ਧਰਮ ਗ੍ਰੰਥ ਆਪਣੇ ਰਚਨ ਕਾਲ ਤੋਂ ਤਕਰੀਬਨ ਨੌ ਸੌ ਸਾਲ ਬਾਦ ਲਿਖੇ ਗਏ। ਇਸ ਦਾ ਸਬੂਤ "ਮਹਾਂਬੀਰ ਬਾਣੀ" ਦੇ ਪ੍ਰਸਤਾਵਨਾ ਲੇਖਕ ਡਾਕਟਰ ਭਗਵਾਨ ਦਾਸ ਜੀ ਦੀ ਲਿਖਤ ਵਿਚ ਹੈ। ਉਨ੍ਹਾਂ ਕਿਹਾ ਹੈ:-

> "(ਜੈਨ ਗੁਰੂ) ਮਹਾਂਬੀਰ ਦੇ ਪ੍ਰਲੋਕ ਗਮਨ ਦੇ ਬਾਦ ਦੂਸਰੀ ਸ਼ਤਾਬਦੀ ਵਿਚ ਬੜਾ ਕਾਲ ਪੈ ਗਿਆ......। ਸਾਧੂਆਂ ਦਾ ਸੰਗ ਬਹੁਤ ਬਿਖਰ ਗਿਆ। ਕੰਠ ਕਰਨ ਦੀ ਪਰੰਪਰਾ ਭੰਗ ਹੋ ਗਈ, ਬਹੁਤ ਉਪਦੇਸ਼ ਗੁੰਮ ਹੋ ਗਏ। ਕਾਲ ਹਟਣ ਦੇ ਮਗਰੋਂ ਪਾਟਲੀ ਪੁਤ੍ਰ ਵਿਚ ਸਥੂਲ ਭੱਦ੍ਰਾਚਾਰਯ ਦੀ ਨਿਗਰਾਨੀ ਹੇਠ ਜੈਨ ਸੰਘ ਦਾ ਬੜਾ ਭਾਰੀ ਇਕੱਠ ਹੋਇਆ। ਬਚੇ ਹੋਏ ਉਪਦੇਸ਼ਾਂ ਦਾ ਅਨੁਸੰਧਾਨ ਤੇ ਸੰਗ੍ਰਹ ਹੋਇਆ ਪਰ ਲਿਖੇ ਨਹੀਂ ਗਏ। ਮਹਾਂਬੀਰ ਦੀ ਨਾਵੀਂ ਸ਼ਤਾਬਦੀ ਵਿਚ 'ਮਥਰਾ' ਵਿਚ ਅਤੇ 'ਵੱਲਭੀ' ਨਗਰ ਵਿਚ ਇਕੱਠ ਹੋਏ। ਮਥਰਾ ਵਿਚ 'ਸਕੰਦਿਲਾ ਚਾਰਯ' ਨੇ ਅਤੇ ਵੱਲਭੀ ਵਿਚ 'ਨਾਗ ਅਰਜੁਨ' ਨੇ ਮਹਾਂਬੀਰ ਦੇ ਉਪਦੇਸ਼ਾਂ ਦਾ ਸੰਗ੍ਰਹ ਕਰਵਾ ਕੇ ਫੇਰ ਉਨ੍ਹਾਂ ਨੂੰ ਲਿਖਵਾਯਾ।"

ਇਸ ਤੋਂ ਸਪਸ਼ਟ ਹੈ ਕਿ ਜੈਨ ਧਰਮ ਦੇ ਆਗੂ ਮਹਾਂਬੀਰ ਦੀ ਬਾਣੀ ਉਸ ਦੇ ਨਿਰਵਾਣ ਤੋਂ ਤਕਰੀਬਨ ਨੌ ਸੌ ਸਾਲ ਬਾਦ ਲਿਖੀ ਗਈ। ਮੈਂ ਇਸ ਕਰਕੇ ਇਹ ਗੱਲ ਨਿਧੜਕ ਹੋਕੇ ਕਹਿ ਸਕਦਾ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ, ਧਾਰਮਿਕ ਦੁਨੀਆਂ ਦੇ ਇਤਿਹਾਸ ਵਿਚ ਪਹਿਲਾ ਪਾਵਨ ਧਰਮ ਗ੍ਰੰਥ ਹੈ ਜੋ ਧਰਮ ਦੇ ਆਗੂਆਂ ਦੀ ਆਪਣੀ ਨਿਗਰਾਨੀ ਹੇਠ ਪਵਿਤ੍ਰ ਬੀੜ ਦੇ ਰੂਪ ਵਿਚ ਸੰਕਲਤ ਹੋਇਆ। ਇਹ ਗਲ ਸੰਸਾਰ ਦੀ ਕਿਸੇ ਵੀ ਹੋਰ ਪੁਸਤਕ ਉਪਰ ਏਸ ਹੱਦ ਤਕ ਲਾਗੂ ਨਹੀਂ। ਸਾਡਾ ਏਸ ਕਰਕੇ ਪਰਮ ਧਰਮ ਹੈ ਕਿ ਐਸੀ ਪਵਿਤ੍ਰ ਬੀੜ ਦੀ ਰੱਖਿਆ ਦੀ ਖ਼ਾਤਰ ਅਸੀਂ ਤਨ ਮਨ ਧਨ ਦੀ ਕੁਰਬਾਨੀ ਨਾਲ ਤਤਪਰ ਰਹੀਏ।

ਜਿਨ੍ਹਾਂ ਧਰਮ ਪੁਸਤਕਾਂ ਨੂੰ ਅਖੰਡਤ ਰੱਖਣ ਉਪਰ ਪਹਿਰਾ ਨਹੀਂ ਦਿੱਤਾ ਗਿਆ ਉਨ੍ਹਾਂ ਪੁਸਤਕਾਂ ਦਾ ਕੀ ਹਾਲ ਹੋਇਆ ਹੈ? ਇਹ ਗੱਲ ਦੇਖਣੀ ਵੀ ਸਿਖਜਾ-ਦਾਇਕ ਹੋਵੇਗੀ:-

ਪਹਿਲੀ ਮਿਸਾਲ ਤਾਂ ਵੇਦਾਂ ਦੀ ਹੈ! ਕਹਿਣ ਨੂੰ ਤਾਂ ਵੇਦ ਚਾਰ ਹਨ ਪਰ ਇਹਨਾਂ ਦੇ ਪਾਠਾਂਤ੍ਰ ਭੇਦ ਕਰਕੇ ਤੇ ਮੰਤ੍ਰਾਂ ਦੇ ਵਾਧ ਘਾਟ ਕਰਕੇ ਅਨੇਕਾਂ ਹੀ ਸ਼ਾਖਾਂ ਹੋ ਗਈਆਂ ਹਨ, ਜਿਨ੍ਹਾਂ ਵਿਚੋਂ ਬਹੁਤੀਆਂ ਐਸ ਵੇਲੇ ਮਿਲਦੀਆਂ ਹੀ ਨਹੀਂ। ਮੁਕਤਿਕ ਉਪਨਿਸ਼ਦ ਵਿਚ ਵੇਦਾਂ ਦੀਆਂ ਸ਼ਾਖਾਂ ਐਸ ਤਰ੍ਹਾਂ ਗਿਣੀਆਂ ਹਨ:-

> ਰਿਗ ਵੇਦ ਦੀਆਂ ੨੧ ਸ਼ਾਖਾਂ, ਯਜੁਰ ਦੀਆਂ ੧੦੯,
> ਅਥਰਵ ਦੀਆਂ ੫੦, ਤੇ ਸਾਮਵੇਦ ਦੀਆਂ ੧੦੦੦।

ਇਸ ਲਿਹਾਜ਼ ਨਾਲ ਪੁਰਾਣਾਂ ਨਾਲ ਜੋ ਵਧੀਕੀ ਹੋਈ ਹੈ ਓਹ ਵੀ ਵਰਣਨ ਯੋਗ ਹੈ। ਵਿਸ਼ਨੂੰ ਪੁਰਾਣ ਜੋ ਅਜ ਕਲ ਪ੍ਰਚਲਤ ਹੈ ਉਸ ਵਿਚ ੫੪੬੧ ਪਦ ਹਨ। ਭਾਗਵਤ ਪੁਰਾਣ ਵਿਚ ਵਿਸ਼ਨੂੰ ਪੁਰਾਣ ਦਾ ਜ਼ਿਕਰ ਹੈ; ਉਸ ਵਿਚ ਲਿਖਿਆ ਹੈ ਕਿ ਵਿਸ਼ਨੂੰ ਪੁਰਾਣ ਦੀ ਪਦ ਸੰਖਿਆ ੨੩੦੦੦ ਹੈ, ਇਸ ਦਾ ਮਤਲਬ ਇਹ ਹੈ ਕਿ ਸਮੇਂ ਦੇ ਹੇਰ ਫੇਰ ਵਿਚ ਵਿਸ਼ਨੂੰ ਪੁਰਾਣ ਖੰਡਤ ਹੁੰਦਾ ਗਿਆ। ਇਸ ਵਿਚੋਂ ੧੭੦੦੦ ਦੇ ਕਰੀਬ ਪਦ ਗੁੰਮ ਹੋ ਚੁਕੇ ਹਨ। ਬਾਕੀ ਜੋ ਮੌਜੂਦ ਹੈ

ਉਹ ਕੇਵਲ ਤਕਰੀਬਨ ਚੌਥਾ ਹਿੱਸਾ ਹੈ ਅਸਲ ਦਾ। ਇਸ ਗਲ ਦਾ ਕੁਛ ਪਤਾ ਨਹੀਂ ਕਿ ਕਿਸ ਕਿਸ ਵੇਲੇ ਏਸ ਦਾ ਕਿਹੜਾ ਹਿੱਸਾ ਗੁੰਮ ਹੋਇਆ। ਸ਼ਾਇਦ ਏਸ ਵਿਚ ਕੋਈ 'ਰਾਗਮਾਲਾ' ਵਰਗੀ ਚੀਜ਼ ਸੀ ਜਿਸ ਤੋਂ ਖੰਡਤਾਈ ਦਾ ਬੀਜ ਉਗਮ ਪਿਆ, ਜੋ ਪੁਸਤਕ ਦੇ ਆਕਾਰ ਨੂੰ ਛਿੱਲ ਛਿੱਲ ਕੇ ਏਸ ਹੱਦ ਤੱਕ ਲੈ ਗਿਆ।

ਕਈ ਪੰਡਤਾਂ ਨੇ ਅਲਬੂਨੀ ਦੀਆਂ ਲਿਖਤਾਂ ਤੋਂ ਅੰਦਾਜ਼ਾ ਲਗਾਇਆ ਹੈ ਕਿ ਅਲਬੂਨੀ ਵੇਲੇ ਵਿਸ਼ਨੂੰ ਪੁਰਾਣ ਦੇ ਸ਼ਲੋਕਾਂ ਦੀ ਗਿਣਤੀ ੧੬੦੦੦ ਸੀ ਪਰ ਹੌਲੇ ਹੌਲੇ ਇਸ ਵਿਚੋਂ ਉਤਰ ਖੰਡ (ਵਿਸ਼ਨੂੰ ਧਰਮੋਤਰ) ਵਗੈਰਾ ਖੰਡਤ ਹੋ ਗਏ। ਏਸ ਹਿਸਾਬ ਵੀ ਏਹੋ ਗਲ ਪੱਲੇ ਪੈਂਦੀ ਹੈ ਕਿ ਅਲਬੂਨੀ ਦੇ ਵਕਤ ਤਕ ੭੦੦੦ ਸ਼ਲੋਕ ਗੁੰਮ ਹੋ ਚੁਕਾ ਸੀ। ਇਹ ਕਿਸ ਤਰ੍ਹਾਂ ਹੋਇਆ ਤੇ ਉਹ ੭੦੦੦ ਸ਼ਲੋਕ ਕਿੱਥੇ ਹੈ? ਪੰਡਤ ਜਵਾਲਾ ਪ੍ਰਸ਼ਾਦ ਜੀ ਮਿਸ਼ਰ ਨੇ ਇਸ ਬਾਬਤ ਕਿਹਾ ਹੈ ਕਿ "ਇਸ ਕਾ ਨਿਰਣਯ ਕਰਨਾ ਹਮਾਰੀ ਬੁਧੀ ਸੇ ਅਗੰਮਜ ਹੈ।"

ਏਹੋ ਹਾਲ ਇਕ ਹੋਰ ਪੁਰਾਣ ਦਾ ਹੈ ਜਿਸ ਦਾ ਨਾਮ 'ਬ੍ਰਿਹਦ ਨਾਰਦੀਯ ਪੁਰਾਣ' ਹੈ। ਮਤਸਜ ਪੁਰਾਣ ਵਿਚ ਬ੍ਰਿਹਦ ਨਾਰਦੀਯ ਪੁਰਾਣ ਅੰਦਰ ੨੫੦੦੦ ਸ਼ਲੋਕ ਹੋਣੇ ਲਿਖੇ ਹਨ*। ਜੋ ਚੀਜ਼ ਐਸ ਵੇਲੇ ਮੌਜੂਦ ਹੈ ਉਸ ਵਿਚ ਅੰਗ੍ਰੇਜ਼ੀ ਟੀਕਾਕਾਰਾਂ ਦੇ ਹਿਸਾਬ ਮੁਜਬ ਸਾਢੇ ਤਿੰਨ ਹਜ਼ਾਰ ਸ਼ਲੋਕ ਤੋਂ ਵੱਧ ਨਹੀਂ। ਐਸ ਵੇਲੇ ਸਾਢੇ ੨੧ ਹਜ਼ਾਰ ਸ਼ਲੋਕ ਦੇ ਘਾਟੇ ਦਾ ਕੋਈ ਹਿਸਾਬ ਨਹੀਂ ਜੋ ਬ੍ਰਿਹਦ ਨਾਰਦੀਯ ਪੁਰਾਣ ਵਿਚੋਂ ਗੁੰਮ ਹੋ ਚੁਕਾ ਹੈ।

ਸਮੇਂ ਦੇ ਹੇਰ ਫੇਰ ਨੇ ਏਹੋ ਹਾਲ ਪਦਮ ਪੁਰਾਣ ਦਾ ਕੀਤਾ। ਇਸ ਦਾ ਇਕ ਖੰਡ ਸ਼ੱਕੀ ਹੈ। ਕੋਈ ਇਸਦੇ ਪੰਜ ਖੰਡ ਛਾਪਦਾ ਹੈ ਤੇ ਕੋਈ ਛੇ। ਕੋਈ ਪੁਰਾਣ ਸਾਬਤ ਸੂਰਤ ਵਿਚ ਨਹੀਂ। ਹਿਸਾਬ ਕਰਨ ਵਾਲੇ ਲੋਕ ਭਵਿਸ਼ਜ ਪੁਰਾਣ ਵਿਚ ੫੦੦, ਬ੍ਰਹਮ ਪੁਰਾਣ ਵਿਚ ੩੦੦੦, ਅਗਨਿ ਪੁਰਾਣ ਵਿਚ ੫੦੦ ਸ਼ਲੋਕ ਘਟ ਗਏ ਦੱਸਦੇ ਹਨ।

---

* ਮਤਸਜ ਪੁਰਾਣ ੩੫, ੨੩।

# ਖਾਲਸਾ ਜੀ!

ਇਨ੍ਹਾਂ ਪ੍ਰਮਾਣਾਂ ਤੋਂ ਇਕੋ ਗੱਲ ਪ੍ਰਤੱਖ ਹੁੰਦੀ ਹੈ ਕਿ ਦੁਨੀਆਂ ਵਿਚ ਐਸ ਵੇਲੇ ਕੇਵਲ ਇਕੋ ਇਕ ਧਰਮ ਗ੍ਰੰਥ ਸਾਬਤ ਸੂਰਤ ਵਿਚ ਹੈ। ਉਹ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਉਹ ਉਸ ਰੂਪ ਵਿਚ ਮੌਜੂਦ ਹੈ ਜਿਸ ਰੂਪ ਵਿਚ ਸ੍ਰੀ ਗੁਰੂ ਸਾਹਿਬਾਨ ਨੇ ਆਪ ਇਸ ਨੂੰ ਨਿਰਮਾਣ ਕੀਤਾ ਹੈ। ਆਓ ਇਸ ਦਾ ਦਰਸ਼ਨ ਸਿਦਕ ਦੇ ਨੇਤਰਾਂ ਨਾਲ ਕਰੀਏ, ਜਿਸ ਨਾਲ ਸਾਨੂੰ ਗੁਰੂ ਅਤੇ ਗੁਰੂ ਦੀ ਬਾਣੀ ਅਭੇਦ ਰੂਪ ਵਿਚ ਨਜ਼ਰੀ ਆਵੇ। ਸਾਡੇ ਲਈ ਉਹ ਕੁਤਰਕ ਹਾਨੀਕਾਰਕ ਹੈ ਜੋ ਬੀੜ ਉਪਰ ਸ਼ੰਕਾ ਲਿਆਉਂਦੀ ਹੈ। ਸਾਡੇ ਲਈ ਉਹ ਵਿਦਯਾ, ਜੋ ਕੇਵਲ ਮਨ ਅੰਦਰ ਵਿਸਵਿਸਿਆਂ ਦਾ ਰੋਗ ਭਰਦੀ ਹੈ ਗ੍ਰਹਣ ਕਰਨ ਯੋਗ ਵਸਤੂ ਨਹੀਂ। ਗੁਰਬਾਣੀ ਦੀ ਸੀਤਲਤਾ ਦਾ ਸੁਆਦ ਚੱਖਣ ਲਈ ਸਾਨੂੰ ਆਪਣਾ ਮਨ ਇਲਮ ਦੀ ਮੈਲ ਤੋਂ ਨਿਰਮਲ ਰੱਖਣਾ ਪਵੇਗਾ। ਇਸ ਲਈ ਪ੍ਰਮਾਣ ਹੈ:-

*ਸਿਰ ਕਚਕੌਲ ਬਨਾ ਹਥ ਲੀਤਾ, ਪੜ੍ਹਿਆਂ ਦੁਆਰੇ ਫਿਰਿਆ।*
*ਦਰ ਦਰ ਦੇ ਟੂਕ ਮੰਗ ਮੰਗ ਪਾਏ, ਤੁੰਨ ਤੁੰਨ ਕੇ ਇਹ ਭਰਿਆ।*
*ਭਰਿਆ ਦੇਖ ਅਫਰਿਆ ਮੈਂ ਸਾਂ, ਜਾਣਾਂ ਪੰਡਤ ਹੋਇਆ;*
*ਟਿਕੇ ਨ ਪੈਰ ਜ਼ਿਮੀਂ ਤੇ ਮੇਰਾ, ਉੱਚਾ ਹੋ ਹੋ ਟੁਰਿਆ।*
*ਇਕ ਦਿਨ ਇਹ ਕਚਕੌਲ ਲੈ ਗਿਆ: ਮੁਰਸ਼ਿਦ ਮੂਹਰੇ ਧਰਿਆ।*
*'ਜੂਠ ਜੂਠ' ਕਰ ਉਸ ਉਲਟਾਇਆ, ਖਾਲੀ ਸਾਰਾ ਕਰਿਆ।*
*ਮਲ ਮਲ ਕੇ ਫਿਰ ਧੋਤਾ ਇਸ ਨੂੰ, ਮੈਲ ਇਲਮ ਦੀ ਲਾਹੀ;*
*ਦੇਖੋ, ਇਹ ਕਚਕੌਲ ਲਿਸ਼ਕਿਆ, ਕੰਵਲ ਵਾਂਗ ਫਿਰ ਖਿੜਿਆ।*
*(ਲਹਿਰਾਂ ਦੇ ਹਾਰ)*

ਮੈਕਾਲਫ ਸਾਹਿਬ ਦੀ ਰਾਇ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਬਤ ਹੈ, ਇਹ ਉਨ੍ਹਾਂ ਦਾ ਨਿਜੀ ਖਿਆਲ ਸੀ, ਜੋ ਉਸ ਮੁਕਾਬਲੇ ਤੋਂ ਪੈਦਾ ਹੋਇਆ ਜੋ ਉਨ੍ਹਾਂ ਮਤ ਮਤਾਂਤਰਾਂ ਦੇ ਧਰਮ-ਪੁਸਤਕਾਂ ਦੇ ਟਾਕਰੇ ਤੋਂ ਅਨੁਭਵ ਕੀਤਾ।

ਪਰ ਮੈਕਾਲਫ ਸਾਹਿਬ ਨੇ ਇਸ ਲੈਕਚਰ ਤੋਂ ਦਸ ਵਰ੍ਹੇ ਬਾਦ ਰਾਗ ਮਾਲਾ ਦਾ ਜ਼ਿਕਰ ਕਰਦਿਆਂ ਹੋਇਆਂ ਇਹ ਆਖਿਆ ਕਿ 'It is not understood how it was included in the sacredvolume' ਕਿ ਮੇਰੀ ਸਮਝ ਵਿਚ ਇਹ ਗੱਲ ਨਹੀਂ ਆਉਂਦੀ ਕਿ ਕਿਸ ਤਰੀਕੇ ਨਾਲ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋਈ। ਮੈਕਾਲਫ ਸਾਹਿਬ ਦੀ ਇਹ ਰਾਇ ਕਿਸ ਤਰ੍ਹਾਂ ਬਣੀ? ਬਾਬੂ ਤੇਜਾ ਸਿੰਘ ਜੀ ਭਸੌੜ ਲਿਖਦੇ ਹਨ :-

> "ਮੈਕਾਲਫ ਸਾਹਿਬ ਵੀ ਇਕ ਅੱਛੇ ਖੋਜੀ ਲੇਖਕ ਹੋਏ ਹਨ। ਆਪ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਜ਼ਿਕਰ ਕਰਦਿਆਂ ਹੋਇਆਂ ਆਖਰ ਲਗ ਪਗ ਓਹੀ ਰਾਇ ਲਿਖੀ ਜੋ ਕਿ ਕਰਤਾ ਗੁਰਮਤ ਸੁਧਾਕਰ ਦੀ ਹੈ।"
>
> (ਰਾਗਮਾਲਾ ਖੰਡਨ ਸਫਾ ੧੦੫)

ਮੇਰਾ ਖਿਆਲ ਹੈ ਕਿ ਇਹ ਰਾਇ ਮੈਕਾਲਫ ਸਾਹਿਬ ਦੀ ਖੋਜ ਦਾ ਸਿੱਟਾ ਨਹੀਂ ਸੀ; ਇਹ ਉਸ ਪ੍ਰਭਾਵ ਦੀ ਹੀ ਛਾਇਆ ਸੀ ਜੋ ਗੁਰਮਤ ਸੁਧਾਕਰ ਦੀ ਪਹਿਲੀ ਐਡੀਸ਼ਨ ਦੇ ਕਰਤਾ ਤੋਂ ਪੈਦਾ ਹੋ ਰਹੀ ਸੀ। ਏਸ ਵਿਚ ਜੇ ਮੈਕਾਲਫ ਦੀ ਖੋਜ ਬ੍ਰਿਤੀ ਦਾ ਕੋਈ ਸਬੂਤ ਹੈ ਤਾਂ ਉਹ ਇਸ ਸੰਸੇ ਵਿਚ ਹੈ, ਜੋ ਇਸ ਹੈਰਾਨੀ ਨੂੰ ਪ੍ਰਗਟ ਕਰਦਾ ਹੈ ਕਿ ਇਸ ਗੱਲ ਦਾ ਪਤਾ ਨਹੀਂ ਲੱਗਦਾ ਕਿ ਇਹ ਕਿਸ ਤਰ੍ਹਾਂ ਪਾਵਨ ਬੀੜ ਵਿਚ ਚੜ੍ਹੀ। ਮੈਕਾਲਫ ਦੀ ਇਹ ਸੰਦੇਹ ਭਰੀ ਅਸਚਰਜਤਾ ਕਿਸੇ ਤਰ੍ਹਾਂ ਵੀ ਰਾਗਮਾਲਾ ਦੇ ਖੰਡਨ ਦੀ ਪੁਸ਼ਟੀ ਕਾਰਕ ਦਲੀਲ ਨਹੀਂ।

ਮੈਕਾਲਫ ਦੇ ਮਨ ਨੂੰ ਸੰਦਿਗਧ ਕਰਨ ਲਈ ਰਾਗਮਾਲਾ ਵਿਰੋਧੀਆਂ ਨੇ ਉਸ ਨੂੰ ਇਹ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਦਾ ਸਿਲਸਿਲਾ ਰਾਗਮਾਲਾ ਨਾਲ ਮਿਲਦਾ ਨਹੀਂ। ਚੁਨਾਂਚਿ ਉਸ ਨੇ ਆਪਣੀ ਰਾਇ ਦੇ ਨਾਲ ਇਹ ਗੱਲ ਵੀ ਲਿਖ ਦਿਤੀ:-

'The ragas mentioned in it do not correspond with the ragas of the Granth Sahib'

ਏਸ ਖਿਆਲ ਦੇ ਸਬੰਧ ਵਿਚ ਮੈਂ ਜ਼ਰੂਰੀ ਸਮਝਦਾ ਹਾਂ ਕਿ ਇੱਕ ਦੋ ਵੀਚਾਰ ਪੇਸ਼ ਕੀਤੇ ਜਾਣ।

ਏਸ ਵਿਚ ਕੋਈ ਸ਼ੱਕ ਨਹੀਂ ਕਿ ਰਾਗਮਾਲਾ ਵਿਚ ਪਹਿਲਾ ਰਾਗ ਭੈਰਉ ਗਿਣਿਆ ਹੈ। ਯਥਾ:-

*"ਪ੍ਰਥਮ ਰਾਗ ਭੈਰਉ ਵੈ ਕਰਹੀ।"*

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾ ਰਾਗ 'ਸਿਰੀ' ਰਾਗ ਹੈ, ਇਹ ਫਰਕ ਕਿਉਂ ਹੈ?

ਪਹਿਲੀ ਗੱਲ ਤਾਂ ਇਹ ਹੈ ਕਿ ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਗੁਰੂ ਮਹਾਰਾਜ ਨੇ ਅਪਣਾ ਰਾਗਾਂ ਦਾ ਸਿਸਟਮ ਵੱਖ ਬਣਾਇਆ, ਏਸ ਤਰ੍ਹਾਂ ਰਾਗਾਂ ਤੋਂ ਸਿਵਾ ਕੀ ਕੋਈ ਹੋਰ ਚੀਜ਼ ਵੀ ਹੈ ਜਿਸ ਬਾਬਤ ਇਹ ਕਿਹਾ ਗਿਆ ਹੋਵੇ ਕਿ ਉਨ੍ਹਾਂ ਨੇ ਆਪਣਾ ਸਿਸਟਮ ਵੱਖ ਬਣਾਇਆ? ਤੇ ਜੇ ਐਸਾ ਸਿਸਟਮ ਉਨ੍ਹਾਂ ਦਾ ਹੋਰ ਕੋਈ ਵੱਖ ਲੱਭਦਾ ਹੈ ਤਾਂ ਕੀ ਉਸ ਦੀ ਮਿਸਾਲ ਤੋਂ ਅਸੀਂ ਕੋਈ ਐਸੇ ਨਤੀਜੇ ਕੱਢ ਸਕਦੇ ਹਾਂ ਜੋ 'ਭੈਰਉ' ਜਾਂ 'ਸਿਰੀ' ਰਾਗ ਦੇ ਪ੍ਰਥਮ ਰਾਗ ਹੋਣ ਦੀ ਸ਼ੰਕਾ ਨੂੰ ਨਵਿਰਤ ਕਰ ਦੇਣ?

ਸਾਨੂੰ ਇਹ ਗੱਲ ਤਸਲੀਮ ਕਰਨੀ ਪੈਂਦੀ ਹੈ ਕਿ ਵਿਦ੍ਵਤਾ ਦੇ ਮੈਦਾਨ ਵਿਚ ਰਾਗਾਂ ਤੋਂ ਛੁੱਟ ਸ੍ਰੀ ਗੁਰੂ ਸਾਹਿਬ ਜੀ ਨੇ ਗੁਰਮੁਖੀ ਦਾ ਸਿਸਟਮ ਬੱਧਾ। ਇਹ ਗੱਲ ਵੀ ਆਮ ਪ੍ਰਸਿੱਧ ਹੈ ਕਿ ਗੁਰਮੁਖੀ ਅੱਖਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਨਾਏ। ਪਰ ਏਹ ਅੱਖਰ ਕਿਸ ਤਰ੍ਹਾਂ ਬਨਾਏ? ਜੋ ਸੱਜਣ ਹਿੰਦੀ ਆਦਿਕ ਪੜ੍ਹੇ ਹੋਏ ਹਨ ਓਹ ਝੱਟ ਕਹਿ ਦੇਣਗੇ ਕਿ ਏਹ ਅੱਖਰ ਦੇਵ ਨਾਗਰੀ ਤੋਂ ਜਾਂ ਸ਼ਾਰਦਾ ਲਿੱਪੀ ਤੋਂ ਜਾਂ ਟਾਕਰਿਆਂ ਤੋਂ ਬਣਾਏ ਗਏ। ਇਹ ਗੱਲ ਅੱਗੇ ਸਮਝਣੀ ਕੋਈ ਔਖੀ ਨਹੀਂ ਕਿ ਜੇ ਏਹ ਅੱਖਰ ਹਿੰਦੀ ਤੋਂ ਬਨਾਏ ਤਾਂ ਇਹ ਬੜੀ ਥੋੜੀ ਜਿਹੀ ਤਬਦੀਲੀ ਨਾਲ ਬਣ ਗਏ, ਪਰ ਇਹ ਥੋੜੀ ਬਹੁਤ ਤਬਦੀਲੀ ਸਿਰਫ ਅੱਖਰਾਂ ਦੀ ਕੁਛ ਸ਼ਕਲ ਬਦਲਣ ਨਾਲ ਨਹੀਂ ਬਣੇਂ, ਇਨ੍ਹਾਂ ਦੀ ਬਣਤਰ ਵਿਚ ਕੁਛ ਅੱਖਰ ਅੱਗੜ ਪਿੱਛੜ ਬੀ ਹੋ ਗਏ। ਮਸਲਨ ਹਿੰਦੀ ਵਿਚ ਪਹਿਲਾ ਅੱਖਰ 'ਅ' ਹੈ, ਇਸ ਤੋਂ ਅਗੇ 'ੲ' ਹੈ ਤੇ ਫੇਰ 'ੳ' ਗੁਰਮੁਖੀ ਵਿਚ ਇਹ ਗੱਲ ਨਹੀਂ। ਗੁਰਮੁਖੀ ਵਿਚ ਪਹਿਲਾ ਅੱਖਰ 'ੳ' ਹੈ ਫੇਰ 'ਅ' ਤੇ ਇਸ ਤੋਂ ਪਿਛੋਂ 'ੲ'।

ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਇਹ ਨਿੱਕੀ ਜਿਹੀ ਤਬਦੀਲੀ ਕਿਉਂ ਕੀਤੀ ਗਈ ਹੈ? ਪਰ ਖ਼ੈਰ ਇਸ ਗੱਲ ਦਾ ਜੋ ਭੀ ਜਵਾਬ ਹੋਵੇ ਸੋ ਹੋਵੇ ਅਰ ਉਹ ਅਨੇਕ ਜਵਾਬ ਹੋਣਗੇ ਜੋ ਹਰ ਕਿਸੇ ਦੀ ਆਪੋ ਆਪਣੀ ਬੁਧਿ ਮੁਤਾਬਕ ਹੋਣਗੇ, ਮੈਂ ਏਸ ਗੱਲ ਨੂੰ ਐਸ ਵੇਲੇ ਜਿਸ ਪਾਸੇ ਵੱਲ ਲਿਜਾ ਰਿਹਾ ਹਾਂ ਉਹ ਹੋਰ ਹੈ।

ਅਸੀਂ ਜਿਸ ਵੇਲੇ ਗੁਰਮੁਖੀ ਅੱਖਰਾਂ ਦੀ ਮੁਹਾਰਨੀ ਪੜ੍ਹਦੇ ਹਾਂ ਤਾਂ ਉਹ ਏਸ ਤਰ੍ਹਾਂ ਚੱਲਦੀ ਹੈ:-

ਅ ਆ ਇ ਈ ਉ ਊ........

ਏਸ ਤਰ੍ਹਾਂ ਫੇਰ ਪਹਿਲੇ 'ਅ' ਆ ਜਾਂਦਾ ਹੈ, ਅਗੇ 'ੲ' ਤੇ 'ੳੜਾ' ਵਿਚਾਰਾ ਤੀਸਰੀ ਥਾਵੇਂ ਸੁੱਟਿਆ ਜਾਂਦਾ ਹੈ। ਕੀ ਤੁਸੀਂ ਕਦੀ ਇਹ ਫ਼ਰਕ ਮਹਿਸੂਸ ਕੀਤਾ ਹੈ? ਪੈਂਤੀ ਵਿਚ 'ੳ' ਪਹਿਲੇ ਹੈ, ਉਸੇ ਪੈਂਤੀ ਦੀ ਮੁਹਾਰਨੀ ਵਿਚ 'ੳ' ਤੀਜੀ ਥਾਵੇਂ ਹੈ; ਇਹ ਕੀ ਹਨੇਰ ਹੈ? ਕੀ ਏਸ ਫ਼ਰਕ ਪਿੱਛੇ ਅਸੀਂ ਮੁਹਾਰਨੀ ਨੂੰ ਬਾਲ ਉਪਦੇਸ਼ ਵਿਚੋਂ ਬਾਹਰ ਕੱਢ ਦਿਆਂਗੇ, ਜਾਂ ਥੋੜ੍ਹਾ ਲਿਹਾਜ਼ ਮਾਰੇ ਬਾਹਰ ਨਹੀਂ ਕੱਢਾਂਗੇ ਪਰ ਪੜ੍ਹਨੀ ਬੰਦ ਕਰਵਾ ਦਿਆਂਗੇ? ਇਸਦਾ ਨਤੀਜਾ ਕੀ ਹੋਵੇਗਾ?

ਪਰ ਕਿਉਂਕਿ ਅਸੀਂ ਸਾਰੇ ਗੁਰਮੁਖੀ ਪੜ੍ਹੇ ਹੋਏ ਹਾਂ, ਸਾਨੂੰ ਇਹੋ ਜੇਹੀਆਂ ਸ਼ੰਕਾਂ ਫੁਰਦੀਆਂ ਹੀ ਨਹੀਂ। ਜੇ ਰਾਗ ਵਿਦਜਾ ਵਿਚ ਭੀ ਸਾਡੀ ਮਹਾਰਤ ਏਸੇ ਦਰਜੇ ਦੀ ਹੀ ਹੁੰਦੀ ਤਾਂ ਅੱਜ ਇਹ ਸਵਾਲ ਹੀ ਨਹੀਂ ਸੀ ਉਠਣਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਦ ਸਿਰੀ ਰਾਗ ਪਹਿਲੇ ਹੈ ਤਾਂ ਰਾਗਮਾਲਾ ਵਿਚ ਇਹ ਪੰਜਵੀਂ ਥਾਵੇਂ ਕਿਉਂ ਚਲਾ ਗਿਆ?

ਗੁਰਮੁਖੀ ਦੇ ਵੱਖਰੇਪਨ ਉਪਰ ਇਤ੍ਰਾਜ਼ ਕਰਨ ਵਾਲੇ ਸਾਨੂੰ ਕਹਿ ਸਕਦੇ ਹਨ ਕਿ ਗੁਰਮੁਖੀ ਦੇ ਅੱਖਰ ਕੇਵਲ ਹਿੰਦੀ ਦੀ ਮਾਸਾ ਕੁ ਵਿਗੜੀ ਹੋਈ ਨਕਲ ਹੈ, ਇਹ ਕੋਈ ਵੱਖਰਾ ਸਿਸਟਮ ਨਹੀਂ। ਸਾਨੂੰ ਪੁੱਛਣ ਵਾਲੇ ਪੁੱਛ ਸਕਦੇ ਹਨ ਕਿ ਜੇ ਗੁਰਮੁਖੀ ਦੀ ਪੈਂਤੀ ਕੋਈ ਵੱਖਰੀ ਹੀ ਚੀਜ਼ ਸੀ ਤਾਂ ਫੇਰ ਗੁਰੂ ਅਰਜਨ ਦੇਵ ਜੀ ਨੇ ਬਾਵਨ ਅਖਰੀ ਕਿਉਂ ਰਚੀ? ਬਾਵਨ (ਬਵਿੰਜਾ) ਅੱਖਰ ਗੁਰਮੁਖੀ ਵਿਚ ਕਿੱਥੇ ਹਨ? ਬਾਵਨ ਅੱਖਰ ਤਾਂ ਜਾਂ ਹਿੰਦੀ ਉਪਰ ਲਾਗੂ ਹਨ ਜਾਂ ਸੰਸਕ੍ਰਿਤ ਦੀ ਲਿਪੀ ਉਪਰ ਘਟਦੇ ਹਨ। ਪਰ ਅੱਜ ਏਹੋ ਜਿਹੇ ਇਤਰਾਜ਼ਾਂ ਦੀ ਸਾਡੇ ਸਾਹਮਣੇ ਕੀ

ਕੀਮਤ ਹੈ? ਇਹ ਸਵਾਲ ਸਾਡੀ ਉਸ ਨਿਸ਼ਚੇ ਦੀ ਧਾਰਨਾਂ ਨੂੰ ਨਹੀਂ ਹਿਲਾਉਂਦੇ ਜੋ ਗੁਰਮੁਖੀ ਅੱਖਰਾਂ ਦੀ ਵੱਖਰੀ ਹਸਤੀ ਬਾਰੇ ਬੱਝ ਚੁਕੀ ਹੈ। ਅਸੀਂ ਏਨ੍ਹਾਂ ਪ੍ਰਸ਼ਨਾਂ ਦੇ ਉੱਤਰ ਲੱਭਣ ਲਈ ਇਲਾਂਮੀ ਤੌਰ ਉੱਪਰ ਤਾਂ ਤਤਪਰ ਹੋ ਜਾਵਾਂਗੇ, ਪਰ ਸਾਡੀ ਖੋਜ ਏਸੇ ਈਮਾਨ ਦੀ ਚੂਲ ਉੱਪਰ ਘੁੰਮੇਗੀ ਕਿ ਗੁਰਮੁਖੀ ਅੱਖਰਾਂ ਦੇ ਥੋੜ੍ਹੇ ਜਿਹੇ 'ਵਿਗੜੇ ਹੋਏ' ਵੱਖਰਾਪਨ ਨੇ ਸਾਡੇ ਜੀਵਨ ਵਿਚ ਜ਼ਮੀਨ ਆਸਮਾਨ ਦਾ ਫਰਕ ਪਾ ਦਿੱਤਾ ਹੈ ਤੇ ਏਹੋ ਫਰਕ ਉਸ ਨੁਕਤਾ ਨਿਗਾਹ ਦੇ ਫਰਕ ਦਾ ਕਾਰਨ ਹੈ ਜਿਸ ਦੀ ਮਲਕੀਅਤ ਇਕ ਸਿੱਖ ਨੂੰ ਇੱਕ ਹਿੰਦੂ ਕੋਲੋਂ ਅੱਡਰਾ ਕਰਦੀ ਹੈ। ਏਸ ਨਿੱਕੇ ਜਿਹੇ 'ਨਕਲਵੇਂ' ਫ਼ਰਕ ਨੇ ਪੰਜਾਬੀ ਦਾ ਉਹ ਸਾਹਿਤਜ ਤਿਆਰ ਕਰ ਦਿੱਤਾ ਹੈ ਜਿਸਦੀ ਚਾਲ ਢਾਲ ਤੇ ਸ਼ਾਨ ਨਿਰਾਲੀ ਹੈ।

ਮੈਂ ਪਿੱਛੇ ਕਹਿ ਆਇਆ ਹਾਂ ਕਿ ਗੁਰਮੁਖੀ ਅੱਖਰਾਂ ਬਾਰੇ ਸਾਡੀ ਸਾਰੀ ਖੋਜ ਇਕ ਇਲਮੀ ਦਿਲਚਸਪੀ ਦਾ ਮੈਦਾਨ ਤਾਂ ਤਿਆਰ ਕਰ ਦੇਵੇਗੀ ਪਰ ਅਸੀਂ ਆਪਣੇ ਏਸ ਸ਼ੌਕ ਨੂੰ ਇਕ ਕਿਤਾਬੀ ਸ਼ੁਗਲ ਤੋਂ ਰੁਤਬਾ ਇਤਨਾ ਵਧੀਕ ਨਹੀਂ ਦਿਆਂਗੇ ਕਿ ਉਹ ਸਾਡੇ ਬੱਝੇ ਈਮਾਨ ਵਿਚ ਦਖਲ ਅੰਦਾਜ਼ੀ ਕਰੇ। ਪਰ ਇਹ ਗੱਲ ਕਿਉਂ ਹੈ? ਕਿਉਂ ਦਲੀਲ ਅਤੇ ਤਰਕ ਦੀਆਂ ਗੱਲਾਂ ਏਸ ਵਿਸ਼ਯ ਸੰਬੰਧ ਵਿਚ ਹੱਲ ਕਰਦੇ ਹੋਏ ਭੀ ਅਸੀਂ ਗੁਰਮੁਖੀ ਦੇ ਵੱਖਰੇਪਨ ਦੇ ਈਮਾਨ ਨੂੰ ਸਾਬਤ ਕਦਮ ਲਿਚੱਲਦੇ ਹਾਂ?

ਇਸ ਦਾ ਉੱਤਰ ਸਿਰਫ ਇਤਨਾ ਹੀ ਹੋ ਸਕਦਾ ਹੈ ਕਿ ਇਹ ਸਾਡਾ ਈਮਾਨ ਸਾਡੇ ਜੀਵਨ ਦਾ ਇੱਕ ਅੰਗ ਬਣ ਗਿਆ ਹੈ। ਅਸਾਂ ਸਾਰਿਆਂ ਨੇ ਉਹ ਸਾਹਿਤਜ ਨੂੰ, ਜੋ ਗੁਰਮੁਖੀ ਅੱਖਰਾਂ ਵਿਚ ਹੈ, ਇਸ ਤਰ੍ਹਾਂ ਗ੍ਰਹਿਣ ਕੀਤਾ ਹੈ, ਜਿਸ ਤਰ੍ਹਾਂ ਜਿਸਮ ਖੁਰਾਕ ਨੂੰ ਅਪਣਾਉਂਦਾ ਹੈ। ਸਾਡੀ ਕਲਪਨਾ, ਸਾਡੀ ਮਨੋਂ ਬ੍ਰਿਤੀ ਗੁਰਮੁਖੀ ਵਿਚ ਇਤਨੀ ਰਚ ਮਿਚ ਗਈ ਹੈ ਕਿ ਏਸ ਵਾਯੂ ਮੰਡਲ ਤੋਂ ਬਿਨਾ ਸਾਡੇ ਪ੍ਰਾਣਾਂ ਦਾ ਸਾਹ ਘਿੜਕ ਪੈਂਦਾ ਹੈ।

ਅਸੀਂ ਏਸ ਕਰਕੇ ਗੁਰਮੁਖੀ ਦੀ ਪੈਂਤੀ ਨੂੰ ਇੱਕ ਨਵੀਂ ਹਸਤੀ ਮੰਨਦੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਵਨ ਅੱਖਰੀ ਸਾਡੇ

ਇਨ੍ਹਾਂ ਪੈਂਤੀਆਂ ਬਾਬਤ ਈਮਾਨ ਨੂੰ ਹਿਲਾਉਂਦੀ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੩੪ ਅੱਖਰੀ ਦਾ ਵੀ ਜ਼ਿਕਰ ਹੈ। ਯਥਾ:- 'ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ।' (ਮਾਰੂ ਰਵਿਦਾਸ ਜੀ)

ਪਰ ਏਸ ਤੁਕ ਦੇ ਹੁੰਦਿਆਂ ਹੋਇਆਂ ਵੀ ਸਾਡੀ ਟੇਕ ਜੋ ਪੈਂਤੀ ਉੱਪਰ ਹੈ ਉਹ ਡੋਲਦੀ ਨਹੀਂ। ਰਵਿਦਾਸ ਜੀ ਨੇ ੩੪ ਅੱਖਰ ਗਿਣੇ; ਕਿਉਂਕਿ ਉਸ ਦੀ ਭਾਸ਼ਾ ਵਿਚ 'ੜ' ਨਹੀਂ ਸੀ ਤੇ ਉਸ ਦਾ ਇਹ ਘਾਟਾ ਸਾਨੂੰ ਪੈਂਤੀ ਤੋਂ ਬੇ ਸਿਦਕਾ ਨਹੀਂ ਕਰਦਾ। ਇਹ ਫਰਕ ਹਨ ਜਿਨ੍ਹਾਂ ਦੇ ਪ੍ਰਮਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮੌਜੂਦ ਹਨ, ਪਰ ਇਨ੍ਹਾਂ ਫਰਕਾਂ ਦੇ ਹੁੰਦਿਆਂ ਹੋਇਆਂ ਵੀ ਇਹ ਭੇਦ ਸਾਡੇ ਲਈ ਕਿਸੇ ਬਹਿਸ ਦਾ ਵਿਸ਼ਯ ਨਹੀਂ ਬਣਦੇ। ਕਿਉਂ?

ਪੰਜਾਬੀ ਸਾਹਿਤਜ ਤੇ ਗੁਰਮੁਖੀ ਅੱਖਰਾਂ ਬਾਬਤ ਸਾਡਾ ਈਮਾਨ ਇੱਕ ਜਿੰਦ-ਦਾਰ ਵਸਤੂ ਹੈ, ਏਸ ਲਈ ਉਸ ਦੀ ਵੱਖਰੀ ਹਸਤੀ ਨੂੰ ਮੰਨਣ ਲਈ ਅਸੀਂ ਕਿਸੇ ਸਬੂਤ ਦੀ ਮੁਥਾਜੀ ਮਹਿਸੂਸ ਨਹੀਂ ਕਰਦੇ, ਇਹ ਵੈਸੀ ਹੀ ਗੱਲ ਹੈ ਜਿਸ ਤਰ੍ਹਾਂ ਸਾਨੂੰ ਆਪਣੀ ਹੋਂਦ ਸ਼ੱਕੀ ਨਹੀਂ ਲੱਗਦੀ।

ਮੈਂ ਪਿੱਛੇ ਕਹਿ ਆਇਆ ਹਾਂ ਕਿ ਇਹ ਸਿੱਖ ਲਿਟਰੇਚਰ ਦਾ ਵੱਖਰਾਪਨ ਉਸ ਨੁਕਤਾ ਨਿਗਾਹ ਨੂੰ ਅੱਡਰਾ ਕਰਦਾ ਹੈ ਜਿਸ ਦਵਾਰਾ ਇੱਕ ਸਿੱਖ ਤੇ ਹਿੰਦੂ ਦਾ ਜੀਵਨ ਛੇਤਰ ਵਿਚ ਫਰਕ ਦਿੱਸਣ ਲੱਗ ਪੈਂਦਾ ਹੈ। ਬੇਸ਼ੱਕ, ਇਹ ਫਰਕ ਸਿਰਫ਼ ਜੀਵਨ ਛੇਤਰ ਤਕ ਮਹਿਦੂਦ ਹੈ, ਮੌਤ ਸਾਰੇ ਫਰਕਾਂ ਨੂੰ ਮੇਟ ਦੇਂਦੀ ਹੈ। ਸ਼ਮਸ਼ਾਨ ਭੂਮੀ ਵਿਚ ਪਈਆਂ ਹੱਡੀਆਂ ਇਸ ਫਰਕ ਤੋਂ ਉਪਰ ਹੋ ਜਾਂਦੀਆਂ ਹਨ, ਉਨ੍ਹਾਂ ਨੂੰ ਦੇਖ ਕੇ ਕੋਈ ਵੀ ਖੋਜੀ ਇਸ ਨਤੀਜੇ ਉੱਪਰ ਪਹੁੰਚੇਗਾ ਕਿ ਹਿੰਦੂ ਤੇ ਸਿੱਖ ਵਿਚ ਕੋਈ ਫਰਕ ਨਹੀਂ, ਉਹ ਕਹੇਗਾ ਕਿ ਸਿਰਫ ਕਿਸੇ ਵੇਲੇ ਇਹ ਗੱਲ ਜਾਪਦੀ ਹੈ ਕਿ ਇਕਨਾਂ ਹੱਡੀਆਂ ਦੇ ਨਾਲ ਲੋਹੇ ਦਾ ਕੜਾ ਲੱਭਦਾ ਹੈ। ਇਹ ਕੋਈ ਲੰਮੇਰਾ ਫਰਕ ਨਹੀਂ ਕਿਉਂਕਿ ਜਿਥੇ ਸਿੱਖ ਆਮ ਤੌਰ ਤੇ ਕੜਾ ਪਹਿਨਦੇ ਹਨ ਉਥੇ ਕਿਸੇ ਹਿੰਦੂ ਨੂੰ ਕੜਾ ਨਾ ਪਹਿਨਣ ਦੀ ਬੰਦਸ਼ ਨਹੀਂ। ਏਸ ਕਰਕੇ ਹੱਡੀਆਂ ਦੀ ਖੋਜ ਤੋਂ ਏਹੋ ਨਤੀਜਾ ਨਿਕਲੇਗਾ ਕਿ ਸਿੱਖ ਤੇ ਹਿੰਦੂ ਇਕੋ ਹਨ।

ਮੈਂ ਇਹ ਕਿਸੇ ਖੋਜੀ ਦਾ ਦੋਸ਼ ਨਹੀਂ ਦੱਸ ਰਿਹਾ, ਮੈਂ ਇਹ ਕਹਿ ਰਿਹਾ ਹਾਂ ਕਿ ਖੋਜ ਦਾ ਨਿਰਜਿੰਦ ਤਰੀਕਾ ਏਹੋ ਜਿਹੇ ਨਤੀਜੇ ਕੱਢਣ ਲਈ ਮਜਬੂਰ ਹੋਵੇਗਾ।

ਜਦੋਂ ਪੰਜਾਬੀ ਦਾ ਸਾਹਿਤਜ ਕਿਸੇ ਜੀਵਨ ਲਹਿਰ ਤੋਂ ਵਿਮੁਕਤ ਹੋ ਜਾਏਗਾ ਤਾਂ ਕੁਦਰਤੀ ਗੱਲ ਹੈ ਕਿ ਉਹ ਖੋਜ ਦੇ ਨਿਰਜਿੰਦ ਤਰੀਕਿਆਂ ਦਾ ਵਿਸ਼ਯ ਬਣੇਗਾ। ਓਦੋਂ ਏਹੋ ਪ੍ਰਤੀਤ ਹੋਵੇਗਾ ਕਿ ਗੁਰਮੁਖੀ ਦੇ ਅੱਖਰ ਐਵੇਂ ਜ਼ਰਾ ਕੁ ਵਿਗੜੇ ਹੋਏ ਹਿੰਦੀ ਦੇ ਅੱਖਰ ਹਨ, ਇਨ੍ਹਾਂ ਦੀ ਕੋਈ ਵੱਖਰੀ ਹਸਤੀ ਮੰਨਣੀ ਕਿਸੇ ਤਰ੍ਹਾਂ ਜਾਇਜ਼ ਨਹੀਂ।

ਹੁਣ ਲਵੋ 'ਗੁਰਮਤ ਸੰਗੀਤ' ਦੀ ਗੱਲ। ਜਿਸ ਵੇਲੇ ਰਾਗ ਵਿਦਜਾ ਸਿੱਖਾਂ ਦੇ ਜੀਵਨ ਦਾ ਇੱਕ ਅੰਗ ਸੀ, ਉਸ ਵੇਲੇ ਗੁਰਮਤ ਸੰਗੀਤ ਦਾ ਕੋਈ ਆਪਣਾ ਧ੍ਰੁਵਾ ਸੀ, ਜਿਸ ਵੇਲੇ ਪ੍ਰਚਾਰ ਖੁਣੋਂ ਤੇ ਵਰਤੋਂ ਖੁਣੋਂ ਇਹ ਨਿਰਸਾਸ ਹੋ ਗਿਆ ਤਾਂ ਇਸ ਦੀਆਂ ਹੱਡੀਆਂ ਪੱਸਲੀਆਂ ਕਈ ਹੋਰਾਂ ਰਾਗਮਤਾਂ ਦੀਆਂ ਹੱਡੀਆਂ ਪੱਸਲੀਆਂ ਨਾਲ ਇਕੋ ਜੇਹੀਆਂ ਭਾਸਣ ਲੱਗੀਆਂ। ਜਿਸ ਵੇਲੇ ਰਾਗ-ਪ੍ਰੇਮੀ ਰਾਗ ਲਹਿਰ ਵਿਚ ਜੀਉਂਦੇ ਸਨ, ਉਸ ਵੇਲੇ ਓਹ ਏਸ ਈਮਾਨ ਵਿਚ ਜੀਉਂਦੇ ਸਨ ਕਿ ਨਾਂ ਸਿਰਫ ਗੁਰਮਤ ਸੰਗੀਤ ਆਪਣੇ ਆਪ ਵਿਚ ਕੋਈ ਅੱਡਰੀ ਚੀਜ਼ ਹੈ ਸਗੋਂ ਹਰ ਇਕ ਰਾਗ ਆਪਣੀ ਵੱਖਰੀ ਹਸਤੀ ਦਾ ਮਾਲਕ ਹੈ ਜੋ ਜੀਵਨ ਤਜਰਬੇ ਵਿਚ ਆ ਸਕਦੀ ਹੈ। ਓਦੋਂ ਸ਼੍ਰੋਤਿਆਂ ਨੂੰ ਪਤਾ ਸੀ ਕਿ ਹਰ ਇਕ ਰਾਗ ਜੋ ਸ਼ਬਦ ਦੇ ਸੱਚੇ ਵਿਚ ਢਲਿਆ ਹੋਇਆ ਹੈ ਇਕ ਗੁਰਮਤਿ ਸੰਗੀਤਕ ਦੇ ਸਨਮੁਖ ਉਪਸਿਥਤ ਹੋ ਜਾਂਦਾ ਹੈ, ਇਹ ਗੱਲ ਸਾਨੂੰ ਭਾਈ ਸਹਿਜ ਰਾਮ ਅੱਡਣਸ਼ਾਹੀ ਸੰਤ ਦੀ ਸਾਖੀ ਤੋਂ ਸਿੱਧ ਹੋ ਜਾਂਦੀ ਹੈ।

ਭਾਈ ਸਹਿਜ ਰਾਮ ਜੀ ਇਕ ਅਨੁਭਵੀ ਕੀਰਤਨੀਏ ਸਨ, ਉਨ੍ਹਾਂ ਨੂੰ ਕੀਰਤਨ ਕਰਦਿਆਂ ਇਕ ਪਠਾਣ ਨੇ ਦੇਖਿਆ,- ਲਿਖਿਆ ਹੈ:-

*ਏਕ ਪਠਾਣ ਤਹਾਂ ਚਲ ਆਵਾ। ਸੁਨ ਅਵਾਜ਼ ਹੁਇ ਮਸਤ ਰਹਾਵਾ।*
*ਇਹ ਫਰੇਸ਼ਤਾ ਭਿਸਤੋਂ ਆਯੋ। ਇਸ ਰਸ ਰਸਨਾ ਅੱਲਾ ਪਾਯੋ।*
*ਮਾਥੇ ਲਾਲੀ ਤਨ ਬਲਵਾਨ। ਗਾਵੈ ਊਚਾ ਵਡ ਗੁਨਖਾਨ।*

*(ਸੰਤ ਰਤਨ ਮਾਲ, ਸੋਭਾ ਰਾਮ)*

ਫੇਰ ਉਸ ਪਠਾਣ ਨੇ ਕਿਹਾ:-"ਹੇ ਖੁਦਾਵੰਦ! ਜੇਕਰ ਇਹ ਮਾਨੁਖ ਸ਼ਸਤ੍ਰ ਪਕੜਤਾ ਤਬ ਇਕੇਲਾ ਹੀ ਦਸਾਂ ਪੁਰਖਾਂ ਕੋ ਥਾਂ ਰਾਖਤਾ।"

(ਸੰਤ ਰਤਨ ਮਾਲ, ਲਾਲ ਚੰਦ)

ਇਹ ਗਲ ਸੁਣਕੇ ਭਾਈ ਅੱਡਣ ਜੀ ਨੇ ਉੱਤਰ ਦਿੱਤਾ,- ਲਿਖਿਆ ਹੈ:-

*ਇਹ ਜੋਧਾ ਹੈ ਅਤਿ ਬਲੀ ਜਿਹਬਾ ਚਲੇ ਕਮਾਨ।*
*ਬਾਣ ਗੁਰੂ ਕੇ ਸ਼ਬਦ ਹੈਂ ਬੇਧੇ ਪ੍ਰੀਤੀਵਾਨ।*

(ਸੋਭਾ ਰਾਮ)

ਭਾਈ ਸਹਿਜ ਰਾਮ ਨੇ ਆਪਣੇ ਕੀਰਤਨ ਬਾਬਤ ਇਕ ਡਾਢੇ ਨੁਕਤੇ ਦੀ ਗੱਲ ਕਹੀ,- ਲਿਖਿਆ ਹੈ:-

"ਤਬ ਭਾਈ ਸਹਜ ਰਾਮ ਜੀ ਬਚਨ ਕੀਆ ਜੋ ਭਾਈ ਸੇਵਾ ਰਾਮ ਜੀ ਕੀ ਕ੍ਰਿਪਾ ਕਰ ਜਬ ਮੈਂ ਕੀਰਤਨ ਕਰਨ ਲਗਤਾ ਹੋਂ ਤਬ ਸੰਗਲੀਆਂ ਬਾਂਧਿ ਕੈ ਆਗੇ ਅਧਿਕ ਹੀ ਸ਼ਬਦ ਸ਼ਲੋਕ ਸਨਮੁਖ ਆਇ ਖਲੋਵਤੇ ਹੈਂ। ਵੁਹ ਕਹਿਤਾ ਹੈ ਮੁਝ ਕੋ ਗਾਵੋ, ਵੋਹ ਕਹਿਤਾ ਹੈ ਮੁਝ ਕੋ ਗਾਵੋ।"

(ਸੰਤ ਰਤਨ ਮਾਲ, ਲਾਲ ਚੰਦ)

ਜਿਸ ਵੇਲੇ ਭਾਈ ਸਹਿਜ ਰਾਮ ਵਰਗੀਆਂ ਹਸਤੀਆਂ ਜੀਉਂਦੀਆਂ ਸਨ ਤਦੋਂ ਉਨ੍ਹਾਂ ਦੇ ਪ੍ਰਭਾਵ ਵਿਚ ਬੈਠੀ ਸੰਗਤ ਨੂੰ ਅਨੁਭਵ ਪ੍ਰਤੱਖ ਹੋ ਜਾਂਦਾ ਸੀ:-

*"ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥"*

*(ਰਾਮ:ਮ:੩-ਅਨੰਦ)*

ਜਦੋਂ ਭਾਈ ਗੁਰਦਾਸ ਜੀ ਵਰਗੀ ਹਸਤੀ ਸਿੱਖ ਸੰਗਤ ਵਿਚ ਪ੍ਰਤਿਸ਼ਟਤ ਸੀ ਤਦ ਸਭ ਨੂੰ ਆਪਣੇ ਰਸ ਗੁੱਧੇ ਨੇਤਰਾਂ ਨਾਲ ਪ੍ਰਤੀਤ ਹੋਣ ਲਗ ਪੈਂਦਾ ਸੀ:

*ਸਤਿਗੁਰ ਨਾਨਕ ਦੇਵ ਦੇਵ ਦੇਵੀ ਸਭ ਧਿਆਵਹਿੰ॥*
*ਨਾਦ ਬਾਦ ਬਿਸਮਾਦ ਰਾਗ ਰਾਗਨਿ ਮਿਲਿ ਗਾਵਹਿੰ॥*

*(ਭਾਈ ਗੁਰਦਾਸ)*

ਪਰ ਜਿਸ ਵੇਲੇ ਐਹੋ ਜਿਹੀਆਂ ਹਸਤੀਆਂ ਸਿੱਖੀ ਮੰਡਲ ਵਿਚੋਂ ਗੁੰਮ ਹੋ ਗਈਆਂ ਤਦ ਸਾਨੂੰ ਰਾਗ ਦੇ ਅਨੁਭਵੀ ਵਜੂਦ ਉਪਰ ਸ਼ੱਕ ਪੈਣੇ ਸ਼ੁਰੂ ਹੋ ਗਏ। ਹੌਲੇ ਹੌਲੇ ਸਾਡੀ ਸਿੱਖੀ ਤਹਿਜ਼ੀਬ ਦੀ ਗਿਰਾਵਟ ਏਥੋਂ ਤਕ ਵਧੀ ਕਿ ਅਸੀਂ ਰਾਗਾਂ ਉਪਰ ਮਖ਼ੌਲ ਕਰਨ ਲੱਗ ਪਏ। ਇਹ ਗਲ ਏਥੋਂ ਤਕ ਗਈ ਕਿ ਬਾਬੂ ਤੇਜਾ ਸਿੰਘ ਭਸੌੜ ਨੇ ਇਹ ਕਹਿਣ ਦੀ ਜੁਰਅਤ ਕਰ ਲੀਤੀ:-

> "ਭਾਈ ਜੀ ਸੋਚੋ, ਰਾਗ ਕਿਸੇ ਜਾਨਦਾਰ ਚੀਜ਼ ਦਾ ਨਾਉਂ ਨਹੀਂ, ਆਪਣੀ ਆਵਾਜ਼ ਦੇ ਵਖੋ ਵਖ ਜੋੜ ਤੋੜ ਦਾ ਨਾਮ ਰਾਗ ਹੈ। ਇਹਨਾਂ ਵਿਚਾਰਿਆਂ ਨੇ ਆਣਾਂ ਕੀ ਤੇ ਜਾਣਾਂ ਕੀ। ਸ਼ੁਕਰ ਹੈ ਕਿਤੇ ਗੁਰ ਬਿਲਾਸ ਕਰਤਾ ਦੇ ਖਿਆਲ ਅਨੁਸਾਰ ਜੋੜੀਆਂ, ਢੋਲਕੀਆਂ, ਤਾਊਸ ਆਦਿ ਵਾਜਿਆਂ ਦਾ ਡੈਪੂਟੇਸ਼ਨ ਵੀ ਗੁਰੂ ਜੀ ਦੇ ਪਾਸ ਨਹੀਂ ਆਇਆ।" (ਬਾਬੂ ਤੇਜਾ ਸਿੰਘ, ਰਾਗਮਾਲਾ ਖੰਡਨ, ਸਫਾ ੩੯-੪੦)

ਬਾਬੂ ਤੇਜਾ ਸਿੰਘ ਨੇ ਜਿਸ ਵੇਲੇ ਕਿਹਾ: 'ਭਾਈ ਜੀ ਸੋਚੋ, ਰਾਗ ਕਿਸੇ ਜਾਨਦਾਰ ਚੀਜ਼ ਦਾ ਨਾਉਂ ਨਹੀਂ' ਤਦ ਉਹ ਠੀਕ ਕਹਿ ਰਿਹਾ ਸੀ ਕਿ ਰਾਗ ਜਾਨਦਾਰ ਨਹੀਂ। ਪਰ ਉਹ ਏਸ ਗੱਲ ਨੂੰ ਅਨੁਭਵ ਵਿਚ ਨਹੀਂ ਸੀ ਲੈ ਰਿਹਾ ਕਿ ਰਾਗ ਬੇਜਾਨ ਵੀ ਨਹੀਂ ਹੈ। ਕਿਉਂਕਿ ਰਾਗ ਖ਼ੁਦ ਜਾਨ ਹੈ। ਇਹ ਵਿਸ਼ੂ ਆਤਮਾ ਹੈ, ਇਹ ਨਾਦ ਬ੍ਰਹਮ ਹੈ, ਇਹ ਆਤਮ ਸ੍ਰੂਪ ਅਨੁਰਾਗ ਰੂਪ ਹੋਕੇ 'ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਸਾਗ' ਹੈ।

ਪਰ ਬਾਬੂ ਤੇਜਾ ਸਿੰਘ ਇਨ੍ਹਾਂ ਗੱਲਾਂ ਨੂੰ ਵਿਚਾਰਦਾ ਨਹੀਂ ਸੀ। ਉਸ ਲਈ ਰਾਗ ਦਾ ਵਿਰੋਧ, ਰਾਗ ਦਾ ਵਿਰੋਧ ਨਹੀਂ ਸੀ, ਇਸ ਸਾਧਨ ਸੀ ਰਾਗਮਾਲਾ ਦੇ ਵਿਰੋਧ ਦਾ। ਉਹ ਰਾਗਮਾਲਾ ਦਾ ਵਿਰੋਧੀ ਰਾਗਮਾਲਾ ਕਰਕੇ ਨਹੀਂ ਸੀ, ਰਾਗਮਾਲਾ ਦਾ ਵਿਰੋਧ ਉਸ ਲਈ ਸਾਧਨ ਸੀ ਭੱਟ ਬਾਣੀ ਦੇ ਵਿਰੋਧ ਦਾ। ਉਹ ਭੱਟ ਬਾਣੀ ਦਾ ਵਿਰੋਧੀ ਭੱਟ ਬਾਣੀ ਕਰਕੇ ਨਹੀਂ ਸੀ, ਉਸ ਲਈ ਇਹ ਸਾਧਨ ਸੀ ਭਗਤ ਬਾਣੀ ਦੇ ਵਿਰੋਧ ਦਾ। ਉਹ ਭਗਤ ਬਾਣੀ ਦਾ ਵਿਰੋਧੀ ਭਗਤ ਬਾਣੀ ਕਰਕੇ ਨਹੀਂ ਸੀ ਉਸ ਲਈ ਇਹ ਸਾਧਨ ਸੀ ਬੀੜ ਨੂੰ ਖੰਡਨ ਕਰਨ ਦਾ। ਉਹ ਬੀੜ ਦਾ ਖੰਡਨ ਕੇਵਲ ਖੰਡਨ ਦੀ ਖਾਤਰ ਨਹੀਂ ਸੀ ਕਰਦਾ,

ਉਹ ਬੀੜ ਵਿਚ ਆਦਿ ਬੀੜ ਤੋਂ ਬਾਹਰ ਦੀਆਂ ਬਾਣੀਆਂ ਚੜ੍ਹਾਉਣਾ ਚਾਹੁੰਦਾ ਸੀ। ਏਸ ਤਰ੍ਹਾਂ ਦੀ ਘਟਾ ਵਧਾਕੇ ਬਣਾਈ ਹੋਈ ਬੀੜ ਨੂੰ ਉਹ 'ਹਜ਼ੂਰੀ ਬੀੜ' ਕਹਿੰਦਾ ਸੀ, ਉਹ ਉਸ ਬੀੜ ਦਾ ਬਣਾਉਣਹਾਰਾ ਤੇ ਪ੍ਰਚਾਰਕ ਸੀ। ਉਸ ਨੇ ਰਾਗਮਾਲਾ ਦਾ ਵਿਰੋਧ ਤਾਂ ਜ਼ਾਹਿਰਾ ਕੀਤਾ ਪਰ ਬੀੜ ਦਾ ਖੰਡਨ ਬੜੇ ਲੁਕਵੇਂ ਤਰੀਕੇ ਨਾਲ। ਉਸ ਨੂੰ ਪਤਾ ਸੀ ਕਿ ਰਾਗਮਾਲਾ ਬੀੜ ਵਿੱਚੋਂ ਕੱਢਣ ਨਾਲ ਏਸ ਸਵਾਲ ਨੇ ਮੁੜ ਓਹੋ ਸ਼ਕਲ ਧਾਰਨ ਕਰਨੀ ਹੈ ਜੋ ਭਾਈ ਸੋਭਾ ਸਿੰਘ ਵੇਲੇ ਪੈਦਾ ਹੋ ਗਈ ਸੀ, ਉਸ ਨੇ ਆਪਣਾ ਪ੍ਰੋਗਰਾਮ ਏਸ ਕਰਕੇ ਨਵੇਂ ਢੰਗ ਦਾ ਬਣਾਯਾ। ਉਸ ਨੇ ਜੋ ਕਾਰਵਾਈ ਕੀਤੀ ਉਹ ਇਤਨੀ ਚੁਪ ਚਾਪ ਸੀ ਕਿ ਦੋ ਵਰ੍ਹੇ ਤਕ ਕਿਸੇ ਨੂੰ ਪਤਾ ਨਾ ਲੱਗਾ। ਸੰਤ ਖਾਲਸਾ ਅਵਤਾਰ ਸਿੰਘ ਵਹੀਰੀਆ ਲਿਖਦਾ ਹੈ:-

"ਜਿਤਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਬ ਤਕ ਛਾਪੇ ਮੇਂ ਛਪੇ ਹੈਂ ਰਾਗਮਾਲਾ ਸਹਤ ਹੀ ਛਪੇ ਹੈਂ। ਇਨ ਮੇਂ ਸੇ ਹੀ ਸੌ ਕੇ ਕਰੀਬ ਜਿਲਦੇਂ ਖਰੀਦ ਕਰ ਤਖਤ ਸਾਹਿਬੋਂ, ਗੁਰਦੁਵਾਰਿਓਂ, ਪੰਥ ਕੇ ਮੁਖੀਓਂ, ਮਹੰਤੋਂ, ਸੰਤੋਂ, ਆਸ਼੍ਰਮ ਧਾਰੀਓ, ਗਿਆਨੀਓਂ, ਵਿਦਵਾਨੋਂ ਕੀ ਬਿਨਾਂ ਸਲਾਹ ਵ ਮਨਜ਼ੂਰੀ ਲੀਏ ਅਥਵਾ ਖਬਰ ਤਕ ਕੀਏ ਰਾਗਮਾਲਾ ਕੇ ਪਤਰੇ ਕਾਟ, ਜੁਦਾ ਕਰਕੇ ਜਿਲਦੇਂ ਬਣਵਾ ਦੂਰ ਦੇਸ਼ ਟਾਪੂਓਂ ਮੇਂ ਖੰਡਨ ਬੀੜ ਕੀ ਤਜਾਰਤ ਆਪਣੇ ਖਿਆਲੋਂ ਮੇਂ ਤਿਆਰ ਕੀਏ ਹੂਏ ਸਾਦਰ ਲੋਗੋਂ ਮੇਂ ਫੈਲਾਇ ਦੀ। ਇਸ ਕਾਰਵਾਈ ਕਾ ਦੋ ਸਾਲ ਤੱਕ ਪੰਜਾਬ ਮੇਂ ਧੂੰ ਬੀ ਨਾ ਨਿਕਲਨੇ ਦੀਆ। ਸਭ ਕਾਰਵਾਈ ਚੋਰੀ ਸੇ ਹੀ ਗੁਪਤ ਹੂਈ। ਪ੍ਰੰਤੂ ਲਸਨ ਕੀ ਬਦਬੂ ਕਬ ਤਕ ਢੱਕੀ ਰਹਿ ਸਕਤੀ ਹੈ। ਆਖਰਕਾਰ ਈਪੂ ਨਾਮ ਟਾਪੂ ਨਿਵਾਸੀ ਤੇਜਾ ਸਿੰਘ ਕੇ ਏਜੰਟ ਕਾ ਇਸ਼ਤਿਹਾਰੀ ਲੇਖ ਅਖਬਾਰ 'ਪੰਥ ਸੇਵਕ' ਮੇਂ ਨਿਕਲਾ ਕਿ ਭਸੌੜ ਸੇ ਰਾਗਮਾਲਾ ਕੇ ਬਿਨਾਂ ਬਹੁਤ ਸੇ ਗੁਰੂ ਗ੍ਰੰਥ ਸਾਹਿਬ ਹਮਾਰੇ ਪਾਸ ਆਏ ਹੈਂ, ਟਾਪੂਓਂ ਮੇਂ ਜਿਨ ਕੋ ਜ਼ਰੂਰਤ ਹੋ ਹਮ ਸੇ ਮੰਗਵਾ ਲੇ। ਇਸ ਲੇਖ ਕੇ ਪੜਤੇ ਹੀ ਹੈਰਾਨੀ ਪੈਦਾ ਹੋ ਗਈ। ਇਸ ਕੀ ਬਾਬਤ ਪ੍ਰਥਮੈਂ ਏਕ ਲੇਖ ਪੰਜਾਬ ਦਰਪਨ ਮੇਂ ਪੜਤਾਲੀਏ ਕਾ ਨਿਕਲਾ। ਪੀਛੇ

ਅਖਬਾਰ 'ਖਾਲਸਾ ਸਮਾਚਾਰ' ਨੇ ਸਰਬ ਪੰਥ ਕੋ ਇਸ ਉਪੱਦ੍ਰਵੀ ਚੋਰੀ ਕੋ "ਖਤਰੇ ਕੇ ਅਲਾਰਮ" ਆਦਿਕ ਕਈ ਲੇਖੋਂ ਸੇ ਪ੍ਰਗਟ ਕਰਕੇ ਸੁਚੇਤ ਕੀਆ, ਜਿਸ ਸੇ ਤਮਾਮ ਸ੍ਰੀ ਗੁਰੂ ਨਾਨਕ ਪੰਥੀਓਂ ਕੇ ਹਿਰਦੇ ਇਸ ਉਪੱਦ੍ਰਵ ਕੋ ਸੁਨ ਦੁਖੀ ਹੂਏ।"

ਸਾਰੇ ਪੰਥ ਵਿਚ ਬੀੜ ਨੂੰ ਅਖੰਡਤ ਰਖਣ ਦਾ ਇਕ ਭਾਰੀ ਜਜ਼ਬਾ ਪੈਦਾ ਹੋ ਗਿਆ। ਚਿਠੀਆਂ, ਤਾਰਾਂ, ਗੁਰਮਤੇ, ਸਪੀਚਾਂ ਤੇ ਮੀਟਿੰਗਾਂ ਦੀ ਭਰਮਾਰ ਮਚ ਗਈ। ਪਬਲਿਕ ਹਲਚਲੀ ਤੋਂ ਇਲਾਵਾ ਬਾਬੂ ਤੇਜਾ ਸਿੰਘ ਦੇ ਮਿੰਨਤਾਂ ਤਰਲੇ ਪ੍ਰਾਈਵੇਟ ਤੌਰ ਉਪਰ ਵੀ ਹੋਣ ਲਗੇ। ਏਸ ਕਿਸਮ ਦੀ ਇਕ ਚਿੱਠੀ ਜੋ ਰਾਵਲਪਿੰਡੀ ਤੋਂ ਬਾਬੂ ਤੇਜਾ ਸਿੰਘ ਨੂੰ ਘੱਲੀ ਗਈ, ਇਕ ਆਪਣੀ ਹੀ ਦਿਲਚਸਪੀ ਰਖਦੀ ਹੈ, ਉਸਦੀ ਨਕਲ ਇਹ ਹੈ:-

ੴ ਸਤਿਗਰ ਪ੍ਰਸਾਦਿ॥

ਜਿਤਨੀਆਂ ਸੰਸਾਰ ਪਰ ਵਡਿਆਈਆਂ ਸੋਭਾ ਅਤੇ ਉਪਮਾ ਦੇਣੀਆਂ ਯੋਗ ਹਨ ਸਭਨਾਂ ਨੂੰ ਯਾਦ ਕਰਕੇ ਬਾਬੂ ਸਾਹਿਬ ਬਾਬੂ ਤੇਜਾ ਸਿੰਘ ਜੀ ਹੋਰਾਂ ਜੋਗ ਸ੍ਰੀ ਵਾਹਿਗੁਰੂ ਜੀ ਕੀ ਫਤਹ ਬੋਲਾਇ ਕਰ ਅਸੀਂ ਵਡਿਆਂ ਤਰਲਿਆਂ ਵਿਡਤਿਆਂ ਅਤੇ ਹਾੜਿਆਂ ਦੇ ਨਾਲ ਹਥ ਜੋੜਕੇ ਬੇਨਤੀਆਂ, ਅਰਜ਼ਾਂ, ਗੁਜ਼ਾਰਸ਼ਾਂ ਕਰਦੇ ਹਾਂ ਕਿ ਆਪ ਦਇਆ ਦੇ ਘਰ ਵਿਚ ਆਕੇ ਸ੍ਰੀ ਗੁਰੂ ਨਾਨਕ ਪੰਥੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੇਮੀਆਂ ਦੀ ਚਾਰ ਕਰੋੜ ਆਬਾਦੀ ਦਾ ਜੇਕਰ ਕੋਈ ਕਸੂਰ ਹੈ ਤਾਂ ਮੁਆਫ ਕਰੋ ਅਰ ਅਕਾਲ ਪੁਰਖ ਜੀ ਦਾ, ਤਥਾ ਸ੍ਰੀ ਗੁਰੂ ਨਾਨਕ ਗੁਰੂ ਗੋਬਿੰਦ ਜੀ ਦਾ ਅਤੇ ਤੁਹਾਡੇ ਆਪਣੇ ਵਡੇ ਵਡੇਰਿਆਂ ਦਾ ਵਾਸਤਾ ਤਥਾ ਦੁਹਾਈ ਅਸੀਂ ਦੇਂਦੇ ਹਾਂ ਜੋ ਮੰਨ ਕੇ ਜਿਤਨੇ ਸ੍ਰੀ ਗੁਰੂ ਗ੍ਰੰਥ ਸਾਹਿਬਾਂ ਵਿਚੋਂ ਰਾਗਮਾਲਾ ਕੱਢੀ ਜੇ, ਜਿਸ ਕਰ ਸਾਰੇ ਨਾਨਕ ਪੰਥੀਆਂ ਦੇ ਹਿਰਦੇ ਵੇਧਨ ਹੋਕਰ ਹਲਚਲੀ ਮਚ ਰਹੀ ਹੈ, ਮੁੜ ਰਾਗਮਾਲਾ ਦੇ ਪੱਤਰੇ ਸ਼ਾਮਲ ਕਰਕੇ ਜਿਉਂ ਦੀ ਤਿਉਂ ਬੀੜ ਸੰਪੂਰਨ ਕਰਕੇ ਫਸਤਾ ਮਿਟਾਇ ਦੇਵੋ। ਕੈਸਰ ਜਰਮਨ ਵਾਲੀ ਬਹੁਤ ਜ਼ੋਰ ਅਜ਼ਮਾਈ ਕਰਕੇ ਨਾਂ ਸਾਰੇ ਨਾਨਕ ਪੰਥੀਆਂ ਨੂੰ ਅਰ ਨਾਂ ਰਿਆਸਤ ਪਟਿਆਲਾ ਨੂੰ ਅਤੇ ਨਾ ਗੌਰਮਿੰਟ ਨੂੰ ਤਕਲੀਫ

ਦੇਵੋ ਅਤੇ ਨਾ ਆਪਣੀ ਬੇਚੈਨੀ ਨੂੰ ਪੈਦਾ ਕਰੋ। ਆਸ ਕੀਤੀ ਜਾਂਦੀ ਹੈ ਕਿ ਗੁਰ ਸਿਖੀ ਦੇ 'ਭ' ਅਤੇ 'ਲ' ਦੋਹਾਂ ਅੱਖਰਾਂ ਨੂੰ ਸਾਹਮਣੇ ਰਖਕੇ ਉਤੇ ਪਾਏ ਵਾਸਤਿਆਂ ਨੂੰ ਮੰਨਕੇ ਏਸ ਉਪੱਦ੍ਰਵ ਨੂੰ ਮੇਟ ਕਰ ਸਰਬਤ ਨੂੰ ਸ਼ਾਂਤੀ ਪ੍ਰਦਾਨ ਕਰਕੇ ਨਿਹਾਲ ਕਰੋਗੇ ਅਰ ਆਪ ਬੀ ਨਿਹਾਲ ਹੋਵੋਗੇ। ਮਾਘੀ ਤਕ ਉਤਰ ਬਖਸ਼ੋ। ਸ੍ਰੀ ਗੁਰੂ ਜੀ ਦੇ ਪ੍ਰੇਰਿਆਂ ਹੋਇਆਂ ਹੇਠਾਂ ਦਸਖਤ ਕਰਨੇ ਵਾਲਿਆਂ ਪੰਜਾਂ ਪਿਆਰਿਆਂ ਵਲੋਂ:-

੧. ਸਹੀ ਚੌਧਰੀ ਕਰਮ ਸਿੰਘ, ੨. ਸਹੀ ਭਾਈ ਅਤਰ ਸਿੰਘ ਗ੍ਰੰਥੀ, ੩. ਸਹੀ ਭਾਈ ਸੁਰਜਨ ਸਿੰਘ, ੪. ਸਹੀ ਭਾਈ ਮਾਂਹ ਸਿੰਘ, ੫. ਸਹੀ ਭਾਈ ਲਹਿਣਾ ਸਿੰਘ।

ਇਸ ਦਾ ਕੋਈ ਉੱਤਰ ਨਹੀਂ ਆਇਆ, ਪਰ ਏਸ ਸਾਰੀ ਐਜੀਟੇਸ਼ਨ ਦਾ ਇਕ ਨਤੀਜਾ ਪੱਲੇ ਪਿਆ। ਮਹਾਰਾਜਾ ਸਾਹਿਬ ਪਟਿਆਲਾ ਨੇ ਇਕ ਹੁਕਮ ਜਾਰੀ ਕੀਤਾ, ਜਿਸ ਵਿਚ ਲਿਖਿਆ ਸੀ:

(ਉਤਾਰਾ ਹੁਕਮ ਇਜਲਾਸ ਖਾਸ, ਤਰੀਕ ੨੦-੫-੧੯੧੮ ਈ:)

"ਸਾਨੂੰ ਬਹੁਤ ਸਾਰੀਆਂ ਤਾਰਾਂ ਅਤੇ ਚਿੱਠੀਆਂ ਪੁਜੀਆਂ ਹਨ, ਜਿਨ੍ਹਾਂ ਵਿਚ ਤੇਜਾ ਸਿੰਘ ਭਸੌੜ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਨਾਂ ਰਾਗਮਾਲਾ ਦੇ ਛਾਪਣ ਦੇ ਵਿਰੁੱਧ ਸ਼ਿਕੈਤ ਕੀਤੀ ਗਈ ਹੈ। ਸਾਨੂੰ ਇਹ ਗਲ ਬਹੁਤ ਅਯੋਗ ਪ੍ਰਤੀਤ ਹੋਈ ਹੈ, ਕਿਉਂਕਿ ਇਸ ਥੀਂ ਸਿਖ ਕੌਮ ਕੇ ਅਡੋ ਅੱਡੀ (ਮੁਖਤਲਿਫ) ਜਥਿਆਂ ਵਿਚ ਅਵੱਸ਼ਜਕ ਵੈਰ ਪੈ ਜਾਵੇਗਾ। ਅਤੇ ਇਸ ਨਾਲ ਅਮਨ ਵਿਚ ਭਾਰੀ ਵਿਗਾੜ ਪੈ ਜਾਵੇਗਾ ਜੋ ਆਮ ਤੌਰ ਤੇ ਏਸ ਕੌਮ ਵਿਚ ਫੈਲਿਆ ਹੋਇਆ ਹੈ। ਇਕ ਵਾਰ ਦਾ ਵੈਰ ਪੈਦਾ ਹੋਇਆ ਹੋਇਆ ਬਹੁਤ ਬੁਰੇ ਨਤੀਜੇ ਪੈਦਾ ਕਰਨ ਅਤੇ ਆਮ ਅਮਨ ਵਿਚ ਖਲਲ ਪਾਣ ਦਾ ਕਾਰਨ ਹੋ ਜਾਂਦਾ ਹੈ। ਅਸੀਂ ਏਸ ਗਲ ਦੀ ਬਹਿਸ ਵਿਚ ਨਹੀਂ ਪੈਣਾ ਚਾਹੁੰਦੇ ਕਿ ਰਾਗਮਾਲਾ ਗੁਰਬਾਣੀ ਹੈ ਯਾ ਨਹੀਂ, ਪਰ ਸਾਡਾ ਪੱਕਾ ਵਿਸ਼ਵਾਸ਼ ਹੈ ਕਿ ਪਵਿਤ੍ਰ ਪੁਸਤਕ ਦਾ ਕੋਈ ਅੰਕ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚੋਂ ਕੱਢਿਆ ਨਹੀਂ ਜਾ ਸਕਦਾ, ਏਸ ਲਈ ਅਸੀਂ ਹੁਕਮ ਦੇਂਦੇ ਹਾਂ ਕਿ ਤੇਜਾ ਸਿੰਘ ਰਾਗਮਾਲਾ ਦੀਆਂ ਉੱਨੀਆਂ ਕਾਪੀਆਂ ਛਪਾਵੇ ਜਿੰਨੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਛਪਾਏ ਹਨ ਅਤੇ ਉਨ੍ਹਾਂ ਸਾਰਿਆਂ ਪੁਰਖਾਂ ਵਿਚ ਵੰਡ ਦੇਵੇ ਜਿਨ੍ਹਾਂ ਨੇ ਉਸ ਦੇ

ਸ੍ਰੀ ਗੁਰੂ ਗ੍ਰੰਥ ਸਾਹਿਬ ਖਰੀਦੇ ਹਨ, ਅਰ ਉਹ ਐਸਾ ਕਰਕੇ ਯੋਗ ਤੌਰ ਪਰ ਰਪੋਟ ਪੇਸ਼ ਕਰੇ ਕਿ ਉਸ ਨੇ ਏਸ ਹੁਕਮ ਦੀ ਪਾਲਨਾ ਕਰ ਦਿੱਤੀ ਹੈ।.......।"

(ਪਟਜਾਲਾ ਗੌਰਮਿੰਟ ਗਜ਼ਟ ੨੩ ਜੇਠ ਸੰ: ੧੯੭੫)
(ਗੁ:ਨਾ:ਸਾ: ੪੪੯, ੫ ਜੂਨ ੧੯੧੮ ਈ:)

ਏਸ ਪਬਲਿਕ ਐਜੀਟੇਸ਼ਨ ਦਾ ਕੁਛ ਅਸਰ ਹੋਇਆ। ਬੀੜਾਂ ਨੂੰ ਖੰਡਨ ਦੀ ਕੁਚਾਲ ਕੁਛ ਢਿੱਲੀ ਪੈ ਗਈ। ਬਹੁਤਾ ਏਸ ਕਰਕੇ ਕਿ ਕਿਸੇ ਵੀ ਛਾਪੇ ਖਾਨੇ ਨੇ ਹੋਰ ਐਸੀਆਂ ਬੀੜਾਂ, ਜੋ ਰਾਗਮਾਲਾ ਦੇ ਬਗੈਰ ਹੋਣ, ਛਾਪਣ ਦੀ ਦਲੇਰੀ ਨਾ ਕੀਤੀ। ਪਰ ਬਾਬੂ ਤੇਜਾ ਸਿੰਘ ਦੀ ਕਾਰਵਾਈ ਨੇ ਹੋਰ ਤ੍ਰੀਕਾ ਅਖਤਿਆਰ ਕੀਤਾ। ਇਹ ਸੀ ਆਪਣੀ ਮਰਜ਼ੀ ਮੁਤਾਬਕ ਇਕ ਖੰਡਤ ਬੀੜ ਨੂੰ ਗੁਰਮੁਖੀ ਕੋਰਸ ਦਾ ਨਾਮ ਰਖਕੇ ਛਾਪਣ ਦਾ। ਗੁਰਮੁਖੀ ਕੋਰਸ ਦੀਆਂ ਪੰਜ ਸੈਂਚੀਆਂ ਬਣਾਈਆਂ ਗਈਆਂ; ਇਨ੍ਹਾਂ ਸੈਂਚੀਆਂ ਦੇ ਨਾਮ ਰੱਖੇ ਗਏ: ੳ, ਅ, ੲ, ਸ, ਹ। ਇਹਨਾਂ ਪੰਜਾਂ ਸੈਂਚੀਆਂ ਵਿਚ ਇਹ ਕੁਛ ਸੀ:-

(੧) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਜਿਸ ਵਿਚੋਂ ਇਹ ਬਾਣੀਆਂ ਛੱਡ ਦਿੱਤੀਆਂ ਗਈਆਂ:-
(ੳ) ਰਾਗਮਾਲਾ। (ਅ) ਭਟਾਂ ਦੇ ਸਵੱਯੇ।

ਇਸ ਤੋਂ ਬਿਨਾਂ ਜੋ ਬਾਣੀ ਵਿਚ ਤਬਦੀਲੀ ਕੀਤੀ ਗਈ ਉਹ ਇਹ ਸੀ:-

(੧) ਵਾਰਾਂ ਉਤੇ ਧੁਨਾਂ ਨਹੀਂ ਲਾਈਆਂ,
(੨) ਕੀਰਤਨ ਸੋਹਿਲਾ ਵਿਚ ਦੋ ਸ਼ਬਦ ਵਧ ਪਾਏ, ਮੁੰਦਾਵਣੀ ਮ:੫, ਤੇ ਸਲੋਕ ਮ:੫, 'ਤੇਰਾ ਕੀਤਾ ਜਾਤੋ ਨਾਹੀ'॥
(੨) ਇਨ੍ਹਾਂ ਪੰਜਾਂ ਸੈਂਚੀਆਂ ਵਿਚ ਫੇਰ ਕੁਛ ਬਾਣੀ ਦਸਮ ਗ੍ਰੰਥ ਵਿਚ ਦੀ ਵਿਚ ਵਿਚ ਨਾਲ ਸ਼ਾਮਲ ਕੀਤੀ ਗਈ ਜਿਸ ਦਾ ਵੇਰਵਾ ਇਹ ਹੈ:-

ਜਾਪੁ ਸਾਹਿਬ, ਸ਼ਬਦ (ਹਜ਼ਾਰੇ) ਪਾਤਸ਼ਾਹੀ ੧੦ (ਸਾਰੇ ਸ਼ਬਦਾਂ ਵਿਚੋਂ ੯, 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ' ਛੱਡਕੇ), ਸੁਧਾ

ਸਵੈਯੇ, ਅਕਾਲ ਉਸਤਤਿ, ਗਜਾਨ ਪ੍ਰਬੋਧ, ਤੇਤੀ ਸਵੈਯੇ, ਬੇਨਤੀ ਚਉਪਈ ਪਾ:੧੦ ਜੋ ਰਹਿਰਾਸ ਦੇ ਨਾਲ ਮਲੀ ਗਈ।

ਇਹ ਕਾਰਵਾਈ ਸੰਨ ੧੯੨੭ ਈ: ਦੀ ਹੈ, ਗੋਯਾ ਦਸ ਯਾਰਾਂ ਸਾਲ ਬਾਅਦ ਜਦੋਂ ਰਾਗਮਾਲਾ ਦੇ ਬਗੈਰ ਬੀੜਾਂ ਨੂੰ ਟਾਪੂਆਂ ਵਿਚ ਘੱਲਿਆ ਗਿਆ।

ਇਹ ਪੰਜ ਸੈਂਚੀਆਂ ਗੁਰਮੁਖੀ ਕੋਰਸ ਦੇ ਨਾਮ ਹੇਠ ਬਾਬੂ ਤੇਜਾ ਸਿੰਘ ਦੀ ਮਨ ਬਾਂਛਤ ਹਜ਼ੂਰੀ ਬੀੜ ਦਾ ਪਹਿਲਾ ਰੂਪਾਂਤਰ ਸੀ। ਇਹ ਹਮਲਾ ਸਿਰਫ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਉੱਪਰ ਹੀ ਨਹੀਂ ਸੀ, ਪਰੰਤੂ ਦਸਮ ਪਾਤਸ਼ਾਹ ਦੀ ਬਾਣੀ ਉਪਰ ਵੀ ਸੀ। ਗੁਰਮੁਖੀ ਕੋਰਸਾਂ ਤੋਂ ਬਾਹਰ ਜਿਤਨੀ ਦਸਮ ਗ੍ਰੰਥ ਦੀ ਬਾਣੀ ਹੋਰ ਸੀ ਉਸ ਨੂੰ ਹਜ਼ੂਰੀ ਬੀੜ ਵਾਲਿਆਂ ਤਿਲਾਂਜਲੀ ਦੇ ਦਿੱਤੀ।

ਇਹ ਗੱਲ ਕੌਮ ਨੇ ਮਨਜ਼ੂਰ ਨਾ ਕੀਤੀ, ਫੇਰ ਪਬਲਿਕ ਐਜੀਟੇਸ਼ਨ ਸ਼ੁਰੂ ਹੋ ਗਈ ਜੋ ਬਹੁਤ ਜ਼ੋਰ ਪਕੜ ਗਈ।

ਏਸ ਐਜੀਟੇਸ਼ਨ ਨੂੰ ਘਟਾਉਣ ਲਈ ਬਾਬੂ ਤੇਜਾ ਸਿੰਘ ਨੇ ਗੁਰਮੁਖੀ ਕੋਰਸ ਦੀ ਇਕ ਜਿਲਦ ਹੋਰ ਛਾਪੀ ਜਿਸ ਦਾ ਨਾਮ ਰੱਖਿਆ 'ਸਪੈਸ਼ਲ ਗੁਰਮੁਖੀ ਕੋਰਸ'। ਏਸ ਵਿਚ ਇਹ ਬਾਣੀਆਂ ਦਰਜ ਕਰ ਦਿੱਤੀਆਂ:-

(੧) ਭੱਟਾਂ ਦੇ ਸਵੱਯੇ।
(੨) ਬਚਿੱਤ੍ਰ ਨਾਟਕ (੧੩ ਅਧਜਾਯ)।
(੩) ਚੌਬੀਸ ਅਵਤਾਰ।
(੪) ਖਾਲਸਾ ਮਹਿਮਾ।
(੫) ਜ਼ਫਰਨਾਮਾ।

ਇਸ ਸਪੈਸ਼ਲ ਕੋਰਸ ਕੌਮ ਨੂੰ ਸੁਨੇਹਾ ਸੀ ਬਾਬੂ ਤੇਜਾ ਸਿੰਘ ਵਲੋਂ ਕਿ ਜੇ ਤੁਸੀਂ ਬੀੜ ਵਿਚੋਂ ਰਾਗਮਾਲਾ ਕੱਢੀ ਜਾਣੀ ਮੰਨ ਲਵੋ ਤਾਂ ਮੈਂ ਵੀ ਮੰਨ ਲੈਂਦਾ ਹਾਂ ਕਿ ਭੱਟਾਂ ਦੇ ਸਵੈਯੇ ਨਾ ਕੱਢੇ ਜਾਣ। ਪਰ ਇਹ ਇਕ ਮਾਯਾਵੀ ਜਾਲ ਸੀ, ਕੌਮ ਏਸ ਧੋਖੇ ਵਿਚ ਨਾ ਆਈ।

ਉਸ ਵੇਲੇ ਇਸ ਮਾਮਲੇ ਉੱਪਰ ਵਿਚਾਰ ਕਰਨ ਲਈ ਪੰਥ ਦਾ ਇਕ ਸਾਂਝਾ ਇਕੱਠ ਸੱਦਿਆ ਗਿਆ। ੧੫ ਜੁਲਾਈ ੧੯੨੮ ਨੂੰ ਸ੍ਰੀ

ਅਕਾਲ ਤਖਤ ਸਾਹਿਬ ਦੀ ਉਪਰਲੀ ਮੰਜ਼ਲ ਤੇ ਦੀਵਾਨ ਸਜਿਆ। ਬਾਬੂ ਤੇਜਾ ਸਿੰਘ ਦੀ ਏਸ ਕਾਰਵਾਈ ਨੂੰ ਮਹਾਂ ਅਯੋਗ ਕਰਾਰ ਦਿੱਤਾ ਗਿਆ, ਜਿਸ ਤੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਹ ਹੁਕਮਨਾਮਾ ਜਾਰੀ ਹੋਇਆ:-

ੴ ਵਾਹਿਗੁਰੂ ਜੀ ਕੀ ਫਤਹ॥

**ਸ੍ਰੀ ਅਕਾਲ ਜੀ ਸਹਾਇ**
**ਹੁਕਮਨਾਮਾ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ**
**ਅੰਮ੍ਰਿਤਸਰ**

ਪੰਚ ਖਾਲਸਾ ਦੀਵਾਨ (ਪੰਚ ਖੰਡ) ਭਸੌੜ ਨੇ ਗੁਰਮੁਖੀ ਕੋਰਸ ਨਾਮੇ ਪੁਸਤਕਾਂ ਛਾਪਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਅਦਲਾ ਬਦਲੀ ਤੇ ਵਾਧਾ ਘਾਟਾ ਕਰਕੇ ਗੁਰਬਾਣੀ ਤੇ ਉਸ ਦੇ ਕ੍ਰਮ ਨੂੰ ਭੰਗ ਕੀਤਾ ਹੈ ਅਤੇ ਗੁਰ ਮੰਤ੍ਰ ਅਰਦਾਸੇ ਤੇ ਅੰਮ੍ਰਿਤ ਮਰਿਯਾਦਾ ਵਿਚ ਅਦਲਾ ਬਦਲੀ ਕਰਨ ਦੀਆਂ ਗੁਰਮਤ ਵਿਰੁੱਧ ਕਾਰਵਾਈਆਂ ਕੀਤੀਆਂ ਹਨ।

ਇਸ ਲਈ ਬਾਬੂ ਤੇਜਾ ਸਿੰਘ ਤੇ ਬੀਬੀ ਨਿਰੰਜਨ ਕੌਰ ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ ਅਤੇ ਪੰਚ ਖਾਲਸਾ ਦੀਵਾਨ ਦੇ ਬਾਕੀ ਮੈਂਬਰਾਂ ਦਾ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਰ ਗੁਰਦਵਾਰੇ ਸਾਹਿਬਾਨ ਵਿਚ ਅਰਦਾਸਾ ਬੰਦ ਕੀਤਾ ਜਾਂਦਾ ਹੈ।

ਕੋਈ ਸਿਖ ਪੰਚ ਖਾਲਸਾ ਦੀਵਾਨ ਵੱਲੋਂ ਛਪੇ ਗੁਰਮੁਖੀ ਕੋਰਸਾਂ ਨੂੰ ਨਾ ਖਰੀਦੇ, ਨਾ ਆਪਣੇ ਪਾਸ ਰੱਖੇ, ਇਹ ਪੁਸਤਕਾਂ ਪੰਚ ਖਾਲਸਾ ਦੀਵਾਨ ਯਾ ਹੋਰ ਜਿਸ ਕਿਸੇ ਪਾਸ ਹੋਣ ਉਹ ਸ੍ਰੀ ਅਕਾਲ ਤਖਤ ਸਾਹਿਬ ਘੱਲ ਦੇਣ।

| | |
|---|---|
| ੨੬ ਸਾਵਣ ਨਾ: ਸਾ: ੪੫੯ | ਮੋਹਰ |
| ੨੬ ਸਾਵਣ ਬਿ: ੧੯੮੫ | ਸ੍ਰੀ ਅਕਾਲ ਤਖਤ |
| ੬ ਅਗਸਤ ਸੰ: ਈ: ੧੯੨੮ | ਸਾਹਿਬ। |

ਏਸ ਹੁਕਮਨਾਮੇ ਦੇ ਬਾਦ ਆਸ ਕੀਤੀ ਜਾ ਸਕਦੀ ਸੀ ਕਿ ਹੁਣ ਬੀੜ ਦੀ ਅਖੰਡਤਾਈ ਦੇ ਪੁਰਾਤਨ ਅਸੂਲ ਉਪਰ ਇਕ ਹੋਰ ਮੋਹਰ ਲਗ ਗਈ ਹੈ; ਪਰ ਇਹ ਗੱਲ ਨਾ ਹੋਈ। ਇਸ ਹੁਕਮਨਾਮੇ ਤੋਂ ਅੱਠ ਸਾਲ ਬਾਦ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੀ ਸੰ: ੧੯੩੬ ਈ: ਵਿਚ 'ਸਿਖ ਰਹਿਤ ਮਰਿਯਾਦਾ' ਪ੍ਰਕਾਸ਼ਤ ਕੀਤੀ। ਇਸ ਰਹਿਤ ਮਰਯਾਦਾ ਨੂੰ ਪੂਰਾ ਕਰਵਾਉਣ ਸੰਬੰਧੀ ਸਰਕੂਲਰ ਜਾਰੀ ਹੋਏ, ਜਿਸ ਨਾਲ ਸਨੇ ਸਨੇ ਫੇਰ ਰਾਗਮਾਲਾ ਦਾ ਪਾਠ ਬੰਦ ਹੋਣ ਲਗ ਪਿਆ, ਏਥੋਂ ਤਕ ਕਿ ਪਿਛਲੇ ਸਾਲ (੧੯੪੫ ਈ: ਵਿਚ) ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਰਾਗਮਾਲਾ ਦਾ ਪਾਠ ਹੁਕਮਨ ਬੰਦ ਕੀਤਾ ਗਿਆ, ਜਿਸ ਤੋਂ ਐਜੀਟੇਸ਼ਨ ਮੁੜ ਨਵੇਂ ਸਿਰੇ ਸ਼ੁਰੂ ਹੋ ਗਈ।

ਖਾਲਸਾ ਜੀ! ਮੈਂ ਆਪ ਨੂੰ ਦੱਸ ਚੁਕਾ ਹਾਂ ਕਿ ਰਾਗਮਾਲਾ ਦਾ ਸਵਾਲ, ਇਹ ਇਕ ਬਾਣੀ ਦਾ ਸਵਾਲ ਨਹੀਂ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦੀ ਪਦਵੀ ਤੋਂ ਹਟਾਕੇ ਗੁਰਮੁਖੀ ਕੋਰਸ ਦੀ ਪਦਵੀ ਦੇਣ ਦਾ ਸਵਾਲ ਹੈ। ਇਹ ਨਾਟਕ ਅੱਗੇ ਇਕ ਵੇਰ ਸਾਡੇ ਸਾਹਮਣੇ ਖੇਡਿਆ ਜਾ ਚੁੱਕਾ ਹੈ। ਇਸ ਤਮਾਸ਼ੇ ਦੀ ਰਚਣਹਾਰੀ ਇਕ ਐਸੀ ਭਾਨਮਤੀ ਹੈ ਜੋ ਆਪਣੀ ਖੇਡ ਵਿਚ ਥੱਕਦੀ ਨਹੀਂ। ਕਦੇ ਉਹ ਸਾਡੇ ਸਾਹਮਣੇ ਬਾਬੇ ਆਲਾ ਸਿੰਘ ਦੇ ਬੁਰਜ ਵਿਚੋਂ ਇਕ ਬੀੜ ਕੱਢ ਕੇ ਦਿਖਾ ਦੇਂਦੀ ਹੈ ਕਿ ਦੇਖੋ ਇਸ ਬੀੜ ਵਿਚ ਰਾਗਮਾਲਾ ਨਹੀਂ। ਕਦੇ ਉਹ ਸਾਡੇ ਸਾਹਮਣੇ ਗੁਰਮੁਖੀ ਕੋਰਸ ਰੱਖ ਦੇਂਦੀ ਹੈ ਕਿ ਦੇਖੋ ਇਸ ਵਿਚ ਨਿਰੀ ਰਾਗਮਾਲਾ ਹੀ ਨਹੀਂ, ਸਗੋਂ ਭੱਟਾਂ ਦੇ ਸਵਈਏ ਵੀ ਗ਼ਾਇਬ ਜੇ। ਕਦੇ ਉਹ ਸਿਖ ਰਹਿਤ ਮਰਿਯਾਦਾ ਦਾ ਖਰੜਾ ਅਗਾਂਹ ਕਰ ਦੇਂਦੀ ਹੈ ਤੇ ਕਹਿੰਦੀ ਹੈ ਕਿ ਰਾਗਮਾਲਾ ਕੱਢਣ ਦਾ ਸਵਾਲ ਨਹੀਂ ਕੇਵਲ ਪੜ੍ਹਨ ਯਾ ਨਾ ਪੜ੍ਹਨ ਦੀ ਗਲ ਹੈ, ਪਰ ਚੂੰਕਿ ਕੋਈ ਇਕ ਅੱਧਾ ਸਿਖ ਪੜ੍ਹਦਾ ਨਹੀਂ ਏਸ ਕਰਕੇ ਜੇ ਸਾਰਿਆਂ ਨੂੰ ਹੁਕਮ ਦਿਤਾ ਜਾਵੇ ਕਿ ਕੋਈ ਨਾ ਪੜ੍ਹੇ, ਤਾਂ ਸਿਖ ਰਹਿਤ ਮਰਿਯਾਦਾ ਸਭ ਥਾਂ ਇਕੋ ਹੋ ਜਾਵੇਗੀ, ਜੋ ਹੋਣੀ ਜ਼ਰੂਰੀ ਹੈ। ਸਾਨੂੰ ਪਤਾ ਨਹੀਂ ਏਸ ਦੇ ਥੈਲੇ ਵਿਚ ਹੋਰ ਕੀ ਕੀ ਜੰਤ੍ਰ ਮੰਤ੍ਰ ਹਨ।

ਜੇ ਅਸਾਂ ਬੀੜ ਨੂੰ ਅਖੰਡਤ ਰੱਖਣਾ ਹੈ ਤਾਂ ਸਾਨੂੰ ਕਿਸੇ ਦਿਖਾਵੇ ਦੀ, ਕਿਸੇ ਦਲੀਲ ਦੀ, ਕਿਸੇ ਪ੍ਰਮਾਣ ਦੀ ਲੋੜ ਨਹੀਂ। ਸਾਨੂੰ ਏਸ ਪੁਰਾਣੀ ਤਵਾਰੀਖ ਤੋਂ ਸਬਕ ਲੈਕੇ ਹੁਸ਼ਿਆਰ ਰਹਿਣਾ ਚਾਹੀਦਾ ਹੈ, ਪਰ ਇਹ ਕੰਮ ਇਕੇ ਦੁੱਕੇ ਦਾ ਨਹੀਂ। ਇਹ ਕੰਮ ਸਗਲਵਾਂ ਤੇ ਸਰਬੱਤਵਾਂ ਹੈ, ਇਹ ਕੰਮ ਸਾਂਝਾ ਹੈ। ਇਹ ਉਸ ਤਾਕਤ ਦੀ ਮੰਗ ਕਰਦਾ ਹੈ ਜੋ ਸਾਰੀਆਂ ਤਾਕਤਾਂ ਨੂੰ ਮਿਲਾਕੇ ਕੌਮ ਦੀਆਂ ਭੌਆਂ ਨੂੰ ਤਿਉੜੀ ਦੇ ਤਾਣ ਵਿਚ ਕੱਸ ਦੇਂਦਾ ਹੈ। ਇਹ ਕਾਨਫ੍ਰੰਸ ਤਦੇ ਕਾਮਯਾਬ ਹੈ ਜੇ ਏਸ ਦੀ ਕਾਰਵਾਈ ਨਾਲ ਉਹ ਕੌਮੀ ਤੌਰ ਪੈਦਾ ਹੋ ਜਾਏ ਜਿਸ ਦੇ ਸਾਹਮਣੇ ਬੀੜ ਨੂੰ ਖੰਡਨ ਕਰਨ ਦਾ ਤਮਾਸ਼ਾ ਹਮੇਸ਼ਾਂ ਲਈ ਬੰਦ ਹੋ ਜਾਏ।

ਵਾਹਿਗੁਰੂ ਜੀ ਕਾ ਖਾਲਸਾ,
ਸ੍ਰੀ ਵਾਹਿਗੁਰੂ ਜੀ ਕੀ ਫਤਹ॥

—o—

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ

# ਜੋਧ ਕਵੀ ਅਤੇ ਆਲਮ

## ਪਹਿਲੀ ਗੱਲ

**ਰਾਗਮਾਲਾ** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਤਲੀ ਬਾਣੀ ਹੈ। ਇਸ ਦੇ ਵਿਰੋਧੀ ਇਹ ਕਹਿੰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਵੇਲੇ ਇਹ ਬਾਣੀ ਬੀੜ ਵਿਚ ਨਹੀਂ ਸੀ ਦਰਜ। ਇਹ ਪਿਛੋਂ ਕਿਸੇ ਸਿੱਖ ਨੇ ਚਾੜ੍ਹੀ ਹੈ। ਵਿਰੋਧੀ ਇਹ ਵੀ ਆਖਦੇ ਹਨ ਕਿ ਰਾਗਮਾਲਾ ਦਾ ਕਰਤਾ ਇਕ ਕਵੀ ਹੈ ਜਿਸ ਦਾ ਨਾਮ 'ਆਲਮ' ਹੈ। ਆਲਮ ਦੀ ਜਿਸ ਪੁਸਤਕ ਵਿਚ ਰਾਗਮਾਲਾ ਦਰਜ ਹੈ ਉਸ ਪੁਸਤਕ ਦਾ ਨਾਮ 'ਮਾਧਵਾਨਲ ਕਾਮਕੰਦਲਾ' ਹੈ। ਇਹ ਪੁਸਤਕ ਕਦ ਰਚੀ ਗਈ? ਵਿਰੋਧੀਆਂ ਦਾ ਖਿਆਲ ਹੈ ਕਿ ਪੁਸਤਕ ਮਾਧਵਾਨਲ ਕਾਮਕੰਦਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਝਣ ਤੋਂ ਪਹਿਲੇ ਰਚੀ ਗਈ। ਉਹ ਇਸ ਦੀ ਰਚਨਾ ਦਾ ਸੰਮਤ ੯੯੧ ਹਿਜਰੀ, (ਅਕਬਰ ਦਾ ਸਮਾਂ) ਸਮਝਦੇ ਹਨ। ਵਿਰੋਧੀਆਂ ਨੂੰ ਇਹ ਭੁਲੇਖਾ ਕਿਵੇਂ ਪਿਆ? ਉਨ੍ਹਾਂ ਦੀ ਏਸ ਸਮਝ ਵਿਚ ਸਚਾਈ ਦੀ ਅੰਸ਼ ਕਿਤਨੀ ਹੈ? ਅਸਲ ਗੱਲ ਕੀਹ ਹੈ? ਇਹ ਸਾਰੀ ਬਹਿਸ ਏਸ ਮਜ਼ਮੂਨ ਦੀ ਵਿਚਾਰਧਾਰਾ ਵਿਚ ਹੈ। ਇਸ ਮਜ਼ਮੂਨ ਦਾ ਅੰਤਮ ਸਿੱਟਾ ਇਹ ਹੈ ਕਿ ਆਲਮ ਕਵੀ, ਜਿਸ ਨੇ 'ਮਾਧਵਾਨਲ ਕਾਮਕੰਦਲਾ' ਪੁਸਤਕ ਲਿਖੀ, ਉਹ ਸ੍ਰੀ ਗੁਰੂ ਕਲਗੀਧਰ ਜੀ ਦੇ ਦਰਬਾਰ ਦਾ ਇਕ ਕਵੀ ਸੀ। ਉਸ ਨੇ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲੈ ਕੇ ਆਪਣੀ ਪੁਸਤਕ 'ਮਾਧਵਾਨਲ ਕਾਮਕੰਦਲਾ' ਵਿਚ ਦਰਜ ਕੀਤੀ। ਇਹ ਮਜ਼ਮੂਨ ਪੜ੍ਹਨ ਵਾਲਿਆਂ ਨੂੰ ਇਹ ਵੀ ਸਪਸ਼ਟ ਹੋ ਜਾਏਗਾ ਕਿ ਆਲਮ ਦੀ ਪੁਸਤਕ 'ਮਾਧਵਾਨਲ ਕਾਮਕੰਦਲਾ' ਉਸ ਦੀ ਆਪਣੀ ਸੁਤੰਤਰ ਰਚਨਾ ਨਹੀਂ।


www.sikhbookclub.com

ਇਹ ਸੰਸਕ੍ਰਿਤ ਦੇ ਇਕ ਗ੍ਰੰਥ ਦਾ ਖੁਲ੍ਹਾ ਅਨੁਵਾਦ ਹੈ। ਜਿਸ ਸੰਸਕ੍ਰਿਤ ਗ੍ਰੰਥ ਦੇ ਰਚਨਹਾਰ ਕਵੀ ਦਾ ਨਾਮ 'ਜੋਧ' ਕਵੀ ਹੈ। ਏਸ ਮਜ਼ਮੂਨ ਦਾ ਮੁੱਖ ਭਾਗ ਜੋਧ ਕਵੀ ਅਤੇ ਆਲਮ ਦੀਆਂ ਰਚਨਾਵਾਂ ਦਾ ਮੁਕਾਬਲਾ ਹੈ। ਐਸ ਤਰ੍ਹਾਂ ਦੋ ਕਵੀਆਂ ਦੇ ਪਰਸਪਰ ਟਾਕਰੇ ਨੂੰ ਕੇਂਦਰ ਵਿਚ ਰੱਖ ਕੇ ਇਸ ਮਜ਼ਮੂਨ ਵਿਚ ਉਹ ਸਾਰੀਆਂ ਗੱਲਾਂ ਬਹਿਸ ਵਿਚ ਆ ਜਾਣਗੀਆਂ ਜੋ ਏਸ ਕੇਂਦਰ ਦੀ ਵਿਚਾਰ ਵਲਗਣ ਦੇ ਘੇਰੇ ਅੰਦਰ ਹਨ। ਇਸ ਮਜ਼ਮੂਨ ਨੂੰ ਜੋ ਸੱਜਣ ਪੜ੍ਹਣਗੇ ਉਨ੍ਹਾਂ ਲਈ ਜ਼ਰੂਰੀ ਹੈ ਕਿ ਹੇਠ ਲਿਖੇ ਨੁਕਤੇ ਖਿਆਲ ਵਿਚ ਰੱਖਣ:-

ਜੋਧ ਕਵੀ : ਜਿਸਨੇ ਅਕਬਰ ਦੇ ਜ਼ਮਾਨੇ (ਸੰਨ ੯੯੧ ਹਿਜਰੀ) ਵਿਚ ਇਕ ਪੁਸਤਕ ਰਚੀ ਸੰਸਕ੍ਰਿਤ ਵਿਚ 'ਮਾਧਵਾਨਲ ਕਾਮਕੰਦਲਾ'।

ਆਲਮ ਕਵੀ : ਜਿਸ ਬਾਬਤ ਇਹ ਕਿਹਾ ਜਾਂਦਾ ਹੈ ਕਿ ਇਸ ਨੇ ਜੋਧ ਕਵੀ ਦੀ ਪੁਸਤਕ ਦਾ ਅਨੁਵਾਦ ਭਾਸ਼ਾ ਵਿਚ ਕੀਤਾ ਤੇ ਵਿਚ ਵਿਚ ਕੁਛ ਆਪਣੀਆਂ ਬਣਾਉਟਾਂ ਤੇ ਕੁਛ ਬਣੀਆਂ ਬਣਾਈਆਂ ਚੀਜ਼ਾਂ ਦਰਜ ਕੀਤੀਆਂ। ਆਲਮ ਜਨਮ ਦਾ ਬ੍ਰਾਹਮਣ ਸੀ। ਜਿਸ ਨੇ ਇਕ ਮੁਸਲਮਾਨੀ ਨਾਲ ਵਿਆਹ ਕੀਤਾ। ਇਸ ਦਾ ਜ਼ਮਾਨਾ ਔਰੰਗਜ਼ੇਬ ਦਾ ਜ਼ਮਾਨਾ ਕਿਆਸ ਕੀਤਾ ਜਾਂਦਾ ਹੈ।

ਸ਼ੇਖ : ਆਲਮ ਦੀ ਵਹੁਟੀ ਜੋ ਆਪ ਭੀ ਕਵੀ ਸੀ ਤੇ ਜਿਸ ਦੀ ਬ੍ਰਿਜ ਭਾਸ਼ਾ ਦੀ ਕਵਿਤਾ ਹਿੰਦੀ ਸੰਸਾਰ ਵਿਚ ਰਸ ਨਾਲ ਪੜ੍ਹੀ ਜਾਂਦੀ ਹੈ।

ਬੀੜ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਜੋ ਜੋਧ ਕਵੀ ਦੀ ਰਚਨਾ ਤੋਂ ਪਿਛੋਂ ਬੱਝੀ ਕੁਝ ਸਾਲਾਂ ਦੇ ਫਰਕ ਤੇ, ਤੇ ਆਲਮ ਦੀ ਪੁਸਤਕ ਤੋਂ ਪਹਿਲਾਂ ਬੱਝੀ ਸਦੀ ਕੁ ਦੇ ਫਰਕ ਤੇ।

ਰਾਗਮਾਲਾ : ਜੋਧ ਕਵੀ ਦੇ ਲਿਖੇ ਪ੍ਰਸੰਗ ਵਿਚ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ, ਆਲਮ ਦੀ ਪੁਸਤਕ ਵਿਚ ਹੈ।

ਸਵਾਲ : ਪ੍ਰਸ਼ਨ ਇਹ ਹੈ ਕਿ ਰਾਗਮਾਲਾ ਆਲਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲੀਤੀ ਕਿ ਇਸ ਤੋਂ ਉਲਟ ਗੱਲ ਹੈ?

ਝਗੜਾ : ਝਗੜਾ ਇਸ ਕਰਕੇ ਹੈ ਕਿ ਆਲਮ ਨੇ ਆਪਣੀ ਪੁਸਤਕ ਵਿਚ ਸੰਨ ੯੯੧ ਹਿਜਰੀ ਦਰਜ ਕੀਤਾ ਹੈ।

ਨਿਰਣਯ : ਨਿਰਣਯ ਲਈ ਇਹ ਜ਼ਰੂਰੀ ਮਲੂਮ ਹੁੰਦਾ ਹੈ ਕਿ ਜੋਧ ਕਵੀ ਅਤੇ ਆਲਮ ਦਾ ਵਿਸਤਾਰ ਵਿਚ ਟਾਕਰਾ ਕੀਤਾ ਜਾਵੇ, ਜਿਸ ਤੋਂ ਸਪਸ਼ਟ ਹੋਵੇ ਕਿ ੯੯੧ ਹਿਜਰੀ ਦੇ ਲਿਹਾਜ਼ ਨਾਲ ਆਲਮ ਏਸ ਨੂੰ ਬਹੈਸੀਅਤ ਉਲਥਾਕਾਰ ਦੇ ਵਰਤ ਰਿਹਾ ਹੈ ਕਿ ਸੁਤੰਤਰ ਰਚਨਹਾਰ ਦਾ ਹੱਕਦਾਰ ਹੋਕੇ।

ਮਾਧਵਾਨਲ : ਇਕ ਬ੍ਰਾਹਮਣ ਜੋ ਜੋਧ ਕਵੀ ਅਤੇ ਆਲਮ ਦੀ ਪੁਸਤਕ ਦਾ ਮੁੱਖ ਪਾਤਰ (Hero) ਹੈ। ਇਸ ਦਾ ਸੰਖੇਪ ਨਾਮ 'ਮਾਧਵ' ਵੀ ਹੈ।

ਕਾਮਕੰਦਲਾ : ਇਹ ਉਪਰ ਦਿਤੇ ਕਵੀਆਂ ਦੀ ਪੁਸਤਕ ਵਿਚ ਮੁੱਖ ਪਾਤਰਾ (Heroine) ਹੈ। ਇਸ ਦੇ ਸੰਖੇਪ ਨਾਮ ਦੋ ਹਨ 'ਕਾਮਾ' ਅਤੇ 'ਕੰਦਲਾ'।

ਭਸੌੜ : ਪਟਿਆਲੇ ਰਿਆਸਤ ਵਿਚ ਇਕ ਨਗਰ, ਜਿਸ ਥਾਂ ਤੋਂ ਬੀੜਾਂ ਨੂੰ ਖੰਡਨ ਕਰਨ ਦਾ ਪ੍ਰਚਾਰ ਸ਼ੁਰੂ ਹੋਇਆ।

ਬਾਬੂ ਤੇਜਾ ਸਿੰਘ : ਭਸੌੜ ਨਿਵਾਸੀ। ਇਸ ਨੇ ਵਧ ਚੜ੍ਹ ਕੇ ਹਿੱਸਾ ਉਨ੍ਹਾਂ ਲਹਿਰਾਂ ਵਿਚ ਲੀਤਾ ਜੋ ਭਸੌੜ ਤੋਂ ਸ਼ੁਰੂ ਹੋਈਆਂ। ਰਾਗਮਾਲਾ ਦੇ ਵਿਰੁੱਧ ਅਮਲੀ ਪਰਚਾਰ ਧਾਰਾ ਦਾ ਬਾਨੀ। ਖਾਲਸਾ ਪਾਰਲੀਮੈਂਟ ਅਤੇ ਪੰਚ ਖਾਲਸਾ ਦੀਵਾਨ ਦਾ ਕਰਤਾ ਤੇ ਧਰਤਾ।

–o–

# ੧. ਆਲਮ ਯਾਚਕ ਹੈ ਕਿ ਦਾਤਾ?

**ਆਲਮ** ਵਾਲੀ ਪੁਸਤਕ 'ਮਾਧਵਾਨਲ ਕਾਮਕੰਦਲਾ' ਵਿਚ ਕੁਛ ਗੱਲਾਂ ਖਾਸ ਧਿਆਨ ਯੋਗ ਹਨ। ਉਸ ਨੇ ਆਪਣੀ ਪੁਸਤਕ ਬਾਬਤ ਲਿਖਿਆ ਹੈ:-

ਕਥਾ ਸਹਸਕ੍ਰਿਤ ਸੁਨ ਕੁਛ ਥੋਰੀ। ਭਾਖਾ ਬਾਂਧ ਚੌਪਈ ਜੋਰੀ।

ਫੇਰ ਇਹ ਵੀ ਕਿਹਾ ਹੈ:-

ਕਛੁ ਆਪਨ ਕਛੁ ਪਰਕ੍ਰਿਤ ਚੋਰੇ। ਜਥਾ ਸ਼ਕਤ ਕੇ ਅੱਛਰ ਜੋਰੇ।

ਇਸ ਤੋਂ ਸਪਸ਼ਟ ਹੈ ਕਿ ਆਲਮ ਦੀ ਕਿਤਾਬ ਵਿਚ ਤਿੰਨ ਤੱਤ ਹਨ, ਜਿਨ੍ਹਾਂ ਨੂੰ ਮਿਲਾ ਕੇ ਉਸ ਨੇ ਇਸ ਗ੍ਰੰਥ ਦੀ ਰਚਨਾ ਕੀਤੀ ਹੈ:-

ਪਹਿਲਾ ਤੱਤ ਤਾਂ ਇਸ ਦਾ ਮੂਲ ਸੰਸਕ੍ਰਿਤ ਗ੍ਰੰਥ ਦਾ ਆਧਾਰ ਹੈ। ਦੂਜਾ ਤੱਤ ਉਹ ਹਿੱਸਾ ਹੈ ਜੋ ਵਾਧਾ ਆਲਮ ਨੇ ਉਸ ਆਧਾਰ ਉਪਰ ਕੀਤਾ। ਤੀਜਾ ਤੱਤ ਉਨ੍ਹਾਂ ਚੀਜ਼ਾਂ ਦਾ ਹੈ ਜੋ ਕੁਛ ਬਣੀਆਂ ਬਣਾਈਆਂ ਆਲਮ ਨੂੰ ਪ੍ਰਾਪਤ ਹੋਈਆਂ ਤੇ ਉਸ ਨੇ ਆਪਣੇ ਗ੍ਰੰਥ ਵਿਚ ਸ਼ਾਮਲ ਕੀਤੀਆਂ।

ਮੇਰਾ ਖਿਆਲ ਹੈ ਕਿ ਖੋਜ ਦੀ ਰੁਚੀ ਰੱਖਣ ਵਾਲੇ ਸੱਜਣਾਂ ਨੂੰ ਇਨ੍ਹਾਂ ਤਿੰਨਾਂ ਤੱਤਾਂ ਦਾ ਨਿਖੇੜਵਾਂ ਮੁਤਾਲਿਆ ਇਕ ਦਿਲਚਸਪੀ ਦਾ ਕਾਰਣ ਹੋਵੇਗਾ, ਜਿਸ ਤੋਂ ਹਰ ਕੋਈ ਆਪੋ ਆਪਣੇ ਨਤੀਜੇ ਕੱਢ ਸਕੇਗਾ। ਇਸ ਤੋਂ ਜੋ ਸੰਭਾਵਨਾ ਉਸ ਦੀ ਰਚਨਾ ਦੇ ਸਮੇਂ ਦੀ ਹੋਵੇਗੀ, ਉਹ ਭੀ ਪ੍ਰਗਟ ਹੋ ਜਾਏਗੀ। ਇਸ ਆਸ਼ੇ ਨਾਲ ਇਹ ਲੇਖ ਲੜੀ ਪਾਠਕਾਂ ਦੀ ਭੇਟਾ ਕਰ ਰਿਹਾ ਹਾਂ।

ਗਿਆਨੀ ਸਾਹਿਬ ਸਿੰਘ ਜੀ ਧਮਧਾਣ ਸਾਹਿਬ ਵਾਲਿਆਂ ਨੇ ੪੯੦ ਸੰ: ਗੁਰ ਨਾ: ਸਾਹਿਬ ਵਿਚ ਇਕ ਪੁਸਤਕ 'ਰਾਗਮਾਲਾ ਪ੍ਰਬੋਧ' ਨਾਮ ਦੀ ਪ੍ਰਕਾਸ਼ਤ ਕੀਤੀ ਸੀ। ਇਸ ਪੁਸਤਕ ਵਿਚ ਗਿਆਨੀ ਜੀ ਨੇ ਜੋਧ ਕਵੀ ਰਚਿਤ ਪੋਥੀ ਦਾ ਹਵਾਲਾ ਦਿਤਾ ਸੀ ਜੋ ਸੰਸਕ੍ਰਿਤ ਵਿਚ ਹੈ। ਗਿਆਨੀ ਜੀ ਨੇ ਦੱਸਿਆ ਸੀ ਕਿ ਇਹ ਸੰਸਕ੍ਰਿਤ ਮੂਲ ਗ੍ਰੰਥ ਸੰਨ

 www.sikhbookclub.com

੯੯੧ ਹਿਜਰੀ ਵਿਚ ਬਣਿਆ, ਜਿਸ ਨੂੰ ਆਲਮ ਨੇ ਫੇਰ ਪਿਛੋਂ ਭਾਸ਼ਾ ਵਿਚ ਉਲਥਾਇਆ ਤੇ ਜਿਸ ਬਾਬਤ ਆਲਮ ਕਹਿੰਦਾ ਹੈ:-

ਭਾਸ਼ਾ ਬਾਂਧ ਚੌਪਈ ਜੋਰੀ।

ਸੰਸਕ੍ਰਿਤ ਮੂਲ ਦੇ ਪਹਿਲੇ ਦੋ ਸ਼ਲੋਕਾਂ ਦੇ ਅਰਥ ਜੋ ਇਕ ਪੰਡਤ ਦੇ ਕੀਤੇ ਹੋਏ ਹਨ ਇਸ ਤਰ੍ਹਾਂ ਹਨ-

ਸਰਬ ਮੇਂ ਵਿਆਪਕ ਜਗਤ ਕੇ ਨਾਥ ਸਰਵ ਜੀਵੋਂ ਕੇ ਪ੍ਰਵਰਤਕ ਜੋ ਬ੍ਰਹਮਾ ਸੇ ਭੀ ਪਰੇ ਮਾਨੇ ਹੈਂ ਐਸੇ ਤੱਤ ਪਾਰਬ੍ਰਹਮ ਕੋ ਪ੍ਰਣਾਮ ਕਰਕੇ, ਆਦ ਔਰ ਅੰਤ ਸੇ ਜੋ ਹੀਨ ਹੈਂ, ਚਰ ਔਰ ਅਚਰ ਜੀਵੋਂ ਕੋ ਜੋ ਧਾਰਣ ਕਰਤੇ ਹੈਂ, ਸਰਬ ਮੇਂ ਅਗ੍ਰਣੀਯ ਬੁਧਿਮਾਨੋਂ ਸੇ ਜੋ ਗੇਯ (ਜਾਨੇ ਜਾਤੇ) ਹੈਂ ਔਰ ਮਲੀਨ ਆਤਮਾ ਵਾਲੋਂ ਕੇ ਜੋ ਗਜਾਨ ਕੇ ਯੋਗ ਨਹੀਂ ਹੈਂ।

ਇਹ ਦੋਨੋਂ ਸ਼ਲੋਕ ਮੰਗਲ ਰੂਪ ਉਥਾਨਕਾ ਦੇ ਹਨ। ਹਰ ਇਕ ਕਵੀ ਆਪੋ ਆਪਣੇ ਇਸ਼ਟ ਮੁਤਾਬਕ ਉਥਾਨਕਾ ਬੰਨ੍ਹਦਾ ਹੈ।

ਆਲਮ ਦੀ ਪੁਸਤਕ ਵਿਚ ਉਥਾਨਕਾ ਏਥੋਂ ਸ਼ੁਰੂ ਹੁੰਦੀ ਹੈ-

*ਪ੍ਰਥਮੈ ਪਾਰਬ੍ਰਹਮ ਕੋ ਪਰਨੋ।*
*ਪੁਨ ਕੁਛ ਜਗਤ ਰੀਤਿ ਰਸ ਬਰਨੋ।*
*ਪਾਰਬ੍ਰਹਮ ਪੂਰਨ ਪਤਿ ਸੁਆਮੀ।*
*ਘਟਿ ਘਟਿ ਰਹਿਓ ਸੁ ਅੰਤਰਜਾਮੀ।*
*ਘਟਿ ਘਟਿ ਰਹੈ ਲਖੈ ਨਹੀਂ ਕੋਈ।*
*ਜਲ ਥਲ ਰਹਉ ਸਰਬ ਮੈ ਸੋਈ।*
*ਜਾਂਕੀ ਆਦਿ ਅੰਤ ਨਹੀਂ ਜਾਨੀ।*
*ਪੰਡਿਤ ਕਥਾ ਗਿਆਨ ਸੁਨ ਮਾਨੀ।*
*ਗਿਆਨੀ ਹੋਇ ਸੁ ਗੁਰਮੁਖਿ ਧਿਆਵੈ।*
*ਖੋਜੀ ਹੋਇ ਸੁ ਖੋਜਤ ਪਾਵੈ।*

ਜੋਧ ਕਵਿ ਦੀ ਉਥਾਨਕਾ ਅਤੇ ਆਲਮ ਦੀ ਉਥਾਨਕਾ ਆਪਸ ਵਿਚ ਬਹੁਤ ਮਿਲਦੀਆਂ ਹਨ। ਦੋਨੋਂ ਪਾਬ੍ਰਹਮ ਨੂੰ ਪ੍ਰਣਾਮ ਕਰਦੇ ਹਨ। ਜੋਧ ਉਸ ਨੂੰ ਜਗਤ ਦਾ ਨਾਥ ਕਹਿੰਦਾ ਹੈ, ਆਲਮ ਉਸ ਨੂੰ ਪੂਰਨ

ਪਤਿ ਸੁਆਮੀ ਕਹਿੰਦਾ ਹੈ। ਜੋਧ ਕਹਿੰਦਾ ਹੈ: ਉਸ ਦਾ ਆਦਿ ਅੰਤ ਨਹੀਂ, ਆਲਮ ਵੀ ਕਹਿੰਦਾ ਹੈ ਉਸ ਦਾ ਆਦਿ ਅੰਤ ਨਹੀਂ ਹੈ। ਜੋਧ ਉਸ ਨੂੰ ਕਹਿੰਦਾ ਹੈ ਕਿ ਉਹ ਚਰ ਅਤੇ ਅਚਰ ਜੀਵਾਂ ਨੂੰ ਧਾਰਨ ਕਰਨ ਵਾਲਾ ਹੈ, ਆਲਮ ਕਹਿੰਦਾ ਹੈ 'ਜਲ ਥਲ ਰਹਉ ਸਰਬ ਮੈ ਸੋਈ'। ਜੋਧ ਕਹਿੰਦਾ ਹੈ ਕਿ ਉਹ ਸਭ ਜੀਵਾਂ ਦਾ ਪ੍ਰਵਰਤਕ ਹੈ, ਜਿਸ ਦਾ ਮਤਲਬ ਹੈ ਕਿ ਉਹ ਸਭ ਜੀਵਾਂ ਨੂੰ ਚਲਾਉਣ ਵਾਲਾ ਹੈ, ਆਲਮ ਉਸ ਦੀ ਸਿਫਤ ਵਿਚ ਕਹਿੰਦਾ ਹੈ 'ਘਟਿ ਘਟਿ ਰਹਿਓ ਸੁ ਅੰਤਰਜਾਮੀ'। ਜੋਧ ਕਹਿੰਦਾ ਹੈ ਕਿ ਉਹ ਅਗ੍ਰਣੀਯ ਬੁਧਿਮਾਨਾਂ ਕੋਲੋਂ ਜਾਣਨ ਯੋਗ ਹੈ ਤੇ ਮਲੀਨ ਬੁਧੀ ਵਾਲਿਆਂ ਕੋਲੋਂ ਨਹੀਂ, ਆਲਮ ਕਹਿੰਦਾ ਹੈ 'ਗਿਆਨੀ ਹੋਇ ਸੁ ਗੁਰਮੁਖਿ ਧਿਆਵੈ' ਆਦਿਕ।

ਜੋਧ ਦੀ ਅਤੇ ਆਲਮ ਦੀ ਉਥਾਨਕਾ ਆਪਸ ਵਿਚ ਇਤਨੀਆਂ ਮਿਲਦੀਆਂ ਹਨ ਕਿ ਏਹੋ ਪ੍ਰਭਾਵ ਪੈਂਦਾ ਹੈ ਕਿ ਆਲਮ ਜੋ ਖ਼ੁਦ ਮੰਨਦਾ ਹੈ ਕਿ ਉਸ ਦੀ ਰਚਨਾ ਸੰਸਕ੍ਰਿਤ ਆਸ਼੍ਰਿਤ ਹੈ, ਉਸ ਦਾ ਮੂਲ ਆਧਾਰ ਏਸੇ ਜੋਧ ਕਵਿ ਦੀ ਰਚਨਾ ਵਿਚ ਹੈ ਨਾ ਕਿ ਕਿਸੇ ਹੋਰ ਸੰਸਕ੍ਰਿਤ ਗ੍ਰੰਥ ਵਿਚ।

ਇਤਨੀ ਕੁ ਗਵਾਹੀ ਕਿ ਆਲਮ ਦੀ 'ਮਾਧਵਾਨਲ ਕਾਮਕੰਦਲਾ' ਸੰਸਕ੍ਰਿਤ ਤੋਂ ਉਲਥਾਈ ਹੋਈ ਚੀਜ਼ ਹੈ ਤੇ ਸੁਤੰਤਰ ਰਚਨਾ ਨਹੀਂ, ਕਈ ਸੋਮਿਆਂ ਤੋਂ ਮਿਲਦੀ ਹੈ:-

ਸ੍ਰੀ ਜਜੋਤਿ ਪ੍ਰਸ਼ਾਦ ਮਿਸ਼ਰ ਨਿਰਮਲ ਜੀ ਨੇ ਇਕ ਗ੍ਰੰਥ ਛਪਵਾਇਆ ਹੈ ਜਿਸ ਦਾ ਨਾਮ ਹੈ 'ਸਤ੍ਰੀ ਕਵਿ ਕੌਮਦੀ'। ਇਹ ਹਿੰਦੀ ਗੌਰਵ ਗ੍ਰੰਥ ਮਾਲਾ ਦਾ ੪੬ਵਾਂ ਗ੍ਰੰਥ ਹੈ। ਮਿਸ਼ਰ ਜੀ ਆਲਮ ਤੇ ਸ਼ੇਖ* ਬਾਬਤ ਲਿਖਦੇ ਹਨ ਕਿ:-

> "ਸ਼ੇਖ ਔਰ ਆਲਮ ਕੀ ਕਵਿਤਾਓਂ ਕਾ ਏਕ ਸੰਗ੍ਰਹ 'ਆਲਮ ਕੇਲਿ' ਨਾਮ ਕਾ ਲਾਲਾ ਭਗਵਾਨ ਦੀਨ ਕੀ ਸੰਪਾਦਕਤਵ ਮੇਂ ਪ੍ਰਕਾਸ਼ਿਤ ਹੂਆ ਹੈ। ਪੁਸਤਕ ਕੇ ਅੰਤ ਮੇਂ ਲਿਖਾ ਹੈ:-

* ਸ਼ੇਖ ਆਲਮ ਦੀ ਇਸਤ੍ਰੀ ਦਾ ਨਾਮ ਸੀ, ਜੋ ਕਵਿ ਸੀ।


www.sikhbookclub.com

ਇਤਿ ਸ੍ਰੀ ਆਲਮ ਕ੍ਰਿਤ ਕਵਿਤ੍ਵ ਆਲਮ ਕੇਲਿ ਸਮਾਪਤਮ।
ਸੰਬਤ ੧੭੫੩ ਸਮਯੋਆਸਨ ਬਦੀ ਅਸ਼ਟਮੀ ਵਾਰ ਸ਼ੁਕਰ।

ਇਸ ਕੇ ਸਿਵਾ 'ਮਾਧਵਾਨਲ ਕਾਮਕੰਦਲਾ' ਨਾਮਕ ਸੰਸਕ੍ਰਿਤ ਗ੍ਰੰਥ ਕਾ ਅਨੁਵਾਦ ਭੀ ਇਨ੍ਹੀਂ ਕਾ ਕੀਆ ਹੂਆ ਬਤਲਾਇਆ ਜਾਤਾ ਹੈ।"

ਜੋਧ ਅਤੇ ਆਲਮ ਦੀ ਰਚਨਾ ਦਾ ਪਰਸਪਰ ਟਾਕਰਾ, ਜਿਥੋਂ ਤਕ ਪਹਿਲੀ ਉਥਾਨਕਾ ਦਾ ਤਅੱਲਕ ਹੈ ਏਸੇ ਨਤੀਜੇ ਵਲ ਖੜਦਾ ਹੈ ਕਿ ਆਲਮ ਨੇ ਜੋਧ ਦੀ ਪੁਸਤਕ ਦਾ ਤਰਜਮਾ ਲਫ਼ਜ਼ ਬ ਲਫ਼ਜ਼ ਕਰਨ ਦਾ ਯਤਨ ਅਰੰਭਿਆ ਹੈ। ਪਰ ਚੂੰਕਿ ਉਹ ਤਰਜਮਾ ਵਾਰਤਕ ਵਿਚ ਨਹੀਂ ਸੀ ਕਰ ਰਿਹਾ, ਇਸ ਲਈ ਉਸ ਉਲਥੇ ਦੀ ਲਫਜ਼ੀ ਦਿਆਨਤਦਾਰੀ ਨੂੰ ਕਾਫੀਏ ਦੇ ਰੁਖ ਦੀ ਮਿਆਦ ਅੰਦਰ ਨਿਭਾਇਆ ਹੈ।

ਆਲਮ ਦੇ ਉਲਥੇ ਵਿਚ ਦੂਜੀ ਤੁਕ ਇਹ ਆਈ ਹੈ:-

*'ਪੁਨ ਕੁਛ ਜਗਤ ਰੀਤਿ ਰਸ ਬਰਨੌਂ।'*

ਕਈ ਪਾਠਕਾਂ ਦਾ ਧਿਆਨ ਏਸ ਗੱਲ ਵਲ ਚਲਾ ਗਿਆ ਹੋਵੇਗਾ ਕਿ ਇਹ ਤੁਕ ਜੋਧ ਦੀ ਉਥਾਨਕਾ ਵਿਚ ਨਹੀਂ ਆਈ। ਇਹ ਗੱਲ ਠੀਕ ਹੈ ਕਿ ਜੋਧ ਦੇ ਪਹਿਲੇ ਦੋ ਸ਼ਲੋਕਾਂ ਵਿਚ ਨਹੀਂ ਹੈ ਪਰੰਤੂ ਤੀਸਰੇ ਵਿਚ ਆਉਂਦੀ ਹੈ, ਜੋ ਇਹ ਹੈ:-

"ਰਸ ਮੇਂ ਬਾਂਧੀ ਹੂਈ ਜਗਤ ਕੀ ਰੀਤਿ ਮੈਂ ਯਥਾਮਤਿ ਵਰਣਨ ਕਰਤਾ ਹੂੰ ਜੋ ਸਰਵ ਕਾਲ ਮੇਂ ਸਰਬ ਸੇ ਸੇਵਨੀਯ ਹੈ, ਸਰਬ ਕੇ ਸਾਖੀ ਜਗਤ ਰੂਪ ਹੈ॥੩॥"

ਜੋਧ ਦੀ ਤੀਸਰੇ ਪਦ ਦੀ ਤੁਕ ਨੂੰ 'ਰਸ ਮੇਂ ਬਾਂਧੀ ਹੂਈ ਜਗਤ ਕੀ ਰੀਤਿ ਮੈਂ ਯਥਾ ਮਤਿ ਵਰਣਨ ਕਰਤਾ ਹੂੰ' ਆਲਮ ਨੇ ਸ਼ੁਰੂ ਦੀ ਦੂਜੀ ਤੁਕ ਵਿਚ ਐਉਂ ਉਲਥਾਇਆ ਹੈ:-

*ਪੁਨ ਕੁਛ ਜਗਤ ਰੀਤਿ ਰਸ ਬਰਨੌਂ॥*

ਜੋਧ ਦੇ ਤੀਜੇ ਪਦ ਦੇ ਬਾਕੀ ਹਿੱਸੇ ਨੂੰ ਆਲਮ ਪਹਿਲੇ ਹੀ 'ਸਰਬ ਮੈਂ ਸੋਈ' ਆਦਿਕ ਸਿਫਤਾਂ ਵਿਚ ਲੈ ਚੁਕਾ ਹੈ।

ਉਪਰ ਦਿਤੇ ਮੁਕਾਬਲੇ ਦੀਆਂ ਸਤਰਾਂ ਵਿਚੋਂ ਇਕ ਗੱਲ ਹੋਰ ਹੈ ਜਿਸ ਵਲ ਖਾਹ ਮਖਾਹ ਧਿਆਨ ਖਿੱਚਿਆ ਜਾਂਦਾ ਹੈ। ਜੋਧ ਨੇ ਲਫਜ਼ ਵਰਤਿਆ ਹੈ 'ਅਗ੍ਰਣੀਯ ਬੁਧਿਮਾਨ', ਏਸ ਦੇ ਉਲਥੇ ਦੇ ਸਬੰਧ ਵਿਚ ਆਲਮ 'ਗੁਰਮੁਖਿ' ਲਫਜ਼ ਵਰਤੋਂ ਵਿਚ ਲਿਆਉਂਦਾ ਹੈ। ਮੈਂ ਇਹ ਨਹੀਂ ਕਹਿੰਦਾ ਕਿ 'ਗੁਰਮੁਖ' ਲਫਜ਼ ਕੇਵਲ ਸਿਖੀ ਨਾਲ ਹੀ ਸਬੰਧ ਰੱਖਦਾ ਹੈ, ਪਰ ਇਤਨੀ ਗੱਲ ਜ਼ਰੂਰ ਹੈ ਕਿ ਸਿਖ ਹਲਕਿਆਂ ਨਾਲ ਤਅੱਲਕ ਰਖਣ ਵਾਲੇ ਕਿਸੇ ਵੀ ਕਵਿ ਲਈ ਇਹੋ ਜਿਹੇ ਲਫਜ਼ਾਂ ਦਾ ਇਸਤੇਮਾਲ ਸੁਭਾਵਕ ਗੱਲ ਹੈ, ਕਿਉਂਕਿ ਜਿਤਨਾ ਪ੍ਰਚਾਰ ਇਸ ਲਫਜ਼ ਦਾ ਸਿਖ ਦਾਇਰਿਆਂ ਵਿਚ ਰਿਹਾ ਹੈ ਉਤਨਾ ਹੋਰ ਕਿਸੇ ਹਿੰਦੂ ਸੰਪ੍ਰਦਾਯ ਵਿਚ ਨਹੀਂ। ਆਲਮ ਦੀ ਪੋਥੀ ਦੀ ਵਧੇਰੀ ਮੁਤਾਲਿਆ ਏਸ ਕਰਕੇ ਸਾਨੂੰ ਕਈ ਐਸੇ ਲਫਜ਼ਾਂ ਦੇ ਭੇਤ ਖੋਲ੍ਹਣ ਵਲ ਲੈ ਜਾਏਗੀ। ਸਿਰਫ ਇਤਨਾ ਹੀ ਨਹੀਂ ਬਲਕਿ ਏਥੋਂ ਤਕ ਕਿ ਆਲਮ ਦੀ ਏਸ ਰਚਨਾ ਵਿਚ ਸਾਨੂੰ ਕੁਛ ਤੁਕਾਂ ਤੇ ਕੁਛ ਐਸੇ ਖਿਆਲ ਮਿਲਣਗੇ ਜੋ ਵਿਲੱਖਣ ਹਨ ਤੇ ਜੋ ਗੁਰੂ ਘਰ ਤੋਂ ਬਾਹਰ ਨਹੀਂ। ਆਲਮ ਦੀ ਸਿਰਫ ਏਸ ਪੁਸਤਕ ਵਿਚੋਂ ਹੀ ਨਹੀਂ ਪਰੰਤੂ ਉਸ ਦੀਆਂ ਹੋਰ ਰਚਨਾਵਾਂ ਵੀ ਏਸ ਨੁਕਤੇ ਤੋਂ ਦੇਖਣੀਆਂ ਇਕ ਖਾਸ ਦਿਲਚਸਪੀ ਪੈਦਾ ਕਰਨਗੀਆਂ। ਇਹ ਗਲ ਸਿਰਫ ਆਲਮ ਵਿਚ ਹੀ ਨਹੀਂ ਸੀ ਸਗੋਂ 'ਸ਼ੇਖ' ਵਿਚ ਵੀ ਮੌਜੂਦ ਹੈ, ਉਹ 'ਸ਼ੇਖ' ਜੋ ਕਿ ਆਲਮ ਦੀ ਵਹੁਟੀ ਸੀ, ਓਸੇ ਆਲਮ ਦੀ ਜਿਸ ਨੂੰ ਜਜੋਤੀ ਪ੍ਰਸ਼ਾਦ ਮਿਸ਼ਰ 'ਮਾਧਵਾਨਲ ਕਾਮਕੰਦਲਾ' ਦਾ ਲਿਖਣ ਵਾਲਾ ਮਿਥਦੇ ਹਨ। ਮਿਸਾਲ ਦੇ ਤੌਰ ਉਪਰ ਦਸਮ ਗ੍ਰੰਥ ਵਿਚ 'ਅਕਾਲ ਉਸਤਤਿ' ਸ੍ਰੀ ਮੁਖਵਾਕ ਰਚਨਾ ਹੈ। ਇਸ ਵਿਚ ਤੁਕ ਆਉਂਦੀ ਹੈ:-

*ਹਾਥੀ ਕੀ ਪੁਕਾਰ ਪਲ ਪਾਛੇ ਪਹੁੰਚਤ ਤਾਂਹਿ*
*ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤ ਹੈ।*

ਇਹ ਤੁਕ ਤਕਰੀਬਨ ਏਸੇ ਸ਼ਕਲ ਵਿਚ ਆਲਮ ਦੀ ਵਹੁਟੀ ਸ਼ੇਖ ਦੇ ਇਕ ਛੰਦ ਵਿਚ ਮੌਜੂਦ ਹੈ, ਜੋ ਇਹ ਹੈ:-

ਪੈਂਡੋ ਸਮ ਸੂਧੋ, ਬੈਂਡੋ ਕਠਿਨ ਕਿਵਾਰ ਦ੍ਵਾਰ, ਦ੍ਵਾਰਪਾਲ ਨਹੀਂ,

ਤਹਾਂ ਸਬਲ ਭਗਤਿ ਹੈ। 'ਸ਼ੇਖ' ਭਨਿ ਤਹਾਂ ਮੇਰੋ ਤ੍ਰਿਭਵਨ ਰਾਯ ਹੈ ਜੁ ਦੀਨ ਬੰਧੂ ਸ੍ਵਾਮੀ ਸੁਰਪਤਿਨ ਕੇ ਪਤਿ ਹੈਂ। ਬੈਰੀ ਕੋ ਨ ਬੈਰ ਬੁਰਿਆਈ ਕੋ ਨ ਪਰਵੇਸ਼; ਹੀਨੇ ਕੋ ਹਟਕ ਨਾਹੀ ਛੀਨੇ ਕੋ ਸਕਤਿ ਹੈ। ਹਾਥੀ ਕੀ ਹੰਕਾਰ ਪਲ ਪਾਛੇ ਪਹੁੰਚਨ ਪਾਵੈ ਚੀਟੀ ਕੀ ਚਿੰਘਾਰ ਪਹਿਲੇ ਹੀ ਪਹੁੰਚਤਿ ਹੈ।

ਅਰਥਾਤ- ਉਸ ਦਾ ਮਾਰਗ ਟੇਢਾ ਤੇ ਕਠਨ ਨਹੀਂ ਸਗੋਂ ਸਮ (ਪੱਧਰਾ) ਤੇ ਸਿੱਧਾ ਹੈ। ਉਸ ਦੇ ਦੁਆਰੇ ਦਰਬਾਨ ਨਹੀਂ ਪਰ ਬਲਵਾਨ ਭਗਤੀ ਪਹਿਰਾ ਦੇ ਰਹੀ ਹੈ। 'ਸ਼ੇਖ' ਕਹਿੰਦੀ ਹੈ ਉਹ ਮੇਰੇ ਤਿੰਨਾਂ ਲੋਕਾਂ ਦੇ ਪਤੀ, ਦੀਨਾਂ ਦੇ ਸਹਾਈ, ਸੁਆਮੀ, ਇੰਦ੍ਰ ਦੇ ਬੀ ਮਾਲਕ ਹਨ। ਓਥੇ ਵੈਰੀ ਦੇ ਵੈਰ ਤੇ ਬੁਰਿਆਈ ਨੂੰ ਪ੍ਰਵੇਸ਼ ਦੀ ਹੀ ਪਹੁੰਚ ਨਹੀਂ, ਤੇ ਫੇਰ ਹੀਣਿਆਂ ਲਈ ਕੋਈ ਹਟਕ ਨਹੀਂ ਤੇ ਖੋਹਣ ਵਾਲਿਆਂ (ਜਾਬਰਾਂ) ਦੀ ਸ਼ਕਤੀ (ਕਿਸੇ ਦਾ ਕੁਛ ਵਿਗਾੜ) ਨਹੀਂ ਕਰ ਸਕਦੀ। ਓਥੇ ਤਾਂ ਹਾਥੀ ਦੀ ਹੰਕਾਰ ਭਰੀ ਗੱਲ ਮਗਰੋਂ ਪੁੱਜਦੀ ਹੈ ਪਰ ਕੀੜੀ ਦੀ ਦੁਖ ਭਰੀ ਚਿੰਘਾੜ ਪਹਿਲੇ ਹੀ ਪੁਜ ਜਾਂਦੀ ਹੈ।

ਸ਼ੇਖ ਦੇ ਉਪਰ ਦਿੱਤੇ ਛੰਦ ਨੂੰ ਜੇ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਇਕ ਹੋਰ ਗਲ ਪ੍ਰਤੀਤ ਹੋਵੇਗੀ। ਗੁਰੂ ਗੋਬਿੰਦ ਸਿੰਘ ਜੀ ਦੇ ਜਿਸ ਛੰਦ ਦੀ ਇਹ ਨਕਲ ਹੈ ਉਸ ਦਾ ਤਾਤਪਰਜ ਪਰਮੇਸ਼ਰ ਦੀ ਉਸਤਤਿ ਹੈ। ਸ਼ੇਖ ਨੇ ਜੋ ਤੁਕਾਂ ਗੁਰੂ ਜੀ ਦੀਆਂ ਲੈਕੇ ਛੰਦ ਉਚਰਿਆ ਉਹ ਗੁਰੂ ਜੀ ਨੂੰ ਸਨਮੁਖ ਕਰਕੇ ਹੀ ਕਹੀਆਂ ਪ੍ਰਤੀਤ ਹੁੰਦੀਆਂ ਹਨ। ਮਲੂਮ ਹੁੰਦਾ ਹੈ ਉਸ ਨੇ ਗੁਰੂ ਜੀ ਉਪਰ ਉਹੋ ਉਸਤੁਤਿ ਘਟਾਈ ਹੈ ਜੋ ਗੁਰੂ ਜੀ ਨੇ ਅਕਾਲ ਪੁਰਖ ਉਤੇ ਲਾਗੂ ਕੀਤੀ ਸੀ। ਸ਼ੇਖ ਦਾ 'ਸਬਲ ਭਗਤਿ' ਵਰਤਣਾ, ਜਿਸ ਦਾ ਮਤਲਬ ਹੈ ਬਲ ਵਾਲੀ ਭਗਤਿ, ਏਸੇ ਖਿਆਲ ਦੀ ਪੁਸ਼ਟੀ ਕਰਦਾ ਹੈ।

ਤਾਂ ਕਿ ਅਸੀਂ ਪ੍ਰਸੰਗ ਦੇ ਦਾਇਰੇ ਤੋਂ ਜ਼ਿਆਦਾ ਦੂਰ ਨਾ ਲੰਘ ਜਾਈਏ ਮੈਂ ਆਪਣੇ ਚਲਾਏ ਮਜ਼ਮੂਨ ਦੀ ਲੜੀ ਮੁੜ ਲਫਜ਼ 'ਗੁਰਮੁਖ' ਤੋਂ ਪਕੜਦਾ ਹਾਂ।

ਇਹ ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਦਸਮ ਗੁਰੂ ਜੀ ਦੇ ਹਜ਼ੂਰੀ ਕਵੀਆਂ ਵਿਚੋਂ ਇਕ ਕਵਿ ਦਾ ਨਾਮ 'ਆਲਮ' ਸੀ। ਮੈਂ ਇਹ

ਗੱਲ ਨਹੀਂ ਕਹਿ ਰਿਹਾ ਕਿ ਆਲਮ ਦੀ ਲਿਖੀ ਪੁਸਤਕ ਮਾਧਵਾਨਲ ਕਾਮਕੰਦਲਾ ਵਿਚ ਲਫਜ਼ 'ਗੁਰਮੁਖ' ਦਾ ਆ ਜਾਣਾ ਕਿਸੇ ਵੀ ਐਸੀ ਗੱਲ ਦਾ ਆਖਰੀ ਸਬੂਤ ਹੈ ਜੋ ਉਸ ਦੀ ਹਸਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਨਾਲ ਸੰਬੰਧਤ ਕਰਦਾ ਹੈ। ਮੇਰਾ ਯਤਨ ਕੇਵਲ ਇਤਨਾ ਹੈ ਕਿ ਮੈਂ ਆਲਮ ਦੀ ਪੁਸਤਕ ਦੀ ਮੁਤਾਲਿਆ ਅੰਗ ਪ੍ਰਤੀ ਅੰਗ ਨਿਖੇੜਕੇ ਪਾਠਕਾਂ ਦੇ ਪੇਸ਼ ਕਰਾਂ ਤੇ ਦੱਸਾਂ ਕਿ ਜੋ ਇਮਾਰਤ ਉਸਨੇ ਖੜੀ ਕੀਤੀ ਹੈ ਉਸਦੀ ਬਣਤਰ ਵਿਚ ਕਈ ਐਸੇ ਝਰੋਖੇ ਤੇ ਝਰਨੇ ਰਹਿ ਗਏ ਹਨ ਜਿਨ੍ਹਾਂ ਵਿਚੋਂ ਕਿਸੇ ਐਸੀ ਗਲ ਉਪਰ ਰੋਸ਼ਨੀ ਟਪਕ ਰਹੀ ਹੈ ਜੋ ਉਸ ਦੇ ਸਮੇਂ ਦੀ ਸੂਚਨਾ ਦੇਂਦੀ ਹੈ ਤੇ ਆਇਆ ਉਹ ਸੂਚਨਾ ਇਤਨੀ ਪੱਕੀ ਹੈ ਜਿਸ ਤੋਂ ਅਸੀਂ ਇਹ ਨਿਬੇੜਾ ਕਰ ਸਕੀਏ ਕਿ ਆਲਮ, ਜਿਥੋਂ ਤਕ ਉਸ ਦਾ ਰਾਗਮਾਲਾ ਨਾਲ ਵਾਸਤਾ ਹੈ, ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਇਕ ਯਾਚਕ ਹੈ ਜਾਂ ਦਾਤਾ?

-o-


www.sikhbookclub.com

## ੨. ਅਕਬਰ ਅਤੇ ਔਰੰਗਜ਼ੇਬ ਦੇ ਸਮੇਂ ਦੀਆਂ ਉਥਾਨਕਾਂ ਦਾ ਫਰਕ

**ਆਲਮ** ਦੀ ਪਹਿਲੀ ਚੌਪਈ ਇਨ੍ਹਾਂ ਤੁਕਾਂ ਉਪਰ ਖਤਮ ਹੁੰਦੀ ਹੈ-

*ਗਿਆਨੀ ਹੋਇ ਸੁ ਗੁਰਮੁਖਿ ਧਿਆਵੈ।*
*ਖੋਜੀ ਹੋਇ ਸੁ ਖੋਜਤਿ ਪਾਵੈ॥੧॥*

ਅਸੀਂ ਦੇਖ ਆਏ ਹਾਂ ਕਿ ਕਿਸ ਤਰ੍ਹਾਂ ਇਹ ਪਹਿਲੀ ਚੌਪਈ ਜੋਧ ਕਵਿ ਦੀ ਪੁਸਤਕ ਵਿਚੋਂ ਉਲਥਾਈ ਗਈ ਹੈ।

ਆਲਮ ਦੀਆਂ ਇਸ ਤੋਂ ਅਗਲੀਆਂ ਤੁਕਾਂ ਇਕ ਦੋਹਿਰੇ ਵਿਚ ਹਨ, ਜੋ ਇਹ ਹਨ:-

ਦੋਹਿਰਾ॥ ਮਨ ਬਚ ਕ੍ਰਮ ਸੋਵਤ ਚਲਤ ਜਾਗ੍ਰਤ ਚਿਤਵਤ ਨਿਤ।
ਸੰਗਿ ਲਾਗੋ ਡੋਲਤ ਫਿਰਤ ਸੋ ਕਰਤਾ ਧਰ ਚਿਤ॥੨॥

ਏਸ ਦੋਹਿਰੇ ਵਿਚ ਕੋਈ ਵੱਖਰੀ ਗੱਲ ਨਹੀਂ। ਜੋ ਉਥਾਨਕਾ ਪਿਛਲੀ ਚੌਪਈ ਵਿਚ ਉਚਰੀ ਹੈ ਉਸ ਨੂੰ ਸੰਖੇਪਤਾ ਵਿਚ ਦੁਹਰਾਇਆ ਹੈ। ਜੋ ਕਵੀ ਆਪਣੇ ਗ੍ਰੰਥ ਦੋਹਰੇ ਚੌਪਈਆਂ ਵਿਚ ਬਣਾਉਂਦੇ ਹਨ ਉਨ੍ਹਾਂ ਦਾ ਅਕਸਰ ਤਰੀਕਾ ਏਹੋ ਹੁੰਦਾ ਹੈ ਕਿ ਚੌਪਈ ਵਿਚ ਕੀਤੇ ਖੁੱਲ੍ਹੇ ਵਰਣਨ ਨੂੰ ਪਿਛੋਂ ਦੀ ਦੋਹਿਰੇ ਦੇ ਦਾਇਰੇ ਵਿਚ ਲਿਆ ਕੇ ਸੰਪੂਰਣਤਾ ਦੀ ਗੁਲਿਆਈ ਦੇ ਦੇਣੀ। ਏਸ ਖਿਆਲ ਨੂੰ ਜੇ ਵਧੇਰੇ ਸਪਸ਼ਟ ਸਮਝਣ ਦੀ ਜ਼ਰੂਰਤ ਹੋਵੇ ਤਾਂ ਅਸੀਂ ਇਕ ਉਦਾਹਰਨ ਤੋਂ ਇਸ ਗੱਲ ਨੂੰ ਅਨੁਭਵ ਕਰ ਸਕਦੇ ਹਾਂ। ਕਵੀ ਜਾਯਸੀ ਦੀ ਰਚਨਾ ਵਿਚ ਚੌਪਈ ਅਤੇ ਦੋਹਿਰਾ ਏਸ ਤਰ੍ਹਾਂ ਸਨਬੱਧ ਚਲਦਾ ਹੈ:

*ਚੌਪਈ॥*
*ਕੀਨ੍ਹੇਸਿ ਮਾਨੁਸ ਦੀਨ੍ਹ ਬਡਾਈ। ਕੀਨ੍ਹੇਸਿ ਅੰਨ ਭੁਗਤਿ ਤਿਹਿੰ ਪਾਈ।*
*ਕੀਨ੍ਹੇਸਿ ਰਾਜਾ ਭੋਜਈ ਰਾਜੂ। ਕੀਨ੍ਹੇਸਿ ਹਸਤਿ ਘੋਰਿ ਤਿਹਿ ਸਾਜੂ।*
*ਕੀਨ੍ਹੇਸਿ ਤਿਹਿ ਕਰ ਬਹੁਤ ਵਿਰਾਸੂ। ਕੀਨ੍ਹੇਸਿ ਕੋਈ ਠਾਕੁਰ ਕੋਈ ਦਾਸੂ।*

*ਕੀਨ੍ਹੇਸਿ ਦਰਬ ਗਰਬ ਜਿਹਿ ਕੋਈ। ਕੀਨ੍ਹੇਸਿ ਲੋਭ ਅਘਾਇ ਨ ਕੋਈ।*
*ਕੀਨ੍ਹੇਸਿ ਜੀਅਨ ਸਦਾ ਸਬ ਚਹਾ। ਕੀਨ੍ਹੇਸਿ ਮੀਚੁ ਨ ਕੋਈ ਰਹਾ।*
*ਕੀਨ੍ਹੇਸਿ ਸੁਖ ਅਰ ਕ੍ਰੋਧ ਅਨੰਦੂ। ਕੀਨ੍ਹੇਸਿ ਦੂਖ ਚਿੰਤਾ ਅਰ ਦ੍ਵੰਦੂ।*
*ਕੀਨ੍ਹੇਸਿ ਕੋਈ ਭਿਖਾਰੀ ਕੋਈ ਧਨੀ। ਕੀਨ੍ਹੇਸਿ ਸੰਪਤਿ ਵਿਪਤ ਬਹੁਘਨੀ।*

ਦੋਹਿਰਾ॥ ਕੀਨ੍ਹੇਸਿ ਕੋਈ ਨਿਭਰੋਸੀ, ਕੀਨ੍ਹੇਸਿ ਕੋਈ ਵਰਿਯਾਰ।
ਛਾਰਇ ਤੇਹ ਸਬ ਕੀਨ੍ਹੇਸਿ, ਪੁਨ ਕੀਨ੍ਹੇਸਿ ਛਾਰ[੧]।

ਕਵੀ ਨੇਂ ਬਹੁਤ ਸਾਰੀਆਂ ਚੀਜ਼ਾਂ ਗਿਣੀਆਂ ਹਨ, ਗਿਣ ਗਿਣਾ ਕੇ ਸਿੱਟਾ ਇਹ ਕੱਢਿਆ ਹੈ ਕਿ ਕਰਤਾ ਨੇ ਇਹ ਸਾਰੀਆਂ ਚੀਜ਼ਾਂ ਮਿੱਟੀ (ਛਾਰ) ਤੋਂ ਬਣਾਈਆਂ ਛੇਕੜ ਮਿੱਟੀ ਵਿਚ ਹੀ ਰਲਾ ਦਿੱਤੀਆਂ। ਉਪਰ ਦਿਤੇ ਉਦਾਹਰਨ ਵਿਚ ਦੋਹਿਰਾ ਇਸ ਤਰ੍ਹਾਂ ਵਰਤਿਆ ਹੈ ਕਿ ਚੌਪਈ ਦੇ ਖਿਆਲ ਤੇ ਖੁੱਲ੍ਹੇ ਸਿਰਿਆਂ ਨੂੰ ਗੁਲਿਆਈ ਦੀ ਅੰਤਮਤਾਈ ਵਿਚ ਮੇਲ ਦੇਵੇ।

ਜੋਧ ਕਵਿ ਨੇ ਜੋ ਆਪਣੀ ਰਚਨਾ ਕੀਤੀ ਹੈ ਉਹ ਚੌਪਈ ਦੋਹਿਰੇ ਦਾ ਸਿਲਸਿਲਾ ਨਹੀਂ ਪਰੰਤੂ ਵਰਣਕ ਛੰਦ ਹਨ[੨]। ਜੋਧ ਦੇ ਖਿਆਲਾਂ ਦੇ ਉਲਥਾਉ ਨੂੰ ਆਲਮ ਚੌਪਈ ਅਤੇ ਦੋਹਿਰੇ ਵਿਚ ਸ੍ਰੇਣੀ ਬੱਧ ਕਰਦਾ

---

੧. ਕਰਤਾਰ ਨੇ ਮਨੁੱਖ ਬਣਾਕੇ ਵਡਿਆਈ ਦਿਤੀ, ਅੰਨ ਬਣਾਕੇ ਖਾਣ ਲਈ ਦਿਤਾ। ਰਾਜੇ ਭੋਜ ਵਰਗੇ ਰਾਜੇ ਬਣਾਏ, ਫਿਰ ਹਾਥੀ ਘੋੜੇ ਆਦਿ ਉਨ੍ਹਾਂ ਦਾ ਸਾਜ ਰਚਿਆ ਤੇ ਉਸ ਤੋਂ ਵੀ ਵਧਕੇ ਵਿਲਾਸ਼ ਵਾਲੇ ਬਣਾਏ। ਕੋਈ ਮਾਲਕ ਬਣਾਏ ਤੇ ਕੋਈ ਉਨ੍ਹਾਂ ਦੇ ਦਾਸ। ਕੋਈ ਧਨਵਾਨ ਕੋਈ ਗਰੀਬ ਬਣਾਏ। ਕੋਈ ਲੋਭੀ ਬਣਾਏ ਜਿਨ੍ਹਾਂ ਨੂੰ ਕੋਈ ਰਜਾ ਨਹੀਂ ਸਕਦਾ। ਜੀਵ ਬਣਾਏ, ਜੋ ਸਦਾ ਜੀਉਣਾ ਚਾਹੁੰਦੇ ਹਨ, ਪਰ ਮੌਤ ਬੀ ਬਣਾਈ ਜਿਸ ਕਾਰਨ ਕੋਈ ਬੀ ਨਾ ਰਿਹਾ। ਸੁਖ ਕ੍ਰੋਧ ਤੇ ਅਨੰਦ ਆਦਿ ਬਣਾਏ, ਦੁਖ ਦ੍ਵੰਦ ਤੇ ਚਿੰਤਾ ਬਣਾਏ, ਕੋਈ ਮੰਗਤਾ ਕੋਈ ਧਨੀ ਬਣਾਇਆ, ਕੋਈ ਬਹੁਤ ਵਧੇਰੀ ਸੰਪਤੀ ਵਾਲਾ ਤੇ ਕੋਈ ਬਹੁਤ ਵਧੇਰੀ ਵਿਪਦਾ ਵਾਲਾ ਬਣਾਇਆ। ਦੋਹਰਾ।। ਕੋਈ ਭਰੋਸੇ ਤੋਂ ਹੀਨ ਬਣਾਏ ਤੇ ਕੋਈ ਵਧੀਕੀਆਂ ਕਰਣ ਵਾਲੇ ਬਲਵਾਨ ਬਣਾ ਦਿੱਤੇ। ਮਿੱਟੀ ਤੋਂ ਸਾਰਾ ਕੁਝ ਬਣਾਕੇ ਫਿਰ ਮਿੱਟੀ ਕਰ ਦਿੱਤਾ।

੨. ਜੋਧ ਦੇ ਛੰਦਾਂ ਦਾ ਪਹਿਲੀ ਵਾਰ ਮੈਨੂੰ ਪਤਾ ਗਿਆਨੀ ਸਾਹਿਬ ਸਿੰਘ ਜੀ ਧਮਧਾਣ ਵਾਲਿਆਂ ਦੀ ਰਚਨਾ ਵਿਚੋਂ ਲੱਗਾ ਸੀ, ਜਿਨ੍ਹਾਂ ਨੂੰ ਦੇਖਕੇ ਮੈਂ ਇਹ ਲਿਖਿਆ ਸੀ ਕਿ ਇਹ ਖੁਲੇ ਪਦ ਹਨ ਪਰ ਜੋ ਅਸਲ ਵਿਚ ਵਰਣਕ ਛੰਦ ਹਨ ਤੇ ਜੋ ਭੁੱਲ ਸੋਧ ਦਿਤੀ ਗਈ ਹੈ।

ਹੈ, ਏਸ ਛੰਦਾ ਬੰਦੀ ਦੀ ਅੰਦਰੂਨੀ ਮਜਬੂਰੀ ਨੇ ਖਿਆਲ ਦੇ ਸਿਰੇ ਸਮੇਟਣ ਵਿਚ ਕਿਤੇ ਕੁਛ ਵਧਾ ਘਟਾ ਦਿਖਾਉਣਾ ਹੀ ਹੋਯਾ ਪਰ ਇਹ ਵਿਲੱਖਣਤਾ ਕੋਈ ਖਾਸ ਅਰਥ ਨਹੀਂ ਰਖੇਗੀ ਸਿਵਾਏ ਏਸਦੇ ਕਿ ਇਹ ਸਬੂਤ ਹੋਵੇਗਾ ਕਿ ਦੋ ਕਵੀ ਜੋ ਇਕ ਖਿਆਲ ਨੂੰ ਲੈ ਰਹੇ ਹਨ ਉਨ੍ਹਾਂ ਵਿਚ ਓਹੋ ਫਰਕ ਹੈ ਜੋ ਅਸਲ ਅਤੇ ਨਕਲ ਵਿਚ ਹੋਣਾ ਜ਼ਰੂਰੀ ਹੈ।

ਏਹ ਸਾਰੀ ਵਿਚਾਰ ਆਲਮ ਦੇ ਪਹਿਲੇ ਦੋ ਛੰਦਾਂ ਉਪਰ ਲਾਗੂ ਹੈ ਜਿਸ ਵਿਚ ਇਕ ਚੌਪਈ ਹੈ ਅਤੇ ਦੂਜਾ ਦੋਹਿਰਾ ਹੈ।

ਆਲਮ ਦਾ ਤੀਜਾ, ਚੌਥਾ, ਪੰਜਵਾਂ ਤੇ ਛੇਵਾਂ ਛੰਦ ਹੁਣ ਹੇਠਾਂ ਦੇਂਦੇ ਹਾਂ। ਏਹ ਚਾਰੋਂ ਛੰਦ ਵੀ ਉਸੇ ਪੋਥੀ ਵਿਚੋਂ ਦਰਜ ਕੀਤੇ ਜਾਂਦੇ ਹਨ ਜੋ ਭਸੌੜ ਵਲੋਂ ਗੁਰਮੁਖੀ ਵਿਚ ਪ੍ਰਕਾਸ਼ਤ ਹੋਈ ਹੋਈ ਹੈ:-

*ਚਉਪਈ (ਤੀਜੀ)*

*ਹੁਤੋ ਨਗਰ ਪੁਹਮ ਪਰਚੀਨਾ। ਤਾਂ ਮੈਂ ਪੁਰਖ ਮਹਿਮਦੁ ਕੀਨਾ।*
*ਤਾਕੀ ਪ੍ਰੀਤ ਲਗੀ ਸੰਸਾਰੂ। ਚੰਦ ਸੂਰ ਦੋ ਕੀਨ ਅਉਤਾਰੂ।*
*ਧਰਮ ਰੂਪ ਉਪਜਿਓ ਹੈ ਆਪੂ। ਅਪਨੇ ਜਨਮ ਨ ਕੀਨਾ ਪਾਪੂ।*
*ਉਨ ਕੇ ਨਾਮ ਲੇਤ ਜੋ ਰਹਈ। ਤਾਂ ਤੇ ਜਰਾ ਰੋਗ ਨ ਰਹਈ।*
*ਚਾਰ ਮੀਤ ਬੈਠੇ ਇਕ ਸਾਥਾ। ਬੋਲਹਿ ਬਚਨ ਜੋਰ ਕੈ ਗਾਥਾ॥੩॥*

*ਸੋਰਠਾ (ਚੌਥਾ)*

*ਅਬੂ ਬਕਰ ਉਮਰ ਉਸੁਮਾਨ ਔ ਚੌਥੇ ਅਲੀ ਸੁਜਾਨ।*
*ਗੁਨੀ ਕਥੈ ਕਹਿ ਗਿਆਨ ਜ਼ੋਰ ਕਥਾ ਮੁਖ ਬਾਚਈ॥੪॥*

*ਚਉਪਈ (ਪੰਜਵੀਂ)*

*ਗਉਸ ਕੁਤਬਕਾਦਰੀ ਕਹਾਇਓ। ਜਗ ਮੈ ਸੈਦ ਮਹੰਮਦੀ ਆਇਓ।*
*ਬੀਸ ਰਸੂਲ ਕੀਓ ਪ੍ਰਗਾਸਾ। ਪੂਰਵੈ ਨਾਮ ਲੇਤ ਜੋ ਆਸਾ।*
*ਮੀਰਾ ਨਾਮ ਸਕਲ ਗੁਣ ਰਟਈ। ਦੁਖ ਦਰਦ ਪਾਪ ਸਭ ਘਟਈ।*
*ਜੋ ਉਨਕੋ ਜਨ ਜਗਤ ਕਹਾਵੈ। ਨਿਰਭਉ ਰਹੈ ਸਦਾ ਫਲ ਪਾਵੈ।*
*ਜਨ ਆਲਮ ਨਿਹਚਾ ਕਰ ਜਾਨਾ। ਤਿਨਕੇ ਚਰਨ ਧੋਇ ਮਨਮਾਨਾ॥੫॥*

ਸੋਰਠਾ (ਛੇਵਾਂ)

*ਜੋ ਮਨ ਲਾਵਹਿ ਤਾਹਿ ਸੈਦ ਮਹੰਮਦੀ ਪੀਰ ਸੋ।*
*ਮਨ ਬਾਂਛਤ ਫਲ ਪਾਹਿ ਤੀਨ ਲੋਕ ਕੀ ਸੰਪ੍ਰਦਾ॥੬॥*

ਇਸ ਤੋਂ ਅਗੇ ਜੋ ਚੌਪਈ ਆਉਣੀ ਸੀ ਕੁਦਰਤੀ ਤੌਰ ਉਪਰ ਉਸ ਦਾ ਅੰਗ ਸੱਤਵਾਂ ਚਲਣਾ ਸੀ। ਪਰ ਗੁਰਮੁਖੀ ਕਿਤਾਬ ਵਿਚ ਅਗਲੇ ਛੰਦ ਨੂੰ ਅੰਕ ਤੀਜਾ ਫੇਰ ਨਵੇਂ ਸਿਰੇ ਤੋਂ ਦਿੱਤਾ ਹੈ ਤੇ ਉਸ ਤੋਂ ਅਗਲਾ ਸਿਲਸਿਲਾ ਮੁੜ ੪,੫,੬ ਦਾ ਟੋਰਿਆ ਹੈ। ਏਸ ਦਾ ਮਤਲਬ ਇਹ ਹੈ ਕਿ ਇਸ ਪੁਸਤਕ ਵਿਚ ਦੋ ਵੇਰ ਐਸੇ ਛੰਦ ਆਏ ਹਨ ਜਿਨ੍ਹਾਂ ਦਾ ਨੰਬਰ ੩,੪,੫,੬ ਹੈ। ਏਸ ਦੂਹਰੀ ਰਚਨਾ ਦੀ ਸਮਝ ਨਹੀਂ ਪਈ। ਜੋ ਹਿੰਦੀ ਦਾ ਨੁਸਖਾ ਸਾਡੇ ਪਾਸ ਹੈ ਉਸ ਵਿਚ ਇਹ ਗੱਲ ਨਹੀਂ ਹੈ। ਹਿੰਦੀ ਨੁਸਖੇ ਵਿਚ ਅੰਗ ਇਕ ਤੋਂ ਲੈਕੇ ਯਥਾ ਕ੍ਰਮ ਟੁਰਦੇ ਹਨ, ਉਸ ਵਿਚ ਕੋਈ ਐਸਾ ਛੰਦ ਨਹੀਂ ਜਿਸ ਨੂੰ ਦੋ ਵੇਰ ੩,੪,੫,੬ ਅੰਗ ਲਾਉਣੇ ਪਏ ਹੋਣ। ਉਸਦਾ ਅੰਗਾਂ ਦਾ ਸਿਲਸਿਲਾ ਅਭੰਗ ਹੈ। ਗੁਰਮੁਖੀ ਕਿਤਾਬ ਵਿਚ ਪ੍ਰਕਾਸ਼ਕ ਨੇ ਏਸ ਗੱਲ ਦੀ ਵਜ੍ਹਾ ਇਹ ਦੱਸੀ ਹੈ ਕਿ ਅਸਲ ਲਿਖਾਰੀ ਚਾਰ ਅੰਗ ਛਡ ਗਿਆ ਹੈ ਇਸ ਕਰਕੇ '੭' ਦੇ ਥਾਉਂ '੩' ਲਿਖੇ ਹਨ। ਮਤਲਬ ਇਹ ਕਿ ਜੇ ਇਹ ਛੰਦ ਅਟੁਟ ਸਿਲਸਿਲੇ ਵਾਰ ਟੁਰਦੇ ਤਾਂ ਅੰਗਾਂ ਦੀ ਗਿਣਤੀ ਹੋਰ ਹੋਣੀ ਸੀ, ਪਰ ਕੁਛ ਤਬਦੀਲੀ ਕਰਨੀ ਪਈ ਹੈ, ਜਿਸ ਲਈ ਸੱਤਵੇਂ ਛੰਦ ਨੂੰ ਸੱਤਵਾਂ ਨੰਬਰ ਨਾਂ ਦੇਕੇ ਮੁੜ '੩' ਅੰਕ ਤੋਂ ਸਿਲਸਿਲਾ ਟੋਰਿਆ ਹੈ। ਜੋ ਇਹ ਗੱਲ ਲਿਖੀ ਹੈ ਕਿ 'ਅਸਲ ਲਿਖਾਰੀ ਚਾਰ ਛੰਦ ਛਡ ਗਿਆ ਹੈ' ਇਸ ਨਾਲ ਅੰਕਾਂ ਦੀ ਪਈ ਅੜਾਉਣੀ ਖੁਲ੍ਹਦੀ ਨਹੀਂ, ਸਗੋਂ ਹੋਰ ਗੁੰਝਲਦਾਰ ਹੋ ਜਾਂਦੀ ਹੈ। ਇਹਨਾਂ ਦੂਹਰੇ ਨੰਬਰਾਂ ਦੀ ਕੇਵਲ ਇਕ ਤ੍ਰੀਕੇ ਨਾਲ ਸਮਝ ਆਉਂਦੀ ਹੈ, ਉਹ ਇਹ ਕਿ ਭਸੌੜ ਨਾਲ ਸੰਬੰਧਤ ਸੱਜਣ ਚਿਰ ਤੋਂ ਕਹਿ ਰਹੇ ਸਨ ਕਿ ਰਾਗਮਾਲਾ ਮਾਧਵਾਨਲ ਕਾਮਕੰਦਲਾ ਵਿਚ ਅੰਕ ੬੨ ਤੋਂ ਸ਼ੁਰੂ ਹੋਕੇ ਅੰਕ ੭੨ ਤੱਕ ਹੈ। ਇਹੋ ਗੱਲ ਉਹਨਾਂ ਪਿਛੋਂ 'ਰਾਗਮਾਲਾ ਦਰਪਨ' ਵਿਚ ਦੁਹਾਰਾਈ। ਇਹ ਹਵਾਲੇ ਤਦੇ ਠੀਕ ਰਹਿ ਸਕਦੇ ਸਨ, ਜੇ ਗੁਰਮੁਖੀ ਦੀ ਕਿਤਾਬ ਛਾਪਣ ਵੇਲੇ ਇਨ੍ਹਾਂ ਚਾਰ ਛੰਦਾਂ

ਨੂੰ ਅੰਕਾਂ ਦੇ ਚਲਦੇ ਸਿਲਸਿਲੇ ਵਿਚੋਂ ਕੱਢਕੇ ਇਹਨਾਂ ਉਪਰ 'ਫਾਲਤੂ' ਅੰਕ ਲਾਏ ਜਾਣ।

ਇਹ ਸਾਰੀ ਬਹਿਸ ਏਸ ਕਰਕੇ ਕਰਨੀ ਪਈ ਹੈ ਕਿ ਗੁਰਮੁਖੀ ਕਿਤਾਬ ਦੇ ਜੇ ਇਹ ਫਾਲਤੂ ਅੰਕਤ ਛੰਦ, ਅਰਥਾਤ ਪਹਿਲੇ ੩,੪,੫,੬ ਨਾ ਵਿਚਾਰੇ ਜਾਣ ਤਾਂ ਜੋਧ ਅਤੇ ਆਲਮ ਦਾ ਆਪਸ ਵਿਚ ਦਾ 'ਅਸਲ ਅਤੇ ਉਲਥੇ' ਦਾ ਪਰਸਪਰ ਸਿਲਸਿਲਾ ਟੁਟਦਾ ਨਹੀਂ, ਟੁਰਿਆ ਰਹਿੰਦਾ ਹੈ। ਪਰ ਜੇ ਇਨ੍ਹਾਂ ਛੰਦਾਂ ਨੂੰ ਐਥੇ ਵਿਚਾਰ ਵਿਚ ਲੈਣਾ ਹੈ ਤਾਂ ਇਹ ਮੰਨਣਾ ਪਵੇਗਾ ਕਿ ਇਹ ਛੰਦ ਐਸੇ ਹਨ ਜਿਨ੍ਹਾਂ ਦਾ ਮੂਲ ਜੋਧ ਕਵਿ ਵਿਚ ਨਹੀਂ ਹੈ।

ਅਸੀਂ ਪਿਛੇ ਕਹਿ ਆਏ ਹਾਂ ਕਿ ਆਲਮ ਦੀ ਪੁਸਤਕ ਵਿਚ ਤ੍ਰੈ ਤੱਤ ਮਿਲੇ ਹੋਏ ਹਨ। ਪਹਿਲੀ ਸ੍ਰੇਣੀ ਵਿਚ ਓਹ ਛੰਦ ਹਨ ਜੋ ਜੋਧ ਦੇ ਖਿਆਲਾਂ ਦਾ ਉਲਥਾ ਹੈ। ਦੂਜੀ ਸ੍ਰੇਣੀ ਵਿਚ ਓਹ ਛੰਦ ਹਨ ਜੋ ਉਸਦੀ ਆਪਣੀ ਬਣਾਉਟ ਹੈ, ਤੀਜੀ ਸ੍ਰੇਣੀ ਵਿਚ ਓਹ ਚੀਜ਼ਾਂ ਹਨ ਜੋ ਬਣੀਆਂ ਬਣਾਈਆਂ ਉਸ ਨੂੰ ਪ੍ਰਾਪਤ ਹੋਈਆਂ ਤੇ ਉਸ ਨੇ ਆਪਣੀ ਪੁਸਤਕ ਵਿਚ ਸ਼ਾਮਲ ਕਰ ਦਿਤੀਆਂ।

ਗੁਰਮੁਖੀ ਪੁਸਤਕ ਵਿਚ ਆਏ ਇਹ ਫਾਲਤੂ ਅੰਕਤ ਛੰਦ ਆਲਮ ਦੀ ਉਸ ਸ਼ਰੇਣੀ ਵਿਚ ਵੰਡੇ ਜਾਣਗੇ, ਜਿਸ ਵੰਡ ਦਾ ਅਧਿਕਾਰ ਉਸ ਦੀ ਆਪਣੀ ਬਨਾਉਟ ਉਪਰ ਹੈ।

ਇਹ ਚਾਰੇ ਛੰਦ ਅਸੀਂ ਉਪਰ ਦੇ ਆਏ ਹਾਂ। ਇਨ੍ਹਾਂ ਚੌਹਾਂ ਤੋਂ ਪਹਿਲੇ ਜੋ ਕੁਛ ਸੀ ਉਹ ਪਾਰਬ੍ਰਹਮ ਦਾ ਮੰਗਲ ਸੀ, ਜਿਸ ਦਾ ਅਸਲ ਜੋਧ ਵਿਚ ਹੈ, ਪਰ ਇਨ੍ਹਾਂ ਚੌਹਾਂ ਵਿਚ ਮੁਸਲਮਾਨੀ ਮਤ ਨੂੰ ਲੈਕੇ ਫੇਰ ਦੂਜੀ ਵੇਰ ਮੰਗਲ-ਉਚਾਰਣ ਹੈ। ਇਹ ਗਲ ਕਿਸੇ ਤਰ੍ਹਾਂ ਅਢੁੱਕਵੀਂ ਨਹੀਂ, ਜੇ ਆਲਮ ਦੇ ਜੀਵਨ ਨੂੰ ਨਜ਼ਰ ਵਿਚ ਲੀਤਾ ਜਾਵੇ। ਕੀ ਇਹ ਓਹੋ ਆਲਮ ਹੈ ਜੋ ਜਨਮ ਕਰਕੇ ਤਾਂ ਬ੍ਰਾਹਮਣ ਸੀ; ਪਰ ਪਿੱਛੋਂ ਇਕ ਮੁਸਲਮਾਨ ਜ਼ਨਾਨੀ, ਜਿਸ ਦਾ ਨਾਮ 'ਸ਼ੇਖ' ਸੀ ਤੇ ਜੋ ਆਪ ਵੀ ਕਵਿਤਾ ਕਰਦੀ ਹੁੰਦੀ ਸੀ, ਪਿਛੇ ਮੁਸਲਮਾਨ ਹੋ ਗਿਆ ਸੀ?

ਇਤਨੀ ਕੁ ਗਲ ਵਿਚ ਸਹਿਮਤ ਹੋਣ ਵਿਚ ਤਾਂ ਬਾਬੂ ਤੇਜਾ ਸਿੰਘ ਜੀ (ਭਸੌੜ) ਵੀ ਹਰਜ ਨਹੀਂ ਸਮਝਦੇ, ਜੇ ਇਹ ਮੰਨ ਲਿਆ ਜਾਵੇ ਕਿ

ਮਾਧਵਾਨਲ ਕਾਮਕੰਦਲਾ ਲਿਖਣ ਵਾਲਾ ਆਲਮ ਓਹੋ ਹੈ ਜੋ ਇਕ ਔਰਤ ਪਿਛੇ ਬ੍ਰਾਹਮਣ ਤੋਂ ਮੁਸਲਮਾਨ ਹੋਇਆ ਸੀ*।

ਏਸ ਆਲਮ ਅਤੇ ਉਸ ਦੀ ਵਹੁਟੀ 'ਸ਼ੇਖ' ਬਾਬਾਤ ਬਾਬੂ ਰਾਮ ਨਰੇਸ਼ ਤ੍ਰਿਪਾਠੀ ਜੀ ਲਿਖਦੇ ਹਨ:-

"ਆਲਮ ਔਰ ਸ਼ੇਖ ਕੀ ਕਵਿਤਾਓਂ ਕਾ ਏਕ ਸੰਗ੍ਰਹਿ 'ਆਲਮ ਕੇਲਿ' ਨਾਮ ਸੇ ਪ੍ਰਕਾਸ਼ਤ ਹੂਆ ਹੈ। ਇਸ ਕੇ ਸਿਵਾ 'ਮਾਧਵਾਨਲ ਕਾਮਕੰਦਲਾ' ਨਾਮਕ ਗ੍ਰੰਥ ਭੀ ਇਨ੍ਹੀਂ ਕਾ ਰਚਾ ਹੂਆ ਕਹਾ ਜਾਤਾ ਹੈ।"

ਸਾਨੂੰ ਬਹੁਤ ਸਾਰੇ ਪਾਸਿਓਂ ਇਹ ਸੁਤੰਤਰ ਗਵਾਹੀ ਮਿਲਦੀ ਹੈ ਕਿ 'ਮਾਧਵਾਨਲ ਕਾਮਕੰਦਲਾ' ਰਚਣ ਵਾਲਾ ਆਲਮ ਹਿੰਦੂਓਂ ਮੁਸਲਮਾਨ ਬਣਿਆ, ਸ਼ੇਖ਼ ਦੀ ਖ਼ਾਤਰ। ਸੋ ਇਨ੍ਹਾਂ ਚਾਰ ਛੰਦਾਂ ਵਿਚ ਜੋ ਇਸਲਾਮੀ ਸ਼ਕਲ ਦਾ ਮੰਗਲਾਚਰਣ ਹੈ ਉਹ ਆਲਮ ਦੀ ਜੀਵਨ ਘਟਨਾ ਨਾਲ ਕਿਸੇ ਤਰ੍ਹਾਂ ਅਢੁੱਕਵਾਂ ਨਹੀਂ।

ਪਰ ਕੀ ਇਹ ਕਿਸੇ ਗਲ ਨਾਲ ਅਢੁੱਕਵਾਂ ਹੈ? ਏਸ ਪੜਤਾਲ ਲਈ ਸਾਨੂੰ ਉਸਦੇ ਜ਼ਮਾਨੇ ਉਪਰ ਇਕ ਨਜ਼ਰ ਮਾਰਨੀ ਪਵੇਗੀ ਅਤੇ ਆਪਣੇ ਆਪ ਕੋਲੋਂ ਪੁੱਛਣਾ ਪਵੇਗਾ ਕਿ ਕੀ ਇਸ ਇਸਲਾਮੀ ਉਥਾਨਕਾ ਵਿਚ ਸਾਨੂੰ ਕੋਈ ਐਸੀ ਝਲਕ ਪ੍ਰਤੀਤ ਹੁੰਦੀ ਹੈ ਜੋ ਆਲਮ ਦੇ ਸਮੇਂ ਉਪਰ ਕੋਈ ਰੁਸ਼ਨਾਈ ਦੀ ਕਿਰਣ ਸੁੱਟੇ?

ਰਾਮ ਨਰੇਸ਼ ਜੀ ਤ੍ਰਿਪਾਠੀ ਨੇ ਲਿਖਿਆ ਹੈ ਕਿ:-

"ਯੇ 'ਆਲਮ' ਔਰੰਗਜ਼ੇਬ ਕੇ ਸਮੇਂ ਮੇਂ ਥੇ ਔਰ ਔਰੰਗਜ਼ੇਬ ਕੇ ਪੁੱਤਰ ਸ਼ਾਹਜ਼ਾਦਾ ਮੁਅੱਜ਼ਮ ਕੇ ਪਾਸ ਰਹਾ ਕਰਤੇ ਥੇ।"

ਅਗਰ ਇਹ ਗਲ ਮੰਨ ਲਈ ਜਾਏ ਕਿ ਆਲਮ ਦਾ ਸਮਾਂ ਔਰੰਗਜ਼ੇਬ ਵਾਲਾ ਸਮਾਂ ਹੈ ਤਾਂ ਰਾਗਮਾਲਾ ਦਾ ਸੁਆਲ ਆਪੇ ਹੱਲ ਹੋ

---

* "ਇਹ ਤਾਂ ਆਪ ਦੀ ਮੰਨੀ ਹੋਈ ਪੁਸਤਕ ਸ਼ਿਵ ਸਿੰਘ ਸਰੋਜ ਨੇ ਵੀ ਦੱਸਿਆ ਹੈ ਕਿ ਆਲਮ ਇਕ ਔਰਤ ਪਿਛੇ ਬ੍ਰਾਹਮਣ ਤੋਂ ਮੁਸਲਮਾਨ ਹੋਇਆ ਸੀ। ਹੈ ਵੀ ਸਚ, ਆਲਮ ਦੇ ਲਿਖਣ ਦਾ ਢੰਗ ਤੇ ਜ਼ਬਾਨ ਹਿੰਦੂ ਪੰਡਤਾਂ ਵਾਲੀ ਹੈ। ਪਾਰਬ੍ਰਹਮ ਰੱਬ ਦਾ ਨਾਉਂ ਹੈ ਜੋ ਸਭ ਮਜ਼੍ਹਬਾਂ ਦਾ ਸਾਂਝਾ ਹੈ। ਹਿੰਦੀ ਕਵਿਤਾ ਲਿਖਣ ਸਮੇਂ ਗਣੇਸ਼ ਨੂੰ ਮੱਥਾ ਟੇਕਣਾ ਬ੍ਰਾਹਮਣ ਮੁਸਲਮਾਲ ਲਈ ਕੋਈ ਵਡੀ ਗੱਲ ਨਹੀਂ।"

(ਰਾਗਮਾਲਾ ਖੰਡਨ ਕ੍ਰਿਤ ਬਾਬੂ ਤੇਜਾ ਸਿੰਘ, ਪੰਨਾ ੬੪)

ਜਾਂਦਾ ਹੈ। ਪਰ ਮੁਸ਼ਕਲ ਉਸ ਵੇਲੇ ਪੈਂਦੀ ਹੈ ਜਿਸ ਵੇਲੇ ਇਹ ਕਿਹਾ ਜਾਏ ਕਿ ਆਲਮ ਔਰੰਗਜ਼ੇਬ ਦੇ ਵੇਲੇ ਨਹੀਂ ਹੋਇਆ ਪਰੰਤੂ ਅਕਬਰ ਦੇ ਜ਼ਮਾਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਝਣ ਤੋਂ ਕੁਛ ਸਮਾਂ ਪਹਿਲੇ। ਕੀ ਅਸੀਂ ਏਸ ਸਵਾਲ ਨੂੰ ਏਸ ਨੁਕਤੇ ਤੋਂ ਦੇਖ ਸਕਦੇ ਹਾਂ ਕਿ ਏਸ ਕਿਸਮ ਦਾ ਮੁਸਲਮਾਨੀ ਮੰਗਲਾਚਰਣ ਕਿਸ ਜ਼ਮਾਨੇ ਵਿਚ ਜ਼ਿਆਦਾ ਪਰਵਿਰਤ ਹੋਣ ਦੀ ਸੰਭਾਵਨਾ ਹੈ? ਆਲਮ ਨੇ, ਜੇ ਇਹ ਚਾਰ ਛੰਦ ਜੋਧ ਕਵਿ ਦੇ ਉਲਥੇ ਦਾ ਸਿਲਸਿਲਾ ਭੰਗ ਕਰਕੇ ਪਾਏ ਤਾਂ ਇਸ ਦੇ ਹੇਠ ਵਜਹ ਲੱਭਣੀ ਕੋਈ ਅਪ੍ਰਸੰਗਕ ਗਲ ਨਹੀਂ। ਕੀ ਅਕਬਰ ਦਾ ਜ਼ਮਾਨਾ ਐਸਾ ਸੀ ਜੋ ਇਸਲਾਮ ਦੀ ਏਸ ਵਡਿਆਈ ਦੀ ਮਜਬੂਰੀ ਪੈਦਾ ਕਰਦਾ ਸੀ ਜਾਂ ਔਰੰਗਜ਼ੇਬ ਦਾ?

ਅਕਬਰ ਦੇ ਜ਼ਮਾਨੇ ਵਿਚ ਜੋ ਮਜ਼ਹਬੀ ਹਵਾ ਚੱਲ ਰਹੀ ਸੀ ਉਸ ਦਾ ਰੁਖ਼ ਕੁਛ ਹੋਰ ਤਰ੍ਹਾਂ ਦਾ ਸੀ। ਉਸ ਨੇ ਲੋਕਾਂ ਦਾ ਮੂੰਹ ਮੱਕੇ ਵਲੋਂ ਮੋੜ ਦਿਤਾ ਸੀ ਤੇ ਆਮ ਜਨਤਾ ਪੱਛਮ ਵਲ ਪਿੱਠ ਕਰਕੇ ਪੂਰਬ ਮੁਖੀ ਹੋ ਗਈ ਸੀ।

ਅੰਗ੍ਰੇਜ਼ ਇਤਿਹਾਸਕਾਰਾਂ ਨੇ ਤਾਂ ਇਥੋਂ ਤਕ ਲਿਖਿਆ ਹੈ ਕਿ ਅਕਬਰ ਦੇ ਵੇਲੇ ਮਸਜਿਦਾਂ ਢਾਹੁਣੀਆਂ ਸ਼ੁਰੂ ਹੋ ਗਈਆਂ ਸਨ[੧] ਤੇ ਇਸ ਗਲ ਦੀ ਮਨਾਹੀ ਹੋ ਗਈ ਸੀ ਕਿ ਕੋਈ ਆਦਮੀ ਆਪਣੇ ਨਾਮ ਨਾਲ ਲਫਜ਼ 'ਮੁਹੰਮਦ' ਜਾਂ 'ਅਲੀ' ਨਾ ਵਰਤੇ[੨]। ਪਰ ਮੁਸਲਮਾਨ ਲੇਖਕ ਜਿਸ ਹੱਦ ਤੱਕ ਜਾਂਦੇ ਹਨ ਉਹ ਘੱਟ ਨਹੀਂ। ਏਸ ਗਲ ਲਈ ਸ਼ਮਸ-ਉਲ-ਉਲਮਾ, ਮੌਲਵੀ ਮੁਹੰਮਦ ਹੁਸੈਨ 'ਆਜ਼ਾਦ' ਦੇ ਖਿਆਲ 'ਦਰਬਾਰ ਅਕਬਰੀ' ਵਿਚ ਦਿੱਤੇ ਹੋਏ, ਏਹ ਹਨ:-

"ਸ਼ੇਖ ਮੁਬਾਰਕ ਦੀ ਰਾਇ ਨਾਲ ਇਹ ਸਲਾਹ ਠਹਿਰੀ ਕਿ ਕੁਝ ਵਿਦਵਾਨਾਂ ਨੂੰ ਸ਼ਾਮਲ ਕਰਕੇ ਆਇਤਾਂ ਤੇ ਰਵਾਇਤਾਂ ਦੀ ਉਗਾਹੀ ਨਾਲ ਇਕ ਲਿਖਤ ਲਿਖੀ ਜਾਵੇ, ਜਿਸ ਦਾ ਭਾਵ ਇਹ ਹੋਵੇ ਕਿ ਆਦਲ ਬਾਦਸ਼ਾਹ ਨੂੰ ਇਹ ਜਾਇਜ਼ ਹੈ ਕਿ ਕਿਸੇ ਮਸਲੇ ਦੇ ਫਰਕ ਵੇਲੇ ਆਪਣੀ ਰਾਇ ਅਨੁਸਾਰ ਪੱਖ ਧਾਰਨ ਕਰੇ, ਜੋ ਉਸ ਨੂੰ ਸਮੇਂ

---

੧. ਦੇਖੋ V. Smith, akbar.

੨. ਦੇਖੋ Historian's History of the World.

ਅਨੁਸਾਰ ਮੁਨਾਸਿਬ ਜਾਪੇ। ਉਸ ਦੀ ਤਜਵੀਜ਼ ਨੂੰ ਵਿਦਵਾਨਾਂ ਤੇ ਦੀਨ ਦੇ ਪੰਡਤਾਂ ਦੀ ਰਾਇ ਨਾਲੋਂ ਵਿਸ਼ੇਸ਼ਤਾ ਹੋ ਸਕਦੀ ਹੈ।" (ਪੰ:੪੮)

"ਇਸ ਮੇਜਰ ਨਾਮੇ ਦੇ ਬਣਦਿਆਂ ਹੀ ਦੌਲਤ ਪ੍ਰਸਤ ਆਲਮਾਂ ਦੇ ਘਰਾਂ ਵਿਚ ਸੋਗ ਪੈ ਗਏ। ਮਸੀਤਾਂ ਵਿਚ ਬੈਠੇ ਸਨ, ਤਸਬੀਆਂ ਹਥਾਂ ਵਿਚ ਸਨ ਤੇ ਮੂੰਹ ਤੋਂ ਨਿਕਲਦਾ ਸੀ: ਬਾਦਸ਼ਾਹ ਕਾਫਰ ਹੋ ਗਿਆ।" (ਪੰਨਾ ੪੯)

> ***"ਕਬਰਸਤਾਨ, ਜੋ ਸ਼ਹਿਰ ਦੇ ਬਾਹਰ ਬਣਿਆ ਉਹ ਬੀ ਪੂਰਬ ਨੂੰ ਮੂੰਹ ਵਾਲਾ, ਤਾਕਿ ਸੂਰਜ ਦੇਵਤਾ ਦੀ ਬਜ਼ੁਰਗੀ ਨਾ ਲਾਂਭੇ ਰਹਿ ਜਾਏ।"***
> *(ਪੰਨਾ ੬੦)*

"ਸੂਰਜ ਰੱਬ ਦੀ ਮੁਕੰਮਲ ਮਿਹਰ ਹੈ, ਸਬਜ਼ੀਆਂ ਉਗਾਉਣ, ਅਨਾਜ ਪੈਦਾ ਕਰਨ, ਫੂਲ ਖੇੜਨੇ, ਫਲ ਪਕਾਉਣੇ, ਜਗ ਨੂੰ ਰੌਸ਼ਨ ਕਰਨਾ, ਦੁਨੀਆਂ ਦੇ ਬੰਦਿਆਂ ਦੇ ਜੀਵਨ ਨਾਲ ਸੰਬੰਧਤ ਹੈ। ਇਸ ਲਈ ਸਤਿਕਾਰ ਤੇ ਪੂਜਾ ਦੇ ਲਾਇਕ ਹੈ, ਇਸ ਦੇ ਉਦੇ ਹੋਣ ਵਲ ਮੂੰਹ ਕਰਨਾ ਚਾਹੀਏ ਨਾਂ ਕਿ ਇਸ ਦੇ ਡੁੱਬਣ ਵਾਲੇ ਪਾਸੇ ਵੱਲ।" (ਪੰਨਾ ੭੧)

"ਗੱਲ ਏਥੋਂ ਤਕ ਪੁੱਜ ਗਈ ਕਿ ਆਪਣੀ ਬਿਗਾਨੀ ਕੌਮ ਦਾ ਫਰਕ ਮੂਲੋਂ ਨਾਂ ਰਿਹਾ। ਫੌਜੀ ਤੇ ਮੁਲਕੀ ਅਹੁਦੇ ਤੁਰਕਾਂ ਦੇ ਬਰਾਬਰ ਹਿੰਦੂਆਂ ਨੂੰ ਮਿਲਣ ਲਗੇ। ਦਰਬਾਰ ਦੀ ਪੰਗਤ ਵਿਚ ਇਕ ਹਿੰਦੂ ਇਕ ਮੁਸਲਮਾਨ। ਦੋ ਮੁਸਲਮਾਨ, ਇਕ ਹਿੰਦੂ ਬਰਾਬਰ ਦਿੱਸਣ ਲੱਗੇ। ਰਾਜਪੂਤਾਂ ਦੀ ਮੁਹੱਬਤ ਤੇ ਉਨ੍ਹਾਂ ਦੀ ਹਰ ਗੱਲ ਸਗੋਂ ਰੀਤਾਂ ਰਸਮਾਂ ਤੇ ਲਿਬਾਸ ਭੀ ਅੱਖਾਂ ਨੂੰ ਚੰਗਾ ਲੱਗਣ ਲੱਗਾ। ਚੋਗੇ ਤੇ ਅਮਾਮੇ ਲਾਹਕੇ ਜਾਮਾ, ਖਿੜਕੀ ਦਾਰ ਪਗੜੀ ਧਾਰਨ ਕਰ ਲਈ। ਦਾੜ੍ਹੀ ਨੂੰ ਵਿਦਾ ਕਰ ਦਿਤਾ। ਤਖਤ ਤਾਜ ਛੱਡਕੇ ਸਿੰਘਾਸਣ ਤੇ ਬੈਠਣ ਤੇ ਹਾਥੀ ਪਰ ਚੜ੍ਹਨ ਲਗ ਗਿਆ। ਫਰਸ਼ ਫਰੂਸ਼ ਸਵਾਰੀਆਂ ਤੇ ਦਰਬਾਰ ਦੇ ਸਜਾਵਟ ਦੇ ਸਾਮਾਨ ਸਾਰੇ ਹਿੰਦੁਵਾਨੇ ਹੋਣ ਲਗੇ। ਹਿੰਦੂ ਤੇ ਹਿੰਦੁਸਤਾਨੀ ਲੋਕ ਹਰ ਵੇਲੇ ਸੇਵਾ ਵਿਚ ਹਾਜ਼ਰ। ਜਦ ਬਾਦਸ਼ਾਹ ਦਾ ਇਹ ਹਾਲ ਹੋਇਆ ਤਾਂ ਰੁਕਨ, ਅਮੀਰ, ਈਰਾਨੀ, ਤੂਰਾਨੀ, ਸਭ ਦਾ ਓਹੀ ਲਿਬਾਸ। ਪਾਨ ਦੇ

ਬੀੜੇ ਦਰਬਾਰ ਦਾ ਜ਼ਰੂਰੀ ਸ਼ਿੰਗਾਰ ਹੋ ਗਏ। ਤੁਰਕਾਂ ਦਾ ਦਰਬਾਰ ਇੰਦਰ ਸਭਾ ਦਾ ਤਮਾਸ਼ਾ ਸੀ।"

"ਨੌ ਰੋਜ਼ ਦਾ ਜਸ਼ਨ ਈਰਾਨ ਤੂਰਾਨ ਦੀ ਪੁਰਾਣੀ ਰਸਮ ਹੈ, ਪਰ ਉਸ ਨੇ ਹਿੰਦਵਾਨੀ ਰੀਤਾਂ ਰਸਮਾਂ ਦਾ ਰੰਗ ਦੇ ਕੇ ਇਸਨੂੰ ਵੀ ਹਿੰਦੂ ਬਨਾਯਾ। ਹਰ ਵਰ੍ਹੇ-ਗੰਢ ਪਰ ਜਸ਼ਨ ਹੁੰਦਾ ਸੀ, ਸੂਰਜ ਦੇ ਹਿਸਾਬ ਵੀ ਤੇ ਚੰਦ ਦੇ ਹਿਸਾਬ ਭੀ। ਇਨ੍ਹਾਂ ਵਿਚ ਤੁਲਾ ਦਾਨ ਕਰਦੇ ਸਨ, ਸੱਤ ਅਨਾਜ, ਸੱਤ ਧਾਤਾਂ ਆਦਿ ਨਾਲ ਤੁਲਦੇ ਸਨ। ਬ੍ਰਾਹਮਣ ਬੈਠਕੇ ਹਵਨ ਕਰਦੇ ਸੀ ਤੇ ਸਭ ਦੀਆਂ ਗੰਢਾਂ ਬੰਨ੍ਹ ਅਸੀਸਾਂ ਦੇਂਦੇ ਲੈਕੇ ਘਰ ਚਲੇ ਜਾਂਦੇ ਸਨ। ਦੁਸਹਿਰੇ ਨੂੰ ਆਉਂਦੇ, ਅਸੀਸਾਂ ਦੇਂਦੇ, ਪੂਜਾ ਕਰਵਾਉਂਦੇ, ਮੱਥੇ ਤੇ ਤਿਲਕ ਲਾਉਂਦੇ, ਜਵਾਹਰ ਤੇ ਮੋਤੀਆਂ ਦੀ ਰੱਖੜੀ ਹੱਥ ਵਿਚ ਬੰਨ੍ਹਦੇ।"

"ਗਾਂ ਦਾ ਗੋਸ਼ਤ, ਲਸਨ, ਪਿਆਜ਼ ਬਹੁਤ ਸਾਰੀਆਂ ਚੀਜ਼ਾਂ ਹਰਾਮ ਤੇ ਬਹੁਤ ਸਾਰੀਆਂ ਹਲਾਲ ਹੋ ਗਈਆਂ। ਹਰ ਰੋਜ਼ ਸਵੇਰੇ ਜਮਨਾ ਕਿਨਾਰੇ ਪੂਰਬ ਵਲ ਦੀਆਂ ਖਿੜਕੀਆਂ ਵਿਚ ਬੈਠਦੇ ਸਨ ਕਿ ਚੜ੍ਹਦੇ ਸੂਰਜ ਦੇ ਦਰਸ਼ਨ ਹੋਣ।" (ਪੰਨਾ ੬੩)

"ਗਾਂ ਦਾ ਗੋਸ਼ਤ ਹਰਾਮ ਕਰ ਦਿਤਾ ਤੇ ਤਾਕੀਦ ਨਾਲ ਕਹਿ ਦਿਤਾ ਕਿ ਜੋ ਗਾਂ ਮਾਰੇਗਾ ਮਾਰ ਦਿਤਾ ਜਾਏਗਾ।"

"ਅਗਨ ਕੁੰਡ ਮਹੱਲ ਦੇ ਕੋਲ ਬਨਵਾਇਆ ਤੇ ਹੁਕਮ ਸੀ ਕਿ ਕਦੇ ਅੱਗ ਨਾ ਬੁਝੇ, ਕਿਉਂਕਿ ਇਹ ਪਰਮੇਸ਼ਰ ਦੀ ਬਜ਼ੁਰਗੀ ਤੇ ਉਸਦੇ ਨੂਰਾਂ ਵਿਚੋਂ ਇਕ ਨੂਰ ਹੈ। ਸੰਨ ਜਲੂਸ ੨੫ ਵਿਚ ਬੇਝਿਜਕ ਅੱਗ ਨੂੰ ਸਿਜਦਾ ਕੀਤਾ। ਜਦ ਦੀਵਾ ਯਾ ਸ਼ਮਾ ਰੌਸ਼ਨ ਹੁੰਦੀ ਸਾਰੇ ਮੁਸਾਹਿਬ ਤੇ ਨਜੀਕੀ ਸਤਿਕਾਰ ਲਈ ਉਠ ਖੜੇ ਹੁੰਦੇ।" (ਪੰਨਾ ੬੬)

"ਸਤਜ ਅਭਿਲਾਖੀ ਬਾਦਸ਼ਾਹ ਪ੍ਰਘੂਤਮ ਬ੍ਰਾਹਮਨ ਨੂੰ (ਜੋ ਪਹਿਲੋਂ ਸਿੰਘਾਸਨ ਬਤੀਸੀ ਦਾ ਤਰਜਮਾ ਲਿਖਵਾਯਾ ਕਰਦਾ ਸੀ) ਬੁਲਾਕੇ ਪੁੱਛਦਾ ਗਿੱਛਦਾ। ਮੁੱਲਾਂ ਸਾਹਿਬ ਦੱਸਦੇ ਹਨ:- ਇਕ ਚੁਬਾਰਾ ਖਾਬਗਾਹ (ਸੌਣ ਦਾ ਕਮਰਾ) ਸਦਾਉਂਦਾ ਸੀ। ਆਪ ਉਸਦੀ ਖਿੜਕੀ ਵਿਚ ਬੈਠਦੇ ਤੇ ਇਕਾਂਤ ਵਿਚ ਦੇਵੀ ਬ੍ਰਾਹਮਣ ਨੂੰ (ਜੋ ਮਹਾਂ ਭਾਰਤ ਦਾ ਤਰਜਮਾ ਕਰਾਉਂਦਾ ਸੀ) ਮੰਜੇ ਉਤੇ ਬਿਠਾਉਂਦੇ ਤੇ ਮੰਜੇ ਨੂੰ ਰਸੀਆਂ ਪਾਕੇ

ਉਪਰ ਖਿੱਚ ਲੈਂਦੇ ਸੀ। ਉਹ ਵਿਚਕਾਰ ਹਵਾ ਵਿਚ ਹੁੰਦਾ ਸੀ ਤਾਂ ਜੋ ਨਾਂ ਜ਼ਮੀਨ ਤੇ ਹੋਵੇ ਤੇ ਨਾ ਅਸਮਾਨ ਤੇ। ਉਸ ਤੋਂ ਅਗਨੀ ਦੇ ਸੂਰਜ ਦੇ ਤੇ ਹੋਰ ਸਿਤਾਰੇ, ਦੇਵੀ ਦੇਵਤਾ, ਬ੍ਰਹਮਾਂ, ਮਹਾਂ ਦੇਵ, ਬਿਸ਼ਨੂ, ਕ੍ਰਿਸ਼ਨ, ਰਾਮ, ਮਹਾਂਮਾਈ ਆਦਿ ਦੀ ਪੂਜਾ ਦੇ ਤ੍ਰੀਕੇ ਤੇ ਉਨ੍ਹਾਂ ਦੇ ਮੰਤਰ ਸਿਖਦੇ ਤੇ ਉਨਾਂ ਦੇ ਮਸਲੇ ਤੇ ਕਹਾਣੀਆਂ ਸ਼ੌਕ ਨਾਲ ਸੁਣਦੇ।" (ਪੰਨਾ ੭੦)

ਇਹ ਤਾਂ ਅਕਬਰ ਦੇ ਜ਼ਮਾਨੇ ਦਾ ਹਾਲ ਹੈ, ਜੋ ਇਕ ਮੁਸਲਮਾਨ ਲੇਖਕ ਦੀ ਜ਼ੁਬਾਨੀ ਹੈ। ਔਰੰਗਜ਼ੇਬ ਦੇ ਜ਼ਮਾਨੇ ਬਾਬਤ ਪਾਠਕਾਂ ਦੀ ਵਾਕਫੀਅਤ ਕਰਾਉਣੀ ਇਕ ਵਾਧੂ ਗਲ ਹੈ। ਪਰ ਜੇ ਕੁਛ ਕਹਿਣਾ ਹੀ ਪਵੇ ਤਾਂ ਇਤਨਾ ਕਹਿਣਾ ਕਾਫੀ ਹੈ ਕਿ ਔਰੰਗਜ਼ੇਬ ਦਾ ਜ਼ਮਾਨਾ ਐਨ ਉਲਟ ਹੈ ਉਸ ਤਸਵੀਰ ਦੇ ਜੋ ਅਕਬਰ ਦੇ ਸਬੰਧ ਵਿਚ ਉਪਰ ਖਿੱਚੀ ਜਾ ਚੁਕੀ ਹੈ।

ਆਲਮ ਕੋਈ ਕੱਟੜ ਮੁਸਲਮਾਨ ਨਹੀਂ ਸੀ, ਉਸ ਨੂੰ ਨਿਕਾਹ ਜਾਇਜ਼ ਕਰਨ ਲਈ ਮੁਸਲਮਾਨੀ ਦੀਨ ਦਾ ਸਹਾਰਾ ਲੈਣਾ ਪਿਆ। ਨਾ ਹੀ ਉਸ ਦੀ ਵਹੁਟੀ 'ਸ਼ੇਖ' ਕੱਟੜਪੁਣੇ ਦੀ ਹਾਮੀ ਸੀ। ਦੋਨਾਂ ਦਾ ਜੋ ਆਪਸ ਵਿਚ ਪ੍ਰੇਮ ਸੀ ਉਸਨੇ ਵਿਆਹ ਦੀ ਮਜਬੂਰੀ ਕਰ ਦਿਤੀ ਸੀ। ਓਦੋਂ ਸਿਵਲ ਮੈਰਜ ਨਹੀਂ ਸੀ, ਨਾ ਹੀ ਕੋਈ ਐਸਾ ਤਰੀਕਾ ਸੀ ਕਿ ਇਕ ਮੁਸਲਮਾਣੀ ਹਿੰਦੂਆਨੀ ਬਣਕੇ ਕਿਸੇ ਬ੍ਰਾਹਮਣੀ ਤਰੀਕੇ ਉਪਰ ਵਿਧਿ ਪੂਰਬਕ ਵਿਆਹ ਕਰਾ ਸਕੇ। ਕੇਵਲ ਮੁਸਲਮਾਨ ਹੋ ਕੇ ਹੀ ਜਾਇਜ਼ ਨਕਾਹ ਹੋ ਸਕਦਾ ਸੀ। ਆਲਮ ਵਿਚ ਕੇਵਲ ਇਤਨਾ ਕੁ ਹੀ ਮੁਸਲਮਾਣੀ ਪੁਣਾ ਸੀ, ਜਿਸਦੀ ਮਜਬੂਰੀ ਪਰਸਪਰ ਪ੍ਰੇਮ ਲਹਿਰ ਨੇ ਪੈਦਾ ਕਰ ਦਿਤੀ ਸੀ।

ਸ੍ਰੀ ਜਜੋਤਿ ਪ੍ਰਸ਼ਾਦਿ ਮਿਸ਼ਰ ਨਿਰਮਲ ਜੀ ਆਲਮ ਅਤੇ ਸ਼ੇਖ ਦੇ ਸੰਬੰਧ ਬਾਬਤ ਲਿਖਦੇ ਹਨ:-

"ਆਲਮ ਅਤੇ ਸ਼ੇਖ ਦਾ ਸੰਬੰਧ ਪ੍ਰੇਮਮਯ ਸੀ। ਇਨ੍ਹਾਂ ਦੇ ਛੰਦਾਂ ਵਿਚ ਸਾਹਿਤਜ ਦੀ ਗੂੜ੍ਹੀ ਰਮਜ਼, ਸੱਚੀ ਕ੍ਰਿਸ਼ਨ ਭਗਤੀ ਅਤੇ ਅਨੂਠੀ ਝਲਕ ਦਾ ਪਤਾ ਮਿਲਦਾ ਹੈ। ਲੋਕ ਕਹਿੰਦੇ ਹਨ ਕਿ ਆਲਮ ਸ਼ੇਖ ਖ਼ਾਤਰ ਮੁਸਲਮਾਨ ਹੋ ਗਿਆ ਪਰੰਤੂ ਸਾਡੀ ਰਾਏ ਵਿਚ ਆਲਮ ਦੀ

ਸੁਸੰਗਤ ਪਾਕੇ 'ਸ਼ੇਖ' ਕ੍ਰਿਸ਼ਨ ਭਗਤੀ ਦੇ ਰੰਗ ਵਿਚ ਰੰਗੀਜਕੇ ਕ੍ਰਿਤਾਰਥ ਹੋ ਗਈ। ਸੱਚੇ ਕਵੀਆਂ ਦਾ ਕੋਈ ਧਰਮ ਨਹੀਂ ਹੁੰਦਾ। ਉਹ ਤਾਂ ਧਰਮ ਦੇ ਦਿਖਾਊ ਬੰਧਨਾਂ ਨੂੰ ਤੋੜ ਕੇ ਸੱਚੇ ਕੁਦਰਤੀ ਪ੍ਰੇਮ ਮਾਰਗ ਦੇ ਰਾਹੀ ਹੁੰਦੇ ਹਨ। ਸ਼ੇਖ (ਕਮਾਮ ਕਰਕੇ) ਸਿਰਫ ਕੱਪੜੇ ਰੰਗਣ ਵਾਲੀ ਲਿਲਾਰਨ ਨਹੀਂ ਸੀ, ਉਸਦਾ ਆਪਣਾ ਆਪਾ ਸੱਚੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਸੀ।"

ਇਹ ਗਲ ਹੁੰਦਿਆਂ ਹੋਇਆਂ ਜੇ ਆਲਮ ਨੂੰ ਇਕ ਉਲਥਾਵੀ ਕਿਤਾਬ ਵਿਚ ਵੀ ਮੁਹੰਮਦ ਸਾਹਿਬ ਅਤੇ ਉਸਦੇ ਚਾਰ ਯਾਰਾਂ ਅਤੇ ਗ਼ੌਸਾਂ ਅਤੇ ਕੁਤਬਾਂ ਦਾ ਮੰਗਲਾ ਚਰਨ ਕਰਨਾ ਪਿਆ ਤਾਂ ਉਹ ਔਰੰਗਜ਼ੇਬੀ ਮਜਬੂਰੀ ਹੇਠ ਨਿਸਬਤਨ ਜ਼ਿਆਦਾ ਢੁੱਕਵਾਂ ਲਗਦਾ ਹੈ ਨਾ ਕਿ ਅਕਬਰ ਦੇ ਸਮੇਂ ਵਿਚ, ਜਿਸ ਵੇਲੇ ਇਸਲਾਮੀ ਦਬਾਉ ਦੇ ਮਲਬੇ ਹੇਠੋਂ ਨਿਕਲ ਕੇ ਦੁਨੀਆਂ ਖੁਲ੍ਹੀ ਹਵਾ ਦਾ ਸਾਹ ਲੈਣ ਲਗ ਪਈ ਸੀ।

ਬਾਬੂ ਤੇਜਾ ਸਿੰਘ ਜੀ ਭਸੌੜ ਆਲਮ ਦੀ ਏਸ ਮੁਹੰਮਦੀ ਉਥਾਨਕਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨੁਕਤੇ ਤੋਂ ਇਤਨਾ ਭੈੜਾ* ਸਮਝਦੇ ਹਨ ਕਿ ਸਿਖਾਂ ਲਈ ਇਸਦਾ ਪਾਠ ਨਰਕ ਵਿਚ ਡੇਗਣ ਵਾਲਾ ਗਿਣਦੇ ਹਨ।

ਜਿਸ ਚੀਜ਼ ਦਾ ਪਾਠ ਬਾਬੂ ਤੇਜਾ ਸਿੰਘ ਨੂੰ ਬਹੈਸੀਅਤ ਇਕ ਸਿਖ ਦੇ ਇਤਨਾ ਰੜਕਵਾਂ ਲੱਗਦਾ ਹੈ ਉਸ ਚੀਜ ਦਾ ਲਿਖਣਾ ਆਲਮ ਵਰਗੇ ਕ੍ਰਿਸ਼ਨ ਭਗਤ ਨੂੰ ਕੋਈ ਘੱਟ ਚੋਭਵਾਂ ਨਹੀਂ ਹੋਣਾ ਤੇ ਜੇ ਉਸ ਦੇ ਲਿਖਣ ਵਿਚ ਕੋਈ ਸਮੇਂ ਦਾ ਭੇਦ ਛੁਪਿਆ ਹੋਇਆ ਹੈ ਤਾਂ ਇਹ ਭੇਤ ਆਪਣੀ ਸੂਚਨਾ ਦੀ ਉਂਗਲ ਉਸ ਸਮੇਂ ਵਲ ਸਿੱਧੀ ਕਰੇਗਾ ਜਿਸ ਜ਼ਮਾਨੇ ਵਿਚ ਹਕੂਮਤ ਦੀ ਮਜ਼ਹਬੀ ਤੰਗ-ਦਿਲੀ ਨੇ ਐਸੀਆਂ ਮਜਬੂਰੀਆਂ ਪੈਦਾ ਕਰ ਦਿਤੀਆਂ ਸਨ।

---

* ਬਾਬੂ ਤੇਜਾ ਸਿੰਘ ਜੀ ਦੇ ਲਫਜ਼, ਇਹ ਖਤਰਾ ਮਹਿਸੂਸ ਕਰਕੇ ਕਿ ਜੇ ਰਾਗਮਾਲਾ ਦੇ ਨਾਲ ਆਲਮ ਦੇ ਹੋਰ ਛੰਦ ਚੜ੍ਹ ਜਾਂਦੇ ਹਨ, ਇਹ ਹਨ:-

"ਹਜ਼ਰਤ ਮੁਹੰਮਦ ਸਾਹਿਬ ਤੇ ਆਲਮ ਦੇ ਆਪਣੇ ਉਸਤਾਦ ਸੈਦ ਮੁਹੰਮਦ ਕਾਦਰੀ ਦੇ ਬੇਸ਼ੁਮਾਰ ਜਸ ਇਸ ਕਿਤਾਬ ਦੁਆਰਾ ਗਾਕੇ ਪਤਾ ਨਹੀਂ ਸਿਖ ਕਿਹੜੇ ਰਸਾਤਲ ਨੂੰ ਜਾਂਦੇ ਅਰਥਾਤ ਆਪਣੇ ਪਵਿਤ੍ਰ ਧਰਮ ਤੋਂ ਪਤਿਤ ਹੁੰਦੇ।"

ਅਕਬਰ ਦੇ ਵੇਲੇ ਜੋ ਹੋਰ ਕਵੀ ਸਨ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਏਤਨੀ ਕੱਟੜ ਇਸਲਾਮੀ ਉਥਾਨਕਾ ਬੰਨ੍ਹਣ ਦੀ ਲੋੜ ਨਹੀਂ ਸੀ ਪੈਂਦੀ। ਜੋ ਜਨਮ ਦੇ ਮੁਸਲਮਾਨ ਸਨ ਤੇ ਗ੍ਰੰਥ ਰਚਨਹਾਰੇ ਸਨ ਉਹ ਸਾਰੇ ਏਸ ਪ੍ਰਭਾਵ ਤੋਂ ਵਿਮੁਕਤ ਸਨ। ਅਕਬਰ ਦੇ ਵੇਲੇ ਦੇ ਕਈ ਐਸੇ ਮੁਸਲਮਾਨ ਕਵੀਆਂ ਦੇ ਨਾਮ ਮਸ਼ਹੂਰ ਹਨ ਜਿਨ੍ਹਾਂ ਨੇ ਆਲਮ ਵਾਂਗਣ ਸੰਸਕ੍ਰਿਤ ਕਿਤਾਬਾਂ ਦੇ ਉਲਥੇ ਕੀਤੇ ਪਰ ਇਨ੍ਹਾਂ ਉਲਥਿਆਂ ਵਿਚ ਉਸ ਵਾਕੁਰ ਕਿਤੇ ਵੀ ਕੱਟੜ ਇਸਲਾਮੀ ਮੰਗਲਾਚਾਰ ਘੁਸੇੜਨ ਦੀ ਮਜ਼ਬੂਰੀ ਮਹਿਸੂਸ ਨਾ ਕੀਤੀ।

ਫੈਜ਼ੀ ਦੇ ਨਲ ਦਮਯੰਤੀ ਦਾ ਤਰਜਮਾ ਕੀਤਾ। ਹਾਜੀ ਇਬਰਾਹੀਮ ਨੇ ਅਥਰਵ ਵੇਦ ਨੂੰ ਉਲਥਾਇਆ। ਏਸ ਤਰ੍ਹਾਂ ਅਨੇਕਾਂ ਹੀ ਪੁਸਤਕਾਂ ਹਨ ਜੋ ਸੰਸਕ੍ਰਿਤ ਤੋਂ ਜਮਾਂਦਰੂ ਮੁਸਲਮਾਨਾਂ ਕੋਲੋਂ ਉਲਥਵਾਈਆਂ ਗਈਆਂ। ਰਾਜ ਤਰੰਗਣੀ, ਮਹਾਂਭਾਰਤ, ਰਾਮਾਇਣ, ਲੀਲਾਵਤੀ, ਤਾਜਕ, ਹਰਿਵੰਸ਼, ਆਦਿਕ ਬਥੇਰੀਆਂ ਐਸੀਆਂ ਮਿਸਾਲਾਂ ਹਨ। ਅਕਬਰ ਦਾ ਜ਼ਮਾਨਾ ਉਸ ਹਕੂਮਤੀ ਦਬਾਉ ਤੋਂ ਬਰੀ ਹੈ ਜੋ ਲਿਖਾਰੀਆਂ ਨੂੰ ਆਲਮ ਵਰਗੇ ਕੱਟੜਪੁਣੇ ਲਈ ਲਾਚਾਰ ਕਰਦਾ ਹੈ।

ਤਾਨਸੈਨ ਵੀ ਕਿਸੇ ਖਾਸ ਕਾਰਣ ਹਿੰਦੂਓਂ ਮੁਸਲਮਾਨ ਹੋਇਆ ਸੀ। ਉਸ ਦੇ ਸੰਗੀਤ ਦਰਬਾਰ ਦਾ ਮੰਗਲਾਚਰਨ, ਅਕਬਰ ਦੇ ਸਮੇਂ, ਬਸ ਇਤਨਾ ਕੁ ਹੀ ਹੁੰਦਾ ਸੀ:-

*ਤਖਤ ਬੈਠੋ ਮਹਾਂ ਲੀ ਈਸ਼ੁਰ ਹੋਇ ਅਵਤਾਰ।*
*ਦੇਸ਼ ਕੇ ਸੇਵਾ ਕਰਤ ਹੈਂ ਬਖਸ਼ਤ ਕੰਚਨ ਥਾਰ।*
*ਜੋਈ ਆਵਤ ਸੋਈ ਫਲ ਪਾਵਤ ਮਨ ਇਛਾ ਪੂਰਨ ਆਧਾਰ।*
*ਤਾਨਸੈਨ ਕਹੇ ਸ਼ਾਹ ਜਲਾਲਦੀਨ ਅਕਬਰ ਗੁਨੀ*
*ਜਨਨ ਕੇ ਕਾਜ ਕਰਨ ਕੋ ਕਿਯੋ ਅਵਤਾਰ।*

ਤਾਨਸੈਨ ਦਵਾਰਾ ਰਚਿਤ ਸੰਗੀਤ ਪੁਸਤਕ ਦਾ ਕਿਤਨਾ ਕੁ ਮੁਖਤਸਰ ਮੰਗਲਾਚਰਣ ਹੈ ਉਸ ਦਾ ਅੰਦਾਜ਼ਾ ਪਾਠਕ ਤਾਨਸੈਨ ਦੀਆਂ ਹੇਠਲੀਆਂ ਤੁਕਾਂ ਤੋਂ ਲਗਾ ਲੈਣ:-

*ਸੁਰ ਮੁਨਿ ਕੋ ਪਰਨਾਮ ਕਰ ਸੁਗਮ ਕਰੋਂ ਸੰਗੀਤ।*
*ਤਾਨਸੈਨ ਵਾਗੀ ਸਰਸ ਜਾਨ ਗਾਨ ਕੀ ਪ੍ਰੀਤ।*
*ਦੇਖਜੋ ਸ਼ਿਵ ਮਤ, ਭਰਤ ਮਤ, ਹਨੂਮਾਨ ਮਤ ਜੋਇ।*
*ਕਹੇ ਸੰਗੀਤ ਵਿਚਾਰਕੇ ਤਾਨ ਸੈਨਿ ਮਤਿ ਸੋਇ।*

ਜੋਧ ਕਵੀ ਜੋ ਤਾਨਸੈਨ ਦਾ ਸਮਕਾਲੀ ਸੀ ਉਸ ਦਾ ਮੰਗਲ ਬੀ ਤਾਨਸੈਨ ਵਾਂਗ ਹੀ ਸੰਖੇਪ ਸੀ। ਆਲਮ ਦਾ ਇਤਨਾ ਲੰਮੇ ਚਉੜੇ ਵੇਰਵੇ ਸਹਿਤ ਮੁਹੰਮਦ ਸਾਹਿਬ, ਉਸਦੇਂ ਚਾਰ ਯਾਰ ਤੇਂ ਉਸ ਦੇ ਗਉਸਾਂ ਤੇ ਕੁਤਬਾਂ ਦਾ ਮੰਗਲ ਇਹ ਔਰੰਗਜ਼ੇਬੀ ਜ਼ਮਾਨੇ ਦਾ ਹੀ ਲਖਾਯਕ ਹੋ ਸਕਦਾ ਹੈ।

–o–

## ੩. ਆਲਮ ਦੀ ਭਸੌੜ ਐਡੀਸ਼ਨ ਵਿਚ ਗ਼ਲਤੀਆਂ

ਮੈਂ ਦੱਸ ਆਇਆ ਹਾਂ ਕਿ ਜੋ ਨੁਸਖਾ ਹਿੰਦੀ ਦਾ ਸਾਡੇ ਪਾਸ ਹੈ ਉਸ ਵਿਚ ਇਹ ਫਾਲਤੂ ਅੰਕਤ ਛੰਦ ਨਹੀਂ। ਨਾਂ ਹੀ ਇਹ ਛੰਦ ਉਸ ਪੋਥੀ ਵਿਚ ਸਨ ਜੋ ਮੈਕਾਲਫ ਸਾਹਿਬ ਦੇ ਸਾਹਮਣੇ ਪੇਸ਼ ਕੀਤੀ ਗਈ ਸੀ। ਮੈਕਾਲਫ ਵੀ ਦੱਸਦਾ ਹੈ ਕਿ 'ਰਾਗਮਾਲਾ' ਆਲਮ ਦੀ ਪੋਥੀ ਵਿਚ ਅੰਕ ੬੩ ਤੋਂ ੭੨ ਤਕ ਹੈ। ਮੈਕਾਲਫ ਦਾ ਇਹ ਹਵਾਲਾ ਅੰਕਾਂ ਦੇ ਲਿਹਾਜ ਨਾਲ ਗ਼ਲਤ ਹੋ ਜਾਣਾ ਸੀ ਜੇ ਭਸੌੜ ਦੀ ਗੁਰਮੁਖੀ ਪੋਥੀ ਇਨ੍ਹਾਂ ਛੰਦਾਂ ਉਪਰ ਫਾਲਤੂ ਅੰਕ ਨਾ ਲਾਉਂਦੀ। ਮੈਕਾਲਫ ਦੀ ਰਚਨਾ ਸੰਨ ੧੯੦੯ ਈਸਵੀ ਵਿਚ ਪ੍ਰਕਾਸ਼ਤ ਹੋਈ। ਭਸੌੜ ਵਾਲੀ ਪੁਸਤਕ ਦਾ ਸੰਨ ੧੯੧੭ ਈਸਵੀ ਦਿਤਾ ਹੈ।

ਮੇਰਾ ਮਤਲਬ ਇਹ ਹੈ ਕਿ ਜੇ ਮੈਕਾਲਫ ਨੂੰ ਦੱਸੀ ਗਈ ਪੋਥੀ ਵਿਚ ਇਹ ਛੰਦ ਹੁੰਦੇ ਤਾਂ ਮੈਕਾਲਫ ਦੇ ਅੰਕਾਂ ਦਾ ਹਵਾਲਾ ੬੩ ਤੋਂ ੭੨ ਦੀ ਬਜਾਏ ੬੭ ਤੋਂ ੭੮ ਹੁੰਦਾ। ਇਸ ਗੱਲ ਤੋਂ ਜੋ ਸਿੱਟੇ ਨਿਕਲਦੇ ਹਨ ਉਨ੍ਹਾਂ ਨੂੰ ਅਸੀਂ ਫੇਰ ਵੀਚਾਰ ਵਿਚ ਲਵਾਂਗੇ, ਹਾਲਾਂ ਇਤਨੀ ਗਲ ਦਰਜ ਕਰਨੀ ਚਾਹੁੰਦੇ ਹਾਂ ਕਿ ਆਲਮ ਦੀਆਂ ਕਈ ਪੋਥੀਆਂ ਨੇ ਮੁਹੰਮਦੀ ਉਥਾਨਕਾ ਦੇ ਛੰਦ ਨਹੀਂ ਦਿਤੇ। ਤੇ ਇਨ੍ਹਾਂ ਨੂੰ ਵਿਚਾਰ ਵਿਚ ਨਾ ਲੈਣ ਨਾਲ ਜੋਧ ਅਤੇ ਆਲਮ ਦੇ ਵਿਸ਼ਯ ਦਾ ਸ਼ੁਰੂ ਦਾ ਸਿਲਸਿਲਾ ਮਿਲਵਾਂ ਟੁਰ ਪੈਂਦਾ ਹੈ।

ਗੁਰਮੁਖੀ ਕਿਤਾਬ ਅਤੇ ਹਿੰਦੀ ਨੁਸਖੇ ਨੂੰ ਮੇਲਣ ਤੋਂ ਪਤਾ ਲਗਦਾ ਹੈ ਕਿ ਗੁਰਮੁਖੀ ਵਿਚ ਕਾਫੀ ਗ਼ਲਤੀਆਂ ਛਪੀਆਂ ਹਨ। ਲਫਜ਼ ਸਿਮ੍ਰਤਿ (ਸੁਮ੍ਰਿਤਿ) ਦੀ ਬਜਾਏ 'ਸੰਮਤ' ਛਪਿਆ ਹੈ, ਕੁਛ ਸਤਰਾਂ ਅੱਗੜ ਪਿੱਛੜ ਹੋ ਗਈਆਂ ਹਨ, ਜਿਨ੍ਹਾਂ ਤੋਂ ਕੋਈ ਅਰਥ ਨਹੀਂ ਟੁਰਦਾ ਸਗੋਂ ਅਨਰਥ ਭਾਸਣ ਲੱਗਦਾ ਹੈ, ਮਸਲਨ ਗੁਰਮੁਖੀ ਵਿਚ ਇਹ ਸਤਰਾਂ ਹਨ:-

*ਗ੍ਰਹਿਤ੍ਰਿਣ ਦੰਤ ਸ਼ਰਣਿ ਜੋਆਵਹਿ।*
*ਦੁਆਰੈ ਭੀ ਰਜਾਨ ਨਹੀ ਪਾਵਹਿ।*

ਇਸ ਦਾ ਅਰਥ ਇਹ ਲਗੇਗਾ: ਜੋ ਪੁਰਸ਼ ਮੂੰਹ ਵਿਚ ਘਾਹ ਲੈਕੇ (ਅਕਬਰ ਦੀ) ਸ਼ਰਨ ਆਉਂਦਾ ਹੈ ਉਸ ਨੂੰ ਸ਼ਰਨ ਨਹੀਂ ਮਿਲਦੀ, ਕਿਉਂਕਿ ਦਰਾਵਜੇ ਉਪਰ ਭੀੜ ਹੋਣ ਕਰਕੇ ਉਹ ਅੰਦਰ ਨਹੀਂ ਜਾ ਸਕਦਾ।

ਹਿੰਦੀ ਵਿਚ ਪਾਠ ਇੰਞ ਹੈ:-

***ਗਹਿਤ੍ਰਿਣ ਦੰਤ ਸ਼ਰਣ ਜੋ ਆਵੈ।***
***ਥਾਪੀਐ ਫੇਰ ਭੂਮਿ ਕੁਛ ਪਾਵੈ।***

ਇਹ ਪਾਠ ਸਾਰਥਕ ਹੈ, ਜੋ ਦੱਸਦਾ ਹੈ ਕਿ ਸ਼ਰਣ ਆਇਆਂ ਨਾਲ ਉਚਿਤ ਸਲੂਕ ਕੀਤਾ ਜਾਂਦਾ ਹੈ। ਸ਼ਰਣਾਗਤਾਂ ਨੂੰ ਮੁੜ ਕੁਛ ਜ਼ਮੀਨ ਮਿਲ ਜਾਂਦੀ ਹੈ ਤੇ ਉਹ ਰਾਜੇ ਥਾਪੇ ਜਾਂਦੇ ਹਨ।
ਫੇਰ ਗੁਰਮੁਖੀ ਵਿਚ ਪਾਠ ਹੈ:-

***ਇਕ ਛਿਨ ਰਾਜੁ ਬਿਧਾਤੇ ਕੀਨਾ।***
***ਕਤਹੂ ਦੂਰਜਨ ਰਹਿਓ ਨ ਚੀਨਾ।***

ਏਸ ਰੂਪ ਵਿਚ ਇਹ ਤੁਕਾਂ ਅਰਥਹੀਨ ਹਨ।

ਹਿੰਦੀ ਪਾਠ ਇੰਞ ਹੈ:-

***ਏਕ ਛਤ੍ਰ ਰਾਜ ਵਿਧਾਤਾ ਦੀਨਾ।***
***ਕਾਹੂ ਦੂਰਜਨ ਰਹਜੋ ਨ ਚੀਨਾ।***

ਇਹ ਅਕਬਰ ਬਾਬਤ ਹੈ, ਜਿਸ ਦੇ ਇਕ ਛਤਰ ਹੇਠ ਹਿੰਦੁਸਤਾਨ ਦਾ ਰਾਜ ਸੰਗਠਤ ਹੋ ਚੁਕਾ ਸੀ। ਮੁਲਕ ਦੇ ਟੁਕੜੇ ਨਹੀਂ ਰਹੇ, ਨਾ ਹੀ ਬਗ਼ਾਵਤ ਕਰਨ ਵਾਲੇ ਦੂਰਜਨ ਰਹੇ ਸਨ।

ਇਸ ਤਰ੍ਹਾਂ ਦੀਆਂ ਗ਼ਲਤੀਆਂ ਨਾਲ ਪੁਸਤਕ ਆਦਿ ਤੋਂ ਅੰਤ ਤਕ ਭਰਪੂਰ ਹੈ। ਇਹ ਗੱਲਾਂ ਏਸ ਕਰਕੇ ਦੱਸਣੀਆਂ ਪਈਆਂ ਹਨ ਕਿ

ਭਸੌੜ ਤੋਂ ਪ੍ਰਕਾਸ਼ਤ ਹੋਈ ਗੁਰਮੁਖੀ ਕਿਤਾਬ ਦੀ ਇਕ ਖਾਸ ਅਹਿਮੀਅਤ ਹੈ। ਇਸ ਨੇ ਸਿਖ ਜਨਤਾ ਵਿਚੋਂ ਕਈਆਂ ਦੇ ਈਮਾਨ ਹਿਲਾਏ ਤੇ ਏਸੇ ਪ੍ਰਚਾਰ ਹਿਤ ਹੀ ਇਹ ਛਾਪੀ ਗਈ। ਭਾਈ ਰਣਜੋਧ ਸਿੰਘ ਜੀ ਇਸ ਦੀ ਭੂਮਿਕਾ ਵਿਚ ਲਿਖਦੇ ਹਨ:-

"ਦਾਸ ਨੇ ਜਦ ਖਾਲਸਾ ਰਹਿਤ ਪ੍ਰਕਾਸ਼ ਸੰ: ੪੩੯ ਖਾ. (੧੯੪੬ ਬਿਕ੍ਰਮੀ) ਵਿਚ ਪੜ੍ਹੀ ਤਦੋਂ ਪਤਾ ਲਗਿਆ ਕਿ ਰਾਗਮਾਲਾ ਜ਼ਰੂਰ ਗੁਰਬਾਣੀ ਨਹੀਂ, ਜਿਸ ਦੇ ਅਨੇਕਾਂ ਸਬੂਤਾਂ ਵਿਚੋਂ ਇਕ ਪ੍ਰਤੱਖ ਸਬੂਤ ਇਸ ਮਾਧਵਾਨਲ ਪੁਸਤਕ ਵਿਚ ਰਾਗਮਾਲਾ ਦਾ ਹੋਣਾ ਦੱਸਿਆ ਸੀ। ਇਸ ਕਰਕੇ ਇਸ ਪੁਸਤਕ ਦੀ ਤਲਾਸ਼ ਕਰਕੇ ਆਪਣੇ ਚਿਤ ਦੇ ਭਰਮ ਨੂੰ ਦੂਰ ਕੀਤਾ ਸੀ, ਇਸ ਤੋਂ ਆਸ਼ਾ ਪੈਂਦੀ ਹੈ ਜੋ ਇਸ ਦੇ ਪੜ੍ਹਨ ਤੋਂ ਆਪ ਨੂੰ ਭੀ ਜ਼ਰੂਰ ਨਿਰਸੰਸੇ ਸਾਬਤ ਹੋ ਜਾਊ, ਜੋ ਇਹ ਰਾਗਮਾਲਾ ਗੁਰਬਾਣੀ ਨਹੀਂ।"

ਜੇ ਪੁਸਤਕ ਇਸ ਆਸ਼ੇ ਨੂੰ ਲੈਕੇ ਛਾਪੀ ਗਈ ਹੈ ਕਿ ਇਹ ਸਦੀਆਂ ਤੋਂ ਬੱਧੀ ਮਰਿਯਾਦਾ ਨੂੰ ਭੰਗ ਕਰਨ ਵਿਚ ਸਹਾਈ ਹੋਵੇ, ਉਸਦੀ ਦਰੁਸਤ ਨਕਲ ਕਰਵਾਈ ਤੇ ਛਪਵਾਈ ਉਪਰ ਜਿਤਨੀ ਮਿਹਨਤ ਦਰਕਾਰ ਸੀ ਉਹ ਇਸ ਵਿਚ ਨਹੀਂ ਵਰਤੀ ਗਈ। ਸ਼ੋਕ ਵਾਲੀ ਗੱਲ ਇਹ ਹੈ ਕਿ ਇਹ ਅਨਗਹਿਲੀ ਪੜ੍ਹਨ ਵਾਲਿਆਂ ਦੀ ਅਕਲ ਨਾਲ ਬੇਇਨਸਾਫੀ ਤੋਂ ਇਲਾਵਾ ਆਲਮ ਨਾਲ ਅਨਜਾਯ ਹੈ ਜੋ ਉਸ ਦੇ ਕਾਵਜ ਨੂੰ ਅਨਰਥਾਂ ਨਾਲ ਦੂਸ਼ਤ ਕਰਦਾ ਹੈ।

-o-

## ੪. ਆਲਮ ਦੇ ਅਨੁਵਾਦ ਹੋਣ ਬਾਬਤ ਭਾਈ ਕਾਹਨ ਸਿੰਘ ਜੀ ਦੀ ਰਾਏ

ਖੈਰ ਇਹ ਗੱਲ ਛੱਡ ਕੇ ਅਸੀਂ ਛੰਦ ੩,੪,੫,੬ ਆਦਿਕ ਦਾ ਪਾਠ ਹਿੰਦੀ ਨੁਸਖੇ ਨਾਲ ਸੋਧ ਕੇ ਅਤੇ ਉਨ੍ਹਾਂ ਸੱਜਣਾਂ ਕੋਲੋਂ ਖਿਮਾ ਮੰਗ ਕੇ, ਜਿਨ੍ਹਾਂ ਕੋਲ ਮੇਲਣ ਲਈ ਕੇਵਲ ਗੁਰਮੁਖੀ ਦੀ ਕਿਤਾਬ ਹੈ, ਹੇਠ ਦੇਂਦੇ ਹਾਂ:-

*ਚਉਪਈ (੩)*

*ਜਗਪਤਿ ਰਾਜ ਕੋਟ ਜਗੁ ਜੀਜੈ। ਸ਼ਾਹ ਜਲਾਲ ਛਤ੍ਰ ਪਤਿ ਦੀਜੈ।*
*ਦਿੱਲੀ ਪਤ ਅਕਬਰ ਸੁਲਤਾਨਾ। ਸਪਤ ਦੀਪ ਮਹਿ ਜਾਕੀ ਆਨਾ।*
*ਸਿਧਿ ਨ੍ਰਿਪਤਿ ਜਗ ਨਾਥ ਸੁਹੇਲਾ। ਆਪਨ ਗੁਰੂ ਜਗਤ ਸਮ ਚੇਲਾ।*
*ਪਰ ਭੂਮਿ ਪਯਾਨਾ ਜਬ ਕਰਈ। ਵਾਸ਼ਕ ਇੰਦ੍ਰ ਸਿੰਹਾਸਨ ਥਰਹਰਈ।*
*ਗਹਿ ਤ੍ਰਿਣ ਦੰਤ ਸ਼ਰਣ ਜੋ ਆਵੈ। ਥਾਪਿਏ ਫੇਰ ਭੂਮਿ ਕੁਛ ਪਾਵੈ।*

*ਦੋਹਿਰਾ (੪)*

*ਦੰਡ ਭਰਹਿ ਸੇਵਾ ਕਰਹਿ ਵਾਸੁਕ ਇੰਦਰ ਕੁਮੇਰ॥*
*ਗਨ ਗੰਧਰਵ ਕਿੱਨਰ ਸਕਲ ਯਛ ਰਹੇ ਹੋਇ ਚੇਰ॥੪॥*

*ਚਉਪਈ (੫)*

*ਦੇਸ਼ ਦੇਸ਼ ਕੇ ਭੂਪਤਿ ਆਵਹਿ। ਦ੍ਵਾਰੇ ਭੀਰ ਜਾਨ ਨਹੀ ਪਾਵਹਿ।*
*ਕੰਪਹਿ ਬਹੁਤ ਤ੍ਰਾਸ ਜਿਯ ਲੇਹੀ। ਲੋਕ ਕਛੂ ਪ੍ਰਤਿਹਾਰ ਨ ਦੇਹੀ।*
*ਏਕ ਛਤ੍ਰ ਰਾਜ ਵਿਧਾਤਾ ਦੀਨਾ। ਕਾਹੂੰ ਦੁਰਜਨ ਰਹਜੋ ਨ ਚੀਨਾ।*
*ਧਰਮ ਰੂਪ ਸਬ ਦੇਸ਼ ਸੁਹਾਵਾ। ਹਿੰਦੂ ਤੁਰਕ ਪੰਥ ਦੋਇ ਲਾਵਾ।*
*ਆਗੇ ਠਾਢੇ ਮਹਾ ਮਤਿ ਮੰਤ੍ਰੀ। ਨ੍ਰਿਪ ਰਾਜਾ ਟੋਡਰ ਮਲ ਛਤ੍ਰੀ।*

ਦੋਹਿਰਾ (੬)

ਜੋ ਮੰਤ੍ਰੀ ਬਿਕ੍ਰਮ ਭੋਜ ਕੋ ਮੰਤ੍ਰ ਕਰਤ ਅਰਥਾਯ॥
ਸੁਨਤ ਵੇਦ ਸੁਮਤਿ ਸਦਾ ਪੁੰਨਜ ਕਰਤ ਦਿਨ ਜਾਯ॥੬॥

ਚਉਪਈ (੭)

ਸੰਮਤੁ ਨਉ ਸੈ ਇਕਾਨਵੇ ਆਹੀ। ਕਰੌਂ ਕਥਾ ਅਬ ਬੋਲੋ ਤਾਹੀ।
ਕਰੋਂ ਬਾਤ ਸੁਨਹੋ ਸਭ ਲੋਗਾ। ਕਰੋਂ ਕਥਾ ਸਿੰਗਾਰ ਵਿਯੋਗਾ।
ਕਛੁ ਆਪਨ ਕਛੁ ਪਰਕ੍ਰਿਤ ਚੋਰੋਂ। ਯਥਾ ਸ਼ਕਤਿ ਕਰਿ ਅਛਰ ਜੋਰੋਂ।
ਸਰਵ ਸਿੰਗਾਰ ਵਿਰਹ ਕੀ ਰੀਤਾ। ਮਾਧੋ ਕਾਮਕੰਦਲਾ ਪ੍ਰੀਤਾ।
ਕਥਾ ਸੰਸਕ੍ਰਿਤ ਸੁਨਿ ਕਛੁ ਥੋਰੀ। ਭਾਖਾ ਬਾਂਧ ਚੌਪਈ ਜੋਰੀ।

ਦੋਹਿਰਾ (੮)

ਮਾਧਵਨਲ ਸਭ ਗੁਣ ਚਤੁਰ ਕਾਮਕੰਦਲਾ ਯੋਗ॥
ਕਰੋਂ ਕਥਾ ਆਲਮ ਸੁਮਤਿ ਉਤ੍ਪਤਿ ਵਿਰਹ ਵਿਯੋਗ॥੮॥

ਚੌਪਈ (੯)

ਪੁਹਪਾਵਤੀ ਨਗਰ ਇਕ ਸੁਨਾ। ਗੋਬਿੰਦ ਚੰਦੁ ਰਾਜਾ ਬਹੁ ਗੁਨਾ।
ਧਰਮ ਪੰਥ ਨਿੱਤ ਪਗੁ ਧਰਈ। ਪੁਹੁਮਿ ਪਵਿਤ੍ਰ ਪਾਪ ਨਹਿ ਕਰਈ।
ਤਾਪੈ ਰਹੈ ਸਦਾ ਸੁ ਤਜਾਗੀ। ਮਾਧੋਨਲ ਬ੍ਰਾਹਮਣ ਬੈਰਾਗੀ।
ਰਾਜਾ ਪਾਸ ਪ੍ਰਾਤ ਉਠਿ ਆਵੈ। ਲੈ ਤੁਲਸੀ ਦਲ ਦੇਵ ਪੁਜਾਵੈ।
ਦੇਵ ਪੂਜਿ ਵਿਪ੍ਰ ਘਰ ਆਵੈ। ਪ੍ਰਾਤਿ ਭਏ ਪੁਨਿ ਦੇਤ ਦਿਖਾਵੈ।

ਸੋਰਠਾ (੧੦)

ਬਾਚੇ ਬੇਦ ਪੁਰਾਨ ਨੌ ਵਜਾਕਰਨ ਬਖਾਨਈ॥
ਜੋਤਸ਼ ਆਗਮ ਜਾਨ ਸਾਮੁਦ੍ਰਿਕ ਸੰਗੀਤ ਸਭ॥੧੦॥

ਚੌਪਈ (੧੧)

ਪਰਮ ਪਵਿਤ੍ਰ ਸਕਲ ਗੁਣ ਭਰਜੋ॥
ਵਿਪ੍ਰ ਰੂਪ ਹੋਇ ਕਾਮ ਅਵਤਰਿਓ॥···੧੧

ਆਲਮ ਦੇ ਅਸਾਂ ਉਪਰ ਤਿੰਨ ਤੋਂ ਲੈਕੇ ਦਸ ਤਕ ਅੱਠ ਛੰਦ ਦਿੱਤੇ ਹਨ। ਇਨ੍ਹਾਂ ਅੱਠਾਂ ਛੰਦਾਂ ਵਿਚ ਜੋ ਵਰਣਨ ਹਨ ਉਹ ਇਹ ਹਨ:-

ਪਹਿਲੇ ਅਕਬਰ ਦੀ ਤਾਰੀਫ ਹੈ ਤੇ ਉਸ ਨੂੰ ਜੀਉਂਦੇ ਰਹਿਣ ਦੀ ਅਸੀਸ ਹੈ, ਫੇਰ ਵਿਚ ਵਿਚ ਉਸ ਦੀ ਹੋਰ ਵਡਿਆਈ ਹੈ। ਦੂਜੇ ਟੋਡਰ ਮਲ ਦਾ ਜ਼ਿਕਰ ਹੈ, ਤੀਜੇ ਸੰਮਤ ਹੈ, ਚੌਥੇ ਆਪਣੀ ਪੁਸਤਕ ਦੇ ਰਚਨ ਪ੍ਰਬੰਧ ਦਾ ਵੇਰਵਾ ਹੈ। ਪੰਜਵੇਂ ਪੁਹਪਾਵਤੀ ਨਗਰ ਦੇ ਰਾਜਾ ਗੋਬਿੰਦ ਚੰਦ ਦੇ ਰਾਜ ਵਿਚ ਮਾਧਵਾਨਲ ਬ੍ਰਾਹਮਣ ਦਾ ਹਾਲ ਸ਼ੁਰੂ ਹੁੰਦਾ ਹੈ। ਜਿਸ ਵੇਲੇ ਇਨ੍ਹਾਂ ਚੀਜ਼ਾਂ ਦਾ ਮੁਕਾਬਲਾ ਜੋਧ ਕਵਿ ਦੀ ਰਚਨਾ ਨਾਲ ਕਰਾਂਗੇ ਤਾਂ ਇਨ੍ਹਾਂ ਵਿਚੋਂ ਸਾਨੂੰ ਉਨ੍ਹਾਂ ਵਸਤਾਂ ਦੇ ਮੁਕਾਬਲੇ ਲਈ ਟਾਕਰੇ ਦਾ ਸਾਮਾਨ ਨਹੀਂ ਲੱਭੇਗਾ, ਜਿਨ੍ਹਾਂ ਦਾ ਤਅੱਲਕ ਆਲਮ ਦੀ ਨਿਜੀ ਹਸਤੀ ਨਾਲ ਹੈ, ਜੈਸਾ ਕਿ ਆਲਮ ਦੇ ਪੁਸਤਕ ਰਚਨ ਦੇ ਪ੍ਰਬੰਧ ਦਾ ਵੇਰਵਾ। ਸੋ ਅਸੀਂ ਉਹ ਸਤਰਾਂ ਮੁਕਾਬਲੇ ਵਿਚੋਂ ਕੱਢਕੇ ਵੱਖਰੀਆਂ ਵਿਚਾਰ ਲੈਂਦੇ ਹਾਂ, ਅਰਥਾਂ ਨੂੰ ਵਧੇਰੇ ਸਪਸ਼ਟ ਦੇਖਣ ਲਈ। ਆਲਮ ਨੇ ਕਿਹਾ ਹੈ:-

***ਕਛੁ ਆਪਨ ਕਛੁ ਪਰਕ੍ਰਿਤ ਚੋਰੋਂ।***
***ਯਥਾ ਸ਼ਕਤਿ ਕਰਿ ਅੱਛਰ ਜੋਰੋਂ।***

ਸ੍ਰੀ ਮਾਨ ਗਿਆਨੀ ਸ਼ੇਰ ਸਿੰਘ ਜੀ ਨੇ 'ਪਰਕ੍ਰਿਤ' ਲਫਜ਼ ਦੇ ਅਰਥ ਪ੍ਰਾਕ੍ਰਿਤ ਭਾਸ਼ਾ ਕੀਤੇ ਹਨ। ਉਹ ਕਹਿੰਦੇ ਹਨ 'ਆਲਮ ਦੇ ਪਰਕ੍ਰਿਤ ਲਿਖਣ ਤੋਂ ਭਾਵ ਪ੍ਰਾਕ੍ਰਿਤ ਹੈ। ਲਗ ਮਾਤ੍ਰ ਦੀ ਗਲਤੀ ਲਿਖਾਰੀ ਦੀ ਹੈ।' ਅਸੀਂ ਬਜ਼ੁਰਗ ਗਿਆਨੀ ਦੀ ਯਾਦ ਨੂੰ ਪਾਠਕਾਂ ਦੇ ਸਾਹਮਣੇ ਕਿਸੇ ਬੇਅਦਬੀ ਦੇ ਭਾਵ ਤੋਂ ਨਹੀਂ ਲਿਆ ਰਹੇ ਪਰੰਤੂ ਏਸ ਕਾਰਣ ਕਿ ਉਨ੍ਹਾਂ ਦੀ ਕਲਮ ਤੋਂ ਜੋ ਭੁਲੇਖਾ ਆਲਮ ਦੀ ਭਾਸ਼ਾ ਸੰਬੰਧੀ ਵਾਕਫੀਅਤ ਨਾਲ ਲਗਣਾ ਹੈ, ਇਸਦੀ ਇਸਲਾਹ ਹੋ ਜਾਵੇ।

ਗਿਆਨੀ ਜੀ ਕਹਿੰਦੇ ਹਨ:- "ਪ੍ਰਾਕ੍ਰਿਤ, ਇਹ ਆਲਮ ਸੰਸਕ੍ਰਿਤ ਨੂੰ ਆਖਦਾ ਹੈ।"* ਆਲਮ ਜੇ ਇਹ ਸੁਣੇ ਤਾਂ ਜ਼ਰੂਰ ਹੱਸੇ, ਉਹ ਤਾਂ

---

* ਗਿਆਨੀ ਸ਼ੇਰ ਸਿੰਘ ਜੀ ਦੇ ਹੀ ਇਨ੍ਹਾਂ ਅਰਥਾਂ ਦੀ ਪੁਸ਼ਟੀ ਬਾਬੂ ਤੇਜਾ ਸਿੰਘ ਜੀ ਨੇ ਕੀਤੀ ਹੈ। ਦੇਖੋ ਰਾਗਮਾਲਾ ਦਰਪਨ ਕ੍ਰਿਤ ਗਿਆਨੀ ਸ਼ੇਰ ਸਿੰਘ। ਤੀਜੀ ਵਾਰ, ਸਫਾ ੧੧੧ ਅਤੇ ਰਾਗਮਾਲਾ ਖੰਡਨ (ਬਾਬੂ ਤੇਜਾ ਸਿੰਘ), ਸਫਾ ੬੭।

ਇਤਨਾ ਸਪਸ਼ਟ ਕਰ ਗਿਆ ਹੈ ਕਿ 'ਪਰਕ੍ਰਿਤ' ਲਫਜ਼ ਨੂੰ 'ਆਪਣੀ' ਦੇ ਮੁਕਾਬਲੇ ਉਪਰ ਰਖ ਗਿਆ ਹੈ ਤੇ ਉਸ ਪਰਕ੍ਰਿਤ ਲੈਣ ਨੂੰ ਵੀ 'ਚੋਰੇ' ਦੇ ਲਫਜ਼ ਨਾਲ ਸੰਬੰਧਤ ਕਰ ਗਿਆ ਹੈ। ਭਸੌੜ ਦੀ ਪੋਥੀ ਨੇ ਪਾਠ 'ਚੋਰੇਂ' ਦੀ ਬਜਾਏ 'ਜੋਰੇ' ਦਿਤਾ ਹੈ, ਇਸ ਨਾਲ ਤੁਕ ਐਉਂ ਛਾਪੀ ਹੈ-

*ਕਛੁ ਆਪਨ ਕਛੁ ਪਰਕ੍ਰਿਤ ਜੋਰੇ।*
*ਜਥਾ ਸ਼ਕਤਿ ਕੇ ਅਛਰ ਜੋਰੇ।*
*(ਭਸੌੜ ਪੋਥੀ)*

ਅਸਾਂ ਇਹ ਤੁਕ ਹੋਰ ਨੁਸਖਿਆਂ ਨਾਲ ਵੀ ਮਿਲਾਈ ਹੈ। ਪਾਠ 'ਚੋਰੋ' ਹੀ ਸਿਧ ਹੁੰਦਾ ਹੈ। ਪੰਜਾਬ ਯੂਨੀਵਰਸਿਟੀ ਲਾਹੌਰ ਦੀਆਂ ਹਸਤ ਲਿਖਤਾਂ ਵਿਚ ਪਾਠ ਇਸ ਤਰ੍ਹਾਂ ਹਨ:-

*ਕਛੁ ਅਪਨੀ ਕਛੁ ਪਰ ਕੀ ਚੋਰੀ।*
*ਜਥਾ ਸ਼ਕਤਿ ਯਿਹ ਹੈ ਮਤਿ ਮੋਰੀ।*
*(ਖਰੜਾ ਨੰ: ੪੯੬)*

*ਕਛੂ ਆਪਨ ਕਛੂ ਪਰ ਕੀ ਚੋਰੀ।*
*ਜਥਾ ਸ਼ਕਤਿ ਕਰ ਅਛਰ ਜੋਰੀ।*
*(ਖਰੜਾ ਨੰ: ੬੬੯)*

*ਕਛੁ ਆਪਨ ਕਛੁ ਪਰਕ੍ਰਿਤ ਚੋਰੇ।*
*ਜਥਾ ਸਕਤਿ ਕਰ ਅੱਛਰ ਜੋਰੇ।*
*(ਖਰੜਾ ਨੰ: ੧੯੨੫)*

ਫੇਰ ਆਲਮ ਨੇ ਕਿਹਾ ਹੈ:-

*ਕਥਾ ਸੰਸਕ੍ਰਿਤ ਸੁਨਿ ਕੁਛ ਥੋਰੀ।*
*ਭਾਖਾ ਬਾਂਧਿ ਚੌਪਈ ਜੋਰੀ।*

ਇਨ੍ਹਾਂ ਤੁਕਾਂ ਵਿਚ ਵੀ ਅਰਥ ਭੇਦ ਹਨ। ਆਲਮ ਨੇ ਲਫਜ਼ 'ਸੁਨਿ' ਕਿਹਾ ਹੈ। ਸਾਡੇ ਇਕ ਵਿਦਵਾਨ ਖੋਜੀ ਨੇ ਇਸਦੇ ਅਰਥ ਇਹੋ ਹੀ ਕੱਢੇ ਹਨ ਕਿ ਮਾਧਵਾਨਲ ਕਾਮਕੰਦਲਾ ਲਿਖਣ ਵਾਲਾ ਆਲਮ

ਸੰਸਕ੍ਰਿਤ ਨਹੀਂ ਸੀ ਪੜ੍ਹਿਆ ਹੋਇਆ, ਉਸ ਨੇ ਸਿਰਫ ਸੰਸਕ੍ਰਿਤ* ਦੀ ਕਥਾ ਸੁਣੀ। ਏਸੇ ਯੁਕਤੀ ਨਾਲ ਜੇ ਹੁਣ ਅਸੀਂ ਆਲਮ ਦੀ ਏਸ ਤੁਕ ਦੇ ਅਰਥ ਲਾਈਏ ਕਿ-

*ਕਰਉ ਕਥਾ ਅਬ ਬੋਲਉ ਤਾਹੀ।*

ਤਦ ਕੀ ਨਤੀਜਾ ਪੱਲੇ ਪਏਗਾ? ਏਹੋ ਹੀ, ਕਿ ਆਲਮ ਲਿਖਣਾ ਨਹੀਂ ਸੀ ਜਾਣਦਾ, ਉਹ ਆਪਣੀ ਕਥਾ ਸਿਰਫ ਬੋਲ ਕੇ ਹੀ ਦੱਸਦਾ ਸੀ, ਲਿਖਕੇ ਨਹੀਂ।

ਫੇਰ ਏਸੇ ਯੁਕਤੀ ਨਾਲ ਆਲਮ ਦੇ ਇੰਨ੍ਹਾਂ ਲਫਜ਼ਾਂ; 'ਸੁਨਹੋ ਸਭ ਲੋਗਾ' ਦੇ ਅਰਥ ਵੀ ਏਹੋ ਹੋ ਜਾਣਗੇ ਕਿ ਉਸ ਦੀ ਕਥਾ ਨੂੰ ਲੋਕੋ ਪੜ੍ਹੋ ਨਾ, ਸਿਰਫ ਸੁਣੋ।

ਜਿਉਂ ਜਿਉਂ ਅਸੀਂ ਆਲਮ ਦੀ ਪੁਸਤਕ ਵਿਚਾਰਾਂਗੇ, ਸਾਡੇ ਏਸ ਕਿਸਮ ਦੇ ਸ਼ੰਕੇ ਘਟਦੇ ਜਾਣਗੇ, ਉਤਨਾ ਹੀ ਸਾਡਾ ਯਕੀਨ ਵਧਦਾ ਜਾਵੇਗਾ ਕਿ ਆਲਮ ਨੇ ਆਪਣੀ ਰਚਨਾ ਸੰਸਕ੍ਰਿਤ ਪੋਥੀ ਦੇ ਆਧਾਰ ਉਪਰ ਕੀਤੀ ਤੇ ਉਸੇ ਦੇ ਉਲਥੇ ਨੂੰ ਆਪਣੀ ਪੁਸਤਕ ਵਿਚ ਕੇਂਦ੍ਰਿਤ ਕੀਤਾ।

ਕਵਿ ਸੈਨਾਪਤਿ ਨੇ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਸੀ, ਸੰਸਕ੍ਰਿਤ ਦੇ ਇਕ ਨੀਤੀ ਸ਼ਾਸਤ੍ਰ ਦਾ ਤਰਜਮਾਂ ਕੀਤਾ ਸੀ ਤੇ ਆਪਣੇ ਅਨੁਵਾਦ ਬਾਬਤ ਕਿਹਾ ਸੀ:

*ਜਾ ਮਹਿ ਬੁਧਿ ਕੀ ਬ੍ਰਿਧ ਹੈ ਵਹ ਸ਼ਾਸਤ੍ਰ ਭਾਖਾ ਕਰੋਂ।*
*ਸਰਬਗਜ ਹੋਇ ਕਰ ਜੋ ਪੜ੍ਹੈ ਰਤਨ ਬਚਨ ਯਾਮੈ ਧਰੋਂ।*

ਇਨ੍ਹਾਂ ਤੁਕਾਂ ਦੇ ਅਰਥ ਬਾਬੂ ਤੇਜਾ ਸਿੰਘ ਜੀ (ਭਸੌੜ) ਨੇ ਇਹ ਕੀਤੇ ਹਨ- (ਕਵਿ ਸੈਨਾਪਤਿ ਕਹਿੰਦਾ ਹੈ) ਮੈਂ ਉਸ ਗ੍ਰੰਥ ਨੂੰ ਦੇਸੀ ਬੋਲੀ ਵਿਖੇ ਅਨੁਵਾਦ ਕਰਦਾ ਹਾਂ ਜਿਸ ਦੇ ਨਾਲ ਪੁਰਸ਼ਾਂ ਦੀ ਬੁਧਿ

---

* "ਪਹਿਲਾ ਆਲਮ ਜਨਮ ਦਾ ਮੁਸਲਮਾਨ ਹੋਣ ਕਰਕੇ ਸੰਸਕ੍ਰਿਤ ਦੀਆਂ ਪ੍ਰੇਮ ਕਹਾਣੀਆਂ ਨੂੰ ਸੁਣਕੇ ਆਪਣੇ ਲਫਜ਼ਾਂ ਵਿਚ ਬਿਆਨ ਕਰਦਾ ਹੁੰਦਾ ਸੀ।"
(ਸ: ਸ਼ਮਸ਼ੇਰ ਸਿੰਘ 'ਅਸ਼ੋਕ')

(ਅਕਲ) ਵਧ ਜਾਵੇ ਤੇ ਜੋ ਪੁਰਸ਼ ਇਸ ਨੂੰ ਪੜੇ ਉਹ ਸਭ ਕੁਝ ਜਾਨ ਜਾਏ ਕਿਉਂ ਜੋ ਬਚਨ ਰੂਪੀ ਰਤਨ ਮੈਂ ਇਸ ਵਿਖੇ ਧਰਦਾ ਹਾਂ*।

ਜਿਸ ਤਰ੍ਹਾਂ 'ਭਾਖਾ ਕਰੋਂ' ਤੋਂ ਮਤਲਬ ਏਥੇ 'ਅਨੁਵਾਦ' ਦਾ ਕੱਢਿਆ ਗਿਆ ਹੈ, ਏਸੇ ਤਰ੍ਹਾਂ ਸਾਨੂੰ ਆਲਮ ਦੀ ਮਾਧਵਾਨਲ ਕਾਮਕੰਦਲਾ ਦਾ ਮੁਤਾਲਿਆ ਬੀ ਏਸੇ ਨੁਕਤੇ ਵਲ ਲੈ ਜਾਏਗਾ ਕਿ ਆਲਮ ਇਕ ਹਜ਼ੂਰੀ ਕਵਿ ਨੇ ਮਾਧਵਾਨਲ ਕਾਮਕੰਦਲਾ ਦਾ ਸੰਸਕ੍ਰਿਤ ਤੋਂ ਅਨੁਵਾਦ ਕੀਤਾ ਤੇ ਜਿਸ ਲਈ ਉਹ ਕਹਿ ਰਿਹਾ ਹੈ:-

*ਕਥਾ ਸੰਸਕ੍ਰਿਤ ਸੁਣ ਕੁਛ ਥੋਰੀ।*
*ਭਾਖਾ ਬਾਂਧ ਚਉਪਈ ਜੋਰੀ।*

ਬਾਬੂ ਤੇਜਾ ਸਿੰਘ ਜੀ ਆਪਣੀ ਇਹ ਰਾਇ ਕਿ 'ਕਵਿ ਸੈਨਾਪਤਿ ਦੀ ਪੁਸਤਕ ਅਨੁਵਾਦ ਹੈ' ਆਲਮ ਉਪਰ ਨਾ ਘਟਾ ਸਕੇ। ਉਹ ਆਲਮ ਦੀ ਪੋਥੀ ਨੂੰ ਅਸਲ ਹੀ ਸਮਝਦੇ ਰਹੇ। ਪਰ ਇਸ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਉਪਰ ਨਹੀਂ। ਭਾਈ ਕਾਹਨ ਸਿੰਘ ਜੀ ਏਹੋ ਰਾਇ ਦੇ ਚੁਕੇ ਸਨ। ਭਾਈ ਕਾਹਨ ਸਿੰਘ ਜੀ ਨੇ ਗੁਰਮਤ ਸੁਧਾਕਰ ਦੀ ਪਹਿਲੀ ਐਡੀਸ਼ਨ ਵਿਚ ਲਿਖ ਦਿੱਤਾ ਸੀ ਕਿ "....ਆਲਮ ਕਵੀ ਨੇ ਮਾਧਵਾਨਲ ਕਾਮਕੰਦਲਾ ਗ੍ਰੰਥ ਭਾਸ਼ਾ ਕਵਿਤਾ ਮੇਂ ਲਿਖਾ ਹੈ।"

ਪਰ ਭਾਈ ਕਾਹਨ ਸਿੰਘ ਜੀ ਦੀ ਇਹ ਰਾਇ ਸੰਨ ੧੯੦੧ ਵਿਚ ਸੀ। ਜਿਸ ਸੰਨ ਵਿਚ ਗੁਰਮਤ ਸੁਧਾਕਰ ਪ੍ਰਕਾਸ਼ਤ ਹੋਇਆ। ਪਿਛੋਂ ਉਨ੍ਹਾਂ ਦੀ ਰਾਇ ਕੁਛ ਬਦਲ ਗਈ ਸੀ। ਸੰਨ ੧੯੩੦ ਵਿਚ ਉਨ੍ਹਾਂ ਨੂੰ ਯਕੀਨ ਹੋ ਗਿਆ ਸੀ ਕਿ ਆਲਮ ਦੀ ਰਚਨਾ ਅਨੁਵਾਦ ਹੈ। ਉਸ ਵੇਲੇ ਗਿਆਨੀ 'ਸਾਹਿਬ ਸਿੰਘ' ਜੀ ਧਮਧਾਣ ਵਾਲੇ ਆਪਣੀ ਪੁਸਤਕ 'ਰਾਗਮਾਲਾ ਪ੍ਰਬੋਧ ਅੰਕ ਦੋ', ਛਾਪ ਚੁਕੇ ਸਨ। ਭਾਈ ਕਾਹਨ ਸਿੰਘ ਜੀ ਨੇ ੧੯੩੦ ਈ: ਵਿਚ ਆਲਮ ਬਾਬਤ ਲਿਖਿਆ:-

"ਫਾਰਸੀ ਅਤੇ ਹਿੰਦੀ ਦਾ ਇਕ ਪ੍ਰਸਿੱਧ ਕਵੀ, ਜਿਸ ਨੇ ਸੰਨ ੯੯੧ ਹਿਜਰੀ ਵਿਚ ਮਾਧਵਾਨਲ ਸੰਗੀਤ ਦਾ ਬ੍ਰਿਜ ਭਾਸ਼ਾ ਵਿਚ ਉਲਥਾ (ਅਨੁਵਾਦ) ਕੀਤਾ।" (ਮਹਾਨ ਕੋਸ਼)

---

* ਦੇਖੋ ਨੀਤਿਸਾਰ ਸਟੀਕ, ਪੰਚ ਖਾਲਸਾ ਦੀਵਾਨ ਭਸੌੜ।

੨੯ ਸਾਲ ਏਸ ਗੱਲ ਵਿਚ ਖਰਚ ਹੋਏ ਭਾਈ ਕਾਹਨ ਸਿੰਘ ਜੀ ਨੂੰ ਏਸ ਨਤੀਜੇ ਉਪਰ ਪਹੁੰਚਦਿਆਂ ਕਿ ਆਲਮ ਦੀ ਕਿਤਾਬ ਅਨੁਵਾਦ ਹੈ। ਅਜੇ ਕੁਛ ਸਮਾਂ ਹੋਰ ਚਾਹੀਦਾ ਸੀ ਇਹ ਗੱਲ ਮੰਨਦਿਆਂ ਕਿ ਇਹ ਅਨੁਵਾਦ ਜੋਧ ਕਵੀ ਦੀ ਪੁਸਤਕ ਦਾ ਹੈ, ਜਿਸ ਦੀ ਰਚਨਾ ੯੯੧ ਹਿਜਰੀ ਵਿਚ ਹੋਈ, ਤੇ ਇਹ ਕਿ ਆਲਮ ਨੇ ਏਸੇ ਸੰਨ ਨੂੰ ਆਪਣੇ ਤਰਜਮੇ ਵਿਚ ਉਲਥਾਇਆ ਹੈ ਨਾਂ ਕਿ ਆਪਣੀ ਵਲੋਂ ਕੋਈ ਸੰਨ ਦਰਜ ਕੀਤਾ ਹੈ।

# ੫. ਭਾਈ ਕਾਹਨ ਸਿੰਘ ਜੀ ਦੀ ਖੋਜ

ਮੈਂ ਉਪਰ ਲਿਖ ਆਇਆ ਹਾਂ ਕਿ ੨੯ ਸਾਲ ਏਸ ਗਲ ਵਿਚ ਖਰਚ ਹੋਏ ਭਾਈ ਕਾਹਨ ਸਿੰਘ ਜੀ ਨੂੰ ਇਸ ਨਤੀਜੇ ਉਪਰ ਪਹੁੰਚਦਿਆਂ ਕਿ ਆਲਮ ਦੀ ਕਿਤਾਬ ਅਨੁਵਾਦ ਹੈ। ਮੈਂ ਆਪਣੇ ਮਜ਼ਮੂਨ ਦੀ ਲੜੀ ਦਾ ਸਿਲਸਿਲਾ ਅਗਾਂਹ ਚਲਾਉਣ ਤੋਂ ਪਹਿਲੇ ਇਹ ਮੁਨਾਸਬ ਸਮਝਦਾ ਹਾਂ ਕਿ ਇਸ ਵਿਸ਼ਯ ਨੂੰ ਜ਼ਿਆਦਾ ਸਪਸ਼ਟ ਕਰ ਦਿਆਂ, ਤਾਕਿ ਕਿਸੇ ਮੁਗ਼ਾਲਤੇ ਦੀ ਗੁੰਜਾਇਸ਼ ਨਾ ਰਹੇ। ਇਹ ਮੰਨੀ ਪ੍ਰਮੰਨੀ ਗਲ ਹੈ ਕਿ ਰਾਗਮਾਲਾ ਦੇ ਵਿਰੁੱਧ ਜੋ ਲੇਖ ਲਿਖੇ ਜਾ ਰਹੇ ਹਨ, ਉਹ ਸਾਰੇ ਦੇ ਸਾਰੇ ਉਸ ਕੇਂਦਰ ਉਪਰ ਘੁੰਮਦੇ ਹਨ, ਜੋ ਸ੍ਰੀ ਮਾਨ ਭਾਈ ਕਾਹਨ ਸਿੰਘ ਜੀ ਨੇ ਅਸਥਾਪਤ ਕੀਤਾ ਸੀ। ਭਾਈ ਸਾਹਿਬ ਦੇ ਇਹ ਲੇਖ ਸੰਨ ੧੯੦੧ ਤੋਂ ਸ਼ੁਰੂ ਹੁੰਦੇ ਹਨ, ਜਦ ਗੁਰਮਤ ਸੁਧਾਕਰ ਦੀ ਪਹਿਲੀ ਐਡੀਸ਼ਨ ਛਪੀ। ੧੯੦੧ ਤੋਂ ਲੈਕੇ ੧੯੩੦ ਤਕ ੨੯ ਸਾਲ ਹੁੰਦੇ ਹਨ। ਇਸ ਅਰਸੇ ਵਿਚ ਭਾਈ ਕਾਹਨ ਸਿੰਘ ਜੀ ਦੇ ਖਿਆਲਾਂ ਵਿਚ ਕੀ ਤਬਦੀਲੀ ਆਈ? ਇਹ ਆਪਣੇ ਆਪ ਵਿਚ ਇਕ ਦਿਲਚਸਪ ਵਿਸ਼ਯ ਹੈ। ਵਿਦਵਾਨਾਂ ਦੇ ਖਿਆਲ ਬਦਲਣੇ ਕੋਈ ਅਨੋਖੀ ਗਲ ਨਹੀਂ, ਅਨੋਖਾਪਨ ਕੇਵਲ ਉਸ ਤਰੀਕੇ ਵਿਚ ਹੈ ਜੋ ਬਦਲੇ ਹੋਏ ਖਿਆਲਾਂ ਨੂੰ ਪੇਸ਼ ਕਰਨ ਵਿਚ ਵਰਤਿਆ ਗਿਆ।

ਭਾਈ ਕਾਹਨ ਸਿੰਘ ਜੀ ਦੀ ਰਾਇ ਸ਼ੁਰੂ ਵਿਚ ਇਹ ਸੀ ਕਿ ਰਾਗਮਾਲਾ ਗੁਰਬਾਣੀ ਨਹੀਂ, ਪਰ ਇਸ ਲਈ ਜੋ ਪ੍ਰਮਾਣ ਲਿਟ੍ਰੇਚਰ ਵਿਚ ਮਿਲਦੇ ਸਨ ਉਨ੍ਹਾਂ ਵਿਚ ਅਧੂਰਾਪਨ ਸੀ, ਇਸ ਦੀ ਪੁਸ਼ਟੀ ਤਦੇ ਹੋ ਸਕਦੀ ਹੈ ਜੇ ਇਹ ਗਲ ਸਾਬਤ ਹੋ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ, ਜੋ ਕਰਤਾਰਪੁਰ ਵਿਚ ਹੈ, ਰਾਗਮਾਲਾ ਨਹੀਂ। ਏਸ ਫੈਕਟ (fact) ਦੀ ਖੋਜ ਵਿਚ ਉਨ੍ਹਾਂ ਨੂੰ ਸ੍ਰੀ ਕਰਤਾਰਪੁਰ ਵਾਲੀ ਬੀੜ ਵਿਚ ਕੀ ਲੱਭਾ? ਉਹ ਲਿਖਦੇ ਹਨ:-

ਮੈਂ ਬਹੈਸੀਅਤ ਖੋਜੀ ਦੇ ਉਨ੍ਹਾਂ ਭਾਈਆਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਐਸਾ ਕਰਨ ਤੋਂ ਸੰਕੋਚ ਕਰਨ, ਕਿਉਂਕਿ ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਮਾਲਾ ਦੇ ਖੰਡਨ ਦਾ ਇਕ ਵੱਜਰ ਰੂਪ ਪ੍ਰਮਾਣ ਹੈ।...ਕਰਤਾਰਪੁਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਦੇ ਅੰਤ ਇਹ ਲਿਖਿਆ ਗਿਆ ਹੈ: "ਸੰਮਤ ੧੬੬੧ ਮਿਤੀ ਭਾਦਰੋਂ ਵਦੀ ੧ ਪੋਥੀ ਲਿਖ ਪਹੁੰਚੇ। ਸਾਰੇ ਪਤਰੇ ਗੁਰੂ ਬਾਬੇ ਜੀ ਦੇ ੬੭੪"...ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੬੭੩ਵੇਂ ਪਤਰੇ ਪੁਰ ਮੁੰਦਾਵਣੀ ਹੈ ਅਰ ੬੭੪ਵਾਂ ਪਤਰਾ (ਜਿਸ ਪਰ ਅੰਗ ੬੭੪ ਮੌਜੂਦ ਹੈ) ਕੋਰਾ ਪਿਆ ਹੈ। ਇਸ ਤੋਂ ਸਾਫ ਪਾਇਆ ਜਾਂਦਾ ਹੈ ਕਿ ਗੁਰੂ ਬਾਬੇ ਦੇ ਸਾਰੇ ਪਤਰੇ ੬੭੪ ਦੀ ਗਿਣਤੀ ਤੋਂ ਬਾਹਰ ਜੋ ਕੁਛ ਹੈ ਉਹ ਗੁਰੂ ਬਾਬੇ ਦਾ ਅੰਗ ਨਹੀਂ। ਆਦਿ ਅੰਤ ਦੇ ਵਾਧੂ ਪੱਤਰਿਆਂ ਪਰ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਖੇ ਕੇਵਲ ਰਾਗਮਾਲਾ ਹੀ ਨਹੀਂ ਕਿੰਤੂ ਰਤਨਮਾਲਾ ਹੈ, ਰਾਹ ਮੁਕਾਮ ਦੀ ਸਾਖੀ ਹੈ ਅਰ ਐਸੇ ਲੇਖ ਭੀ ਹਨ- "ਸੰਮਤ ੧੬੫੫ ਜਹਾਂਗੀਰ ਬਾਦਸ਼ਾਹ ਨੇ ਗੁਰੂ ਅਰਜਨ ਜੀ ਨੂੰ ਰਕਬਾ ਕਰਤਾਰਪੁਰ ਦਿਤਾ ਧਰਮਸਾਲ ਨੂੰ ੮੯੬੪ ਘੁਮਾਂ, ਕਨਾਲ ੭, ਮਰਲੇ ੧੫॥"ਔਰ ਚਲਿਤ੍ਰ ਜੋਤੀ ਸਮਾਉਣ ਦਾ ਇਉਂ ਹੈ। ਇਨ੍ਹਾਂ ਵਾਧੂ ਪਤਰਿਆਂ ਵਿਚ ਨਿਰੰਜਨ ਰਾਇ ਜੀ ਦੀ (ਜੋ ਧੀਰਮਲ ਜੀ ਦੇ ਪੜੋਤੇ ਸੀ) ਬਹੁਤ ਮਹਿੰਮਾ ਗਾਈ ਹੈ, ਜਿਸ ਵਿਚ ਲਿਖਿਆ ਹੈ ਕਿ ਕਰਤਾਰਪੁਰ, ਹਰਗੋਬਿੰਦ ਪੁਰਾ, ਸੰਗਤ ਸਾਹਿਬ ਨਿਰੰਜਨ ਰਾਇ ਨੂੰ ਸਭ ਕੁਝ ਦਿਤਾ ਇਸ ਕਾ ਸਰੀਕ ਕੋਈ ਨਹੀਂ, ਮੇਰਾ ਵਰ।" ਇਸ ਤੋਂ ਛੁਟ ਅਨੇਕ ਤਾਰੀਖੀ ਬਾਤਾਂ ਭੀ ਹੈਨ, ਜਿਨ੍ਹਾਂ ਵਿਚੋਂ ਇਹ ਭੀ ਹੈ ਕਿ "੧੮੧੪ ਕਰਤਾਰਪੁਰ ਮੇਂ ਅੱਗ ਲਗੀ, ੧੮੮੮-ਫਾਗੁਨ ਮੇਂ ਰਣਜੀਤ ਸਿੰਘ ਕਰਤਾਰਪੁਰ ਆਇਆ।" ਇਤਿਆਦਿ ਅਨੇਕ ਪ੍ਰਕਰਣ ਹੈਨ ਜਿਨ੍ਹਾਂ ਦੀ ਏਥੇ ਲਿਖਣ ਦੀ ਲੋੜ ਨਹੀਂ।

ਭਾਈ ਕਾਹਨ ਸਿੰਘ ਜੀ ਨੇ ਕਰਤਾਰਪੁਰ ਵਾਲੀ ਬੀੜ ਬਾਬਤ ਬਹੁਤ ਸਾਰੀਆਂ ਗੱਲਾਂ ਲਿਖ ਦਿਤੀਆਂ, ਜਿਨ੍ਹਾਂ ਦੇ ਲਿਖਣ ਦੀ ਲੋੜ

ਨਹੀਂ ਸੀ। ਜਿਸ ਗੱਲ ਦੀ ਲੋੜ ਸੀ ਉਹ ਤਾਂ ਕੇਵਲ ਇਤਨੀ ਸੀ ਕਿ ਉਸ ਬੀੜ ਵਿਚ ਰਾਗਮਾਲਾ ਹੈ ਕਿ ਨਹੀਂ, ਜੇ ਹੈ ਤਾਂ ਕੀ ਇਹ ਉਸੇ ਦਸਤਖਤ ਵਿਚ ਹੈ ਜਿਸ ਵਿਚ ਰਾਗਮਾਲਾ ਤੋਂ ਪਹਿਲੇ ਪੱਤਰੇ ਲਿਖੇ ਹੋਏ ਹਨ? ਏਸ ਫੈਕਟ (fact) ਨੂੰ ਉਹ ਨਜ਼ਰ ਅੰਦਾਜ਼ ਕਰਦੇ ਹਨ ਤੇ ਕਹਿੰਦੇ ਹਨ ਕਿ ਰਾਗਮਾਲਾ ੯੭੪ ਪੰਨੇ ਉਪਰ ਨਹੀਂ, ਉਸ ਤੋਂ ਅਗਲੇ ਪੰਨੇ ਉਪਰ ਹੈ। ਕੀ ਉਹ ਆਦਮੀ, ਜੋ ਪੰਨਿਆਂ ਤਕ ਦੀ ਘੋਖ ਕਰਦਾ ਹੈ, ਉਸ ਦੀ ਨਜ਼ਰ ਤੋਂ ਇਹ ਗੱਲ ਉੱਕ ਸਕਦੀ ਸੀ ਕਿ ਰਾਗਮਾਲਾ ਦੀ ਲਿਖਾਈ ਦੇ ਦਸਖਤ ਬਾਕੀ ਬੀੜ ਦੀ ਲਿਖਾਈ ਨਾਲ ਮਿਲਦੇ ਹਨ ਕਿ ਨਹੀਂ? ਭਾਈ ਕਾਹਨ ਸਿੰਘ ਜੀ ਕਰਤਾਰਪੁਰ ਦੀ ਬੀੜ ਦੇ ਤਤਕਰੇ ਦਾ ਵੀ ਜ਼ਿਕਰ ਕਰਦੇ ਹਨ ਤੇ ਕਹਿੰਦੇ ਹਨ "ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਦੇ ਅੰਤ ਇਹ ਲਿਖਿਆ ਹੈ: "ਸੰਮਤ ੧੬੬੧ ਮਿਤੀ ਭਾਦਰੋਂ ਵਦੀ ੧ ਪੋਥੀ ਲਿਖ ਪਹੁੰਚੇ। ਸਾਰੇ ਪਤਰੇ ਗੁਰੂ ਬਾਬੇ ਜੀ ਦੇ ੯੭੪।" ਏਸ ਅੰਕ ਨਾਲ ਉਹ ਫੇਰ ਰਾਗਮਾਲਾ ਦਾ ਪੰਨਾ ਮਿਲਾਉਂਦੇਹਨ ਤੇ ਉਸ ਨੂੰ ਏਸ ੯੭੪ ਦੀ ਗਿਣਤੀ ਤੋਂ ਬਾਹਰ ਗਿਣਦੇ ਹਨ।

ਭਾਈ ਕਾਹਨ ਸਿੰਘ ਜੀ ਜੋ ਕੁਛ ਕਰਤਾਰਪੁਰ ਵਾਲੀ ਬੀੜ ਵਿਚ ਦੇਖਣ ਗਏ ਸਨ, ਉਹ ਸੀ ਰਾਗਮਾਲਾ ਦੇ ਦਸਖਤਾਂ ਬਾਬਤ ਪੜਤਾਲ, ਜਿਸ ਦਾ ਉਹ ਜ਼ਿਕਰ ਨਹੀਂ ਕਰਦੇ। ਕਿਉਂ?

ਰਾਗਮਾਲਾ ਕਿਨ੍ਹਾਂ ਦਸਖਤਾਂ ਵਿਚ ਹੈ? ਇਸ ਗੱਲ ਲਈ ਮੈਂ ਪਾਠਕਾਂ ਦਾ ਧਿਆਨ ਖਾਲਸਾ ਸਮਾਚਾਰ ਦੇ ਜਿਲਦ ੪੬, ਨੰ: ੪੯ ਦੇ ਪਰਚੇ ਵਲ ਦਿਵਾਉਂਦਾ ਹਾਂ, ਜਿਸ ਵਿਚ 'ਦਰਸ਼ਨ ਕਰ ਆਏ ਵਿਦਵਾਨ ਪੰਥ ਸੇਵਕਾਂ ਦੇ ਇਕ ਜਥੇ ਦਾ ਏਲਾਨ' ਹੈ। ਏਸ ਵਿਚ ਛਪਿਆ ਹੈ:-

ਅਸੀਂ ਹੇਠ ਲਿਖੇ ਪੰਥ ਦੇ ਦਾਸ ਅਜ ਦਿਨ ਸੋਮਵਾਰ ਤ੍ਰੀਕ ੧੦ ਸਤੰਬਰ ੧੯੪੫...ਨੂੰ ਕਰਤਾਰਪੁਰ ਪੁਜੇ!.. ..

"ਸਾਡੀ ਪੜਤਾਲ ਦਾ ਨਤੀਜਾ ਹੈ ਕਿ ਇਸ ਬੀੜ ਵਿਚ ਰਾਗਮਾਲਾ ੯੭੪ ਪੰਨੇ ਤੇ ਉਸੇ ਲਿਖਤ ਵਿਚ ਹੈ ਜਿਸ ਵਿਚ ਕਿ ਬਾਕੀ ਦੀ ਬਾਣੀ। ਕਾਗਜ਼ ਸਿਆਹੀ ਤੇ ਸਤਰਾਂ ਦੀ ਚਾਲ ਘੁੰਡੀਆਂ ਆਦਿ ਇਕੋ ਹੀ ਹਨ। ਇਸੇ ਤਰ੍ਹਾਂ ਤਤਕਰੇ ਵਿਚ ਵੀ ਰਾਗਮਾਲਾ ਉਸੇ ਲਿਖਤ ਤੇ ਸਿਆਹੀ ਵਿਚ ਹੈ ਤੇ ੯੭੪ ਪੰਨੇ ਤੇ ਦੱਸੀ ਹੈ।

"ਅਸੀਂ ਨਿਸਚਿਤ ਕਹਿੰਦੇ ਹਾਂ ਕਿ ਰਾਗਮਾਲਾ ਇਸ ਪਵਿੱਤ੍ਰ ਬੀੜ ਵਿਚ ਕਿਸੇ ਹੋਰ ਨੇ ਮਗਰੋਂ ਨਹੀਂ ਚਾੜ੍ਹੀ ਅਤੇ ਬੀੜ ਬੰਨ੍ਹਣ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਹੈ। ਵੇਰਵੇ ਨਾਲ ਰਪੋਟ ਫੇਰ ਪ੍ਰਕਾਸ਼ਤ ਕੀਤੀ ਜਾਵੇਗੀ। "ਅਸੀਂ ਹਾਂ ਗੁਰੂ ਪੰਥ ਦੇ ਦਾਸ:-

੧. ਮਾਨ ਸਿੰਘ ਬੀ.ਏ., ਐਲ.ਐਲ.ਬੀ., ਮੈਂਬਰ ਜੁਡੀਸ਼ਲ ਕਮੇਟੀ, ਫਰੀਦਕੋਟ।
੨. ਹੁਕਮ ਸਿੰਘ (ਸਰਦਾਰ ਸਾਹਿਬ) ਬੀ.ਏ., ਐਲ.ਐਲ.ਬੀ., ਰੀਟਾਇਰਡ ਡਿਸਟ੍ਰਿਕਟ ਐਂਡ ਸੈਸ਼ਨਜ਼ ਜੱਜ, ਅੰਮ੍ਰਿਤਸਰ।
੩. ਸੋਢੀ ਜਗਤ ਸਿੰਘ ਰੀਟਾਇਰਡ ਪੀ.ਈ.ਐਸ., ਅੰਡਰ ਸੈਕ੍ਰੇਟਰੀ ਚੀਫ ਖਾਲਸਾ ਦੀਵਾਨ, ਅੰਮ੍ਰਿਤਸਰ।
੪. ਹਰਿਮਿੰਦ੍ਰ ਸਿੰਘ ਬੀ.ਏ., ਕ੍ਰਿਸ਼ਨ ਨਗਰ, ਲਾਹੌਰ।
੫. ਮੇਹਰ ਸਿੰਘ 'ਰਵੇਲ' ਐਡੀਟਰ ਖਾਲਸਾ ਐਡਵੋਕੇਟ, ਅੰਮ੍ਰਿਤਸਰ।
੬. ਹਜ਼ੂਰਾ ਸਿੰਘ ਇੰਜੀਨੀਅਰ ਤੇ ਠੇਕੇਦਾਰ, ਅੰਮ੍ਰਿਤਸਰ।
੭. ਅਮਰ ਸਿੰਘ, ਇਨਸਪੈਕਟਰ ਕਨਸਾਲੀਡੇਸ਼ਨ ਆਫ ਲੈਂਡ ਐਂਡ ਹੋਲਡਿੰਗ, ਜਲੰਧਰ।
੮. ਮਹਾਂ ਸਿੰਘ ਗਜਾਨੀ, ਐਡੀਟਰ, ਖਾਲਸਾ ਸਮਾਚਾਰ, ਅੰਮ੍ਰਿਤਸਰ।"

ਉਪਰਲੇ ਏਲਾਨ ਵਿਚ ਦੋ ਗੱਲਾਂ ਹਨ: ਪਹਿਲੀ ਗੱਲ ਇਹ ਕਿ ਰਾਗਮਾਲਾ ਉਸੇ ਲਿਖਤ ਵਿਚ ਹੈ, ਜਿਸ ਵਿਚ ਬਾਕੀ ਦੀ ਬਾਣੀ; ਕਾਗਜ਼ ਸਿਆਹੀ ਤੇ ਸਤਰਾਂ ਦੀ ਚਾਲ, ਘੁੰਡੀਆਂ ਆਦਿ ਇਕੋ ਹੀ ਹਨ। ਦੂਜੀ ਗੱਲ ਇਹ ਕਿ ਰਾਗਮਾਲਾ ੯੭੪ ਪੰਨੇ ਉਪਰ ਮੌਜੂਦ ਹੈ।

ਭਾਈ ਕਾਹਨ ਸਿੰਘ ਜੀ ਨੇ ਸੰਨ ੧੯੧੮ ਵਿਚ ਜੋ ਬਿਆਨ ਪ੍ਰਕਾਸ਼ਤ ਕਰਵਾਇਆ ਉਸ ਵਿਚ ਰਾਗਮਾਲਾ ਦੇ ਦਸਖਤ ਇਕ ਹੋਣ ਜਾਂ ਨਾ ਹੋਣ ਦਾ ਕੋਈ ਜ਼ਿਕਰ ਨਹੀਂ ਕੀਤਾ, ਪਰ ਇਹ ਕਿਹਾ ਕਿ ਰਾਗਮਾਲਾ ੯੭੪ ਪੰਨੇ ਉਪਰ ਨਹੀਂ। ਇਸ ਦਾ ਨਿਰਣਯ ਕਿਸ ਤਰ੍ਹਾਂ ਹੋਵੇ? ਸਾਡੇ ਸਾਹਮਣੇ ਦੋ ਮੁਤਜ਼ਾਦ ਗੁਵਾਹੀਆਂ ਆ ਗਈਆਂ ਹਨ।

ਰਾਗਮਾਲਾ ਸੰਬੰਧੀ ਪੜਤਾਲ ਲਈ ਇਕ ਹੋਰ ਸਬ ਕਮੇਟੀ ੭ ਅਕਤੂਬਰ ੧੯੪੫ ਨੂੰ ਸ੍ਰੀ ਕਰਤਾਰਪੁਰ ਗਈ। ਇਹ ਸਬ ਕਮੇਟੀ ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਕ ਸਲਾਹਕਾਰ ਕਮੇਟੀ ਦੇ

ਅਧਿਕਾਰ ਨਾਲ ਘੱਲੀ ਗਈ। ਏਸ ਸਬ ਕਮੇਟੀ ਨੇ ਜੋ ਰੀਪੋਰਟ ਸ਼੍ਰੋਮਣੀ ਕਮੇਟੀ ਨੂੰ ਘੱਲੀ ਹੈ, ਉਸ ਵਿਚ ਉਹ ਢੰਗ ਬਿਆਨ ਕੀਤਾ ਗਿਆ ਹੈ, ਜਿਸ ਢੰਗ ਨਾਲ ਆਦਿ ਬੀੜ ਦੇ ਪੰਨਿਆਂ ਉਪਰ ਅੰਕ ਲਾਏ ਹੋਏ ਹਨ ਤੇ ਕਿਹਾ ਹੈ: "ਉਪਰ ਦੱਸੇ ਢੰਗ ਮੁਤਾਬਿਕ ਰਾਗਮਾਲਾ ਦਾ ਪੱਤਰਾ ਅੰਕ ਤਤਕਰੇ ਵਿਚ ੯੭੪ ਹੈ ਤੇ ਬੀੜ ਵਿਚ ਵੀ ਇਹ ਅੰਕ ੯੭੪ ਹੈ।" ਏਸ ਰੀਪੋਰਟ ਦੇ ਹੇਠਾਂ ਤਿੰਨ ਮੈਂਬਰਾਂ ਦੇ ਦਸਤਖਤ ਹਨ-

(੧) ਪ੍ਰਿੰਸੀਪਲ ਜੋਧ ਸਿੰਘ,

(੨) ਪ੍ਰੋਫੈਸਰ ਤੇਜਾ ਸਿੰਘ ਤੇ

(੩) ਪ੍ਰਿੰਸੀਪਲ ਗੰਗਾ ਸਿੰਘ।

ਜੋ ਲਫਜ਼ ਭਾਈ ਕਾਹਨ ਸਿੰਘ ਜੀ ਦੇ ਅਸਾਂ ਉਪਰ ਦਿੱਤੇ ਹਨ, ਉਹ ਉਨ੍ਹਾਂ ਦੇ ੨੩ ਜਨਵਰੀ ੧੯੧੮ ਦੇ ਪਰਚੇ 'ਪੰਥ ਸੇਵਕ' ਵਿਖੇ ਪ੍ਰਕਾਸ਼ਤ ਕਰਵਾਏ ਬਿਆਨ ਵਿਚੋਂ ਹਨ, ਤੇ ਰਾਗਮਾਲਾ ਦਰਪਨ (ਭਸੌੜ ੧੯੧੯) ਦੀ ਤੀਜੀ ਐਡੀਸ਼ਨ ਵਿਚ ਛਪੇ ਹੋਏ ਹਨ। ਤੇ ਜੀ.ਬੀ.ਸਿੰਘ ਦੀ ਪੁਸਤਕ ਪ੍ਰਾਚੀਨ ਬੀੜਾਂ (ਲਾਹੌਰ ੧੯੪੪) ਵਿਚ ਸਫਾ ੨੫੨ ਉਪਰ ਦਰਜ ਹਨ।

੧੯੦੧ ਤੋਂ ਲੈਕੇ ੧੯੨੨ ਤਕ ਪੂਰੇ ੨੧ ਵਰ੍ਹੇ ਭਾਈ ਕਾਹਨ ਸਿੰਘ ਜੀ, ਕਰਤਾਰਪੁਰ ਵਾਲੀ ਬੀੜ ਬਾਬਤ ਕਹਿੰਦੇ ਰਹੇ ਕਿ ਏਸ ਵਿਚ ਕਈ ਵਾਧੂ ਗੱਲਾਂ ਹਨ, ਯਥਾ-

"ਤਤਕਰੇ ਦੇ ਅੰਤ ਵਿਚ ਇਹ ਲਿਖਿਆ ਗਿਆ ਹੈ: "ਸੰਮਤ ੧੬੬੧ ਮਿਤੀ ਭਾਦਰੋਂ ਵਦੀ ੧ ਪੋਥੀ ਲਿਖ ਪਹੁੰਚੇ। ਸਾਰੇ ਪੱਤਰੇ ਗੁਰੂ ਬਾਬਾ ਜੀ ਦੇ ੯੭੪।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰੇਮਕ ਸਲਾਹਕਾਰ ਕਮੇਟੀ ਦੀ ੭ ਅਕਤੂਬਰ ੧੯੪੫ ਨੂੰ ਕਰਤਾਰਪੁਰ ਘੱਲੀ ਸਬ ਕਮੇਟੀ ਨੇ ਇਹ ਬਿਆਨ ਦਿੱਤਾ ਹੈ:-

"ਇਸ ਬੀੜ ਵਿਚ ਕਿਧਰੇ ਬੀ ਹੇਠ ਲਿਖੀਆਂ ਗੱਲਾਂ ਨਹੀਂ ਆਈਆਂ:-

(੧) ਗੁਰੂ ਬਾਬੇ ਦੇ ਕੁਲ ਪਤਰੇ ੯੭੪।
(੨) ਸਿਆਹੀ ਕੀ ਬਿਧਿ।
(੩) ਹਕੀਕਤ ਰਾਹ ਮੁਕਾਮ।
(੪) ਰਤਨ ਮਾਲਾ।
(੫) ਸਲੋਕ ਬਾਇ ਆਤਸ ਆਬ।
(੬) ਜਿਤ ਦਰ ਲਖ ਮੁਹੰਮਦਾ।"

ਕਮੇਟੀ ਦੀ ਰੀਪੋਟ ਨੇ ਭਾਈ ਕਾਹਨ ਸਿੰਘ ਦੇ ਦਿਤੇ ਫੈਕਟਸ ਦੀ ਤਰਦੀਦ ਕੀਤੀ ਹੈ। ਭਾਈ ਕਾਹਨ ਸਿੰਘ ਨੇ ਲਿਖਿਆ ਸੀ ਕਿ "ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਖੇ ਕੇਵਲ ਰਾਗਮਾਲਾ ਹੀ ਨਹੀਂ ਕਿੰਤੂ ਰਤਨਮਾਲਾ ਹੈ, ਰਾਹ ਮੁਕਾਮ ਕੀ ਸਾਖੀ ਹੈ...." ਪਰ ਇਹ ਚੀਜ਼ਾਂ ਉਪ੍ਰੋਕਤ ਕਮੇਟੀ ਨੂੰ ਨਾ ਲੱਭੀਆਂ। ਇਸ ਕਮੇਟੀ ਨੇ ਆਪਣਾ ਕੰਮ ਕਿਤਨੀ ਕੁ ਛਾਣ ਬੀਨ ਨਾਲ ਕੀਤਾ? ਇਸ ਦਾ ਪਤਾ ਉਨ੍ਹਾਂ ਦੀ ਆਪਣੀ ਲਿਖਤ ਤੋਂ ਹੀ ਲਗਦਾ ਹੈ। ਉਹ ਦੱਸਦੇ ਹਨ: "ਅਸੀਂ ਬਾਰਾਂ ਵਜੇ ਦੁਪਹਿਰ ਤੋਂ ਲੈਕੇ ਪੌਣੇ ਛੇ ਵਜੇ ਸ਼ਾਮ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੁਰਾਤਨ ਬੀੜ ਦੇ ਦਰਸ਼ਨ ਕਰਦੇ ਰਹੇ.....ਅਸੀਂ ਸਾਰੇ ਪੱਤਰੇ ਪਰਤ ਕੇ ਦੇਖੇ ਹਨ।"

ਜਿਸ ਵੇਲੇ ਕਮੇਟੀ ਦੇ ਬਿਆਨ ਵਿਚ ਅਸੀਂ ਇਹ ਗੱਲ ਪੜ੍ਹਦੇ ਹਾਂ ਕਿ "ਇਸ ਬੀੜ ਵਿਚ ਕਿਧਰੇ ਬੀ ਹੇਠ ਲਿਖੀਆਂ ਗੱਲਾਂ ਨਹੀਂ ਆਈਆਂ:- (੧) ਗੁਰੂ ਬਾਬੇ ਦੇ ਕੁਲ ਪਤਰੇ ੯੭੪, (੨) ਸਿਆਹੀ ਦੀ ਬਿਧਿ, (੩) ਹਕੀਕਤ ਰਾਹ ਮੁਕਾਮ, (੪) ਰਤਨ-ਮਾਲਾ, (੫) ਸਲੋਕ ਬਾਇ ਆਤਸ ਆਬ, (੬) ਜਿਤ ਦਰ ਲਖ ਮੁਹੰਮਦਾ।" ਉਸ ਵੇਲੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਜਿਹੜੀ ਗੱਲ ਉਥੇ ਹੈ ਹੀ ਨਹੀਂ ਉਸ ਦਾ ਜ਼ਿਕਰ ਕਰਨ ਦੀ ਏਸ ਸਬ ਕਮੇਟੀ ਨੂੰ ਕੀ ਲੋੜ ਪਈ ਸੀ? ਏਸ ਦਾ ਉੱਤਰ ਇਹੋ ਹੀ ਹੈ ਕਿ ਸਬ ਕਮੇਟੀ ਬੀੜ ਦੇ ਦਰਸ਼ਨ ਕਰਨ ਬਾਦ ਇਤਨੀ ਤਸੱਲੀ ਵਿਚ ਸੀ ਕਿ ਉਹ ਉਤਾਵਲੀ ਸੀ ਕਿ ਉਨ੍ਹਾਂ ਲੋਕਾਂ ਦਾ ਖੰਡਨ ਕੀਤਾ ਜਾਵੇ ਜਿਨ੍ਹਾਂ ਏਸ ਬੀੜ ਬਾਬਤ ਭੁਲੇਖੇ ਪਾਏ ਹੋਏ ਸਨ ਤੇ ਇਨ੍ਹਾਂ ਭੁਲੇਵਿਆਂ ਦੇ ਆਦਿ ਕਰਤਾ ਭਾਈ ਕਾਹਨ

ਸਿੰਘ ਜੀ ਸਨ। ਕਮੇਟੀ ਦੀ ਰੀਪੋਰਟ ਵਿਚ ਇਨ੍ਹਾਂ ਗੱਲਾਂ ਦਾ ਜ਼ਿਕਰ ਹੋਣਾ ਏਸੇ ਗੱਲ ਦਾ ਸੂਚਕ ਹੈ ਕਿ ਉਨ੍ਹਾਂ ਮੈਂਬਰਾਂ ਦੇ, ਜਿਨ੍ਹਾਂ ਦੇ ਆਪਣੇ ਨਿਸਚੇ ਭਾਈ ਕਾਹਨ ਸਿੰਘ ਦੀਆਂ ਮੋਅਤਬਿਰ ਲਿਖਤਾਂ ਪੜ੍ਹਕੇ ਡੋਲੇ ਹੋਏ ਸਨ, ਦਰਸ਼ਨ ਕਰਕੇ ਕਿਸ ਤਰ੍ਹਾਂ ਉਨ੍ਹਾਂ ਦੇ ਮਨ ਦੇ ਸੰਸੇ ਉਤਰ ਗਏ ਤੇ ਉਨ੍ਹਾਂ ਮੁਨਾਸਬ ਸਮਝਿਆ ਕਿ ਰੀਪੋਰਟ ਲਿਖਣ ਵਿਚ ਇਹ ਖੰਡਨ ਰੂਪ ਤਰੀਕਾ ਵਰਤਿਆ ਜਾਵੇ।

ਇਹ ਤਰੀਕਾ, ਜਿਥੇ ਤਕ ਪ੍ਰਵਿਰਤ ਗ਼ਲਤੀਆਂ ਦੀ ਇਕਦਮ ਸੁਧਾਈ ਨੂੰ ਆਪਣਾ ਉਦੇਸ਼ ਬਣਾਉਂਦਾ ਹੈ, ਉਥੋਂ ਤਕ ਤਾਂ ਇਹ ਸਫਲ ਯਤਨ ਲਗਦਾ ਹੈ ਪਰ ਜੇ ਕਿਸੇ ਨਿਰੇ ਇਲਮੀ ਨੁਕਤਾ ਨਿਗਾਹ ਤੋਂ ਤੱਕਿਆ ਜਾਵੇ ਤਾਂ ਭਾਈ ਕਾਹਨ ਸਿੰਘ ਜੀ ਦੀ ਤਰਦੀਦ ਕਰਨੀ ਇਕ ਬੇਲੋੜੀ ਗੱਲ ਸੀ, ਕਿਉਂਕਿ ਉਹ ਆਪਣੀ ਤਰਦੀਦ ਇਸ ਤੋਂ ਪਹਿਲਾਂ ਆਪ ਕਰ ਚੁਕੇ ਸਨ, ਜਿਸਦਾ ਸ਼ਾਇਦ ਸਬ ਕਮੇਟੀ ਨੂੰ ਪਤਾ ਨਹੀਂ ਲੱਗਾ।

੧੯੨੨ ਵਿਚ ਗੁਰਮਤ ਸੁਧਾਕਰ ਦੀ ਤੀਜੀ ਐਡੀਸ਼ਨ ਛਪੀ; ਇਸ ਦੇ ਸਫ਼ਾ ੪੬੯ ਉਪਰ ਭਾਈ ਕਾਹਨ ਸਿੰਘ ਜੀ ਨੇ ਇਕ ਲੇਖ ਲਿਖਿਆ। ਇਸ ਵਿਚ ਜੋ ਫੈਕਟਸ ਕਰਤਾਰਪੁਰ ਵਾਲੀ ਬੀੜ ਬਾਬਤ ਦਿਤੇ ਹਨ, ਉਨ੍ਹਾਂ ਦੇ ਪਹਿਲੇ ਦਿਤੇ ਫੈਕਟਸ ਤੋਂ ਕਿਸੇ ਹਦ ਤਕ ਭਿੰਨ ਹਨ, ਇਸ ਦਾ ਪਤਾ ਹੁਣੇ ਲਗ ਜਾਏਗਾ:-

"ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਖੇ ਲੇਖ ਹੈ, "ਸਾਰੇ ਪੱਤਰੇ ਗੁਰੂ ਬਾਬੇ ਕੇ ੯੭੪" ਸੋ ਮੁੰਦਾਵਣੀ ੯੭੩ਵੇਂ ਪੱਤਰੇ ਪਰ ਅਰ ੯੭੪ਵਾਂ ਪਤਰਾ ਖਾਲੀ ਹੈ। ਕਿਸੇ ਸਿਖ ਨੇ ਰਾਗਮਾਲਾ ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਾਧੂ ਪੱਤਰੇ ਉਤੇ ਲਿਖ ਦਿਤੀ ਹੈ, ਜਿਸ ਤਰ੍ਹਾਂ ਭਾਈ ਬੰਨੋ ਨੇ ਸਤਿਗੁਰਾਂ ਦੀ ਆਗਜਾ ਬਿਨਾਂ ਕਈ ਸ਼ਬਦ ਅਤੇ ਸੰਗਲਾਦੀਪ ਦੀ ਸਾਖੀ ਆਦਿਕ ਲਿਖ ਦਿਤੇ ਹਨ ਅਰ ਕਈਆਂ ਨੇ ਸਿਆਹੀ ਦੀ ਵਿਧਿ ਤਥਾ ਜੋਤੀ ਜੋਤਿ ਸਮਾਵਣੇ ਦਾ ਚਰਿੱਤ੍ਰ ਦਰਜ ਕਰ ਦਿਤਾ ਹੈ।"

ਇਸ ਤੋਂ ਵੱਧ ਉਨ੍ਹਾਂ ਨੇ ਕਰਤਾਰਪੁਰ ਵਾਲੀ ਬੀੜ ਬਾਬਤ ਕੁਛ ਨਹੀਂ ਲਿਖਿਆ।

ਪਾਠਕ ਏਥੋਂ ਦੇਖ ਸਕਦੇ ਹਨ ਕਿ ਜੋ ਕੁਛ ਫੈਕਟਸ ਦੀ ਗ਼ਲਤ ਬਿਆਨੀ ਉਨ੍ਹਾਂ ਨੇ ੧੯੧੮ ਵਿਚ ਕੀਤੀ ਤੇ ਜੋ ਭਸੌੜ ਵਲੋਂ ਰਾਗਮਾਲਾ ਦਰਪਨ ਦੀਆਂ ਐਡੀਸ਼ਨਾਂ ਵਿਚ ਦੁਹਰਾਈ ਗਈ ਉਸ ਦਾ ਸਮਾਧਾਨ ਉਨ੍ਹਾਂ ਕਿਸ ਖੂਬੀ ਨਾਲ ੧੯੨੨ ਵਿਚ ਕੀਤਾ। ਭਾਈ ਬੰਨੋ ਦਾ ਨਾਮ ਲਿਆਕੇ ਉਨ੍ਹਾਂ ਨੇ ਪਿਛਲੀ ਗ਼ਲਤ ਬਿਆਨੀ ਦਾ ਕਾਂਟਾ ਭਾਈ ਬੰਨੋ ਦੀ ਬੀੜ ਵਲ ਭੁਆ ਦਿਤਾ ਹੈ। ਇਹ ਤਰਦੀਦ ਇਕ ਆਰਟ ਦਾ ਨਮੂਨਾ ਹੈ। ਕਿਸੇ ਨੂੰ ਕੁਛ ਪਤਾ ਨਾ ਲਗਾ*। ੧੯੪੫ ਤਕ ਸਾਰੇ ਲਿਖਾਰੀ ਉਨ੍ਹਾਂ ਦੇ ਪਹਿਲੇ ਲੇਖ ਨਾਲ ਆਪਣੇ ਆਪ ਨੂੰ ਅਜੇ ਗੁੰਮਰਾਹ ਕਰ ਰਹੇ ਹਨ। ੧੯੪੪ ਵਿਚ ਮਿ: ਜੀ.ਬੀ. ਸਿੰਘ ਨੇ ਆਪਣੀ ਪੁਸਤਕ 'ਪ੍ਰਾਚੀਨ ਬੀੜਾਂ' ਵਿਚ ਜੋ ਕੁਛ ਲਿਖਿਆ ਹੈ ਉਹ ਕਰਤਾਰਪੁਰ ਵਾਲੀ ਬੀੜ ਦੇ ਦਰਸ਼ਨ ਕਰਕੇ ਨਹੀਂ ਲਿਖਿਆ। ਉਸਦੇ ਸਾਹਮਣੇ ਭਾਈ ਕਾਹਨ ਸਿੰਘ ਜੀ ਵਾਲਾ ੧੯੧੮ ਦਾ ਲੇਖ ਹੈ, ਜਿਸ ਦਾ ਪ੍ਰਚਾਰ ਹਜ਼ਾਰਾਂ ਦੀ ਗਿਣਤੀ ਵਿਚ ਭਸੌੜ ਵਲੋਂ ਹੋ ਰਿਹਾ ਹੈ। ਜੀ.ਬੀ. ਸਿੰਘ ਨੇ ਉਸੇ ਗ਼ਲਤ ਲੇਖ ਉਪਰ ਆਪਣੀ ਲਿਖਤ ਨੂੰ ਮਥਨੀ ਕਰਕੇ ਦਿਮਾਗ਼ੀ ਘੋੜੇ ਦੁੜਾਏ ਹਨ। ਜੇ ਜੀ.ਬੀ. ਸਿੰਘ ਕਰਤਾਰਪੁਰ ਵਾਲੀ ਬੀੜ ਦੇ ਦਰਸ਼ਨ ਕਰ ਲੈਂਦਾ ਤਾਂ ਉਸ ਦੇ ਹਥੋਂ ਉਸ ਗ਼ਲਤ ਬਿਆਨੀ ਦਾ ਅਚੇਤ ਪਾਪ ਨਾ ਹੁੰਦਾ ਜੋ ਭਾਈ ਕਾਹਨ ਸਿੰਘ ਦੀ ਮੋਅਤਬਿਰੀ ਨੂੰ ਮੰਨ ਕੇ ਉਸ ਦੇ ਹਥੋਂ ਹੋਇਆ। ਜੇ ਜੀ.ਬੀ. ਸਿੰਘ ਨੂੰ ਭਾਈ ਕਾਹਨ ਸਿੰਘ ਦੇ ੧੯੨੨ ਵਾਲੇ ਲੇਖ ਦਾ ਪਤਾ ਵੀ ਲਗ ਜਾਂਦਾ ਤਾਂ ਵੀ ਉਹ ਕੁਛ ਸੰਭਲਦਾ ਪਰ ਇਹ ਹੋ ਨਹੀਂ ਸੀ ਸਕਦਾ। ੧੯੨੨ ਵਾਲਾ ਲੇਖ ਗੁਰਮਤ ਸੁਧਾਕਰ ਦੀ ਤੀਜੀ ਐਡੀਸ਼ਨ ਦੇ ਕਿਸੇ ਵਿਚਕਾਰਲੇ ਪਤਰੇ ਉਪਰ ਕਿਸੇ ਰਹਿਤ ਨਾਮੇ ਦੀ ਤਸ਼ਰੀਹ ਦੀ ਟਿੱਪਣੀ ਦਾ ਫੁਟਨੋਟ ਹੈ। ਇਸ ਲੁਕੇ ਛਿਪੇ ਨੋਟ ਦੇ ਮੁਕਾਬਲੇ ਉਪਰ ਉਹ ਲਿਟਰੇਚਰ ਚਮਕ ਦਮਕ ਵਿਚ ਨਿਕਲ ਰਹੀ ਹੈ ਜੋ ਭਸੌੜ ਵਿਚੋਂ ਪ੍ਰਕਾਸ਼ਤ ਹੋ ਰਹੀ ਹੈ। ਚੁਨਾਂਚਿ ੧੯੨੯ ਵਿਚ ਰਾਗਮਾਲਾ ਖੰਡਨ

* ਪਾਠਕਾਂ ਨੂੰ ਪਤਾ ਹੈ ਕਿ ਭਾਈ ਬੰਨੋ ਕਰਤਾਰਪੁਰ ਵਾਲੀ ਬੀੜ ਦਾ ਇਕ ਲਿਖਾਰੀ ਨਹੀਂ ਸੀ। ਜੋ ਬੀੜ ਭਾਈ ਬੰਨੋ ਦੇ ਨਾਮ ਨਾਲ ਸੰਬੰਧਤ ਹੈ ਉਹ ਮਾਂਗਟ ਵਿਖੇ ਹੈਸੀ, ਉਸ ਵਿਚ ਕੁਝ ਵਾਧੂ ਬਾਣੀਆਂ ਹਨ ਜੋ ਆਦਿ ਬੀੜ ਕਰਤਾਰ ਪੁਰ ਵਾਲੀ ਵਿਚ ਨਹੀਂ ਹਨ। (੧੯੪੭ ਮਗਰੋਂ ਇਹ ਬੀੜ ਬੰਨੋਆਣੀਆਂ ਪਾਸ ਬੜੋਤ, ਜ਼ਿਲਾ ਮੁਜ਼ਫਰ ਨਗਰ ਵਿਚ ਸੁਣੀ ਗਈ ਸੀ)।

ਛਪਿਆ। ਇਸ ਵਿਚ ਪੰਚ ਖਾਲਸਾ ਦੀਵਾਨ ਭਸੌੜ ਨੇ ਮੁੜ ਭਾਈ ਕਾਹਨ ਸਿੰਘ ਜੀ ਦੀ ੧੯੧੮ ਵਾਲੀ ਚਿੱਠੀ ਛਾਪੀ। ਭਾਈ ਕਾਹਨ ਸਿੰਘ ਜੀ ਤਾਂ ਇਸ ਨੂੰ ੧੯੨੨ ਵਿਚ ਕਿਸੇ ਬੜੀ ਸਫਾਈ ਨਾਲ ਰੱਦ ਕਰ ਚੁਕੇ ਸਨ ਪਰ ੧੯੨੯ ਦੇ ਰਾਗਮਾਲਾ ਖੰਡਨ ਵਿਚ ਨਾ ਸਿਰਫ ਭਾਈ ਕਾਹਨ ਸਿੰਘ ਦਾ ੧੯੧੮ ਵਾਲਾ ਲੇਖ ਹੈ ਪਰ ਨਾਲ ਹੀ ਪੁਸਤਕ ਬਾਬਤ ਇਹ ਛਪਿਆ ਹੈ:- "ਜਿਸ ਨੂੰ ਸੋਧਨਾ ਕਰਕੇ ਬਾਬੂ ਤੇਜਾ ਸਿੰਘ ਰੀਟਾਯਰਡ ਐਸ.ਡੀ.ਓ. ਸੇਵਕ ਪੰਚ ਖਾਲਸਾ ਦੀਵਾਨ ਨੇ ਗੁਰੂ ਸੰਗਤਾਂ ਦੇ ਲਾਭ ਹਿਤ ਛਪਵਾਯਾ"; ਏਸ ਸੋਧਨ ਨੇ ਭਾਈ ਕਾਹਨ ਸਿੰਘ ਦੀ ੧੯੨੨ ਵਾਲੀ ਸੁਧਾਈ ਨੂੰ ਕਿਤੇ ਨੇੜੇ ਨਾ ਲੱਗਣ ਦਿੱਤਾ।

ਪਰ ਭਾਈ ਕਾਹਨ ਸਿੰਘ ਜੀ ਦੀ ੧੯੨੨ ਵਾਲੀ ਸੁਧਾਈ ਮੁਕੰਮਲ ਸੁਧਾਈ ਨਹੀਂ ਸੀ। ਬਿਆਨ ਦਾ ਤ੍ਰੀਕਾ ਝਿਜਕਵਾਂ ਸੀ ਜੋ ਅੱਖਾਂ ਦੀ ਸ਼ਰਮ ਨਾਲ ਉਹ ਕੁਛ ਮੰਨਦਾ ਹੈ ਜਿਸ ਨੂੰ ਜ਼ਬਾਨ ਕਹਿਣੋਂ ਆਰੀ ਹੈ, ਪਰ ਤਦ ਵੀ ਏਸ ਵਿਚ ਇਕ ਵੱਡੀ ਗੱਲ ਫੈਕਟਸ ਦੀ ਹੈਸੀਅਤ ਵਿਚ ਫੇਰ ਗ਼ਲਤ ਰਹਿ ਗਈ। ਉਹ ਇਹ ਸੀ ਜੋ ਉਨ੍ਹਾਂ ਨੇ ਕਹੀ: "ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਤਤਕਰੇ ਵਿਖੇ ਲੇਖ ਹੈ, 'ਸਾਰੇ ਪਤਰੇ ਗੁਰੂ ਬਾਬੇ ਦੇ ੯੭੪' ਸੋ ਮੁੰਦਾਵਣੀ ੯੭੩ਵੇਂ ਪੱਤਰੇ ਪਰ ਹੈ ਅਰ ੯੭੪ਵਾਂ ਪੱਤਰਾ ਖਾਲੀ ਹੈ।"

ਇਸ ਦੀ ਤਰਦੀਦ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਅਕਤੂਬਰ ਵਾਲੀ ਸਬ ਕਮੇਟੀ ਨੇ ਕੀਤੀ ਹੈ। ਉਨ੍ਹਾਂ ਦੇ ਲਫਜ਼ ਅਸੀਂ ਫਿਰ ਦੁਹਰਾਉਂਦੇ ਹਾਂ: "ਇਸ ਬੀੜ ਵਿਚ ਕਿਤੇ ਬੀ ਹੇਠ ਲਿਖੀਆਂ ਗੱਲਾਂ ਨਹੀਂ ਆਈਆਂ- (੧) ਗੁਰੂ ਬਾਬੇ ਦੇ ਕੁਲ ਪਤਰੇ ੯੭੪..."।

ਪਰ ਭਾਈ ਕਾਹਨ ਸਿੰਘ ਜੀ ਨੂੰ ਆਪਣੀ ਇਸ ਗ਼ਲਤੀ ਦਾ ਵੀ ਪਤਾ ਸੀ। ੧੯੩੦ ਵਿਚ ਉਨ੍ਹਾਂ ਨੇ ਇਸ ਗ਼ਲਤੀ ਨੂੰ ਫੇਰ ਸੋਧਿਆ। ਆਪਣੇ ਮਹਾਨ ਕੋਸ਼ ਵਿਚ ਉਨ੍ਹਾਂ ਲਿਖਿਆ:-

"ਸ੍ਰੀ ਗੁਰੂ ਅਰਜਨ ਸਾਹਿਬ ਨੇ ਜੋ ਜਿਲਦ ਭਾਈ ਗੁਰਦਾਸ ਜੀ ਦੀ ਕਲਮ ਤੋਂ ਲਿਖਵਾਈ, ਉਸ ਦਾ ਪ੍ਰਸਿੱਧ ਨਾਉਂ ਭਾਈ ਗੁਰਦਾਸ ਵਾਲੀ ਹੋ ਗਿਆ।....ਇਹ ਬੀੜ ਹੁਣ ਕਰਤਾਰਪੁਰ ਹੈ, ਜਿਸ ਦੀ ਜਿਲਦ ਕਿਤਾਬੀ ਅਰ ਸਾਰੇ ਪੱਤਰੇ ੯੭੫ ਹਨ।"

੧੯੩੦ ਵਿਚ ਇਸ ਬੀੜ ਬਾਬਤ ਭਾਈ ਕਾਹਨ ਸਿੰਘ ਜੀ ਉਹ ਗੱਲ ਨਹੀਂ ਲਿਖਦੇ ਜਿਹੜੀ ੧੯੨੨ ਵਿਚ ਲਿਖੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਤਕਰੇ ਵਿਖੇ ਲੇਖ ਹੈ, 'ਸਾਰੇ ਪਤਰੇ ੯੭੪।' ਜਿਸ ਦਾ ਮਤਲਬ ਹੈ ਕਿ ਬੀੜ ਵਿਚ ਕੋਈ ਐਸੀ ਗੱਲ ਨਹੀਂ ਲਿਖੀ ਹੋਈ। ਆਪ ਹੁਣ ਆਪਣੀ ਗਿਣਤੀ ਕਰਕੇ ਦੱਸਦੇ ਹਨ, ਕਿ 'ਸਾਰੇ ਪਤਰੇ ੯੭੫ ਹਨ।' (ਮਹਾਨ ਕੋਸ਼ ਸਫਾ ੧੩੦੫)

ਅੱਠਾਂ ਵਰ੍ਹਿਆਂ ਵਿਚ ਇਕ ਪਤਰਾ ਕਿਸ ਤਰ੍ਹਾਂ ਵਧ ਗਿਆ? ੯੭੪ ਦੇ ੯੭੫ ਕਿਸ ਤਰ੍ਹਾਂ ਹੋ ਗਏ? ਸ਼ਾਇਦ ਏਸੇ ਫਰਕ ਨੂੰ ਉਹ ਮਹਾਨ ਕੋਸ਼ ਸਫਾ ੧੩੦੫ ਦੇ ਫੁਟਨੋਟ ਵਿਚ ਸਪਸ਼ਟ ਕਰਨ ਦਾ ਯਤਨ ਕਰ ਰਹੇ ਹਨ ਤੇ ਲਿਖਦੇ ਹਨ: 'ਪੰਨਿਆਂ ਦਾ ਅੰਗ ਤਤਕਰੇ ਤੋਂ ਸ਼ੁਰੂ ਹੁੰਦਾ ਹੈ ਅਰ ਸੰਸਕ੍ਰਿਤ ਗ੍ਰੰਥਾਂ ਦੇ ਨਿਯਮ ਅਨੁਸਾਰ ਦੂਜੇ ਸਫੇ ਤੇ ਲਾਇਆ ਗਿਆ ਹੈ।' ਏਸ ਫੁਟਨੋਟ ਦੇ ਕੀ ਅਰਥ ਹਨ? ਮੈਨੂੰ ਇਹੋ ਪ੍ਰਤੀਤ ਹੁੰਦਾ ਹੈ ਕਿ ਜੋ ਕੁਛ ਉਹ ਪੰਨਿਆਂ ਦੇ ਉਪਰ ਅੰਕ ਲਾਉਣ ਦੇ ਢੰਗ ਬਾਬਤ ਕਹਿ ਰਹੇ ਹਨ ਉਸ ਵਿਚ ਫੇਰ ਗ਼ਲਤ ਬਿਆਨੀ ਕਰ ਰਹੇ ਹਨ।

੭ ਅਕਤੂਬਰ ਵਾਲੀ ਸਬ ਕਮੇਟੀ ਨੇ ਅੰਕਾਂ ਦੇ ਢੰਗ ਨੂੰ ਐਸ ਤਰ੍ਹਾਂ ਵਰਣਨ ਕੀਤਾ ਹੈ। ਉਹ ਕਹਿੰਦੇ ਹਨ: "ਅਸੀਂ ਸਾਰੇ ਪੱਤਰੇ ਪਰਤ ਕੇ ਦੇਖੇ ਹਨ, ਅਤੇ ਪੱਤਰੇ ਦੇ ਅੰਕ ਲਾਉਣ ਦਾ ਢੰਗ ਸਹੀ ਕੀਤਾ ਹੈ ਕਿ ਪਤਰੇ ਦੇ ਦੋਵੇਂ ਪਾਸੇ ਨਹੀਂ ਲਏ ਗਏ ਸਗੋਂ ਅੰਕ ਵਾਲਾ ਸਫਾ ਅਤੇ ਉਸਦੇ ਸਾਹਮਣੇ ਦੂਸਰੇ ਪੱਤਰੇ ਦਾ ਪਹਿਲਾ ਪੰਨਾ ਰਲ ਕੇ ਇਕ ਪਤਰਾ ਬਣਦਾ ਹੈ। ਉਪਰ ਦੱਸੇ ਢੰਗ ਮੁਤਾਬਿਕ ਰਾਗਮਾਲਾ ਦਾ ਪਤਰਾ-ਅੰਕ ਤਤਕਰੇ ਵਿਚ ੯੭੪ ਹੈ ਤੇ ਬੀੜ ਵਿਚ ਵੀ ਇਹ ਅੰਕ ੯੭੪ ਹੈ।"

ਉਪਰਲੇ ਫੁਟਨੋਟ ਨੂੰ ਜੋ ਭਾਈ ਕਾਹਨ ਸਿੰਘ ਜੀ ਦੇ ਮਹਾਨ ਕੋਸ਼ ਸਫਾ ੧੩੦੫ ਵਿਚੋਂ ਦਿੱਤਾ ਹੈ ਸਬ ਕਮੇਟੀ ਦੀ ਅੰਕਾਂ ਦੇ ਢੰਗ ਦੀ ਵਿਧਿ ਨਾਲ ਮਿਲਾਕੇ ਪਾਠਕ ਆਪ ਅਰਥ ਕੱਢ ਲੈਣ। ਪਰ ਇਕ ਗੱਲ ਪੱਕੀ ਹੈ ਕਿ ੧੯੨੨ ਤਕ ਭਾਈ ਕਾਹਨ ਸਿੰਘ ਜੀ ਰਾਗਮਾਲਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਤਰਿਆਂ ਤੋਂ ਬਾਹਰ ਕੱਢਦੇ ਰਹੇ ਹਨ ਤੇ ਲਿਖਦੇ ਰਹੇ ਹਨ, "ਸੋ ਮੁੰਦਾਵਣੀ ੯੭੩ਵੇਂ ਪਤਰੇ ਪਰ ਹੈ ਅਰ ੯੭੪

ਪਤਰਾ ਖਾਲੀ ਹੈ। ਕਿਸੇ ਸਿੱਖ ਨੇ ਰਾਗਮਾਲਾ ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅੰਤ ਵਾਧੂ ਪਤਰੇ ਉਪਰ ਲਿਖ ਦਿੱਤੀ.....।"

੧੯੩੦ ਵਿਚ ਉਹ ਮਹਾਨ ਕੋਸ਼ ਦਵਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਤਰਿਆਂ ਦੀ ਗਿਣਤੀ ੯੭੫ ਬਣਾ ਦੇਂਦੇ ਹਨ ਤੇ ਏਸ ਨਵੀਨ ਤ੍ਰੀਕੇ ਨਾਲ ਬਾਹਰ ਕੱਢੀ ਹੋਈ ਰਾਗਮਾਲਾ ਨੂੰ ਮੁੜ ਦਲ੍ਹੀਜਾਂ ਦੇ ਅੰਦਰ ਵਾੜ ਲੈਂਦੇ ਹਨ। ਅਫਸੋਸ, ਉਨ੍ਹਾਂ ਦੀ ਜ਼ਿੰਦਗੀ ਇਸ ਤੋਂ ਪਿਛੋਂ ਉਨ੍ਹਾਂ ਦਾ ਸਾਥ ਨਾ ਦੇ ਸਕੀ ਤੇ ਉਹ ਸੁਧਾਈ ਅਖੀਰਲੇ ਕੰਢੇ ਦੇ ਨਜ਼ਦੀਕ ਪਹੁੰਚ ਕੇ ਵਿਚੇ ਰਹਿ ਗਈ।

ਭਾਈ ਕਾਹਨ ਸਿੰਘ ਜੀ ਨੇ ਇਸ ਬੀੜ ਬਾਬਤ ਜੋ ਹੋਰ ਗੱਲਾਂ ਲਿਖੀਆਂ ਉਹ ਇਹ ਹਨ- "ਸ੍ਰੀ ਰਾਗ ਤੋਂ ਲੈਕੇ ਪ੍ਰਭਾਤੀ ਤਕ ੩੦ ਰਾਗ ਹਨ ਅਤੇ ਕੁੱਲ ਬਾਣੀ ਸ਼ਬਦ, ਸਲੋਕ, ਪੌੜੀ ਆਦਿ ਦੀ ਗਿਣਤੀ ਮੁੰਦਾਵਣੀ ਤ਼ੀਕ ੫੭੫੧ ਹੈ, ਹਾਸ਼ੀਆ ਹਰੇਕ ਪਤਰੇ ਦਾ ਨਵਾਂ ਚੜ੍ਹਿਆ ਹੋਇਆ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦੀ ਕਲਮ ਤੋਂ ਜਪੁ ਦੇ ਆਦਿ ਦਾ ਮੂਲ ਮੰਤ੍ਰ ਹੈ, ਅਤੇ ਪੰਨੇ ੫੪੧ ਪੁਰ ਗੁਰੂ ਹਰਿਗੋਬਿੰਦ ਸਾਹਿਬ ਦੇ ਦਸਤਖਤ ਹਨ।"

ਮੈਂ ਇਕ ਵੇਰ ਫੇਰ ਇਹ ਗੱਲ ਕਹਿੰਦਾ ਹਾਂ ਕਿ ਭਾਈ ਕਾਹਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ੯੭੫ ਪਤਰੇ ਗਿਣਕੇ ਮੁੜ ਰਾਗਮਾਲਾ ਨੂੰ ਅੰਦਰ ਵਾੜ ਲੀਤਾ। ਇਹ ਉਨ੍ਹਾਂ ਦਾ ਆਪਣਾ ਤਰਜ਼ਿ ਬਿਆਨ ਹੈ। ਵੈਸੇ ਉਨ੍ਹਾਂ ਨੂੰ ਇਹ ਪਤਾ ਲਗ ਗਿਆ ਸੀ ਕਿ ਰਾਗਮਾਲਾ ਭਾਈ ਗੁਰਦਾਸ ਦੇ ਆਪਣੇ ਹੱਥਾਂ ਦੀ ਲਿਖੀ ਹੋਈ ਬੀੜ ਵਿਚ ਮੌਜੂਦ ਹੈ ਪਰ ਉਹ ਏਸ ਗੱਲ ਨੂੰ ਆਪਣੇ ਐਸੇ ਤ੍ਰੀਕੇ ਸਿਰ ਬਿਆਨ ਕਰਦੇ ਹਨ ਜੋ ਉਨ੍ਹਾਂ ਦਾ ਨਿਜੀ ਤ੍ਰੀਕਾ ਹੈ ਤੇ ਜਿਸ ਦੀ ਨਕਲ ਕਰ ਸਕਣੀ ਸਖਤ ਮੁਸ਼ਕਲ ਹੈ, ਉਹ ਕਹਿੰਦੇ ਹਨ:-

"ਸ੍ਰੀ ਗੁਰੂ ਅਰਜਨ ਸਾਹਿਬ ਨੇ ਜੋ ਜਿਲਦ ਭਾਈ ਗੁਰਦਾਸ ਜੀ ਦੀ ਕਲਮ ਤੋਂ ਲਿਖਵਾਈ ਉਸਦਾ ਪ੍ਰਸਿੱਧ ਨਾਉਂ ਭਾਈ ਗੁਰਦਾਸ ਵਾਲੀ ਹੋ ਗਿਆ।" (ਮਹਾਨ ਕੋਸ਼ ਸਫਾ ੧੩੦੫)

ਪਾਠਕ ਉਪਰ ਆਏ ਫਿਕਰੇ ਵਿਚ "ਭਾਈ ਗੁਰਦਾਸ ਜੀ ਦੀ ਕਲਮ" ਨੋਟ ਕਰ ਲੈਣ। ਭਾਈ ਕਾਹਨ ਸਿੰਘ ਜੀ ਅੱਗੇ ਲਿਖਦੇ ਹਨ

"ਇਹ ਬੀੜ ਕਰਤਾਰਪੁਰ ਹੈ ਜਿਸ ਦੀ ਜਿਲਦ ਕਿਤਾਬੀ ਅਰ ਸਾਰੇ ਪਤਰੇ ੯੭੫ ਹਨ"।

ਰਾਗਮਾਲਾ ਹੁਣ ਕਿਹੜੇ ਪਤਰੇ ਉਪਰ ਹੈ ਤੇ ਕਿਸ ਦੀ ਕਲਮ ਤੋਂ ਲਿਖੀ ਹੋਈ ਹੈ? ੭ ਅਕਤੂਬਰ ਦੀ ਸਬ ਕਮੇਟੀ ਨੇ ਆਪਣੇ ਬਿਆਨ ਵਿਚ ਲਿਖਿਆ ਹੈ:-

"ਸਭ ਤੋਂ ਜ਼ਰੂਰੀ ਨੋਟ ਇਹ ਗਲ ਕੀਤੀ ਕਿ ਇਸ ਬੀੜ ਦੇ ਅੰਤ ਵਿਚ ਰਾਗਮਾਲਾ ਹੈ ਅਤੇ ਇਹ ਉਨ੍ਹਾਂ ਹੀ ਦਸਖਤਾਂ ਤੇ ਉਸੇ ਲਿਖਤ ਵਿਚ ਹੈ ਜਿਸ ਨਾਲ ਰਾਗਮਾਲਾ ਤੋਂ ਪਹਿਲਾਂ ਆਉਣ ਵਾਲੇ ਕਈ ਸਫੇ ਲਿਖੇ ਹੋਏ ਹਨ।"

ਭਾਈ ਕਾਹਨ ਸਿੰਘ ਜੀ ਏਸ ਕਮੇਟੀ ਦੀ ਰਪੋਟ ਤੋਂ ੧੫ ਵਰ੍ਹੇ ਪਹਿਲਾਂ ਦੱਸ ਚੁਕੇ ਹਨ ਕਿ ਇਹ ਭਾਈ ਗੁਰਦਾਸ ਜੀ ਦੀ ਕਲਮ ਹੈ।

ਇਸ ਤੋਂ ਪਿਛੋਂ ਭਾਈ ਕਾਹਨ ਸਿੰਘ ਜੀ ਨੇ ਰਾਗਮਾਲਾ ਨੂੰ ਵਾਧੂ ਬਾਣੀਆਂ ਵਿਚ ਗਿਣਨਾ ਛਡ ਦਿੱਤਾ ਸੀ। ਉਨ੍ਹਾਂ ਨੂੰ ਪ੍ਰਤੱਖ ਹੋ ਗਿਆ ਸੀ ਕਿ ਬਾਕੀ ਬਾਣੀ ਵਾਕੁਣ ਇਹ ਗੁਰੂ ਗ੍ਰੰਥ ਸਾਹਿਬ ਦਾ ਹੀ ਅੰਗ ਹੈ। ਜਿਸ ਵੇਲੇ ਉਹ ਭਾਈ ਬੰਨੋ ਦੀ ਬੀੜ ਦਾ ਜ਼ਿਕਰ ਕਰਦੇ ਹਨ ਤਾਂ ਉਸ ਵਿਚ ਜੋ ਵਾਧੂ ਬਾਣੀਆਂ ਹਨ ਉਹ ਗਿਣਕੇ ਦੱਸਦੇ ਹਨ। ਏਸ ਵਾਧੂ ਗਿਣਤੀ ਵਿਚ ਉਹ ਰਾਗਮਾਲਾ ਨੂੰ ਸ਼ਾਮਲ ਨਹੀਂ ਕਰਦੇ। ੧੯੧੮ ਵਿਚ ਉਹ ਕਹਿੰਦੇ ਹਨ "ਆਦਿ ਅੰਤ ਦੇ ਵਾਧੂ ਪਤਰਿਆਂ ਪਰ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਖੇ ਕੇਵਲ ਰਾਗਮਾਲਾ ਹੀ ਨਹੀਂ ਕਿੰਤੂ ਰਤਨ ਮਾਲਾ ਹੈ, ਰਾਹ ਮੁਕਾਮ ਦੀ ਸਾਖੀ ਹੈ..."। ੧੯੩੦ ਵਿਚ ਉਹ ਆਪਣੀ ਭੁੱਲ ਸੋਧ ਲੈਂਦੇ ਹਨ ਤੇ ਹੁਣ ਭਾਈ ਬੰਨੋ ਦੀ ਬੀੜ ਦੇ ਜ਼ਿਕਰ ਵਿਚ (ਕਰਤਾਰਪੁਰ ਵਾਲੀ ਦੇ ਨਾਂ) ਕਹਿੰਦੇ ਹਨ: ਭਾਈ ਬੰਨੋ ਦੀ ਬੀੜ ਵਿਚ ਵਾਧੂ ਬਾਣੀ ਦਾ ਵੇਰਵਾ ਇਹ ਹੈ:-

(ੳ) ਰਾਗ ਸੋਰਠਿ ਵਿਚ- "ਅਉਧੂ ਸੋ ਜੋਗੀ ਗੁਰੁ ਮੇਰਾ॥ ਇਸ ਪਦ ਕਾ ਜੋ ਕਰੈ ਨਬੇਰਾ" ਸ਼ਬਦ ਹੈ।

(ਅ) ਰਾਮਕਲੀ ਵਿਚ ਮ:੫- "ਰੁਣ ਝੁੰਝਨੜਾ"-ਸ਼ਬਦ ਦੀਆਂ ਦੋ ਤੁਕਾਂ ਦੇ ਥਾਂ ਪੂਰੇ ਚਾਰ ਪਦ ਹਨ।

(ੲ) ਮਾਰੂ ਰਾਗ ਵਿਚ ਮੀਰਾਂ ਬਾਈ ਦਾ ਸ਼ਬਦ ਹੈ।

(ਸ) ਸਾਰੰਗ ਵਿਚ- "ਛਾਡਿ ਮਨ ਹਰਿ ਬਿਮੁਖਨ ਕੋ ਸੰਗ"-ਸਾਰਾ ਸ਼ਬਦ ਹੈ।

(ਹ) ਅੰਤ ਵਿਚ- "ਜਿਤੁ ਦਰਿ ਲਖ ਮੁਹੰਮਦਾ"- "ਏਸੁ ਕਲੀਓਂ ਪੰਜ ਭੀਤੀਓ" ਅਤੇ "ਦਿਸਟਿ ਨ ਰਹੀਆ ਨਾਨਕਾ"- ਸਲੋਕ ਮ:੧ ਸਿਰਲੇਖ ਹੇਠ ਤਿੰਨ ਸਲੋਕ ਹਨ।

(ਕ) "ਬਾਇ ਆਤਸ ਆਬ"-ਮਹਲਾ ੧ ਦਾ ਸੋਲਾਂ ਪਦਾਂ ਦਾ ਸ਼ਬਦ ਹੈ।

(ਖ) "ਆਸਨ ਸਾਧ ਨਿਰਾਲਮ ਰਹੈ" -ਤੋਂ ਅਰੰਭ ਹੋਕੇ "ਨਾਨਕ ਕਹੈ ਬੈਰਾਗੀ ਸੋਈ।" ੨੫ ਪਦਾਂ ਦੀ ਰਤਨ ਮਾਲਾ ਨਾਮਕ ਬਾਣੀ ਹੈ।

(ਗ) ਹਕੀਕਤ ਰਾਹ ਮੁਕਾਮ ਸ਼ਿਵਨਾਭ ਰਾਜੇ ਕੀ ਵਾਰਤਕ ਪਾਠ ਹੈ।

(ਘ) ਅੰਤ ਵਿਚ ਸਿਆਹੀ ਦੀ ਬਿਧਿ ਲਿਖੀ ਹੈ।

ਪਾਠਕ ਏਸ ਲਿਸਟ ਨੂੰ ਮੁੜ ਚੰਗੀ ਤਰ੍ਹਾਂ ਪੜ੍ਹ ਲੈਣ। ਇਹ ਵਾਧੂ ਬਾਣੀਆਂ ਦੀ ਲਿਸਟ ਹੈ। ਭਾਈ ਕਾਹਨ ਸਿੰਘ ਨੇ ਏਸ ਲਿਸਟ ਵਿਚ ਰਾਗਮਾਲਾ ਨੂੰ ਨਹੀਂ ਗਿਣਿਆ।

੧੯੧੮ ਤਕ ਉਹ ਭਾਈ ਬੰਨੋ ਦੀ ਬੀੜ ਦੀਆਂ ਵਾਧੂ ਬਾਣੀਆਂ ਗਿਣਕੇ ਕਰਤਾਰਪੁਰ ਵਾਲੀ ਬੀੜ ਵਿਚ ਦੱਸਦੇ ਰਹੇ ਤੇ ਰਾਗਮਾਲਾ ਨੂੰ ਏਸ ਵਾਧੂ ਲਿਸਟ ਵਿਚ ਸ਼ਾਮਲ ਕਰਦੇ ਰਹੇ। ੧੯੨੨ ਵਿਚ ਉਹ ਦੋ ਬੀੜਾਂ ਦਾ ਫਰਕ ਕਰਨ ਲਗ ਪਏ ਪਰ ਕਹਿੰਦੇ ਏਹੋ ਰਹੇ ਕਿ ਰਾਗਮਾਲਾ ਵਾਧੂ ਬਾਣੀਆਂ ਵਿਚ ਹੈ। ਪਰ ੧੯੩੦ ਵਿਚ ਉਨ੍ਹਾਂ ਨੇ ਕਰਤਾਰਪੁਰ ਵਾਲੀ ਬੀੜ ਦੇ ਕੁੱਲ ਪੱਤਰੇ ੯੭੫ ਦੱਸਕੇ ਰਾਗਮਾਲਾ ਨੂੰ ਅੰਦਰ ਦਾਖਲ ਕਰ ਲੀਤਾ ਅਤੇ ਭਾਈ ਬੰਨੋ ਦੀ ਬੀੜ ਵਿਚ ਵਾਧੂ ਬਾਣੀ ਦੀ ਲਿਸਟ ਵਿਚੋਂ ਰਾਗਮਾਲਾ ਨੂੰ ਕੱਢ ਦਿਤਾ ਤੇ ਏਸ ਤਰ੍ਹਾਂ ਰਾਗਮਾਲਾ ਨੂੰ ਗੁਰੂ ਬਾਬੇ ਦਾ ਅੰਗ ਮੰਨ ਲੀਤਾ।

ਜਿਨ੍ਹਾਂ ਗ਼ਲਤ ਫੈਕਟਸ ਦੇ ਲੰਬੂ ਨਾਲ ਭਾਈ ਕਾਹਨ ਸਿੰਘ ਨੇ ੧੯੦੧ ਵਿਚ ਸਿਖੀ ਸਿਦਕ ਦੇ ਮਹੱਲ ਨੂੰ ਅੱਗ ਲਾਈ ਸੀ ਉਸ ਦੀ ਚੁਆਤੀ ਨੂੰ ਉਨ੍ਹਾਂ ੧੯੩੦ ਵਿਚ ਭਾਂਬੜ ਤੋਂ ਬਾਹਰ ਕੱਢ ਲਿਆ। ਉਹ ਸੁਬਕਦੋਸ਼ ਹੋ ਗਏ। ਬਾਕੀ ਦਾ ਮਹੱਲ ਆਪਣੀ ਅੱਗ ਨਾਲ ਆਪ ਸੜ ਰਿਹਾ ਹੈ। ਇਸ ਵਿਚ ਕਿਸੇ ਦਾ ਕਸੂਰ ਨਹੀਂ।

-o-

# ੬. ਭਾਈ ਕਾਹਨ ਸਿੰਘ ਜੀ ਦਾ ਤ੍ਰੀਕਾ

ਮੈਂ ਇਹ ਗਲ ਪਿਛੇ ਕਹਿ ਆਇਆ ਹਾਂ ਕਿ ੨੯ ਸਾਲ ਏਸ ਗਲ ਵਿਚ ਖਰਚ ਹੋਏ, ਭਾਈ ਕਾਹਨ ਸਿੰਘ ਜੀ ਨੂੰ ਏਸ ਨਤੀਜੇ ਉਪਰ ਪਹੁੰਚਦਿਆਂ ਕਿ ਆਲਮ ਦੀ ਕਿਤਾਬ ਅਨੁਵਾਦ ਹੈ। ਮੈਂ ਇਹ ਵੀ ਲਿਖ ਆਇਆ ਹਾਂ ਕਿ ਕੁਛ ਸਮਾਂ ਹੋਰ ਚਾਹੀਦਾ ਸੀ ਇਹ ਗਲ ਮੰਨਦਿਆਂ ਕਿ ਇਹ ਅਨੁਵਾਦ ਜੋਧ ਕਵੀ ਦੀ ਪੁਸਤਕ ਦਾ ਹੈ।

ਸਮਾਂ ਮਿਲਣ ਉਪਰ ਜੇ ਭਾਈ ਕਾਹਨ ਸਿੰਘ ਜੀ ਜੋਧ ਕਵੀ ਵਾਲੀ ਗਲ ਲਿਖ ਵੀ ਦਿੰਦੇ ਤਾਂ ਵੀ ਏਸ ਨਾਲ ਸਾਡੀਆਂ ਮੁਸ਼ਕਲਾਂ ਹੱਲ ਨਹੀਂ ਸੀ ਹੋਣੀਆਂ। ਜੇ ਮੁਸ਼ਕਲਾਂ ਉਨ੍ਹਾਂ ਪਾਈਆਂ ਉਹ ਬੁਨਿਯਾਦੀ ਸਨ। ਜੋ ਸੁਧਾਈ ਉਨ੍ਹਾਂ ਆਰੰਭੀ ਉਹ ਉਪਰਲੇ ਛੱਤ ਨੂੰ ਸਿਧੇ ਕਰਨ ਹਿਤ ਸੀ।

ਜਿਸ ਗ਼ਲਤ ਗਲ ਨੂੰ ਤੁਸੀਂ ਕੁਛ ਚਿਰ ਪਰਵਿਰਤ ਹੋਣ ਦੀ ਇਜਾਜ਼ਤ ਦੇ ਦਿਓ, ਉਹ ਪਿਛੋਂ ਲਾ-ਇਲਾਜ ਹੋ ਜਾਂਦੀ ਹੈ। ਹਿੰਦਾਲੀਆਂ ਦੀ ਜਨਮ ਸਾਖੀ ਨੇ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਦੀ ਤਾਰੀਖ ਬਦਲ ਦਿਤੀ ਸੀ ਤਾਂ ਅਜ ਉਸ ਬਾਬਤ ਕਿਤਨੀ ਮੁਸ਼ਕਲ ਪਈ ਹੋਈ ਹੈ। ਇਸ ਸਨਬੰਧ ਦੀ ਸਾਰੀ ਸੁਧਾਈ ਕੇਵਲ ਕਿਤਾਬੀ ਸੁਧਾਈ ਹੈ, ਪਰਵਿਰਤੀ ਵਿਚ ਅਜੇ ਓਹੋ ਸਲੋਗਨ ਜਾਰੀ ਹੈ:- 'ਕੱਤਕ ਦੀ ਪੂਰਨਮਾਸ਼ੀ ਮੇਲਾ ਨਨਕਾਣੇ ਹੋ।' ਭਾਈ ਕਾਹਨ ਸਿੰਘ ਦੀਆਂ ਪਾਈਆਂ ਗ਼ਲਤੀਆਂ ਇਹੋ ਸ਼ਕਲ ਇਖਤਜਾਰ ਕਰ ਰਹੀਆਂ ਹਨ। ਸਿਖ ਰੀਸਰਚ ਹੁਣ ਏਸ ਗਲ ਨੂੰ ਸਲੋਗਨ ਬਣਾਉਣਾ ਚਾਹੁੰਦੀ ਹੈ- 'ਆਲਮ ਦਾ ਵੇਲਾ, ਅਕਬਰ ਜ਼ਮਾਨਾ ਹੋ।'

ਭਾਈ ਕਾਹਨ ਸਿੰਘ ਜੀ ਦੀ ਪੁਜ਼ੀਸ਼ਨ ਕੀ ਹੈ? ਉਹ ਸਿਖ ਇਤਿਹਾਸ ਦੇ ਸਭ ਤੋਂ ਵੱਡੇ ਖੋਜੀ ਕਹੇ ਜਾਂਦੇ ਹਨ। ਪਰ ਉਨ੍ਹਾਂ ਆਪਣੇ ਕਾਰਜ ਦੀ ਜੋ ਨੀਂਹ ਧਰੀ ਉਸਦਾ ਬੁਨਿਯਾਦੀ ਪੱਥਰ ਹਸਦਿਆਂ ਹਸਦਿਆਂ ਵਿੰਗਾ ਰਖ ਦਿੱਤਾ, ਜਿਸ ਦੀ ਸੇਧ ਵਿਚ ਖਿੱਚੀ ਹੋਈ ਬਾਕੀ

ਦੀ ਸਾਰੀ ਇਮਾਰਤ ਗੁਣੀਏ ਤੋਂ ਬਾਹਰ ਹੋ ਗਈ। ਹੁਣ ਉਪਰਲੀਆਂ ਸੁਧਾਈਆਂ ਦੀ ਠੀਠਕ ਬਾਠਕ ਨਾਲ ਸੂਤ ਠੀਕ ਨਹੀਂ ਬੈਠਦਾ।

ਭਾਈ ਕਾਹਨ ਸਿੰਘ ਨੇ ਕਿਹਾ ਕਿ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਦੇਕੇ ਕੋਈ ਸਿੱਧ ਨਾ ਕਰੋ। ਉਸਦੇ ਲਫ਼ਜ਼ ਸਨ: ਅਜ ਕਲ ਅਖਬਾਰਾਂ ਵਿਚ ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਬਾਰ ਬਾਰ ਜ਼ਿਕਰ ਆਉਂਦਾ ਹੈ...ਅਰ ਉਸ ਦਾ ਪ੍ਰਮਾਣ ਪੇਸ਼ ਕਰਦੇ ਹਨ, ਪਰ ਮੈਂ ਬਹੈਸੀਯਤ ਖੋਜੀ ਦੇ ਉਨ੍ਹਾਂ ਭਾਈਆਂ ਨੂੰ ਸਲਾਹ ਦਿੰਦਾ ਹਾਂ ਕਿ ਉਹ ਐਸਾ ਕਰਨ ਤੋਂ ਸੰਕੋਚ ਕਰਨ....।"

ਭਾਈ ਕਾਹਨ ਸਿੰਘ ਦੀ ਇਹ ਆਵਾਜ਼ ਬੜੀ ਭਰਵੀਂ ਸੀ, ਇਸ ਵਿਚ ਉਸ ਕਿਸਮ ਦਾ ਖੜਾਕ ਸੀ, ਜਿਸ ਦੀ ਉਲੰਘਣਾ ਕਰ ਸਕਣ ਦਾ ਹੀਆ ਕਿਸੇ ਨੂੰ ਨਹੀਂ ਪੈਂਦਾ, ਏਸ ਕਰਕੇ ਜੋ ਕੁਛ ਉਸ ਨੇ ਕਿਹਾ ਉਹ ਸਭ ਤੋਂ ਵੱਡਾ ਪ੍ਰਮਾਣੀਕ ਵਾਕ ਮੰਨਿਆ ਗਿਆ। ਇਸ ਤਰ੍ਹਾਂ ਭਾਈ ਕਾਹਨ ਸਿੰਘ ਦਾ ਕਿਹਾ ਲੋਕਾਂ ਲਈ ਸੁਤੇ ਸਿਧ ਪਰਮ ਸੱਤ ਹੋ ਗਿਆ। ਭਾਈ ਸਾਹਿਬ ਨੂੰ ਆਪਣੇ ਸੱਤ ਵਾਕ ਦੀ ਪੁਸ਼ਟੀ ਦੀ ਲੋੜ ਨਹੀਂ ਸੀ! ਪਰ ਜੇ ਇਕ ਰਸਮੀ ਪੌੜਤਾ ਨੂੰ ਜ਼ਰੂਰੀ ਸਮਝਿਆ ਗਿਆ ਤਾਂ ਏਸ ਕਾਰਜ ਲਈ ਆਦਮੀਆਂ ਦਾ ਘਾਟਾ ਨਹੀਂ ਸੀ। ਪਹਿਲੀ ਪੁਸ਼ਟੀ ਸ੍ਰੀ ਮਾਨ ਗਿਆਨੀ ਸ਼ੇਰ ਸਿੰਘ ਜੀ ਨੇ ਕੀਤੀ। ਇਨ੍ਹਾਂ ਨੇ ਰਾਗਮਾਲਾ ਵਿਰੁੱਧ ਇਕ ਪੁਸਤਕ ਛਪਾਈ, 'ਰਾਗਮਾਲਾ ਦਰਪਨ', ਜਿਸ ਦੀਆਂ ਕਈ ਐਡੀਸ਼ਨਾਂ ਵਿਚ ਭਾਈ ਕਾਹਨ ਸਿੰਘ ਦੀ ਰਾਇ, ਜੋ ਬਹੈਸੀਅਤ ਖੋਜੀ ਦੇ ਕਰਤਾਰਪੁਰ ਵਾਲੀ ਬੀੜ ਬਾਬਤ ਸੀ, ਸਜ ਧਜ ਨਾਲ ਪ੍ਰਕਾਸ਼ਤ ਕੀਤੀ ਗਈ। ਇਹ ਪੁਸਤਕ ਪ੍ਰਾਪੇਗੰਡੇ ਦੀ ਸ਼ਕਲ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪ੍ਰਚਾਰਿਤ ਹੋਈ।

ਗਿਆਨੀ ਸ਼ੇਰ ਸਿੰਘ ਜੀ ਖ਼ੁਦ ਬੀੜ ਦੇ ਦਰਸ਼ਨ ਕਰਨ ਤੋਂ ਅਸਮ੍ਰਥ ਸਨ। ਸਾਰੇ ਪਾਠਕਾਂ ਨੂੰ ਸ਼ਾਇਦ ਪਤਾ ਨਾ ਹੋਵੇ ਕਿ ਗਿਆਨੀ ਜੀ ਨੂੰ ਵਾਹਿਗੁਰੂ ਨੇ ਨੇਤ੍ਰਾਂ ਦੀ ਦਾਤ ਤੋਂ ਵਿਰਵਾ ਰੱਖਿਆ ਹੋਇਆ ਸੀ। ਉਹ ਸੂਰਮਾ ਸਿੰਘ ਸਨ। ਏਸ ਕਰਕੇ ਕਰਤਾਰਪੁਰ ਵਾਲੀ ਬੀੜ ਉਪਰ ਜੋ ਰਾਇ ਪ੍ਰਗਟ ਹੋਈ ਉਸ ਉਤੇ ਦੋ ਮੋਅਤਬਿਰ ਮੋਹਰਾਂ ਸੁਖੈਨ ਲਗ ਗਈਆਂ। ਇਕ ਭਾਈ ਕਾਹਨ ਸਿੰਘ ਦੀ, ਜਿਨ੍ਹਾਂ ਨੇ ਕਈ ਫੈਕਟਸ ਹੀ

ਗ਼ਲਤ ਦੱਸੇ, ਦੂਜੇ ਗਿਆਨੀ ਸ਼ੇਰ ਸਿੰਘ ਦੀ, ਜੋ ਨੇਤ੍ਰਾਂ ਬਗੈਰ ਨਿਰੇ ਗਿਆਨ ਚਖਸ਼ੂਆਂ ਨਾਲ ਬੀੜ ਦੀ ਪੜਤਾਲ ਕਰ ਸਕਣ ਤੋਂ ਅਸਮਰਥ ਸਨ। ਐਸ ਤਰ੍ਹਾਂ ਭਾਈ ਕਾਹਨ ਸਿੰਘ ਦੇ ਖਿਆਲਾਂ ਨੂੰ ਜੋ ਫੈਕਟਸ ਦੇ ਲਿਹਾਜ਼ ਨਾਲ ਆਪਣੀਆਂ ਲੱਤਾਂ ਉਪਰ ਨਹੀਂ ਖੜੋ ਸਕਦੇ ਸਨ, ਗਿਆਨੀ ਸ਼ੇਰ ਸਿੰਘ ਦੀ ਪੁਸਤਕ ਦੀ ਸਵਾਰੀ ਬਹੁਤ ਮੁਫੀਦ ਬੈਠੀ।

ਇਸ ਪ੍ਰਾਪੇਗੰਡੇ ਦਾ ਅਸਰ ਬੜਾ ਗਹਿਰਾ ਸੀ। ਵਰ੍ਹਿਆਂ ਬੱਧੀ ਕਿਸੇ ਨੂੰ ਖੋਜ ਪੜਤਾਲ ਦੇ ਖਿਆਲ ਨਾਲ ਕਰਤਾਰਪੁਰ ਵਾਲੀ ਬੀੜ ਦੇ ਦਰਸ਼ਨ ਕਰਨ ਦੀ ਲੋੜ ਨਾ ਭਾਸੀ। ਤੇ ਸਿੱਖ ਇਤਿਹਾਸ ਦੇ ਮੰਦਰ ਦੀ ਉਸਾਰੀ ਵਿੰਗੀ ਬੁਨਿਆਦ ਦੀ ਸੇਧ ਲੈਕੇ ਸੂਤ ਤੋਂ ਬਾਹਰ ਹੁੰਦੀ ਗਈ।

ਮੈਂ ਭਾਈ ਕਾਹਨ ਸਿੰਘ ਜੀ ਦੀ ਇੱਜ਼ਤ ਤੇ ਸ਼ਾਨ ਨੂੰ ਕਿਸੇ ਤਰ੍ਹਾਂ ਘਟਾਉਣਾ ਨਹੀਂ ਚਾਹੁੰਦਾ। ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਮਹਾਨਤਾ ਤੇ ਸਤਿਕਾਰ ਪੜ੍ਹਿਆਂ ਲਿਖਿਆਂ ਵਿਚ ਬਣਿਆ ਰਹੇ। ਨਾ ਮੇਰਾ ਮਤਲਬ ਕੋਈ ਐਸੇ ਫਿੱਕੇ ਵਾਕ ਵਰਤਨ ਦਾ ਹੈ ਜੋ ਉਨ੍ਹਾਂ ਦੀ ਵਡਿਆਈ ਦੇ ਹਮ-ਵਜ਼ਨ ਨਾ ਹੋਣ। ਮੈਨੂੰ ਇਹ ਵੀ ਪਤਾ ਹੈ ਕਿ ਗਿਆਨੀ ਸ਼ੇਰ ਸਿੰਘ ਜੀ ਅਸ਼ੋਕ ਭਾਈ ਕਾਹਨ ਸਿੰਘ ਜੀ ਦੇ ਕਿਤਨੇ ਸ਼ਰਧਾਲੂ ਹਨ। ਮੇਰੀ ਨਜ਼ਰ ਵਿਚੋਂ ਉਹ ਲਫਜ਼ ਵੀ ਗੁਜ਼ਰੇ ਹਨ ਜੋ ਅਸ਼ੋਕ ਜੀ ਨੇ ਭਾਈ ਸਾਹਿਬ ਦੀ ਕੀਮਤ ਦੱਸਣ ਲਈ ਵਰਤੇ ਹਨ ਤੇ ਜੋ ਇਹ ਹਨ:

"ਮੈਂ ਸਮਝਦਾ ਹਾਂ, ਭਾਰਤ ਵਰਸ਼ ਨੇ ਅਜ ਤੋੜੀ ਕੇਵਲ ਦੋ ਰਿਸ਼ੀ ਪੈਦਾ ਕੀਤੇ ਹਨ। (੧) ਭਾਈ ਕਾਹਨ ਸਿੰਘ ਜੀ ਅਰ (੨) ਡਾਕਟਰ ਰਵੀਂਦਰ ਨਾਥ ਟੈਗੋਰ। ਬੰਗਾਲੀਆਂ ਦੀ ਗੁਣ ਗ੍ਰਾਹਕਤਾ ਦੇ ਕਾਰਣ ਟੈਗੋਰ ਦੀ ਗੁੱਡੀ ਅਸਮਾਨ ਵਿਚ ਜਾ ਚੜ੍ਹੀ ਅਰ ਉਸ ਨੂੰ ਇਕ ਛੋਟੀ ਜੇਹੀ ਕਿਤਾਬ ਬਦਲੇ ਨੋਬਲ ਪ੍ਰਾਈਜ਼ ਮਿਲ ਗਿਆ। ਜੇ ਭਾਈ ਕਾਹਨ ਸਿੰਘ ਜੀ ਬੰਗਾਲ ਵਿਚ ਪੈਦਾ ਹੁੰਦੇ ਤਾਂ ਸ਼ਾਇਦ ਉਨ੍ਹਾਂ ਦੇ 'ਗੁਰੂ ਸ਼ਬਦ ਰਤਨਾਕਰ' ਦਾ ਭੀ ਕੋਈ ਮੁੱਲ ਪੈ ਜਾਂਦਾ, ਪਰ ਪੰਜਾਬੀਆਂ ਨੇ ਆਪਣੇ ਬੇਦ ਬਿਆਸ ਨੂੰ ਪਛਾਣਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।"

ਮੈਂ ਇਹ ਚਾਹੁੰਦਾ ਹਾਂ ਕਿ ਐਸੀ ਹਸਤੀ ਨੇ ਜੇ ਕਿਤੇ ਗ਼ਲਤੀ ਕੀਤੀ ਹੈ ਤਾਂ ਅਸੀਂ ਉਸ ਗ਼ਲਤੀ ਦਾ ਪ੍ਰਚਾਰ ਕਰਕੇ ਉਸਦੀ ਸ਼ਾਨ ਨੂੰ ਨੀਵਿਆਂ ਨਾ ਕਰੀਏ। ਭਾਈ ਕਾਹਨ ਸਿੰਘ ਜੀ ਨੇ ਜੋ ਗ਼ਲਤੀਆਂ

ਕੀਤੀਆਂ ਉਨ੍ਹਾਂ ਨੇ ਆਪਣੇ ਕਿਸੇ ਤਰੀਕੇ ਸਿਰ ਉਨ੍ਹਾਂ ਨੂੰ ਸੋਧਣ ਦੀ ਕੋਸ਼ਸ਼ ਕੀਤੀ, ਜੇ ਉਨ੍ਹਾਂ ਦਾ ਸਰੀਰ ਕੁਛ ਚਿਰ ਹੋਰ ਰਹਿੰਦਾ ਤਾਂ ਕਿਤਾਬੀ ਸੁਧਾਈ ਸ਼ਾਇਦ ਮੁਕੰਮਲ ਹੋ ਜਾਂਦੀ, ਪਰ ਉਹ ਲੋਕ ਜੋ ਉਨ੍ਹਾਂ ਦੀਆਂ ਪਹਿਲੀਆਂ ਗ਼ਲਤ ਗੱਲਾਂ ਨੂੰ ਬਾਰ ਬਾਰ ਦੁਹਰਾਉਂਦੇ ਹਨ ਉਹ ਅਣਜਾਣੇ ਉਨ੍ਹਾਂ ਨਾਲ ਬੇਇਨਸਾਫੀ ਕਰ ਰਹੇ ਹਨ। ਏਸ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਕਾਹਨ ਸਿੰਘ ਜੀ ਨੇ ਕਰਤਾਰਪੁਰ ਵਾਲੀ ਬੀੜ ਬਾਬਤ ਜੋ ਕੁਛ ੧੯੧੮ ਵਿਚ ਕਿਹਾ ਸੀ ਉਸ ਵਿਚ ਬਹੁਤ ਕੁਛ ਗ਼ਲਤ ਸੀ। ਉਨ੍ਹਾਂ ਦਾ ਇਹ ਕਹਿਣਾ "ਆਦਿ ਅੰਤ ਦੇ ਵਾਧੂ ਪੱਤਰਿਆਂ ਪੁਰ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਵਿਖੇ ਕੇਵਲ ਰਾਗਮਾਲਾ ਹੀ ਨਹੀਂ, ਕਿੰਤੂ ਰਤਨਮਾਲਾ ਹੈ, ਰਾਹ ਮੁਕਾਮ ਕੀ ਸਾਖੀ ਹੈ ਆਦਿ...." ਸਰਾਸਰ ਗ਼ਲਤ ਸੀ। ਪਰ ਆਪਣੇ ਏਸ ਕਥਨ ਨੂੰ ਉਹ ਮਹਾਨ ਕੋਸ਼ ਦਵਾਰਾ ਰੱਦ ਕਰ ਚੁਕੇ ਹਨ। ਮੇਰੀ ਮੰਗ ਸਿਰਫ ਇਤਨੀ ਹੈ ਕਿ ਅਸ਼ੋਕ ਜੀ ਜਾਂ ਹੋਰ ਲੇਖਕ ਜੋ ਭਾਈ ਕਾਹਨ ਸਿੰਘ ਜੀ ਦੇ ਖਿਆਲਾਂ ਨਾਲ ਪ੍ਰਭਾਵਿਤ ਹਨ, ਓਹ ਭਾਈ ਸਾਹਿਬ ਦੇ ਲੇਖਾਂ ਨੂੰ ਨਿਖੇੜ ਕੇ ਉਸ ਖਿਆਲਧਾਰਾ ਨੂੰ ਤਰਕ ਕਰਨ ਜੋ ਬੇਬੁਨਿਆਦ ਹੈ। ਜਿਸ ਵੇਲੇ ਅਸ਼ੋਕ ਜੀ ਇਹ ਕਹਿੰਦੇ ਹਨ:-

"ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੀਰ ਵਿਚ ਇਕ ਵਾਧੂ ਬਾਣੀ ਹੈ, ਜੋ ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ, ਸਿਆਹੀ ਕੀ ਵਿਧਿ ਆਦਿ ਵਾਂਗੂੰ ਕਿਸੇ ਅਨਜਾਣ ਲਿਖਾਰੀ ਨੇ ਦਰਜ ਤਾਂ ਕਰ ਦਿਤੀ ਸੀ, ਪਰ ਪਿਛੋਂ ਨਾ ਕੇਵਲ ਬਿਨਾਂ ਸੋਚੇ ਸਮਝੇ ਦੇ ਨਕਲ ਹੀ ਹੁੰਦੀ ਚਲੀ ਗਈ, ਸਗੋਂ ਛਾਪੇਖਾਨੇ ਵਾਲਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਛਾਪਣੀ ਸ਼ੁਰੂ ਵੀ ਕਰ ਦਿਤੀ ਤੇ ਉਸੇ ਗ਼ਲਤੀ ਦਾ ਨਤੀਜਾ ਹੁਣ ਤਕ ਛਪਦੀ ਚਲੀ ਆ ਰਹੀ ਹੈ।" (ਸ਼ਮਸ਼ੇਰ ਸਿੰਘ ਅਸ਼ੋਕ, 'ਅਕਾਲੀ' ਅਖਬਾਰ ੫-੮-੪੫)

ਤਦ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਅਸ਼ੋਕ ਜੀ ਦੀ ਆਪਣੀ ਖੋਜ ਦਾ ਸਿੱਟਾ ਨਹੀਂ। ਇਹ ਖ਼ਮੀਰ ਉਸੇ ਤੌਣ ਵਿਚੋਂ ਲਿਆ ਗਿਆ ਹੈ ਜੋ ਭਾਈ ਕਾਹਨ ਸਿੰਘ ਜੀ ਨੇ ਗੁਰਮਤ ਸੁਧਾਕਰਾਂ ਦੀਆਂ ਐਡੀਸ਼ਨਾਂ ਵਿਚ ਗੁੰਨ੍ਹੀ ਸੀ। ਕੀ ਅਸੀਂ ਏਸ ਬੇਹੇ ਹੋ ਚੁਕੇ ਲੇਸਦਾਰ

ਆਟੇ ਬੀ ਲਬੇੜ ਨੂੰ ਛੱਡ ਨਹੀਂ ਸਕਦੇ? ਜਦ ਕਿ ਸਾਨੂੰ ਪਤਾ ਹੈ ਕਿ ਉਹ ਏਸ ਤੋਂ ਵੱਧ ਤਾਜ਼ਾ ਚੀਜ਼ ਸਾਡੇ ਪਾਸ ਛਡ ਗਏ ਹਨ। ਮੇਰਾ ਮਤਲਬ 'ਮਹਾਨ ਕੋਸ਼' ਤੋਂ ਹੈ ਜੋ ਬਾਵਜੂਦ ਕਈ ਰਹਿ ਗਈਆਂ ਗਲਤੀਆਂ ਦੇ ਨਿਸਬਤਨ ਸਜਰਾ-ਪਨ ਰਖਦਾ ਹੈ।

ਪਰ ਸਾਡੇ ਮਿਤ੍ਰ ਇਸ ਤੋਂ ਉਲਟ ਕਰ ਰਹੇ ਹਨ, ਭਾਈ ਸਾਹਿਬ ਦੇ ਗੁਣ ਗਾਉਣ ਲਈ ਤਾਂ ਮਹਾਨ ਕੋਸ਼ ਦੱਸਿਆ ਜਾਂਦਾ ਹੈ, ਪਰ ਵਰਤੋਂ ਵਿਚ ਉਨ੍ਹਾਂ ਦੇ ਪੁਰਾਣੇ ਤੇ ਬੇਬੁਨਿਆਦ ਖਿਆਲਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ। ਏਸ ਤਰ੍ਹਾਂ ਭਾਈ ਕਾਹਨ ਸਿੰਘ ਜੀ ਦੇ ਖਿਆਲਾਂ ਦੇ ਖਮੀਰ ਨੂੰ ਬਹਿਸ ਵਿਚ ਲਿਆਕੇ ਉਨ੍ਹਾਂ ਦੇ ਨਾਮ ਉਪਰ ਵੱਟਾ ਲਾਉਣਾ ਹੈ, ਜਿਸ ਤੋਂ ਹਰ ਪੜ੍ਹੇ ਲਿਖੇ ਨੂੰ ਪ੍ਰਹੇਜ਼ ਚਾਹੀਦਾ ਹੈ।

ਕੋਈ ਲਿਖਾਰੀ ਸਾਰੇ ਹੀ ਦਰੁਸਤ ਖਿਆਲ ਲੈ ਕੇ ਨਹੀਂ ਜੰਮਿਆ, ਕੋਈ ਗ੍ਰੰਥ ਐਸਾ ਨਹੀਂ ਜਿਸ ਦੇ ਛਿਦ੍ਰ ਤੁਸੀਂ ਲੱਭ ਨਾ ਸਕੋ। ਪਰ ਜਦੋਂ ਇਕ ਲੇਖਕ ਆਪ ਦੋ ਰਾਵਾਂ ਪ੍ਰਗਟ ਕਰਦਾ ਹੈ ਤਦ ਸਾਨੂੰ ਆਪਣੀ ਬੁਧਿ ਤੋਂ ਕੰਮ ਲੈਣਾ ਚਾਹੀਦਾ ਹੈ। ਉਸ ਦੀ ਉਹ ਰਾਇ ਜੋ ਫੈਕਟਸ ਦੇ ਲਿਹਾਜ਼ ਨਾਲ ਨਿਰਮੂਲ ਹੈ ਪ੍ਰਚਾਰਨੀ ਨਹੀਂ ਚਾਹੀਦੀ। ਜੇ ਸਾਡੇ ਦਿਲ ਵਿਚ ਉਸ ਲਈ ਇੱਜ਼ਤ ਹੈ ਤਾਂ ਸਾਨੂੰ ਆਪਣਾ ਪੱਖ ਸਿੱਧ ਕਰਨ ਲਈ ਵੀ ਉਸਦੀ ਗ਼ਲਤ ਸਾਬਤ ਹੋ ਚੁਕੀ ਰਾਏ ਦਾ ਪ੍ਰਮਾਣ ਨਹੀਂ ਵਰਤਣਾ ਚਾਹੀਦਾ।

ਮੈਂ ਇਸ ਗੱਲ ਨੂੰ ਵਧੇਰੇ ਸਪਸ਼ਟ ਕਰ ਦਿਆਂ, ਭਾਈ ਕਾਹਨ ਸਿੰਘ ਜੀ ਨੇ ਜਦ ਪਹਿਲੀ ਐਡੀਸ਼ਨ ਗੁਰਮਤ ਸੁਧਾਕਰ ਦੀ ਲਿਖੀ ਤਦ ਕਰਤਾਰਪੁਰ ਵਾਲੇ ਗੁਰੂ ਗ੍ਰੰਥ ਸਾਹਿਬ ਬਾਬਤ ਜੋ ਕੁਛ ਕਿਹਾ ਉਸ ਵਿਚ ਇਕ ਖਾਲੀ ਛਡੇ ਪਤ੍ਰੇ ਬਾਬਤ ਇਹ ਗਲ ਵੀ ਆਖੀ: "ਹਮ ਕਹ ਸਕਤੇ ਹੈਂ ਕਿ ਯਿਹ ਪਤ੍ਰ ਪੰਚਮ ਗੁਰੂ ਜੀ ਨੇ ਨਵਮ ਗੁਰੂ ਸਾਹਿਬ ਕੇ ਸਲੋਕੋਂ ਕੇ ਲੀਏ ਖਾਲੀ ਰਖਾ ਥਾ।" (ਗੁਰਮਤ ਸੁਧਾਕਰ, ਪਹਿਲੀ ਐਡੀਸ਼ਨ, ਪੰਨਾ ੫੦੦)

ਪਰ ਮਹਾਨ ਕੋਸ਼ ਵਿਚ ਏਸ ਗਲ ਦੀ ਤਰਦੀਦ ਕੀਤੀ ਤੇ ਲਿਖਿਆ: "ਬਹੁਤ ਸਾਰੇ ਸਿਖ ਆਖਿਆ ਕਰਦੇ ਹਨ ਕਿ ਗੁਰੂ ਅਰਜਨ ਦੇਵ ਨੇ ਨੌਵੇਂ ਸਤਿਗੁਰੂ ਦੀ ਬਾਣੀ ਲਈ ਖਾਲੀ ਪਤਰੇ ਛੱਡ ਦਿੱਤੇ ਸਨ,

ਪਰ ਇਹ ਖਿਆਲ ਗ਼ਲਤ ਹੈ। ਕਿਉਂਕਿ ਪਤਰੇ ਅਜੇਹੀ ਥਾਂ ਖਾਲੀ ਹਨ ਜਿਸ ਥਾਂ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਦਰਜ ਨਹੀਂ ਹੋ ਸਕਦੀ...ਨੌਵੇਂ ਮਹਲ ਦੇ ਸਲੋਕਾਂ ਲਈ ਕੋਈ ਪਤਰਾ ਖਾਲੀ ਨਹੀਂ।" (ਮਹਾਨ ਕੋਸ਼, ਸਫਾ ੧੩੦੬)

ਗੁਰਮਤ ਸੁਧਾਕਰ ਵਿਚ ਲਿਖਿਆ ਹੈ: "ਹਮ ਕਹਿ ਸਕਤੇ ਹੈਂ..." ਮਹਾਨ ਕੋਸ਼ ਵਿਚ ਇਸ ਦੀ ਤਰਦੀਦ ਵਿਚ ਲਿਖਿਆ ਹੈ "ਬਹੁਤ ਸਾਰੇ ਸਿਖ ਆਖਿਆ ਕਰਦੇ ਹਨ....।"

ਇਸ ਤਰਦੀਦ ਵਿਚ 'ਹਮ' ਨਾਲ ਇਤਨੀ ਬੇਗਾਨਗੀ ਦੱਸਣੀ ਇਹ ਉਨ੍ਹਾਂ ਦੇ ਢੰਗ ਦਾ ਖਾਸਾ ਹੈ। ਆਪਣੀ ਤਰਦੀਦ ਚਾਹੇ ਆਪਣੇ ਨਾਮ ਹੇਠ ਕਰ ਦਿਓ ਚਾਹੇ 'ਹਮ' ਨੂੰ ਬਹੁਤ ਸਾਰੇ ਸਿੱਖਾਂ ਵਿਚ ਫੈਲਾ ਦਿਓ ਤਰਦੀਦ ਤਰਦੀਦ ਹੀ ਹੈ। ਇਹ ਤਰਦੀਦ ਦੇ ਫੈਕਟ (Fact) ਵਿਚ ਨੁਕਸ ਨਹੀਂ ਕੇਵਲ ਢੰਗ (Style) ਦੀ ਵਿਲੱਖਣਤਾ ਹੈ। ਪਰ ਇਹ ਢੰਗ ਵੀ ਕੁਦਰਤੀ ਗੱਲ ਹੈ। ਅਸੀਂ ਜਿਸ ਵੇਲੇ ਕਿਸੇ ਵਡੀ ਹਸਤੀ ਨੂੰ ਵਡਿਆਈ ਦੇ ਭਾਵ ਨਾਲ ਬਹੁਤ ਉੱਚਿਆਂ ਬਣਾ ਦੇਂਦੇ ਹਾਂ ਤਦ ਅਸੀਂ ਉਸ ਨੂੰ ਅਭੁੱਲਤਾ ਦੇ ਪੱਧਰ ਉਪਰ ਲੈ ਖੜਦੇ ਹਾਂ। ਅਸੀਂ ਇਸ ਤਰ੍ਹਾਂ ਉਸ ਦੇ ਰਸਤੇ ਵਿਚ ਮੁਸ਼ਕਲ ਖੜੀ ਕਰ ਦੇਂਦੇ ਹਾਂ। ਫੇਰ ਉਹ ਆਪਣੀ ਗ਼ਲਤੀ ਸਿੱਧੇ ਤ੍ਰੀਕੇ ਨਾਲ ਨਹੀਂ ਸੋਧ ਸਕਦਾ। ਉਸ ਨੂੰ ਕੋਈ ਢੰਗ ਵਰਤਣਾ ਪੈਂਦਾ ਹੈ, ਜਿਸ ਨਾਲ ਸੁਧਾਈ ਵਿਚ ਦੋਗਲਾਪਨ ਆ ਜਾਂਦਾ ਹੈ ਜੋ ਸ਼ਰਧਾਲੂਆਂ ਦੇ ਧੜੇ ਬਣਾਕੇ ਉਨ੍ਹਾਂ ਨੂੰ ਡਾਂਗੋ ਡਾਂਗੀ ਵਿਚ ਤਤਪਰ ਕਰ ਦੇਂਦਾ ਹੈ।

ਮੈਂ ਇਹ ਇਸ ਕਰਕੇ ਕਹਿੰਦਾ ਹਾਂ ਕਿ ਸਾਨੂੰ ਇਹ ਬਣਦਾ ਹੈ ਕਿ ਅਸੀਂ ਏਸ ਗੱਲ ਨੂੰ ਪ੍ਰਤੱਖ ਕਰੀਏ ਕਿ ਜੇ ਰਾਗਮਾਲਾ ਦੀ ਬਹਿਸ ਭਾਈ ਕਾਹਨ ਸਿੰਘ ਜੀ ਦੀਆਂ ਪੁਰਾਣੀਆਂ ਲਿਖਤਾਂ ਦੀ ਚੂਲ ਉਪਰ ਚੱਲ ਰਹੀ ਹੈ ਉਹ ਬੇਬੁਨਿਆਦ ਹੈ। ਉਸ ਚੂਲ ਦੀ ਚੂਥੀ ਭਾਈ ਸਾਹਿਬ ਆਪ ਪੁੱਟ ਗਏ ਹਨ। ਉਹ ਬੂਹਾ ਹੁਣ ਬੰਦ ਨਹੀਂ ਹੋ ਸਕਦਾ। ਉਸ ਖੁਲ੍ਹੇ ਦਰਵਾਜ਼ੇ ਵਿਚੋਂ ਰਾਗਮਾਲਾ ਮੁੜ ਅੰਦਰ ਵੜ ਚੁਕੀ ਹੈ। ਅੱਗੇ ਇਹ ਆਪਣਾ ਅਖਤਿਆਰ ਹੈ ਕਿ ਉਸ ਅੰਦਰ ਵਾੜੀ ਦਾ ਆਦਰ ਕਰੀਏ ਜਾਂ ਨਿਰਾਦਰ।

ਭਾਈ ਕਾਹਨ ਸਿੰਘ ਜੀ ਨੇ ਜਿਸ ਵੇਲੇ ਲਿਖਿਆ ਸੀ ਕਿ:- 'ਹਮ ਕਹਿ ਸਕਤੇ ਹੈਂ ਕਿ ਯੇਹ ਪਤ੍ਰ ਪੰਚਮ ਗੁਰੂ ਜੀ ਨੇ ਨਵਮ ਗੁਰੂ ਸਾਹਿਬ ਕੇ ਸ਼ਲੋਕੋਂ ਕੇ ਲੀਏ ਖਾਲੀ ਰੱਖਾ ਥਾ' ਤਦ ਉਨ੍ਹਾਂ ਦਾ ਮਤਲਬ ਰਾਗਮਾਲਾ ਨੂੰ ਬਾਹਰ ਕੱਢਣ ਦਾ ਸੀ। ਪਰ ਜਿਸ ਵੇਲੇ ਉਹ ਮਹਾਨ ਕੋਸ਼ ਵਿਚ ਇਹ ਕਹਿ ਦੇਂਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੇ ਕੋਈ ਪੱਤਰਾ ਨਾਵੇਂ ਮਹਲੇ ਦੇ ਸਲੋਕਾਂ ਲਈ ਖਾਲੀ ਨਹੀਂ ਛਡਿਆ ਤੇ ਗੁਰੂ ਬਾਬੇ ਦੇ ਸਾਰੇ ਪੱਤਰੇ ੯੭੫ ਹਨ (੯੭੪ ਤੋਂ ਵੀ ਇਕ ਵੱਧ) ਤਾਂ ਉਹ ਮੁੜ ਰਾਗਮਾਲਾ ਨੂੰ ਆਪਣੇ ਅਸਲੀ ਟਿਕਾਣੇ ਲੈ ਆਉਂਦੇ ਹਨ। ਉਹ ਮੂੰਹੋਂ ਇਹ ਗੱਲ ਨਹੀਂ ਆਖ ਸਕਦੇ, ਉਹ ਆਪਣਾ ਢੰਗ ਵਰਤਦੇ ਹਨ ਜੋ ਉਨ੍ਹਾਂ ਦਾ ਖਾਸਾ ਹੈ। ਰਾਗਮਾਲਾ ਦਾ ਗੁਰ ਦਰਬਾਰ ਵਿਚੋਂ ਭਾਈ ਸਾਹਿਬ ਦੇ ਹੱਥੋਂ ਕੱਢੇ ਜਾਣਾ ਤੇ ਮੁੜ ਵਾੜਿਆ ਜਾਣਾ ਭਾਈ ਸਾਹਿਬ ਲਈ ਕੋਈ ਅਸਚਰਜ ਜਨਕ ਗੱਲ ਨਹੀਂ। ਕੋਈ ਵੀ ਨੀਤੀਵਾਨ ਪੁਰਸ਼, ਜਿਸ ਨੇ ਦੁਨਿਆਵੀ ਰਾਜ ਦਰਬਾਰਾਂ ਦੇ ਕਾਰਜ ਕਰਤੱਵ ਦੇਖੇ ਹਨ, ਐਸੇ ਕੱਢਣ ਤੇ ਵਾੜਨ ਉਪਰ ਚੱਕ੍ਰਿਤ ਨਹੀਂ ਹੁੰਦਾ। ਰਾਗਮਾਲਾ ਨੂੰ ਕੱਢ ਦੇਣਾ ਅਤੇ ਮੁੜ ਵਾੜ ਲੈਣਾ ਕੋਈ ਅਸਚਰਜ ਜਨਕ ਘਟਨਾ ਨਹੀਂ, ਪਰ ਏਹ ਕਿਸ ਤਰ੍ਹਾਂ ਹੋਈ? ਏਸ ਗੱਲ ਨੂੰ ਸਮਝਣ ਲਈ ਸਾਡਾ ਪਹਿਲਾ ਫਰਜ਼ ਹੈ ਕਿ ਅਸੀਂ ਉਨ੍ਹਾਂ ਦੇ ਬਿਆਨ ਦੇ ਢੰਗ ਨਾਲ ਚੰਗੀ ਤਰ੍ਹਾਂ ਵਾਕਫੀਅਤ ਪੈਦਾ ਕਰੀਏ।

-o-

# ੭. ਪਰਖ ਕਸੌਟੀ

**ਕਈ** ਭਰਾ ਕਹਿੰਦੇ ਹਨ ਕਿ ਭਾਈ ਕਾਹਨ ਸਿੰਘ ਲਈ ਇਹ ਕਹਿਣਾ ਕਿ ਉਨ੍ਹਾਂ ਗ਼ਲਤ ਬਿਆਨੀ ਕੀਤੀ ਠੀਕ ਗੱਲ ਨਹੀਂ, ਮੈਂ ਏਸ ਔਕੜ ਨੂੰ ਖ਼ੁਦ ਮਹਿਸੂਸ ਕਰਦਾ ਹਾਂ। ਪਰ ਮੇਰੇ ਖਿਆਲ ਵਿਚ ਕੋਈ ਐਸਾ ਲਫ਼ਜ਼ ਨਹੀਂ ਆਇਆ, ਜੋ ਲਹਿਜੇ ਵਿਚ ਨਰਮ ਹੋਵੇ, ਸਤਿਕਾਰ ਵਿਚ ਵੀ ਪੂਰਾ ਉਤਰੇ ਤੇ ਫੇਰ ਅਰਥ ਵਿਚ ਵੀ ਦਰੁਸਤ ਬੈਠੇ। ਮੈਂ ਏਸ 'ਗ਼ਲਤ ਬਿਆਨੀ' ਦੇ ਲਫ਼ਜ਼ ਨੂੰ ਕੇਵਲ ਉਸ ਸਪਸ਼ਟਤਾ ਦੀ ਖ਼ਾਤਰ ਵਰਤ ਰਿਹਾ ਹਾਂ ਜੋ ਐਸੇ ਮੌਕੇ ਉਪਰ ਮਜਬੂਰੀ ਪੈਦਾ ਕਰ ਰਹੀ ਹੈ। ਜੇ ਤੁਸੀਂ ਇਹ ਕਹੋ ਕਿ ਭਾਈ ਕਾਹਨ ਸਿੰਘ ਨੇ ਗ਼ਲਤ ਬਿਆਨੀ ਨਹੀਂ ਕੀਤੀ, ਤਾਂ ਫੇਰ ਕੀ ਕੀਤਾ? ਜੇ ਤੁਸੀਂ ਇਹ ਚਾਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਉਪਰ ਵੀ ਸ਼ੰਕਾ ਨਾ ਜਾਵੇ ਤੇ ਇਹ ਵੀ ਨਾ ਕਿਹਾ ਜਾਏ ਕਿ ਭਾਈ ਕਾਹਨ ਸਿੰਘ ਜੀ ਨੇ ਗ਼ਲਤ ਬਿਆਨੀ ਕੀਤੀ ਤਾਂ ਇਕੋ ਗੱਲ ਕਹਿਣ ਵਾਲੀ ਬਾਕੀ ਰਹਿ ਜਾਂਦੀ ਹੈ ਕਿ ਭਾਈ ਕਾਹਨ ਸਿੰਘ ਜੀ ਨੇ ਮਖ਼ੌਲ ਕੀਤਾ। ਮੈਂ ਇਹ ਗੱਲ ਗ੍ਰਹਿਣ ਕਰਨ ਨੂੰ ਤਿਆਰ ਹਾਂ। ਏਸ ਮਨੌਤ ਨਾਲ ਸਾਰੇ ਸ਼ੰਕੇ ਇੱਜ਼ਤ ਆਬਰੂ ਨਾਲ ਨਵਿਰਤ ਹੋ ਜਾਣਗੇ: ਨਾ ਕੋਈ ਵਿਖਾਂਦ ਬਾਕੀ ਰਹੇਗਾ ਤੇ ਨਾ ਕੋਈ ਝਗੜਾ।

ਮੈਂ ਜਿਉਂ ਜਿਉਂ ਇਹ ਸੋਚਦਾ ਹਾਂ ਕਿ ਭਾਈ ਕਾਹਨ ਸਿੰਘ ਜੀ ਫੈਕਟਸ ਦੇ ਮੁਤੱਲਕ ਕਿਸ ਤਰ੍ਹਾਂ ਗ਼ਲਤ ਬਿਆਨੀ ਕਰ ਸਕਦੇ ਸਨ, ਮੇਰੇ ਫੁਰਨੇ ਏਸ ਗਲ ਵਲ ਦ੍ਰਿੜ ਹੁੰਦੇ ਹਨ ਕਿ ਫੇਰ ਉਨ੍ਹਾਂ ਨੇ ਜ਼ਰੂਰ ਮਖੌਲ ਕੀਤਾ ਹੈ। ਮੈਨੂੰ ਐਸ ਘੜੀ ਯਾਦ ਨਹੀਂ ਕਿ ਉਨ੍ਹਾਂ ੧੯੧੮ ਵਾਲਾ ਲੇਖ ਕਿਹੜੇ ਮਹੀਨੇ ਲਿਖਿਆ ਸੀ, ਹੋ ਸਕਦਾ ਹੈ ਕਿ ਹੋਲੀਆਂ ਦੇ ਦਿਨ ਹੋਣ ਜਾਂ ਕਮ ਅਜ਼ ਕਮ ਲਿਖਿਆ ਹੋਲੀਆਂ ਦੇ ਦਿਨਾਂ ਵਿਚ ਹੋਵੇ ਤੇ ਛਾਪਿਆ ਪਿਛੋਂ। ਮਖੌਲ ਵਾਲੇ ਪਹਿਲੂ ਦੇ ਹੱਕ ਵਿਚ ਇਕ ਗੱਲ ਹੋਰ ਜ਼ਬਰਦਸਤ ਹੈ।

ਸਾਰੀ ਦੁਨੀਆਂ ਹਰ ਸੰਗ੍ਰਾਂਦ ਸ੍ਰੀ ਕਰਤਾਰਪੁਰ ਆਦਿ ਬੀੜ ਦੇ ਦਰਸ਼ਨ ਕਰਨ ਜਾਂਦੀ ਹੈ, ਕਿਸੇ ਨੂੰ ਹਟਕ ਨਹੀਂ ਸੀ ਕਿ ਉਹ ਉਸ ਗੱਲ ਦਾ ਪਰਤਾਵਾ ਲਵੇ ਜੋ ਭਾਈ ਕਾਹਨ ਸਿੰਘ ਨੇ ਲਿਖੀ। ਏਹ ਹੋਲੀਆਂ ਦਾ ਮਖ਼ੌਲ ਸੀ ਜੋ ਭਾਈ ਕਾਹਨ ਸਿੰਘ ਨੇ ਸਾਰੀ ਕੌਮ ਨਾਲ ਕੀਤਾ। ਸ਼੍ਰੋਮਣੀ ਕਮੇਟੀ ਵੀ ਏਸੇ ਮਖ਼ੌਲ ਵਿਚ ਆ ਗਈ, ਉਨ੍ਹਾਂ ਨੇ ਰਾਗਮਾਲਾ ਨੂੰ ਕੱਢ ਦਿਤਾ। ਪਿਛੋਂ ਜਦ 'ਸਬ ਕਮੇਟੀ' ਭੇਜੀ ਦੇਖਣ ਲਈ ਤਾਂ ਪਤਾ ਲੱਗਾ ਕਿ ਇਹ ਵਾਕਈ ਮਖ਼ੌਲ ਹੈ। ਹੁਣ ਲੱਜਜਾ ਦੀ ਗੱਲ ਹੈ ਕਿ ਕੀ ਕੀਤਾ ਜਾਵੇ। ਇਕ ਮਖ਼ੌਲ ਦਾ ਇਤਨੇ ਵਰ੍ਹੇ ਜਾਰੀ ਰਹਿਣਾ ਮਖ਼ੌਲ ਨੂੰ ਸੰਜੀਦਾ ਕਰ ਦਿੰਦਾ ਹੈ, ਇਹ ਸੰਜੀਦਗੀ ਹੀ ਮਖ਼ੌਲ ਹੈ ਜਿਸ ਨੂੰ ਸੋਚ ਕੇ ਹਾਸਾ ਆ ਜਾਂਦਾ ਹੈ। ਜੇ ਅਸਾਂ ਗ਼ਲਤ ਬਿਆਨੀ ਵਾਲੇ ਪੱਖ ਨੂੰ ਬਚਾਉਣਾ ਹੈ ਤਾਂ ਸਾਨੂੰ ਏਹੋ ਹੀ ਮੰਨਣਾ ਪਵੇਗਾ ਕਿ ਭਾਈ ਕਾਹਨ ਸਿੰਘ ਜੀ ਇਕ ਪੁਰਮਜ਼ਾਕ ਜ਼ਿੰਦਾ ਦਿਲ ਹਸਤੀ ਸਨ।

ਮੈਂ ਇਹ ਗੱਲ ਵੀ ਆਪਣੇ ਖਿਆਲ ਵਿਚੋਂ ਲੰਘਾਈ ਹੈ ਜੋ ਅਸ਼ੋਕ ਜੀ ਨੇ ਲਿਖੀ ਹੈ ਕਿ 'ਜੇ ਭਾਈ ਸਾਹਿਬ ਕਾਹਨ ਸਿੰਘ ਜੀ ਨੂੰ ਨਾਵਲ ਲਿਖਣ ਦਾ ਸਮਾ ਮਿਲਦਾ ਤਾਂ ਆਪ ਇਸ ਵਿਸ਼ੇ ਤੇ ਬਹੁਤ ਹੀ ਕਾਮਯਾਬ ਲਿਖਾਰੀ ਸਾਬਤ ਹੁੰਦੇ।' ਪਰ ਇਹ ਗੱਲ ਜਿਥੋਂ ਤੱਕ ਗੁਰੂ ਗ੍ਰੰਥ ਸਾਹਿਬ ਬਾਬਤ ਗ਼ਲਤ ਬਿਆਨੀ ਦਾ ਤਅੱਲਕ ਹੈ, ਮੈਨੂੰ ਜਚੀ ਨਹੀਂ। ਮੈਂ ਆਪਣੇ ਆਪ ਨੂੰ ਇਹ ਗੱਲ ਨਹੀਂ ਮਨਾ ਸਕਿਆ ਕਿ ਭਾਈ ਕਾਹਨ ਸਿੰਘ ਜੀ ਨੇ ਕਰਤਾਰਪੁਰ ਵਾਲੀ ਬੀੜ ਬਾਬਤ ਜੋ ੧੯੧੮ ਵਿਚ ਬਿਆਨ ਦਿਤਾ, ਉਸ ਵਿਚ ਇਕ ਨਾਵਲ ਨਵੀਸ ਦੇ ਦਿਮਾਗੀ ਚਿੱਤ੍ਰ ਹਨ। ਮੈਨੂੰ ਇਹ ਗੱਲ ਨਿਸਬਤਨ ਜ਼ਿਆਦਾ ਫਬਵੀਂ ਲਗਦੀ ਹੈ ਕਿ ਉਨ੍ਹਾਂ ਨੇ ਇਸ ਬਿਆਨ ਦੁਵਾਰਾ ਹਾਸ-ਰਸ ਦੇ ਘਰ ਵਿਚ ਬੈਠਕੇ ਮਖ਼ੌਲ ਨੂੰ ਸਮੇਂ ਦੇ ਲੰਘਾਨ ਨੇ ਸੰਜੀਦਗੀ ਵਿਚ ਰੰਗ ਦਿੱਤਾ।

ਪਰ ਕਈ ਸੱਜਣ ਪੁੱਛ ਬੈਠਣਗੇ ਕਿ ਕੀ ਭਾਈ ਕਾਹਨ ਸਿੰਘ ਜੀ ਇਤਨੇ ਮਖ਼ੌਲੀਏ ਸਨ, ਕਿ ਜੋ ਗੱਲਾਂ ਉਹ ਬਹੈਸੀਯਤ ਖੋਜੀ ਦੇ ਕਹਿੰਦੇ ਹਨ ਉਨ੍ਹਾਂ ਨੂੰ ਵੀ ਮਖ਼ੌਲ ਸਮਝ ਲਿਆ ਜਾਵੇ? ਮੈਂ ਇਸਦਾ ਉੱਤਰ ਵੀ ਦੇ ਸਕਦਾ ਹਾਂ, ਉਹ ਬੜੇ ਤਕੜੇ ਮਖ਼ੌਲੀਏ ਸਨ। ਉਹ ਲਫਜ਼ 'ਖੋਜ'

ਵਰਤ ਲੈਂਦੇ ਸਨ ਮਖ਼ੌਲ ਨੂੰ ਗੰਭੀਰ ਰੂਪ ਦੇਣ ਲਈ ਤੇ ਏਸ ਤਰਾਂ ਹਾਸ-ਰਸ ਦਾ ਸਵਾਦ ਹੋਰ ਵਧਾਉਣ ਲਈ। ਏਸ ਪੱਖ ਦੇ ਹੱਕ ਵਿਚ ਮੈਂ ਉਨ੍ਹਾਂ ਦੀ ਇਕ ਚਿੱਠੀ ਵਲ ਪਾਠਕਾਂ ਦਾ ਧਿਆਨ ਦਿਵਾਉਂਦਾ ਹਾਂ। ਉਹ ਵਲੈਤ ਵਿਚੋਂ ਇਕ ਚਿੱਠੀ ਘੱਲਦੇ ਹਨ ਤੇ ਉਸ ਵਿਚ ਲਿਖਦੇ ਹਨ 'ਮੇਰੇ ਖਿਆਲ ਵਿਚ ਅਜਿਹੀ ਕੋਈ ਬਾਤ ਨਹੀਂ, ਜਿਸ ਦਾ ਕਾਰਣ ਖੋਜ ਕੀਤਿਆਂ ਮਿਲ ਨ ਸਕੇ, ਪ੍ਰੰਤੂ ਖੋਜ ਵਾਸਤੇ ਵਿਦਜਾ ਦੀ ਸਹਾਇਤਾ ਦੀ ਭਾਰੀ ਲੋੜ ਹੈ।' ਵਲੈਤ ਵਿਚ ਉਹ ਕਿਹੜੀ ਖੋਜ ਕਰ ਰਹੇ ਸਨ? ਇਹ ਕਿ ਉਥੇ ਲੋਕ ਗੰਜੇ ਕਿਉਂ ਹਨ? ਉਨ੍ਹਾਂ ਦੀ ਸਾਰੀ ਚਿੱਠੀ ਕੋਈ ਆਪਣਾ ਹਾਸ-ਰਸ ਦਾ ਖਾਸਾ ਰਖਦੀ ਹੈ, ਏਸ ਲਈ ਹੇਠ ਦੇਂਦੇ ਹਾਂ:-

"England (ਇੰਗਲਿਸਤਾਨ) ਸਰਦ ਦੇਸ਼ ਹੈ, ਧਨੀ ਹੋਣ ਕਰਕੇ ਲੋਕਾਂ ਦਾ ਖਾਨ ਪਾਨ ਭੀ ਚੰਗਾ ਹੈ, ਔਰ ਮਕਾਨ ਵਸਤਰ ਆਦਿਕ ਸਭ ਸੁਖਦਾਈ ਸਾਮਾਨ ਹਨ, ਇਸ ਪਰ ਭੀ ਲੋਕ ਬਹੁਤੇ ਸਿਰੋਂ ਗੰਜੇ ਹਨ, ਟੱਟਰੀ ਸਾਫ ਪਈ ਚਮਕਦੀ ਹੈ। ਆਪ ਨੂੰ ਯਾਦ ਹੀ ਹੋਣਾ ਹੈ ਕਿ ਪਟਿਆਲੇ ਵਿਚ ਇਕ ਮੇਰੇ ਪ੍ਰੇਮੀ ਅੰਗ੍ਰੇਜ਼ ਦੇ ਸਿਰ ਨੂੰ ਮਾਸ ਸਮਝਕੇ ਇੱਲ ਨੇ ਝਪਟ ਮਾਰੀ ਸੀ ਔਰ ਉਸ ਬੇਚਾਰੇ ਦਾ ਸਿਰ ਕਈ ਦਿਨ ਦੁਖਦਾ ਰਿਹਾ ਸੀ, ਏਸੇ ਕਰਕੇ ਇਹ ਜਗ੍ਹਾ ਥਾਉਂ ਥਾਉਂ ਇਸ ਤਰ੍ਹਾਂ ਦੇ ਇਸ਼ਤਿਹਾਰ ਦੇਖਣ ਵਿਚ ਆਉਂਦੇ ਹਨ ਕਿ- "ਕਿਉਂ ਗੰਜੇ ਹੋਣ ਪਰ ਹਾਸੀ ਕਰਾਉਂਦੇ ਹੋ? ਮੇਰੀ ਦਵਾ ਵਰਤਕੇ ਦੇਖੋ, ਤੁਰਤ ਹੀ ਸਿਰ ਪਰ ਬਾਲ ਉਗ ਪੈਣਗੇ।" ਔਰ "ਗੰਜਾ ਹੋਣਾ ਭਾਰੀ ਸ਼ਰਮ ਹੈ ਔਰ ਬਹੁਤ ਹੀ ਬਦਸੂਰਤੀ ਹੈ, ਮੇਰਾ ਤੇਲ ਇਸ ਰੋਗ ਦੇ ਦੂਰ ਕਰਨ ਲਈ ਅੰਮ੍ਰਿਤ ਰਸ ਹੈ।" ਇਤਆਦਿ।

ਇਸ ਦੇਸ਼ ਵਿਚ ਖੁਸ਼ਕੀ ਅਰ ਗ਼ਰਮੀ ਕਰਕੇ ਜੇ ਗੰਜ ਹੁੰਦਾ ਤਾਂ ਕੋਈ ਹੈਰਾਨਗੀ ਨਹੀਂ ਸੀ, ਸਰਦ ਦੇਸ਼ ਹੋਣ ਤੇ ਭੀ ਇਸ ਰੋਗ ਦਾ ਹੋਣਾ ਬੁੱਧੀ ਨੂੰ ਚਕ੍ਰਿਤ ਕਰਦਾ ਹੈ। ਮੇਰੇ ਖਿਆਲ ਵਿਚ ਅਜਿਹੀ ਕੋਈ ਬਾਤ ਨਹੀਂ, ਜਿਸ ਦਾ ਕਾਰਨ ਖੋਜ ਕੀਤਿਆਂ ਮਿਲ ਨਾ ਸਕੇ, ਪਰੰਤੂ ਖੋਜ ਵਾਸਤੇ ਵਿਦਜਾ ਦੀ ਸਹਾਇਤਾ ਦੀ ਭਾਰੀ ਲੋੜ ਹੈ ਔਰ ਖਾਸ ਕਰਕੇ ਇਸ ਵਿਸ਼ਯ ਵੇਦਜ ਵਿਦਜਾ ਦੀ।

ਆਪ ਜਾਣਦੇ ਹੋ ਕਿ ਮੈਂ ਵੈਦਜ ਨਹੀਂ ਲੇਕਿਨ ਸ੍ਰੀ ੧੦੮ ਟਿੱਕਾ ਸਾਹਿਬ ਦੀ ਕ੍ਰਿਪਾ ਨਾਲ ਵੈਦਜਰਾਜ ਮੇਘ ਹਰੀ ਜੀ ਦੇ ਸਾਥ ਸ਼ਿਮਲੇ ਕਈ ਮਹੀਨੇ ਰਹਿਣ ਦਾ ਮੌਕਾ ਮਿਲਿਆ ਹੈ, ਔਰ ਉਨ੍ਹਾਂ ਦੇ ਚਮਤਕਾਰੀ ਤਜਰਬੇ ਦੇਖ ਸੁਣਕੇ ਮੈਂ ਗੰਜ ਦੇ ਕਾਰਨ ਨੂੰ ਸਪਸ਼ਟ ਸਮਝਣ ਲਈ ਸਾਮਰਥ ਹੋਇਆ ਹਾਂ। ਮੇਘ ਹਰੀ ਜੀ ਗਰਮ ਚਾਹ ਵਿਚ ਕੁੱਪੀ ਦਾ ਘੀ ਪਾਕੇ ਸੁੜ੍ਹਾਕੇ ਮਾਰ ਕੇ ਪੀਆ ਕਰਦੇ ਸੇ ਔਰ ਆਖਿਆ ਕਰਦੇ ਸੇ ਕਿ ਸੁੜਾਕੇ ਨਾਲ ਮਗਜ਼ ਵਿਚ ਤਰਾਵਤ ਪਹੁੰਚਦੀ ਹੈ ਔਰ ਘੀ ਪਿਚਕਾਰੀ ਨਾਲ ਵਰਤੀ ਹੋਈ ਦਵਾਈ ਦੀ ਤਰ੍ਹਾਂ ਸਿਰ ਦੀ ਰਗ ਰਗ ਅਰ ਰੋਮ ਰੋਮ ਵਿਚ ਅਸਰ ਕਰ ਜਾਂਦਾ ਹੈ।

ਇਸ ਵਿਦਜਾ ਦੇ ਤੱਤ ਤੋਂ ਮੁੱਢੋਂ ਅਨਜਾਣ ਯੂਰਪ ਦੇ ਲੋਕ ਸੁੜ੍ਹਾਕਾ ਤਾਂ ਕੀ ਖਾਣ ਵੇਲੇ ਜ਼ਰਾ ਮਚਾਕਾ ਮਾਰਨਾ ਬੀ ਬੁਰਾ ਸਮਝਦੇ ਹਨ, ਜਿਸ ਕਰਕੇ ਗੰਜੇ ਹੋਣ ਤੇ ਹਾਸੀ ਯੋਗ ਬਣਦੇ ਹਨ, ਕਿਉਂਕਿ ਗ਼ਿਜ਼ਾ ਦੀ ਤਾਕਤ ਦਿਮਾਗ਼ ਤਕ ਨਹੀਂ ਪਹੁੰਚ ਸਕਦੀ। ਜੇ ਟਿਕਾ ਸਾਹਿਬ ਬਹਾਦੁਰ ਮੇਘ ਹਰੀ ਜੀ ਨੂੰ ਕੁਛ ਸਮੇਂ ਵਾਸਤੇ ਏਧਰ ਭੇਜਣ ਤਾਂ ਗੰਜ ਨਿਵਾਰਨ ਸੁੜ੍ਹਾਕੇ ਦਾ ਪਰਚਾਰ ਹੋ ਸਕਦਾ ਹੈ, ਔਰ ਬਹੁਤ ਲੋਕ ਕੇਸ਼ਾਂ ਨੂੰ ਪ੍ਰਾਪਤ ਹੋਕੇ ਕ੍ਰਿਤਗਜ ਬਣ ਸਕਦੇ ਹਨ। ਇਸ ਵਿਚ ਸੰਸਾ ਨਹੀਂ ਕਿ ਪਹਿਲਾ ਮੇਘ ਹਰੀ ਜੀ ਲੋਕਾਂ ਨੂੰ ਸੁੜ੍ਹਾਕਾ ਸਿਖਾਉਣ ਵਿਚ ਕੁਛ ਕਾਲ ਕਠਿਨਤਾ ਵਿਚ ਪੈਣਗੇ, ਪਰ ਗੁਣ ਜਾਣ ਲੈਣ ਪਰ ਸੁੜ੍ਹਾਕਾ ਹੀ ਨਹੀਂ ਯੂਰਪੀਨਾਂ ਨੂੰ ਅਪਾਨ ਵਾਯੂ ਦਾ ਭੜਾਕਾ ਭੀ ਪਿਆਰਾ ਔਰ ਸੁਖਦਾਈ ਪ੍ਰਤੀਤ ਹੋਵੇਗਾ, ਜਿਸ ਦੇ ਰਹੱਸਜ ਤੋਂ ਹੁਣ ਤਾਂਈ ਪਰਮ ਅਗਜਾਤ ਹਨ।"

ਜਿਸ ਤਰ੍ਹਾਂ ਇਹ 'ਸੁੜ੍ਹਾਕੇ' ਦਾ ਮਖੌਲ ਉਨ੍ਹਾਂ ਦੀ ਲਿਖਤ ਵਿਚ ਲਫਜ਼ 'ਖੋਜ' ਨਾਲ ਸੰਯੁਕਤ ਹੈ, ਵੈਸਾਹੀ ਉਨ੍ਹਾਂ ਦਾ ੧੯੧੮ ਦਾ ਲੇਖ ਕਰਤਾਰਪੁਰ ਦੀ ਬੀੜ ਬਾਬਤ ਬਹੈਸੀਅਤ ਖੋਜੀ ਦੇ ਹੈ। ਉਸ ਵਿਚ ਜੋ ਮਖ਼ੌਲ ਹੈ ਉਹ ਬੱਸ ਮਜ਼ਾਕ ਦੀ ਹੱਦ ਹੈ। ਏਸ ਹੱਦ ਕਰਨ ਵਿਚ ਉਹ ਠੱਠੇ ਦੇ ਪਾਰਲੇ ਕਿਨਾਰੇ ਅੱਪੜ ਗਏ ਹਨ ਜੋ ਹਾਸ-ਰਸ ਦੀ ਗਤੀ ਤੋਂ ਅਜੇ ਤਕ ਪਰੇ ਸੀ।

ਪਰ ਮੈਨੂੰ ਪਤਾ ਹੈ, ਮੈਂ ਕਿਤਨੀ ਵੀ ਕੋਸ਼ਸ ਕਰਾਂ ਉਨ੍ਹਾਂ ਦੀ 'ਗਲਤ ਖਿਆਨੀ' ਉਪਰ 'ਮਖ਼ੌਲ' ਦੀ ਪੋਚਾ ਪਾਚੀ ਫੇਰਨ ਦੀ, ਇਹ ਯਤਨ ਕਦੇ ਪੂਰਾ ਸਫਲ ਨਹੀਂ ਹੋ ਸਕਦਾ। ਅਜੇ ਥੋੜੇ ਹੀ ਦਿਨ ਹੋਏ ਹਨ ਤਾਂ 'ਅਕਾਲੀ' ਅਖਬਾਰ ਵਿਚ ਇਕ ਲੇਖ ਛਪਿਆ ਹੈ ਜੋ ਭਾਈ ਕਾਹਨ ਸਿੰਘ ਦੀ ਸਾਰੀ ਲਿਖਤ ਨੂੰ ਦੂਸ਼ਤ ਕਰਦਾ ਹੈ। ਇਸ ਦੂਸ਼ਨ ਦੇ ਸਾਹਮਣੇ ਮੇਰੀ ਮਖ਼ੌਲ ਦੀ ਚੱਦਰ ਛੋਟੀ ਪੈਂਦੀ ਹੈ, ਜਿਸ ਵਿਚੋਂ ਨੰਗੇ ਪੈਰ ਬਾਹਰ ਪਸਰ ਜਾਂਦੇ ਹਨ। ਲੇਖ ੨੩ ਅਕਤੂਬਰ ਦੇ ਅਕਾਲੀ ਦੇ ਪਰਚੇ ਵਿਚ ਹੈ ਤੇ 'ਸ: ਹਰਮਿੰਦਰ ਸਿੰਘ ਬੀ.ਏ. ਕ੍ਰਿਸ਼ਨ ਨਗਰ ਲਾਹੌਰ' ਵਲੋਂ ਛਪਿਆ ਹੈ। ਮਜ਼ਮੂਨ ਦੀ ਟੂਕ ਇਸ ਤਰ੍ਹਾਂ ਹੈ:-

> ਸ: ਗੁਰਪਾਲ ਸਿੰਘ ਜੀ ਏ.ਐਸ.ਏ.ਏ. (ਲੰਡਨ) ਆਰ.ਏ. ਡਿਪਟੀ ਕੰਟ੍ਰੋਲਰ ਮਿਲਟਰੀ ਅਕਾਊਂਟਸ ਲਾਹੌਰ ਨੇ ੧੯੩੩ ਵਿਚ ਇਕ ਟ੍ਰੈਕਟ 'ਸ.ਬ. ਭਾਈ ਕਾਹਨ ਸਿੰਘ ਜੀ ਦੀਆਂ ਗੁਰਮਤ ਸਬੰਧੀ ਲਿਖਤਾਂ ਦੀ ਪੜਤਾਲ' ਛਪਵਾਇਆ ਸੀ ਇਸ ਦੇ ਸ਼ੁਰੂ ਵਿਚ ਆਪ ਲਿਖਦੇ ਹਨ:-
>
> "ਮੈਂ ਸ:ਬ: ਭਾਈ ਕਾਹਨ ਸਿੰਘ ਜੀ ਦੇ ਨਾਮ ਤੇ ਛਪੇ ਗ੍ਰੰਥ ਦੇਖੇ ਹਨ, ਜਿਸ ਤੋਂ ਮੈਂ ਇਸ ਨਤੀਜੇ ਪਰ ਪੁੱਜ ਗਿਆ ਹਾਂ ਕਿ ਭਸੌੜ ਆਪਣੇ ਆਪ ਵਿਚ ਕੁਝ ਨਹੀਂ ਸੀ, ਜੋ ਕੁਝ ਉਹ ਕੰਮ ਕਰ ਰਹੇ ਸਨ, ਅਸਲ ਵਿਚ ਸ: ਕਾਹਨ ਸਿੰਘ ਜੀ ਹੀ ਉਹਨਾਂ ਤੋਂ ਕਰਾ ਰਹੇ ਸਨ। ਗਲ ਇਥੇ ਹੀ ਨਹੀਂ ਮੁਕਦੀ, ਮੈਂ ਇਸ ਨਤੀਜੇ ਤੇ ਪੁਜ ਗਿਆ ਹਾਂ ਕਿ ਭਾਈ ਸਾਹਿਬ ਕਾਹਨ ਸਿੰਘ ਜੀ ਲਿਖਤ ਕਿਤਾਬਾਂ ਪੰਥ ਲਈ ਜ਼ਹਿਰ ਹਨ।"
>
> ਜੋ ਕੁਝ ਸਰਦਾਰ ਜੀ ਨੇ ਲਿਖਿਆ ਹੈ ਉਹ ਵਾਕਿਆਤ ਦੀ ਰੌਸ਼ਨੀ ਵਿਚ ਐਨ ਦਰੁਸਤ ਹੈ... ... ... ...।
>
> (ਅਕਾਲੀ ਅਖਬਾਰ ੨੩-੧੦-੪੫, ਪੰਨਾ ੪)

ਸ: ਹਰਮਿੰਦਰ ਸਿੰਘ ਨੇ ਇਹ ਚਿੱਠੀ ਛਪਵਾਈ ਜੋ ਅਕਾਲੀ ਵਿਚ ਛਪੀ। ਚਿੱਠੀ ਦਾ ਪ੍ਰਯੋਜਨ ਚੀਫ ਖਾਲਸਾ ਦੀਵਾਨ ਅਤੇ ਖਾਲਸਾ ਸਮਾਚਾਰ ਨੂੰ ਝਾੜ ਪਾਉਣ ਦਾ ਹੈ, ਜਿਨ੍ਹਾਂ ਨੇ ਐਸੇ ਭਾਈ ਕਾਹਨ ਸਿੰਘ

ਨਾਲ ਗੰਢ ਤ੍ਰੁਪ ਰਖਿਆ ਤੇ ਉਸ ਦਾ ਲਿਹਾਜ਼ ਕਰਦੇ ਰਹੇ। ਮੈਂ ਸਰਦਾਰ ਹਰਮਿੰਦਰ ਸਿੰਘ ਦੇ ਏਸ ਵਿਸ਼ਯ ਵਿਚ ਕੋਈ ਉਟੰਗਨ ਨਹੀਂ ਚਾੜ੍ਹ ਰਿਹਾ। ਮੈ ਐਸ ਘੜੀ ਮਜ਼ਮੂਨ ਦੇ ਦੂਜੇ ਪਾਸੇ ਦੇ ਰੁਝੇਵੇਂ ਵਿਚ ਹਾਂ। ਮੈਂ ਇਸ ਵਕਤ ਇਹ ਕਹਿਣਾ ਚਾਹੁੰਦਾ ਹਾਂ ਕਿ ਜੋ ਰਾਇ ਸ: ਗੁਰਪਾਲ ਸਿੰਘ ਜੀ ਨੇ ਭਾਈ ਕਾਹਨ ਸਿੰਘ ਬਾਬਤ ਪ੍ਰਗਟ ਕੀਤੀ ਉਹ ਮੇਰੀ ਰੁਚੀ ਦੇ ਅਨਕੂਲ ਨਹੀਂ। ਮੈਨੂੰ ਲੋੜ ਨਹੀਂ ਭਾਸਦੀ ਕਿ ਅਸੀਂ ਭਾਈ ਕਾਹਨ ਸਿੰਘ ਦੇ ਸਾਰੇ ਲੇਖਾਂ ਨੂੰ ਇਕ ਐਸੀ ਸ਼ਕਲ ਵਿਚ ਬਿਆਨ ਕਰੀਏ। ਮੈਂ ਭਾਈ ਸਾਹਿਬ ਨੂੰ ਸਤਿਕਾਰ ਦੇ ਉਸ ਪੱਧਰ ਉਪਰ ਖੜਾ ਸਮਝਦਾ ਹਾਂ ਜਿਸ ਉਪਰ ਇਕ ਸਾਹਿਤਜ ਕਰਤਾ ਆਪਣੇ ਜਮਾਂਦਰੂ ਹੱਕ ਨਾਲ ਜਾ ਪਹੁੰਚਦਾ ਹੈ। ਏਸ ਕਰਕੇ ਬਜਾਏ ਏਸਦੇ ਕਿ ਅਸੀਂ ਉਨ੍ਹਾਂ ਲਈ ਸਖਤ ਸੁਸਤ ਲਫਜ਼ ਢੂੰਡੀਏ ਸਾਡਾ ਫਰਜ਼ ਹੈ ਕਿ ਅਸੀਂ ਓਹਨਾਂ ਦੀਆਂ ਲਿਖਤਾਂ ਦੀ ਪਰਖ ਕਰੀਏ। ਜਿਸ ਤਰ੍ਹਾਂ ਓਹਨਾਂ ਗੁਰਬਾਣੀ ਨੂੰ ਪਰਖਣ ਲਈ 'ਗੁਰ ਗਿਰਾ ਕਸੌਟ।' ਬਣਾਈ ਸੀ, ਏਸ ਤਰ੍ਹਾਂ ਉਨ੍ਹਾਂ ਦੀ ਪਰਖ਼ ਨੂੰ ਪਰਖਣ ਲਈ ਕੋਈ ਕਸੌਟੀ ਬਣਾ ਲਈਏ ਤੇ ਬਹਿਸ ਨੂੰ ਉਸ 'ਖੋਜ' ਦੇ ਧ੍ਰਵੇ ਉਪਰ ਨਾ ਰਖੀਏ ਜਿਸ ਵਿਚ ਕੋਈ ਸਥੂਲ ਚੀਜ਼ ਨਹੀਂ ਕੇਵਲ ਮਖ਼ੌਲ ਦਾ 'ਸੜ੍ਹਾਕਾ' ਹੈ, ਜੇ ਗ਼ਲਤ ਬਿਆਨੀ ਦਾ ਲਫਜ਼ ਵਰਤਣਾ ਵਰਜਿਤ ਹੈ।

ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਇਕ 'ਸਬ ਕਮੇਟੀ' ਬਣਾਈ ਸੀ ਕਰਤਾਰਪੁਰ ਵਾਲੀ ਬੀੜ ਦੇ ਦਰਸ਼ਨ ਕਰਨ ਲਈ, ਏਸ 'ਸਬ ਕਮੇਟੀ' ਦੀ ਰੀਪੋਟ ਨੇ ਪਰਖ ਕਸੌਟੀ ਦਾ ਪਹਿਲਾ ਕੰਮ ਕੀਤਾ ਹੈ।

ਸਾਡੇ ਸਾਹਮਣੇ ਇਕ ਪਾਸੇ ਤਾਂ ਭਾਈ ਕਾਹਨ ਸਿੰਘ ਬਾਬਤ ਐਸੇ ਵਡਿਆਈ ਦੇ ਲਫਜ਼ ਹਨ ਜੈਸੇ ਅਸ਼ੋਕ ਜੀ ਦੇ, ਜੋ ਭਾਈ ਸਾਹਿਬ ਨੂੰ ਵੇਦ ਵਿਆਸ ਦੇ ਰੂਪਕ ਨਾਲ ਸਨਬੰਧਤ ਕਰਦੇ ਹਨ, ਦੂਜੇ ਪਾਸੇ ਐਸੇ ਵਾਕ ਹਨ ਜੋ ਭਾਈ ਕਾਹਨ ਸਿੰਘ ਜੀ ਲਿਖਤ ਕਿਤਾਬਾਂ ਨੂੰ ਪੰਥ ਲਈ ਜ਼ਹਿਰ ਗਿਣਦੇ ਹਨ ਜੈਸੇ ਕਿ ਸ: ਗੁਰਪਾਲ ਸਿੰਘ ਜੀ ਤੇ ਸਰਦਾਰ ਹਰਮਿੰਦਰ ਸਿੰਘ ਜੀ ਦੇ ਹਨ। ਮੇਰਾ ਖਿਆਲ ਹੈ ਕਿ ਭਾਈ ਕਾਹਨ ਸਿੰਘ ਦੀ ਕੁੱਲ ਲਿਖਤ ਵਿਚ ਅੰਮ੍ਰਿਤ ਦਾ ਹਿੱਸਾ ਕਾਫੀ ਹੈ। ਉਸ ਵਿਚ ਜ਼ਹਿਰ ਦੀ ਅੰਸ਼ ਜੋ ਮਿਲੀ ਹੋਈ ਹੈ ਉਸ ਨੂੰ ਮਥਨ ਕਰਕੇ ਕੱਢ ਸਕੀਦਾ ਹੈ।

ਖੁਦ ਭਾਈ ਕਾਹਨ ਸਿੰਘ ਜੀ ਨੇ ਇਹ ਮਧਾਣੀ ਦਾ ਰੇੜਕਾ ਸ਼ੁਰੂ ਕਰ ਦਿਤਾ ਸੀ। ਕੱਚੇ ਮੱਖਣ ਦੀਆਂ ਕਣੀਆਂ ਬੱਝਣ ਲਗ ਪਈਆਂ ਸਨ ਪਰ ਚਾਟੀ ਅਧਰਿੜਕੇ ਦੀ ਹਾਲਤ ਵਿਚ ਵਿਚੇ ਰਹਿ ਗਈ ਅਤੇ ਮੱਖਣ ਨਿਖਾਰਨ ਦਾ ਕੰਮ ਪੂਰਾ ਸਿਰੇ ਨਾ ਚੜ੍ਹਿਆ। ਮੇਰਾ ਵਿਸ਼ਵਾਸ਼ ਹੈ ਕਿ ਜਿਤਨੀ ਵਧੇਰੇ ਡੂੰਘੀ ਪਰਖ ਨਾਲ ਗੁਰਦੁਆਰਾ ਕਮੇਟੀ ਇਨ੍ਹਾਂ ਦੀਆਂ ਚੀਜ਼ਾਂ ਨੂੰ ਨਿਤਾਰਕੇ ਵਰਤੇ ਉਤਨਾ ਹੀ ਉਸਦੀ ਆਪਣੀ ਸਿਹਤ ਲਈ ਅੱਛਾ ਹੈ। ਅਨਨਿਤ੍ਰਿਆ ਬਿਖ ਤੇ ਅੰਮ੍ਰਿਤ ਦਾ ਮਿਕਸਚਰ (mixture) ਪੀਕੇ ਕਮੇਟੀ ਦੀ ਆਪਣੀ ਕਾਇਆ ਸੂਬਬ ਨਹੀਂ ਰਹੀ। ਏਸ ਦਸ਼ਾ ਵਿਚ ਜੋ ਬਿਆਨ ਤੇ ਸਰਕੂਲਰ ਕਮੇਟੀ ਵਲੋਂ ਘੱਲੇ ਜਾ ਰਹੇ ਹਨ ਉਨ੍ਹਾਂ ਵਿਚ ਘਟਵੀਂ ਨਬਜ਼ ਦੀ ਉੱਖੜੀ ਚਾਲ ਹੈ। ਹਾਲਤ ਇਤਨੀ ਖਰਾਬ ਹੈ ਕਿ ਮਰੀਜ਼ ਦਵਾਈ ਪੀਣ ਤੋਂ ਇਨਕਾਰੀ ਹੈ। ਜੋ ਦਾਰੂ ੭ ਅਕਤੂਬਰ ਦੀ ਧਾਰਮਕ ਸਲਾਹਕਾਰਾਂ ਦੀ ਸਬ ਕਮੇਟੀ ਨੇ ਸ੍ਰੀ ਕਰਤਾਰਪੁਰ ਦੀ ਬੀੜ ਦਾ ਦਰਸ਼ਨ ਕਰਕੇ ਆਪਣੀ ਰੀਪੋਟ ਦੀ ਸ਼ਕਲ ਵਿਚ ਪੇਸ਼ ਕੀਤਾ। ਉਸ ਨੂੰ ਵੀ ਕਿਸੇ ਅਲਮਾਰੀ ਵਿਚ ਰਖ ਦਿਤਾ ਗਿਆ ਹੈ। ਹੁਣ ਕੀ ਹੋਵੇ? ਕਮੇਟੀ ਚੜ੍ਹ ਰਹੀ ਵਿਹੁ ਦੀ ਮਦਹੋਸ਼ਤਾ ਵਿਚ ਗੜੂੰਦ ਹੋ ਰਹੀ ਹੈ। ਮੇਰਾ ਖਿਆਲ ਹੈ ਕਮੇਟੀ ਦੀ ਦੇਹ ਅਰੋਗਤਾ ਲਈ ਗੁਰਦਵਾਰਿਆਂ ਵਿਚ ਅਖੰਡ ਪਾਠਾਂ ਦੇ ਭੋਗ ਰਖਣੇ ਚਾਹੀਦੇ ਹਨ, ਪਰ ਏਸ ਵਿਚ ਇਹ ਮੁਸ਼ਕਲ ਪੈਦਾ ਹੋ ਗਈ ਹੈ ਕਿ ਗੁਰਦਵਾਰਿਆਂ ਵਿਚ ਅਖੰਡ ਪਾਠ ਹੋ ਨਹੀਂ ਸਕਦੇ, ਸੰਟ੍ਰਲ ਰਾਗਮਾਲਾ ਮੰਡਨ ਸਭਾ ਨੇ ਮਰੀਜ਼ ਨੂੰ ਸੰਸਿਆਂ ਵਿਚ ਪਾ ਦਿਤਾ ਹੈ ਕਿ ਰਾਗਮਾਲਾ ਬਗੈਰ ਪਾਠ ਖੰਡਿਤ ਹੈ।

-o-

## ੮. ਆਲਮ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਚੋਰੀ

**ਅਸੀਂ** ਮੁੜ ਆਪਣੇ ਮਜ਼ਮੂਨ ਦੀ ਸ਼ਾਹ ਸੜਕ ਵਲ ਘੁੰਮਦੇ ਹਾਂ ਤੇ ਆਪਣੀ ਲੜੀ ਨੂੰ ਅਗਾਂਹ ਟੋਰਦੇ ਹਾਂ। ਮੈਂ ਦੱਸ ਰਿਹਾ ਸੀ ਕਿ ਆਲਮ ਦੇ ਛੰਦ ੩ ਤੋਂ ੧੦ ਤਕ ਵਿਚ ਜੋ ਜ਼ਿਕਰ ਹੈ ਉਨ੍ਹਾਂ ਵਿਚ ਇਹ ਵਿਸ਼ਯ ਹਨ:- (੧) ਅਕਬਰ ਦੀ ਤਾਰੀਫ ਅਤੇ ਉਸ ਨੂੰ ਅਸੀਸ। (੨) ਟੋਡਰ ਮਲ ਦਾ ਜ਼ਿਕਰ। (੩) ਸੰਮਤ। (੪) ਆਪਣੀ ਪੁਸਤਕ ਦਾ ਨਿਜੀ ਪ੍ਰਬੰਧ ਵੇਰਵਾ। (੫) ਪੁਹਪਾਵਤੀ ਨਗਰ ਵਿਚ ਰਾਜਾ ਗੋਬਿੰਦ ਚੰਦ ਦੇ ਰਾਜ ਵਿਚ ਮਾਧਾਵਨਲ ਬ੍ਰਾਹਮਣ ਦਾ ਸ਼ੁਰੂ ਹਾਲ।

ਮੈਂ ਇਹ ਲਿਖ ਆਇਆ ਹਾਂ ਕਿ ਇਨ੍ਹਾਂ ਪੰਜਾਂ ਵਿਸ਼ਯਾਂ ਨੂੰ ਜੋਧ ਦੇ ਮੁਕਾਬਲੇ ਉਪਰ ਰੱਖਕੇ ਵਿਚਾਰਨ ਲਗਿਆਂ ਸਾਨੂੰ ਧਿਆਨ ਵਿਚ ਪਹਿਲੇ ਉਹ ਗੱਲ ਲੈਣੀ ਚਾਹੀਦੀ ਹੈ ਜੋ ਜੋਧ ਵਿਚ ਨਹੀਂ ਹੈ। ਵੁਹ ਹੈ ਆਲਮ ਦੀ ਆਪਣੀ ਪੁਸਤਕ ਦਾ ਪ੍ਰਬੰਧ ਵੇਰਵਾ, ਜਿਸ ਨੂੰ ਉਪਰ ਚੌਥੇ ਅੰਕ ਵਿਚ ਦਰਜ ਕੀਤਾ ਹੈ। ਮੈਂ ਇਹ ਗੱਲ ਵੀ ਪਿਛੇ ਕਹਿ ਆਇਆ ਹਾਂ ਕਿ ਆਲਮ ਦੀ ਪੁਸਤਕ ਵਿਚ ਤਿੰਨ ਤੱਤ ਰਲੇ ਹੋਏ ਹਨ: (੧) ਜੋਧ ਕਵੀ ਦੀ ਸੰਸਕ੍ਰਿਤ ਰਚਨਾਂ ਦਾ ਉਲਥਾ, (੨) ਆਲਮ ਦੀ ਆਪਣੀ ਬਨਾਉਟ (੩) ਤੇ ਉਹ ਵਸਤਾਂ ਜੋ ਉਸ ਨੂੰ ਬਣੀਆਂ ਬਣਾਈਆਂ ਪ੍ਰਾਪਤ ਹੋਈਆਂ ਤੇ ਉਸ ਨੇ ਆਪਣੀ ਰਚਨਾਂ ਵਿਚ ਦਰਜ ਕੀਤੀਆਂ।

ਇਹ ਸਾਰੀ ਗੱਲ ਅਸੀਂ ਜੋਧ ਕਵੀ ਅਤੇ ਆਲਮ ਦੀਆਂ ਪੁਸਤਕਾਂ ਦਾ ਪਰਸਪਰ ਟਾਕਰਾ ਕਰਨ ਲਈ ਕਰ ਰਹੇ ਹਾਂ। ਏਸ ਸਨਬੰਧਤ ਮੁਤਾਲਿਆ ਤੋਂ ਮੇਰਾ ਇਹ ਪ੍ਰਯੋਜਨ ਆਲਮ ਦੇ ਸਮੇਂ ਦੀ ਸੂਚਨਾ ਲੱਭਣ ਦਾ ਹੈ, ਤਾਂ ਕਿ ਅਸੀਂ ਇਹ ਨਿਬੇੜਾ ਕਰ ਸਕੀਏ ਕਿ ਆਲਮ, ਜਿਥੋਂ ਤਕ ਉਸਦਾ ਰਾਗਮਾਲਾ ਨਾਲ ਵਾਸਤਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਇਕ ਯਾਚਕ ਹੈ ਜਾਂ ਦਾਤਾ? ਏਸ ਮੁਤਾਲਜਾ ਵਿਚ ਅਸੀਂ ਅਜੇ ਆਲਮ ਦੇ ੭ਵੇਂ ਛੰਦ ਤਕ ਹੀ ਪਹੁੰਚੇ ਸਾਂ ਕਿ ਆਲਮ ਨੇ ਖੁਦ ਇਕਰਾਰ ਕਰਨਾ ਸ਼ੁਰੂ ਕਰ ਦਿੱਤਾ। ਉਹ ਦੁਹਾਈ ਪਾਉਣ ਲੱਗ

ਪਿਆ: ਮੈਨੂੰ ਦਾਤਾ ਨਾ ਕਹੋ, ਮੈਂ ਦਾਤਾ ਨਹੀਂ ਹਾਂ, ਮੈਂ ਯਾਚਕ ਹਾਂ। ਨਹੀਂ, ਮੈਂ ਯਾਚਕ ਵੀ ਨਹੀਂ ਹਾਂ ਮੈਂ ਕੁਛ ਹੋਰ ਹਾਂ। ਮੈਨੂੰ ਸ਼ਰਮ ਆਉਂਦੀ ਹੈ, ਮੈਂ ਕੀ ਕਹਾਂ, ਮੈਂ ਚੋਰ ਹਾਂ। ਮੈਂ ਇਕਬਾਲ ਕਰਦਾ ਹਾਂ ਕਿ ਮੇਰੀ ਪੁਸਤਕ ਸੁਤੰਤਰ ਰਚਨਾ ਨਹੀਂ, ਮੈਂ ਪੁਸਤਕ ਏਸ ਤਰ੍ਹਾਂ ਬਣਾਈ ਹੈ:-

*ਕਛੁ ਅਪਨੀ ਕਛੁ ਪਰ ਕੀ ਚੋਰੀ।*
*ਜਥਾ ਸ਼ਕਤਿ ਯਹ ਹੈ ਮਤ ਮੋਰੀ।*

ਜੇ ਮੈਨੂੰ ਪਾਠਕਾਂ ਦੀ ਇਜਾਜ਼ਤ ਹੋਵੇ ਘੜੀ ਦੀ ਘੜੀ ਇਹ ਫਰਜ਼ ਕਰਨ ਦੀ ਕਿ ਆਲਮ ਦੀਆਂ ਇਨ੍ਹਾਂ ਸਤਰਾਂ ਵਿਚ 'ਚੋਰੀ' ਤੋਂ ਮੁਰਾਦ ਰਾਗਮਾਲਾ ਦੀ ਚੋਰੀ ਹੈ ਤਾਂ ਸਾਡੇ ਸਾਹਮਣੇ ਇਕ ਵਚਿਤ੍ਰ ਦ੍ਰਿਸ਼ ਖੜਾ ਹੋ ਜਾਏਗਾ ਤੇ ਐਉਂ ਪ੍ਰਤੀਤ ਹੋਵੇਗਾ ਕਿ ਆਲਮ ਏਸ ਛੰਦ ਦੁਆਰਾ ਮੂੰਹੋਂ ਬੋਲ ਰਿਹਾ ਹੈ ਤੇ ਕਹਿ ਰਿਹਾ ਹੈ:-

"ਮੈਂ ਜਿਸ ਤਰ੍ਹਾਂ ਜੋਧ ਕਵੀ ਦਾ ਨਾਮ ਨਹੀਂ ਲਿਖਿਆ, ਕੇਵਲ ਸੰਸਕ੍ਰਿਤ ਦੀ ਕਥਾ ਹੀ ਕਿਹਾ ਹੈ*; ਏਸੇ ਤਰ੍ਹਾਂ ਮੈਂ ਗੁਰੂ ਗ੍ਰੰਥ ਸਾਹਿਬ ਦਾ ਨਾਮ ਨਹੀਂ ਲੀਤਾ, ਮੈਂ ਜੋ ਕੁਛ ਉਥੋਂ ਲੀਤਾ ਹੈ ਉਹ ਚੋਰੀ ਹੈ। ਮੈਂ ਜੋਧ ਦੀ ਰਚਨਾ ਵਿਚੋਂ ਜੋ ਕੁਛ ਲੀਤਾ ਉਸ ਨੂੰ ਚੋਰੀ ਏਸ ਕਰਕੇ ਨਹੀਂ ਕਹਿੰਦਾ ਉਸ ਨੂੰ ਮੈਂ ਆਪਣੀ ਭਾਸ਼ਾ ਵਿਚ ਉਲਥਾਇਆ ਤੇ ਆਪਣੇ ਛੰਦ ਵਰਤੇ ਹਨ, ਪਰ ਜੋ ਕੁਛ ਮੈਂ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਕੀਤਾ ਉਸ ਦੀ ਬਣੀ ਬਣਾਈ ਭਾਸ਼ਾ ਹੀ ਨਹੀਂ ਲੀਤੀ, ਨਾ ਸਿਰਫ ਇਹ, ਛੰਦ ਵੀ ਓਹੋ ਲੀਤੇ, ਓਹੋ ਚੌਪਈ, ਓਹੋ ਦੋਹਿਰਾ, ਏਸ ਕਰਕੇ ਮੈਂ ਏਸ ਨੂੰ ਚੋਰੀ ਕਹਿ ਦਿੱਤਾ ਹੈ, ਤਾਂਕਿ ਪਿਛੋਂ ਪੜ੍ਹਨ ਵਾਲਿਆਂ ਨੂੰ ਕੋਈ ਮੁਗ਼ਾਲਤਾ ਨਾ ਲੱਗੇ।"

ਪਰ ਅਜ ਤਕ ਕਿਸੇ ਕਵੀ ਨੇ ਆਪਣੀ ਰਚਨਾ ਬਾਬਤ ਲਫਜ਼ 'ਚੋਰੀ' ਦਾ ਨਹੀਂ ਵਰਤਿਆ। ਇਹ ਅਨੋਖੀ ਗੱਲ ਹੈ, ਏਸ ਅਨੋਖੇ ਪਨ ਵਿਚ ਵੀ ਭੇਦ ਹੈ। ਇਸ ਵਿਚ ਉਸ ਖੁਥਖੁਥੀ ਨੂੰ ਸ਼ਾਂਤ ਕਰਨ ਦੀ ਯਾਚਨਾ ਹੈ ਜੋ ਭਲੇ ਪੁਰਸ਼ ਨੂੰ ਕਸੂਰ ਕਰਨ ਦੇ ਬਾਦ ਲੱਗ ਜਾਂਦੀ ਹੈ। ਆਲਮ ਭਲਾ ਸੀ, ਕਸੂਰ ਕਰਨਾ ਇਨਸਾਨੀ ਕਮਜ਼ੋਰੀ ਹੈ। ਆਲਮ ਦਿਲ ਦਾ ਕਮਜ਼ੋਰ ਸੀ, ਏਸ ਕਮਜ਼ੋਰੀ ਕਾਰਣ ਉਹ ਮੁਸਲਮਾਨ ਬਣ

---

* ਕਥਾ ਸੰਸਕ੍ਰਿਤ ਸੁਨ ਕਛੁ ਥੋਰੀ। ਭਾਖਾ ਬਾਂਧਿ ਚੌਪਈ ਜੋਰੀ। (ਆਲਮ)

ਗਿਆ। ਪਰ ਏਸ ਗ਼ਲਤੀ ਦਾ ਉਸ ਨੇ ਪ੍ਰਾਸ਼ਚਿਤ ਕਿਸ ਤਰ੍ਹਾਂ ਕੀਤਾ? ਉਹ ਸਾਰੀ ਉਮਰ ਦੇਵੀ ਦੇਵਤਿਆਂ ਦੀ ਪ੍ਰਾਰਥਨਾ ਵਿਚ ਲਗਾ ਰਿਹਾ। ਮੁਸਲਮਾਨ ਹੋਕੇ ਵੀ ਉਹ ਕ੍ਰਿਸ਼ਨ ਦੀ ਭਗਤੀ ਵਿਚ ਬਿਹਬਲ ਹੋ ਰਸ ਨਿਮਗਨ ਹੁੰਦਾ ਰਿਹਾ।

ਕ੍ਰਿਸ਼ਨ ਵੀ ਚੋਰ ਸੀ, ਉਹ 'ਮੱਖਣ ਚੋਰ' ਸੀ। ਕ੍ਰਿਸ਼ਨ ਇਕ ਹੋਰ ਵੀ ਚੋਰੀ ਕਰਦਾ ਸੀ, ਉਹ 'ਚਿਤ ਚੋਰ' ਸੀ। ਪਰ ਚੋਰੀ ਕਰਕੇ 'ਬਾਣੀ ਚੋਰ' ਉਸ 'ਚਿਤ ਚੋਰ' ਦੇ ਧਿਆਨ ਵਿਚ ਉਤਸ਼ਾਹਤ ਰਹਿੰਦਾ ਹੈ। ਆਲਮ ਕਹਿੰਦਾ ਹੈ:-

ਭਲੀ ਕੀਨ੍ਹੀ ਭਾਵਤੇ ਜੂ ਪਾਉਂ ਧਾਰੇ ਇਹਿ ਖੋਰ ਅਨਤ ਸਿਧਾਰੇ
ਕਿ ਬਸਤ ਯਾਹੀ ਪੁਰ ਹੋ। ਗ੍ਵਾਰ ਕਾਹੂੰ ਗੋਪੀ ਕੇ ਧਾਰੇ ਹੋ ਸਬ
ਗੁਨ ਜਾਨਿ ਔਗੁਨ ਨ ਜਾਨੌਂ ਤੁਮ ਸਭਨ ਕੇ ਗੁਰ ਹੋ। 'ਆਲਮ'
ਕਹੋ ਹੌਂ ਚਖ ਚਾਹਿ ਚਿਤ ਚੋਰ ਲੀਨੋ ਨੀਕੀ ਚਤੁਰਾਈ ਕੀਨ੍ਹੀ ਭਲੇ
ਜੀ ਚਤੁਰ ਹੋ। ਨਿਕਟ ਰਹਤ ਤੁਮ ਏਤੀ ਨਿਠੁਰਾਈ ਕਰੋ, ਅਬ
ਹਮ ਜਾਨੈ ਕਾਨ੍ਹ ਨਿਪਟ ਨਿਠੁਰ ਹੋ। *(ਆਲਮ)*

ਇਨ੍ਹਾਂ ਤੁੱਕਾਂ ਵਿਚ ਜੋ ਸੁਆਦ ਹੈ ਉਹ ਆਲਮ ਦੀ ਰਸ ਬਿਹਬਲਤਾ ਦਾ ਪਤਾ ਦੇਂਦਾ ਹੈ। ਆਲਮ ਪਿਆਰ ਵਿਚ ਡੁੱਲ੍ਹ ਡੁੱਲ੍ਹ ਪੈਂਦਾ ਹੈ ਤੇ ਉਸ ਦਾ ਹਿਰਦਾ ਏਸ ਵਹਿਣ ਵਿਚ ਲਗ ਟੁਰਦਾ ਹੈ:-

'ਹੇ ਮੇਰੇ ਪਿਆਰੇ ਤੂੰ ਭਲਾ ਕੀਤਾ ਕਿ ਮੇਰੇ ਖੋਲੇ ਵਿਚ ਆ ਗਿਓਂ, ਪਰ ਮੈਨੂੰ ਪਤਾ ਨਹੀਂ ਤੇਰੀ ਨੀਯਤ ਕਿਸੇ ਹੋਰ ਪਾਸੇ ਜਾਣ ਦੀ ਹੈ ਜਾਂ ਮੇਰੇ ਖੋਲੇ ਵਿਚ ਹੀ ਵੱਸਣ ਦੀ। ਤੂੰ ਖੋਲਿਆਂ ਵਿਚ ਰਹਿਣ ਦੇ ਲਾਇਕ ਨਹੀਂ। ਤੇਰੀ ਗ਼ਵਾਲਿਆਂ ਵਾਲੀ ਸ਼ਕਲ ਗ਼ਰੀਬੀ ਦਾ ਸਬੂਤ ਨਹੀਂ। ਇਹ ਏਸ ਗੱਲ ਦਾ ਪਤਾ ਲਾਉਂਦੀ ਹੈ ਕਿ ਤੂੰ ਜਿਨ੍ਹਾਂ ਨੂੰ ਮਿਲਦਾ ਹੈਂ ਉਨ੍ਹਾਂ ਦੇ ਗੁਣ ਧਾਰਨ ਕਰਦਾ ਹੈਂ। ਤੂੰ ਕਿਸੇ ਦਾ ਔਗੁਣ ਨਹੀਂ ਚਿਤਾਰਦਾ। ਤੂੰ ਗੁਣ ਦਾ ਗਾਹਕ ਹੈਂ। ਤੂੰ ਗੁਣ ਦਾ ਚੋਰ ਹੈਂ। ਪਰ ਮੇਰੇ ਕੋਲ ਕੋਈ ਗੁਣ ਨਹੀਂ ਸੀ, ਤੂੰ ਮੇਰੀ ਵੀ ਚੋਰੀ ਕਰ ਲੀਤੀ, ਮੇਰੇ ਕੋਲ ਇਕੋ ਚੀਜ਼ ਸੀ, ਉਹ ਮੇਰਾ ਦਿਲ ਸੀ, ਉਸ ਨੂੰ ਚੁਰਾਉਣ ਦਾ ਤੇਰਾ ਦਾਉ ਲਗ ਗਿਆ। ਹੇ ਮੇਰੇ ਚਿਤ-ਚੋਰ ਤੂੰ ਅੱਖਾਂ ਦੇ ਝਰੋਖੇ ਥਾਣੀਂ ਮੇਰੇ ਅੰਦਰ ਵੜ ਗਿਓਂ। ਤੂੰ ਏਨ੍ਹਾਂ ਗੱਲਾਂ ਵਿਚ ਬੜਾ ਚਤੁਰ ਹੈਂ,

ਇਹ ਭਲਿਆਈ ਤੂੰ ਮੇਰੇ ਨਾਲ ਕੀਤੀ। ਨੇੜੇ ਰਹਿਣ ਦਾ ਇਹੋ ਹੀ ਫਲ ਦਿਤੋ। ਹੁਣ ਪਤਾ ਲੱਗ ਗਿਆ ਕਿ ਤੂੰ ਓਹ ਕੁਛ ਕਰਦਾ ਹੈਂ ਜੋ ਹੋਰ ਕੋਈ ਨਹੀਂ ਕਰਦਾ। ਹਾਂ! ਨੇੜੇ ਰਹਿਕੇ ਇਤਨਾ ਜ਼ੁਲਮ! ਪਰ ਐਸੀਆਂ ਚੋਰੀਆਂ ਵਿਚ ਹੇ ਮੇਰੇ ਕ੍ਰਿਸ਼ਨ ਤੂੰ ਪੱਕਾ ਨਿਠੁਰ ਹੈਂ।'

ਮੁਸਲਮਾਨ ਹੋਇਆ ਹੋਇਆ ਆਲਮ ਆਪਣੇ ਆਪ ਨੂੰ ਕ੍ਰਿਸ਼ਨ ਲੀਲਾ ਦੇ ਧਿਆਨ ਵਿਚ ਮਸਤ ਰਖਦਾ ਹੈ। ਇਕ ਛੰਦ ਵਿਚ ਉਸ ਨੇ ਆਪਣੀ ਅੰਦਰਲੀ ਅਵਸਥਾ ਦਾ ਨਕਸ਼ਾ ਖਿੱਚਿਆ ਹੈ:-

ਦਾਨੇ ਕੀ ਨ ਪਾਨੇ ਕੀ ਨ ਆਵੈ ਸੁਧ ਖਾਨੇ ਕੀ ਗਲੀ ਮਹਿਬੂਬ ਕੀ ਆਰਾਮ ਖੁਸ਼ ਖਾਨਾ ਹੈ। ਰੋਜ ਹੀ ਸੋ ਹੈ ਜੁ ਰਾਜੀ ਯਾਰ ਕੀ ਰਜਾਈ ਬੀਚ ਨਾਜ਼ ਕੀ ਨਜ਼ਰ ਤੇਜ ਤੀਰ ਕਾ ਨਿਸ਼ਾਨਾ ਹੈ। ਸੂਰਤਿ ਚਿਰਾਕ ਰੋਸ਼ਨਾਈ ਆਸ਼ਨਾਈ ਬੀਚ ਬਾਰ ਬਾਰ ਬਰੋ ਬਲਿ ਜੈਸੇ ਪਰਵਾਨਾ ਹੈ। ਦਿਲ ਕੋ ਦਿਲਾਸਾ ਦੀਜੇ ਹਾਲ ਕੋ ਨ ਖਿਆਲ ਹੂਜੇ ਬੇਖੁਦ ਫਕੀਰ ਵੁਹ ਆਸ਼ਕ ਦਿਵਾਨਾ ਹੈ।

ਐਸਾ ਦੀਵਾਨਾ ਆਦਮੀ ਜੇ ਆਪਣੀ ਮਸਤੀ ਦੀ ਹਾਲਤ ਵਿਚ ਕਿਸੇ ਬਾਣੀ ਦੀ ਚੋਰੀ ਕਰਦਾ ਹੈ ਤਾਂ ਉਸ ਦਾ ਕਸੂਰ ਨਹੀਂ ਚਿਤਾਰਨਾ ਚਾਹੀਦਾ, ਖਾਸ ਕਰਕੇ ਜਦੋਂ ਉਹ ਚੋਰੀ ਦਾ ਇਕਰਾਰ ਆਪ ਕਰ ਰਿਹਾ ਹੋਵੇ। ਬਜਾਏ ਏਸ ਦੇ ਕਿ ਅਸੀਂ ਆਲਮ ਦੇ ਏਸ ਔਗੁਣ ਨੂੰ ਚਿਤਾਰੀਏ ਸਾਨੂੰ ਇਸੇ ਗਲ ਦੇ ਦੂਜੇ ਪੱਖ ਵਲ ਦੇਖਣਾ ਚਾਹੀਦਾ ਹੈ। ਰਾਗਮਾਲਾ ਦੀ ਚੋਰੀ ਹੋਈ, ਜ਼ਰੂਰੀ ਹੈ ਕਿ ਰਾਗਮਾਲਾ ਕੋਈ ਆਪਣੀ ਕੀਮਤ ਆਲਮ ਦੀ ਨਜ਼ਰ ਵਿਚ ਰਖਦੀ ਹੈ। ਜੋਧ ਕਵੀ ਦੀ ਪੋਥੀ ਵਿਚ ਰਾਗਮਾਲਾ ਨਹੀਂ। ਮਾਧਵਾਨਲ ਕਾਮਕੰਦਲਾ ਦੀਆਂ ਹੋਰ ਕਿਤਨੀਆਂ ਕਥਾਵਾਂ ਹਨ ਜਿਨ੍ਹਾਂ ਵਿਚ ਰਾਗਮਾਲਾ ਨਹੀਂ। ਆਲਮ ਦਾ ਇਕ ਬਣੀ ਬਣਾਈ ਰਾਗਮਾਲਾ ਨੂੰ ਆਪਣੀ ਪੋਥੀ ਵਿਚ ਲੈ ਆਉਣਾ ਤੇ ਉਸ ਦੀ ਖ਼ਾਤਰ ਆਪਣੇ ਪ੍ਰਸੰਗ ਨੂੰ ਬਦਲਕੇ, ਜਿਸ ਦਾ ਵੇਰਵਾ ਅਸੀਂ ਅੱਗੇ ਚੱਲਕੇ ਖੋਲ੍ਹਾਂਗੇ, ਰਾਗਮਾਲਾ ਦੇ ਅਨੁਕੂਲ ਕਰਨਾ, ਇਹ ਇਕ ਕਵੀ ਵਲੋਂ ਰਾਗਮਾਲਾ ਦਵਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਉੱਚਤਾਈ ਨੂੰ ਨਮਸਕਾਰ ਹੈ, ਹੋਰ ਜੋ ਕੁਛ ਹੈ ਸੋ ਹੈ।

ਹਾਂ, ਇਹ ਸਾਰੇ ਖਿਆਲ ਇਸ ਫੁਰਨੇ ਉਪਰ ਮਬਨੀ ਹਨ, ਜਿਸ ਵੇਲੇ ਅਸੀਂ ਆਪਣੇ ਆਪ ਨੂੰ ਇਹ ਇਜਾਜ਼ਤ ਦੇਈਏ ਕਿ ਆਲਮ ਦਾ 'ਚੋਰੀ' ਕਰਨ ਤੋਂ ਭਾਵ ਰਾਗਮਾਲਾ ਦਾ ਹੈ। ਏਸ ਇਜਾਜ਼ਤ ਵਰਤਣ ਵਿਚ ਅਸੀਂ ਕਿਥੋਂ ਤਕ ਰਾਸਤੀ ਉਪਰ ਹਾਂ ਇਸ ਗੱਲ ਦਾ ਪਤਾ ਸਾਨੂੰ ਨਾਲ ਦੇ ਨਾਲ ਲੱਗਦਾ ਜਾਏਗਾ ਜਿਉਂ ਜਿਉਂ ਅਸੀਂ ਆਪਣੀ ਮਜ਼ਮੂਨ ਦੀ ਲੜੀ ਨੂੰ ਅਗਾਂਹ ਟੋਰਦੇ ਚੱਲਾਂਗੇ।

–o–

# ੯. ਗਿਆਨੀ ਸ਼ਮਸ਼ੇਰ ਸਿੰਘ 'ਅਸ਼ੋਕ' ਦੀ ਖੋਜ

**ਜਦ** ਸਾਨੂੰ ਏਸ ਗੱਲ ਦਾ ਪੱਕਾ ਸਬੂਤ ਮਿਲ ਗਿਆ ਹੈ ਕਿ ਰਾਗਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬੀੜ ਵਿਚ ਮੌਜੂਦ ਹੈ, ਉਸੇ ਕਲਮ, ਉਸੇ ਸਿਆਹੀ ਤੇ ਵੈਸੇ ਹੀ ਕਾਗਜ਼ਾਂ ਉਪਰ ਲਿਖੀ ਹੈ ਜਿਸ ਨਾਲ ਬੀੜ ਦੇ ਕਈ ਪਹਿਲੇ ਪਤਰੇ ਲਿਖੇ ਹੋਏ ਹਨ ਤਾਂ ਸਾਨੂੰ ਆਲਮ ਦੀ ਏਸ ਤੁਕ ਦੇ ਅਰਥ ਲਾਉਣ ਵਿਚ ਕੋਈ ਮੁਸ਼ਕਲ ਨਜ਼ਰ ਨਹੀਂ ਆਉਂਦੀ:-

*'ਕਛੁ ਅਪਣੀ ਕਛੁ ਪਰ ਕੀ ਚੋਰੀ।*
*ਜਥਾ ਸ਼ਕਤਿ ਯਹ ਹੈ ਮਤਿ ਮੋਰੀ।'*

ਇਹ ਸਵਾਲ, ਕਿ ਆਲਮ ਦਾ ਸਮਾਂ ਕਿਹੜਾ ਹੈ? ਆਪਣਾ ਹੱਲ ਲੱਭਣ ਵਿਚ ਆਪ ਹੀ ਸਹਾਈ ਹੋਣ ਲੱਗਦਾ ਹੈ। ਜ਼ਰੂਰ ਹੈ ਕਿ ਜੇ ਉਪਰਲੀ ਤੁਕ ਰਾਗਮਾਲਾ ਪਰਥਾਇ ਹੈ ਤਾਂ ਚੋਰੀ ਕਰਨ ਵਾਲਾ ਪਿਛੋਂ ਹੋਇਆ ਹੈ ਨਾ ਕਿ ਪਹਿਲੋਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਮੁਸਤਨਿਦ ਗੁਰੂ ਵਜਕਤੀ ਹੈ ਤੇ ਲਿਟਰੇਰੀ ਨੁਕਤੇ ਤੋਂ ਇਕ ਅਤਿ ਅਮੋਲਕ ਖਜ਼ਾਨਾ ਹੈ, ਇਸ ਦੀ ਆਦਿ ਬੀੜ ਮੌਜੂਦ ਹੈ। ਇਸ ਦੇ ਪ੍ਰਮਾਣਾਂ ਨਾਲ ਕਈ ਤਵਾਰੀਖੀ ਗੱਲਾਂ ਹੱਲ ਹੋਈਆਂ ਹਨ; ਅਜ ਉਹ ਕਿਤਨੇ ਵਿਦਵਾਨ ਹਨ ਜਿਨ੍ਹੋਂ ਨੇ ਭਗਤਾਂ ਦੇ ਸਮਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮਾਣਾਂ ਨਾਲ ਸੋਧਕੇ ਨਿਸ਼ਚਿਤ ਕੀਤਾ ਹੈ। ਸ਼੍ਰੀ ਰਾਮਾ ਨੰਦ ਦੇ ਸਮਯ ਉਪਰ ਬਹਿਸ ਕਰਦਿਆਂ ਪ੍ਰੋਫੈਸਰ ਸ਼੍ਰੀ ਸੂਰਯ ਕਾਂਤ ਸ਼ਾਸਤ੍ਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਵਾਲੇ ਵਰਤੇ ਜਾਣ ਦਾ ਪਤਾ ਦੇਂਦੇ ਹਨ। ਪ੍ਰੋਫੈਸਰ ਸਾਹਿਬ ਲਿਖਦੇ ਹਨ:

> "ਸਿਖੋਂ ਕੇ ਗ੍ਰੰਥ ਸਾਹਿਬ ਸੇ ਪਤਾ ਚਲਤਾ ਹੈ ਕਿ ਸਧਨਾ, ਬੇਨੀ, ਨਾਮ ਦੇਵ, ਤ੍ਰਿਲੋਚਨ, ਰਾਮਾਨੰਦ ਸੇ ਠੀਕ ਪਹਿਲੇ ਹੂਏ ਥੇ। ਇਨ ਮੇਂ ਸਬ ਸੇ ਬੜੇ ਗੁਰੂ ਨਾਮ ਦੇਵ ਕਾ ਕਾਲ ਨਿਸਚਤ ਸਾ ਹੋ ਚੁਕਾ ਹੈ।"

- A History of Hindi Literature.

ਜੇ ਅੰਨਜ ਮਜ਼ਹਬਾਂ ਦੇ ਵਿਦਵਾਨ ਖੋਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਮਾਣ ਮੰਨਕੇ ਇਤਿਹਾਸਕ ਘਟਨਾਵਾਂ ਦੇ ਸੋਧਣ ਨੂੰ ਤਿਆਰ ਹਨ ਤਾਂ ਕਈ ਸਿੱਖਾਂ ਵਿਚ ਏਸ ਗਲ ਤੋਂ ਪ੍ਰਹੇਜ਼ ਕਿਉਂ ਹੈ?

ਕਈ ਸਿੱਖਾਂ ਦੀ ਖੋਜ ਧਾਰਾ ਵਿਚ ਉਲਟੀ ਗੰਗਾ ਵਗਦੀ ਹੈ। ਮੈਂ ਪਿਛੇ ਦੱਸ ਆਇਆ ਹਾਂ ਕਿ ਸਾਡੀ ਬਹੁਤ ਸਾਰੀ ਖੋਜ ਕਿਸ ਤਰ੍ਹਾਂ ਗ਼ਲਤ ਬੁਨਿਆਦਿ ਉਪਰ ਖੜੋਤੀ ਹੈ। ਜਿਤਨਾ ਚਿਰ ਅਸੀਂ ਭਾਈ ਕਾਹਨ ਸਿੰਘ ਦੇ ਖੋਜੀ ਧ੍ਰਵੇ ਨੂੰ ਤਰਕ ਨਹੀਂ ਕਰਦੇ ਉਤਨਾ ਚਿਰ ਅਸੀਂ ਗ਼ਲਤੀਆਂ ਦੇ ਬਾਦ ਗ਼ਲਤੀਆਂ ਕਰਾਂਗੇ। ਮੈਨੂੰ ਭਾਈ ਕਾਹਨ ਸਿੰਘ ਨਾਲ ਕੋਈ ਦ੍ਵੇਸ਼ ਨਹੀਂ, ਭਾਵੇਂ ਉਨ੍ਹਾਂ ਦੀ ਕਿਤਨੀ ਪ੍ਰਸ਼ੰਸ਼ਾ ਕੀਤੀ ਜਾਵੇ ਪਰ ਮੈਂ ਜਿਸ ਵੇਲੇ ਉਨ੍ਹਾਂ ਦੀ ਹੇਠ ਲਿਖੀ ਤਾਰੀਫ ਪੜ੍ਹਦਾ ਹਾਂ ਤਾਂ ਮੈਨੂੰ ਜ਼ਹਿਨੀਅਤ (mental attitude) ਦਾ ਪਤਾ ਲਗ ਜਾਂਦਾ ਹੈ ਜੋ ਗ਼ਲਤ ਬੁਨਿਆਦਾਂ ਨੂੰ ਨਾ ਛਡ ਸਕਣ ਦੀ ਮਜਬੂਰੀ ਹੇਠ ਇਕ ਨਿਮਾਣੀ ਜਿਹੀ ਲਾਚਾਰੀ ਮਹਿਸੂਸ ਕਰਦੀ ਹੈ:-

> "ਮੈਂ ਸਮਝਦਾ ਹਾਂ ਭਾਰਤ ਵਰਸ਼ ਨੇ ਅਜੇ ਤੋੜੀ ਕੇਵਲ ਦੋ ਰਿਸ਼ੀ ਪੈਦਾ ਕੀਤੇ ਹਨ (੧) ਭਾਈ ਕਾਹਨ ਸਿੰਘ ਜੀ ਅਰ (੨) ਡਾਕਟਰ ਰਵੀਂਦਰ ਨਾਥ ਟੈਗੋਰ। ਬੰਗਾਲੀਆਂ ਦੀ ਗੁਣ ਗ੍ਰਾਹਕਤਾ ਦੇ ਕਾਰਣ ਟੈਗੋਰ ਦੀ ਗੁਡੀ ਅਸਮਾਨ ਵਿਚ ਜਾ ਚੜ੍ਹੀ ਅਰ ਉਸ ਨੂੰ ਇਕ ਛੋਟੀ ਜਿਹੀ ਕਿਤਾਬ ਬਦਲੇ ਨੋਬਲ ਪ੍ਰਾਈਜ਼ ਮਿਲ ਗਿਆ। ਜੇ ਭਾਈ ਕਾਹਨ ਸਿੰਘ ਜੀ ਬੰਗਾਲ ਵਿਚ ਪੈਦਾ ਹੁੰਦੇ ਤਾਂ ਸ਼ਾਇਦ ਉਨ੍ਹਾਂ ਦੇ 'ਗੁਰੁ ਸ਼ਬਦ ਰਤਨਾਕਰ' ਦਾ ਭੀ ਕੋਈ ਮੁੱਲ ਪੈ ਜਾਂਦਾ, ਪਰ ਪੰਜਾਬੀਆਂ ਨੇ ਆਪਣੇ ਬੇਦ ਬਿਆਸ ਨੂੰ ਪਛਾਣਨ ਦੀ ਕੋਈ ਕੋਸ਼ਸ਼ ਨਹੀਂ ਕੀਤੀ।" —*ਅਸ਼ੋਕ*

ਏਸ ਤਾਰੀਫ ਵਿਚ ਕੀ ਕੀ ਹੈ? (੧) ਟੈਗੋਰ ਨੂੰ ਇਕ ਨਿਕੀ ਕਿਤਾਬ ਪਿਛੇ ਨੋਬਲ ਪ੍ਰਾਈਜ਼ ਮਿਲਿਆ, (੨) ਬੰਗਾਲੀਆਂ ਨੇ ਉਸ ਦੀ ਗੁਡੀ ਅਸਮਾਨ ਵਿਚ ਜਾ ਚਾੜ੍ਹੀ, (੩) ਪੰਜਾਬੀਆਂ ਨੇ ਭਾਈ ਕਾਹਨ ਸਿੰਘ ਦੀ ਕੋਈ ਕਦਰ ਨਾ ਕੀਤੀ, (੪) ਭਾਈ ਕਾਹਨ ਸਿੰਘ ਜੀ ਕੋਸ਼ ਲਿਖਣ ਕਰਕੇ ਇਤਨੀ ਵਡਿਆਈ ਦੇ ਯੋਗ ਹਨ ਜੋ ਲਿਖਾਰੀ ਨੂੰ ਨੋਬਲ ਪ੍ਰਾਈਜ਼ ਦਾ ਹੱਕਦਾਰ ਬਣਾਉਂਦੀ ਹੈ।

ਲਿਖਣ ਵਾਲੇ ਦਾ ਪ੍ਰਯੋਜਨ ਭਾਈ ਕਾਹਨ ਸਿੰਘ ਦੀ ਤਾਰੀਫ ਹੈ, ਪਰ ਉਸ ਦੇ ਲਿਖਣ ਦਾ ਢੰਗ ਐਸਾ ਹੈ ਕਿ ਰਾਹ ਜਾਂਦਿਆਂ ਨਾਲ ਛੇੜਖਾਨੀ ਕਰਦਾ ਹੈ। ਮੁਕਾਬਲੇ ਉਪਰ ਟੈਗੋਰ ਦੀ ਨਿਕੀ ਕਿਤਾਬ ਤੇ ਭਾਈ ਕਾਹਨ ਸਿੰਘ ਦਾ ਵਡਾ ਕੋਸ਼ ਲਿਆਉਂਦਾ ਹੈ। ਲੇਖਕ ਨੇ ਅੰਗਰੇਜ਼ੀ ਦੀ ਉਹ ਕਵਿਤਾ ਪੜ੍ਹੀ ਮਾਲੂਮ ਹੁੰਦੀ ਹੈ ਜਿਸ ਵਿਚ ਇਕ ਗਾਲ੍ਹੜ ਤੇ ਪਹਾੜ ਝਗੜਦੇ ਹਨ ਕਿ ਸਾਡੇ ਵਿਚੋਂ ਵਡਾ ਕੌਣ ਹੈ। ਲੇਖਕ ਆਪਣਾ ਫਤਵਾ ਗਾਲ੍ਹੜ ਦੀ ਜਿੰਦ ਕਣੀ ਨੂੰ ਨਜ਼ਰ ਅੰਦਾਜ਼ ਕਰਕੇ ਪਹਾੜ ਦੇ ਹੱਕ ਵਿਚ ਦੇਂਦਾ ਹੈ। ਲੇਖਕ ਨੂੰ ਉਹਨਾਂ ਮੋਟੀਆਂ ਮੋਟੀਆਂ ਗਲਾਂ ਤੇ ਵਿਸ਼ਿਆਂ ਦਾ ਪਤਾ ਨਹੀਂ ਜਿਨ੍ਹਾਂ ਦੇ ਕਾਰਣ ਨੋਬਲ ਪ੍ਰਾਈਜ਼ ਮਿਲਦਾ ਹੈ, ਨਾ ਹੀ ਉਸ ਨੂੰ ਇਹ ਪਤਾ ਹੈ ਕਿ ਬੰਗਾਲੀਆਂ ਨੇ ਕਿਸ ਅਵਸਥਾ ਵਿਚ ਟੈਗੋਰ ਦੀ ਕਦਰ ਕੀਤੀ, ਨਾ ਹੀ ਉਹ ਏਸ ਗਲ ਤੋਂ ਪੂਰਾ ਗਿਆਤ ਹੈ ਕਿ ਭਾਈ ਕਾਹਨ ਸਿੰਘ ਦੇ ਅਸਰ ਨੂੰ ਸਿੱਖਾਂ ਨੇ ਕਿਤਨਾ ਅਪਨਾਯਾ, ਜਿਸ ਨਾਲ ਪਈਆਂ ਗ਼ਲਤ ਰੀਂਢਾਂ ਅਜ ਖੋਹਲਣੀਆਂ ਮੁਸ਼ਕਲ ਪੈਦਾ ਕਰ ਰਹੀਆਂ ਹਨ।

ਲੇਖਕ ਤਾਰੀਫ ਦੀ ਖਾਤਰ ਤਾਰੀਫ ਕਰਨੀ ਚਾਹੁੰਦਾ ਹੈ। ਉਹ ਪ੍ਰਸ਼ੰਸ਼ਾ ਵਿਚ ਇਤਨਾ ਗ਼ਲਤਾਨ ਹੈ ਕਿ ਫੈਕਟਸ ਦੇ ਛਾਬਿਆਂ ਨੂੰ ਸਾਂਵੇਂ ਕੀਤੇ ਬਗ਼ੈਰ ਹੀ ਵਡਿਆਈ ਦੇ ਰਿਹਾ ਹੈ।

ਬੇਸ਼ਕ, ਇਸ ਜ਼ਹਿਨੀਅਤ (mental Attitude) ਵਿਚ ਉਹ ਸਾਰੇ ਗੁਣ ਹਨ ਜੋ ਇਕ ਸ਼ਰਧਾਲੂ ਵਿਚ ਹੋਣੇ ਲਾਜ਼ਮੀ ਹਨ ਤੇ ਜੋ ਆਪਣੀ ਪੂਜਜ ਹਸਤੀ ਵਿਚ ਸਾਰੀਆਂ ਸਿਫਤਾਂ ਨੂੰ ਆਰੋਪ ਕਰਦੀ ਹੈ। ਮੈਂ ਏਸ ਜ਼ਹਿਨੀਅਤ ਦੀ ਵਡਿਆਈ ਕਰ ਸਕਦਾ ਹਾਂ ਜਿਸ ਵੇਲੇ ਉਹ ਭਗਤੀ ਭਾਵਨਾ ਦੇ ਜਜ਼ਬੇ ਹੇਠ ਆਪਣੇ ਮਨ ਵਿਚ ਵਲਵਲਿਆਂ ਦੇ ਰਸ ਦਾ ਸੰਚਾਰ ਕਰ ਰਹੀ ਹੈ; ਉਸ ਵੇਲੇ ਅਤੋਲ ਪ੍ਰਸ਼ੰਸ਼ਾ ਬੁੱਕ ਭਰ ਭਰ ਉਡਾਉਣੀ ਮਲ ਦੇ ਸੁਖ ਦਾ ਹੇਤੂ ਹੈ। ਮੈਂ ਇਸ ਗਲ ਦੀ ਸ਼ਲਾਘਾ ਵੀ ਕਰ ਸਕਦਾ ਹਾਂ ਜਿ· ਵੇਲੇ ਇਕ ਸ਼ਰਧਾਲੂ ਲਿਖਾਰੀ ਆਪਣੀ ਸਿਫਤ ਸਲਾਹ ਦੇ ਸੁਆਦ ਨੂੰ ਪਬਲਿਕ ਦੇ ਪੇਸ਼ ਕਰਕੇ ਵੰਡ ਛਕਦਾ ਹੈ। ਮੈਂ ਇਹ ਵੀ ਗਲ ਮੰਨਦਾ ਹਾਂ ਕਿ ਆਦਮੀ ਪਿਆਰ ਦੇ ਜਜ਼ਬੇ ਵਿਚ ਕਿਤਨਾ ਯਕ-ਰੁਖ਼ੀ ਹੋ ਜਾਂਦਾ ਹੈ। ਪਰ ਜਿਸ ਵੇਲੇ ਏਸ ਚਿੱਤ ਬ੍ਰਿਤੀ ਦੇ

ਪ੍ਰਭਾਵ ਹੇਠ ਅਸੀਂ ਉਨ੍ਹਾਂ ਫੈਕਟਸ ਨੂੰ ਖੋਜਣ ਲਗਦੇ ਹਾਂ, ਜਿਨ੍ਹਾਂ ਨੂੰ ਖੋਜ ਸਕਣ ਦੀ ਪਹਿਲੀ ਸ਼ਰਤ ਨਿਰਪੱਖਤਾ ਹੈ, ਤਾਂ ਸਾਡੀ 'ਯਕ-ਰੁਖ਼' ਹੋਣ ਦੀ ਵਡਿਆਈ ਔਗੁਣ ਬਣ ਜਾਂਦੀ ਹੈ। ਏਸ ਕਿਸਮ ਦੀ ਲਾਚਾਰੀ ਹੇਠ ਗਿਆਨੀ ਸ਼ਮਸ਼ੇਰ ਸਿੰਘ ਜੀ ਅਸ਼ੋਕ ਆਪਣੀ ਖੋਜ ਦਾ ਕੰਮ ਕਰ ਰਹੇ ਹਨ। ਗਿਆਨੀ ਜੀ ਕੋਲ ਵਡੀ ਚੀਜ਼ ਉਹ ਹੈ ਜੋ ਜੇ ਇਕ ਕਵੀ ਕੋਲ ਹੋਵੇ ਤਾਂ 'ਗੁਣ' ਤੇ ਖੋਜੀ ਕੋਲ ਹੋਵੇ ਤਾਂ 'ਔਗੁਣ'। ਕਵੀ ਆਪਣੇ ਸਾਰੇ ਕੰਮ ਬੇਅੰਦਾਜ਼ ਮੁਬਾਲਗੇ ਨਾਲ ਸਾਧ ਲੈਂਦਾ ਤੇ ਓਹ ਚੀਜ਼ਾਂ ਅਲੰਕਾਰ ਬਣਕੇ ਉਸਦੀ ਰਚਨਾ ਵਿਚ ਫਬ ਸਕਦੀਆਂ ਹਨ। ਪਰ ਇਕ ਖੋਜੀ ਲਈ ਅੰਦਾਜ਼ੇ ਦੇ ਹਦ ਬੰਨੇ ਦੀ ਲੋੜ ਹੈ। ਉਸ ਦੇ ਕੰਮ ਲਈ ਲੋੜ ਹੈ ਸਰਾਫੀ ਕੰਡੇ ਦੀ; ਤੂੜੀ ਤੋਲਣ ਵਾਲਾ ਤੱਕੜ ਏਸ ਕੰਮ ਲਈ ਘਟੀਆ ਹਥਿਆਰ ਹੈ।

ਅਸ਼ੋਕ ਜੀ ਇਕ ਥਾਂਵੇਂ ਲਿਖਦੇ ਹਨ:-

> "ਰਾਗਮਾਲਾ ਕਰਤਾਰਪੁਰੀ ਬੀੜ ਦੇ ਵਾਧੂ ਪਤਰੇ ਤੇ ਬਾਬਾ ਧੀਰ ਮਲ ਦੀ ਲਿਖੀ ਹੋਈ ਹੈ, ਜਿਸ ਦੇ ਉਪਰ (ਅਗੇ ਪਿਛੇ) ਪੱਤਰੇ ਦਾ ਅੰਕ ਨਹੀਂ ਦਿੱਤਾ ਹੋਇਆ। ਅੱਖਰ ਤੇ ਸਿਆਹੀ ਬੀ ਓਹੋ ਹੈ ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਲਿਖੀ ਹੋਈ ਹੈ।" *(ਅਕਾਲੀ ੨੭-੧੦-੪੫)*

ਏਸ ਲਿਖਤ ਵਿਚ ਕਿਹੜੇ ਪ੍ਰਭਾਵ ਕੰਮ ਕਰ ਰਹੇ ਹਨ? ਇਹ ਅਸੀਂ ਅੱਗੇ ਚੱਲਕੇ ਵਿਚਾਰਾਂਗੇ, ਹਾਲ ਦੀ ਘੜੀ ਅਸੀਂ ਇਹ ਨੋਟ ਕਰਦੇ ਹਾਂ ਕਿ ਇਹਨਾਂ ਉਪਰਲੇ ਦੋ ਫਿਕਰਿਆਂ ਵਿਚ ਅਸ਼ੋਕ ਜੀ ਨੇ ਚਾਰ ਗੱਲਾਂ ਕਹੀਆਂ ਹਨ:-

(੧) ਰਾਗਮਾਲਾ ਕਰਤਾਰਪੁਰੀ ਬੀੜ ਦੇ ਵਾਧੂ ਪਤਰੇ ਉਪਰ ਹੈ।
(੨) ਪਤਰੇ ਉਪਰ (ਅੱਗੇ ਪਿੱਛੇ) ਅੰਕ ਨਹੀਂ ਦਿੱਤਾ ਹੋਇਆ।
(੩) ਅੱਖਰ ਤੇ ਸਿਆਹੀ ਬੀੜ ਦੀ ਹੋਰ ਬਾਣੀ ਨਾਲ ਨਹੀਂ ਮਿਲਦੇ।
(੪) ਰਾਗਮਾਲਾ ਬਾਬਾ ਧੀਰ ਮਲ ਦੀ ਲਿਖੀ ਹੋਈ ਹੈ।

ਇਹਨਾਂ ਵਿਚੋਂ ਪਹਿਲੀਆਂ ਤਿੰਨ ਗੱਲਾਂ ਤਾਂ ਐਸੀਆਂ ਹਨ ਜੋ ਕੋਈ ਅਨੋਖੀਆਂ ਨਹੀਂ ਹਨ, ਜੋ ਅਸੀਂ ਕਈ ਵੇਰ ਸੁਣ ਚੁਕੇ ਹਾਂ ਤੇ ਇਹਨਾਂ ਹੀ ਸ਼ੰਕਿਆਂ ਦਾ ਨਿਰਣਯ ਕਰਨ ਲਈ ਬੀੜ ਦੇ ਦਰਸ਼ਨ ਕਰਨ ਲਈ

ਕਮੇਟੀਆਂ ਜਾ ਚੁਕੀਆਂ ਤੇ ਆਪਣੀਆਂ ਦ੍ਰਿੜ ਰਾਵਾਂ ਪ੍ਰਗਟ ਕਰ ਚੁਕੀਆਂ ਹਨ। ਇਕ ਕਮੇਟੀ ਗਈ ਜਿਸ ਵਿਚ ਸਰਦਾਰ ਮਾਨ ਸਿੰਘ ਬੀ.ਏ., ਐਲ.ਐਲ.ਬੀ; ਮੈਂਬਰ ਜੁਡੀਸ਼ਲ ਕਮੇਟੀ, ਫਰੀਦਕੋਟ ਅਤੇ ਸਰਦਾਰ ਸਾਹਿਬ ਹੁਕਮ ਸਿੰਘ ਬੀ.ਏ., ਐਲ.ਐਲ.ਬੀ., ਰੀਟਾਇਰਡ ਡਿਸਟ੍ਰਿਕਟ ਐਂਡ ਸੈਸ਼ਨਜ਼ ਜੱਜ ਅੰਮ੍ਰਿਤਸਰ ਆਦਿਕ ਸੱਜਣ ਸਨ। ਇਹਨਾਂ ਨੇ ੧੦ ਸਤੰਬਰ ੧੯੪੫ ਨੂੰ ਬੀੜ ਦੇ ਦਰਸ਼ਨ ਕੀਤੇ ਤੇ ਇੱਕ ਸੰਖੇਪ ਬਿਆਨ ਦਿੱਤਾ ਜੋ ੧੮ ਅਕਤੂਬਰ ੧੯੪੫ ਦੇ 'ਖਾਲਸਾ ਸਮਾਚਾਰ' ਵਿਚ ਛਪ ਗਿਆ ਤੇ ਜੋ ਇਹ ਹੈ-

> "ਸਾਡੀ ਪੜਤਾਲ ਦਾ ਨਤੀਜਾ ਹੈ ਕਿ ਇਸ ਬੀੜ ਵਿਚ ਰਾਗਮਾਲਾ ੯੭੪ ਪੰਨੇ ਤੇ ਉਸੇ ਲਿਖਤ ਵਿਚ ਹੈ ਜਿਸ ਵਿਚ ਕਿ ਬਾਕੀ ਦੀ ਬਾਣੀ। ਕਾਗਜ਼ ਸਿਆਹੀ ਤੇ ਸਤਰਾਂ ਦੀ ਚਾਲ ਘੁੰਡੀਆਂ ਆਦਿ ਇਕੋ ਹੀ ਹਨ। ਇਸੇ ਤਰ੍ਹਾਂ ਤਤਕਰੇ ਵਿਚ ਵੀ ਰਾਗਮਾਲਾ ਉਸੇ ਲਿਖਤ ਤੇ ਸਿਆਹੀ ਵਿਚ ਹੈ ਤੇ ੯੭੪ ਪੰਨੇ ਦੇ ਦੱਸੀ ਹੈ। ਅਸੀਂ ਨਿਸ਼ਚਿਤ ਕਹਿੰਦੇ ਹਾਂ ਕਿ ਰਾਗਮਾਲਾ ਇਸ ਪਵਿਤ੍ਰ ਬੀੜ ਵਿਚ ਕਿਸੇ ਹੋਰ ਨੇ ਮਗਰੋਂ ਨਹੀਂ ਚਾੜ੍ਹੀ ਅਤੇ ਬੀੜ ਬੰਨ੍ਹਣ ਦੇ ਸਮੇਂ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਹੈ।"

ਇਸ ਤੋਂ ੧੭ ਦਿਨ ਪਿਛੋਂ ਜੇ ਅਸ਼ੋਕ ਜੀ ਫੇਰ ਇਹੋ ਕਹਿਣ ਕਿ ਰਾਗਮਾਲਾ ਵਾਧੂ ਪੱਤਰੇ ਉੱਪਰ ਹੈ, ਪੱਤਰੇ ਉੱਪਰ ਅੱਗੇ ਪਿਛੇ ਅੰਕ ਨਹੀਂ; ਅੱਖਰ ਤੇ ਸਿਆਹੀ ਹੋਰ ਹੈ ਤਾਂ ਇਸਦਾ ਸਾਫ਼ ਮਤਲਬ ਹੈ ਕਿ ਅਸ਼ੋਕ ਜੀ ਉਸ ਗਵਾਹੀ ਦਾ ਖੰਡਨ ਕਰ ਰਹੇ ਹਨ ਜੋ ਸਰਦਾਰ ਮਾਨ ਸਿੰਘ ਆਦਿਕ ਦੀ ਕਮੇਟੀ ਨੇ ਦਿੱਤੀ। ਹੁਣ ਇਹ ਉਸ ਕਮੇਟੀ ਦਾ ਫਰਜ਼ ਹੈ ਕਿ ਉਹ ਅਸ਼ੋਕ ਜੀ ਦੀ ਤਸੱਲੀ ਕਰਵਾਉਣ, ਪਰ ਜਿਤਨਾ ਚਿਰ ਓਹ ਨਾ ਮੰਨਣ, ਅਸੀਂ ਸ਼੍ਰੋਮਣੀ ਕਮੇਟੀ ਨੂੰ ਏਹੋ ਸਲਾਹ ਦਿਆਂਗੇ ਕਿ ਅਸ਼ੋਕ ਜੀ ਦੇ ਹਠ ਨੂੰ ਸੱਤ ਵਾਕ ਨਾ ਸਮਝਣ ਤੇ ਨਾ ਇਸ ਉੱਪਰ ਅਮਲ ਕਰਨ। ਅੱਗੇ ਭਾਈ ਕਾਹਨ ਸਿੰਘ ਜੀ ਦੀਆਂ ਗੱਲਾਂ ਮੰਨਕੇ ਉਹ ਆਪਣੇ ਉੱਪਰ ਬੜੀ ਹਾਸੀ ਕਰਵਾ ਚੁਕੇ ਹਨ। ਬਿਹਤਰ ਹੋਵੇ ਕਿ ਉਹ ਅਸ਼ੋਕ ਜੀ ਦੀਆਂ ਗੱਲਾਂ ਨੂੰ ਧਾਰਮਕ ਸਲਾਹਕਾਰਾਂ ਅੱਗੇ ਪੇਸ਼ ਕਰ ਦੇਣ ਤੇ ਉਨ੍ਹਾਂ ਦੀ ਰਾਇ ਵਰਤਣ। ਪਿਛਲੀ ਵੇਰ ਕਮੇਟੀ ਨੇ

ਭਾਈ ਕਾਹਨ ਸਿੰਘ ਦੀ ਗੱਲ ਸੱਚ ਸਮਝਕੇ ਅਮਲ ਪਹਿਲੇ ਕੀਤਾ ਤੇ ਧਾਰਮਕ ਸਲਾਹਕਾਰਾਂ ਦੀ ਸਬ ਕਮੇਟੀ ਤਫਤੀਸ਼ ਲਈ ਪਿਛੋਂ ਭੇਜੀ, ਐਤਕੀ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਏਸ ਗੱਲ ਵਿਚ ਤਬਦੀਲੀ ਕੀਤੀ ਜਾਵੇ। ਘੋੜਾ ਗੱਡੀ ਦੇ ਅੱਗੇ ਜੁਪਾ ਸ਼ੋਭਦਾ ਹੈ।

ਪਰ ਧਾਰਮਕ ਸਲਾਹਕਾਰਾਂ ਦੀ ਸਬ ਕਮੇਟੀ ਇਕ ਰੀਪੋਰਟ ਸ਼੍ਰੋਮਣੀ ਗੁਰਦਵਾਰਾ ਕਮੇਟੀ ਨੂੰ ਭੇਜ ਚੁਕੀ ਹੈ, ਜਿਸ ਦਵਾਰਾ ਭਾਈ ਕਾਹਨ ਸਿੰਘ ਜੀ ਦੀਆਂ ਪਹਿਲੀਆਂ ਖੋਜਾਂ ਉੱਪਰ ਪੂਰਾ ਚਾਨਣਾ ਪੈ ਗਿਆ ਹੈ। ਏਸ ਸਬ ਕਮੇਟੀ ਵਿਚ ਇਹ ਤਿੰਨ ਜਣੇ ਸਨ, ਪ੍ਰਿੰਸੀਪਲ ਜੋਧ ਸਿੰਘ, ਪ੍ਰੋਫੈਸਰ ਤੇਜਾ ਸਿੰਘ, ਪ੍ਰਿੰਸੀਪਲ ਗੰਗਾ ਸਿੰਘ। ਪ੍ਰਿੰਸੀਪਲ ਜੋਧ ਸਿੰਘ ਵਾਲੀ ਕਮੇਟੀ ਨੇ ਜੋ ਕੁਛ ਕਿਹਾ ਹੈ ਉਹ ਅਸ਼ੋਕ ਜੀ ਦੀਆਂ ਪਹਿਲੀਆਂ ਤਿੰਨ ਸ਼ੰਕਾਵਾਂ ਉੱਪਰ ਠੀਕ ਘਟਦਾ ਹੈ ਤੇ ਜੋ ਇਹ ਹੈ:-

> "ਸਭ ਤੋਂ ਜ਼ਰੂਰੀ ਨੋਟ ਇਹ ਗੱਲ ਕੀਤੀ ਗਈ ਕਿ ਇਸ ਬੀੜ ਦੇ ਅੰਤ ਰਾਗਮਾਲਾ ਹੈ ਅਤੇ ਇਹ ਉਨ੍ਹਾਂ ਹੀ ਦਸਖਤਾਂ ਤੇ ਉਸੇ ਹੀ ਲਿਖਤ ਵਿਚ ਹੈ, ਜਿਸ ਨਾਲ ਰਾਗਮਾਲਾ ਤੋਂ ਪਹਿਲਾਂ ਵਾਲੇ ਕਈ ਸਫੇ ਲਿਖੇ ਹੋਏ ਹਨ।.....ਰਾਗਮਾਲਾ ਦਾ ਪੱਤ੍ਰਾ-ਅੰਕ ਤਤਕਰੇ ਵਿਚ ੯੭੪ ਹੈ ਤੇ ਬੀੜ ਵਿਚ ਵੀ ਇਹ ਅੰਕ ੯੭੪ ਹੈ।"

ਪਰ ਏਸ ਕਮੇਟੀ ਨੇ ਬੀੜ ਦੇ ਦਰਸ਼ਨ ੭ ਅਕਤੂਬਰ ੧੯੪੫ ਨੂੰ ਕੀਤੇ ਤੇ ਇਕ ਦੋ ਦਿਨਾਂ ਵਿਚ ਆਪਣੀ ਰੀਪੋਟ ਸ਼੍ਰੋਮਣੀ ਕਮੇਟੀ ਨੂੰ ਘੱਲੀ। ਅਸ਼ੋਕ ਜੀ ਦੀ ਸ਼ੰਕਾ ੨੭ ਤਾਰੀਖ਼ ਨੂੰ ਛਪੀ ਹੈ, ੧੯ ਦਿਨ ਪਿਛੋਂ। ਜੇ ਅਸ਼ੋਕ ਜੀ ਇਸ ਸਬ ਕਮੇਟੀ ਦੀ ਰਾਇ ਦੇਖ ਚੁਕੇ ਹਨ ਤਦ ਉਹ ਏਸ ਸਬ ਕਮੇਟੀ ਦਾ ਵੀ ਖੰਡਨ ਕਰ ਰਹੇ ਹਨ। ਫੇਰ ਇਹ ਸ਼੍ਰੋਮਣੀ ਕਮੇਟੀ ਦਾ ਫਰਜ਼ ਹੈ ਕਿ ਉਹ ਅਸ਼ੋਕ ਜੀ ਨੂੰ, ਉਨ੍ਹਾਂ ਦੀ ਰਾਇ ਦਾ ਜੋ ਮੁੱਲ ਪੈ ਰਿਹਾ ਹੈ ਦੱਸ ਦੇਣ, ਤੇ ਜੇ ਅਸ਼ੋਕ ਜੀ ਨੇ ਇਹ ਰਾਇ ਨਹੀਂ ਦੇਖੀ ਤਦ ਸ਼੍ਰੋਮਣੀ ਕਮੇਟੀ ਆਪਣੀ 'ਸਬ ਕਮੇਟੀ' ਦੀ ਰਾਇ ਉਨ੍ਹਾਂ ਦੇ ਦ੍ਰਿਸ਼ਟੀ ਗੋਚਰ ਕਰ ਦੇਵੇ, ਤਾਕਿ ਇਨ੍ਹਾਂ ਗੱਲਾਂ ਨੂੰ ਦੁਹਰਾਉਣ ਉੱਪਰ ਸਮਾਂ ਨਸ਼ਟ ਨਾ ਹੋਵੇ। ਸ਼੍ਰੋਮਣੀ ਕਮੇਟੀ ਏਸ ਗੱਲ ਦੀ ਆੜ ਨਾ ਲਵੇ ਕਿ ਅਜੇ ਸਾਡੇ ਸਲਾਹਕਾਰਾਂ ਨੇ ਰੀਪੋਟ ਨਹੀਂ ਦੇਖੀ; ਅਸੀਂ

ਅਸ਼ੋਕ ਜੀ ਨੂੰ ਕਿਵੇਂ ਦਿਖਾਈਏ। ਇਹ ਦਫਤਰੀ ਸੁਸਤੀ ਮੌਕੇ ਦੀ ਜ਼ਰੂਰਤ ਨਾਲ ਅਢੁਕਵੀਂ ਹੋਵੇਗੀ।

ਰਾਗਮਾਲਾ ਕਿਸ ਅੰਕ ਉੱਪਰ ਹੈ, ਇਹ ਗੱਲ ਅਸ਼ੋਕ ਜੀ ਦੀ ਖਾਸ ਮੁਤਾਲਿਆ ਦੀ ਮੁਥਾਜ ਹੈ। ਭਾਈ ਕਾਹਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰਿਆਂ ਉੱਪਰ ਅੰਕ ਲਾਉਣ ਦੇ ਢੰਗ ਨੂੰ ਅਖੀਰ ਤਕ ਨਾ ਸਮਝਿਆ ਤੇ ਲਿਖ ਦਿਤਾ:-

'ਪੰਨਿਆਂ ਦਾ ਅੰਕ ਤਤਕਰੇ ਤੋਂ ਸ਼ੁਰੂ ਹੁੰਦਾ ਹੈ ਅਰ ਸੰਸਕ੍ਰਿਤ ਗ੍ਰੰਥਾਂ ਦੇ ਨਿਯਮ ਅਨੁਸਾਰ ਦੂਜੇ ਸਫੇ ਤੇ ਲਾਇਆ ਗਿਆ ਹੈ।'

(ਮਹਾਨ ਕੋਸ਼ ਸਫਾ ੧੩੦੫)

ਅਸ਼ੋਕ ਜੀ ਦੀ ਖੋਜ ਭਾਈ ਕਾਹਨ ਸਿੰਘ ਦੇ ਪੁਰਾਣੇ ਦਹੀ ਜੰਮੇ ਭਾਂਡੇ ਵਿਚੋਂ ਜਾਗ ਦੀ ਫੁੱਟੀ ਲੈਂਦੀ ਹੈ, ਇਸ ਕਰਕੇ ਇਨ੍ਹਾਂ ਦੇ ਲੇਖਾਂ ਵਿਚ ਵੈਸਾ ਹੀ ਦੁੱਧ ਚੱਕਾ ਜੰਮ ਜਾਂਦਾ ਹੈ। ਅਸ਼ੋਕ ਜੀ ਦਾ ਇਹ ਕਹਿਣਾ ਕਿ ਰਾਗਮਾਲਾ ਦੇ ਪੱਤਰੇ ਉੱਪਰ ਅੱਗੇ ਪਿਛੇ ਅੰਕ ਨਹੀਂ, ਭਾਈ ਕਾਹਨ ਸਿੰਘ ਦੀ ਪਾਈ ਗ਼ਲਤੀ ਦੀ ਹੀ ਅਵਾਜ਼ ਹੈ ਜੋ ਗੁੰਬਦ ਵਿਚੋਂ ਪਰਤਕੇ ਬੋਲ ਰਹੀ ਹੈ। ਸ਼੍ਰੋਮਣੀ ਕਮੇਟੀ ਦੀ ਸਬ ਕਮੇਟੀ ਨੇ ਇਹ ਮਾਮਲਾ ਹਮੇਸ਼ਾਂ ਲਈ ਸਾਫ ਕਰ ਦਿਤਾ ਹੈ ਤੇ ਕਿਹਾ ਹੈ:-

"ਅਸੀਂ ਸਾਰੇ ਪੱਤਰੇ ਪਰਤਕੇ ਦੇਖੇ ਹਨ ਅਤੇ ਪੱਤਰੇ ਦੇ ਅੰਕ ਲਾਉਣ ਦਾ ਢੰਗ ਇਹ ਸਹੀ ਕੀਤਾ ਹੈ ਕਿ ਪੱਤਰੇ ਦੇ ਦੋਵੇਂ ਪਾਸੇ ਨਹੀਂ ਲਏ ਗਏ, ਸਗੋਂ ਅੰਕ ਵਾਲਾ ਸਫਾ ਅਤੇ ਉਸ ਦੇ ਸਾਹਮਣੇ ਦੂਸਰੇ ਪੱਤਰੇ ਦਾ ਪਹਿਲਾ ਪੰਨਾ ਰਲਕੇ ਇਕ ਪੱਤਰਾ ਬਣਦਾ ਹੈ।"

-o-

# ੧੦. ਬਾਬਾ ਧੀਰ ਮਲ ਤੇ ਅਸ਼ੋਕ

**ਅਸ਼ੋਕ** ਜੀ ਨੇ ਜੋ ਚੌਥੀ ਗੱਲ ਕਹੀ ਹੈ ਉਹ ਇਹ ਹੈ: ਰਾਗਮਾਲਾ ਬਾਬਾ ਧੀਰਮਲ ਦੀ ਲਿਖੀ ਹੋਈ ਹੈ। ਪਾਠਕਾਂ ਨੂੰ ਇਹ ਗੱਲ ਨਵੀਂ ਪ੍ਰਤੀਤ ਹੋਵੇਗੀ। ਇਹ ਜ਼ਰੂਰੀ ਨਹੀਂ ਕਿ ਜੋ ਗੱਲ ਨਵੀਂ ਹੋਵੇ, ਉਹ ਸੱਚੀ ਵੀ ਹੋਵੇ। ਨਾ ਹੀ ਹਰ ਨਵੀਂ ਗੱਲ ਮੰਨਣ ਯੋਗ ਹੁੰਦੀ ਹੈ, ਜਿਤਨਾ ਚਿਰ ਤਕ ਉਸ ਦਾ ਕੋਈ ਪੱਕਾ ਪ੍ਰਮਾਣ ਨਾ ਹੋਵੇ। ਪਰ ਹਰ ਨਵੀਂ ਗੱਲ ਵਿਚ ਕੁਛ ਜਾਦੂ ਹੁੰਦਾ ਹੈ ਜੋ ਕੁਛ ਚਿਰ ਤਕ ਆਪਣਾ ਅਸਰ ਰੱਖਦਾ ਹੈ। ਜਿਤਨੇ ਵੀ ਪੁਰਾਣੇ ਸ਼ੰਕਾਵਾਦੀ ਲੇਖਕ ਹੋਏ ਹਨ ਉਹ ਇਸ ਤਲਾਸ਼ ਵਿਚ ਲਗੇ ਰਹੇ ਕਿ ਕਿਸੇ ਤਰ੍ਹਾਂ ਕੋਈ ਟੋਹ ਲਗੇ ਜਿਸ ਨਾਲ ਇਹ ਕਿਹਾ ਜਾ ਸਕੇ ਕਿ ਰਾਗਮਾਲਾ ਫਲਾਣੇ ਸਿੱਖ ਨੇ ਚਾੜ੍ਹੀ। ਜੇ ਖਾਰੀ ਬੀੜ ਵਿਚ ਵਾਧੂ ਬਾਣੀ ਹੈ ਤਾਂ ਇਤਿਹਾਸ ਨੂੰ ਪਤਾ ਹੈ ਕਿ ਇਹ ਭਾਈ ਬੰਨੋਂ ਨੇ ਚਾੜ੍ਹੀ। ਜੇ ਦਮਦਮੇ ਦੀ ਬੀੜ ਵਿਚ ਨਾਵੇਂ ਮਹਲੇ ਦੇ ਸ਼ਬਦ ਹਨ ਤਾਂ ਇਨ੍ਹਾਂ ਦੇ ਚੜ੍ਹਨ ਦਾ ਇਤਿਹਾਸਕ ਵੇਰਵਾ ਹੈ। ਪਰ ਜੇ ਰਾਗਮਾਲਾ ਪਿਛੋਂ ਚਾੜ੍ਹੀ ਤਾਂ ਇਸ ਦਾ ਇਤਿਹਾਸਕ ਵੇਰਵਾ ਕੀ? ਭਾਈ ਕਾਹਨ ਸਿੰਘ ਜੀ ਨੇ ਇਸ ਗੱਲ ਉੱਪਰ ਬੜਾ ਦਿਮਾਗ਼ ਲਗਾਇਆ, ਪਰ ਕੋਈ ਪੱਕਾ ਥੌਹ ਨਾ ਲੱਗ ਸਕਿਆ, ਸਿਵਾਏ ਇਹ ਕਹਿਣ ਦੇ ਕਿ ਇਕ ਸਿੱਖ ਨੇ ਚਾੜ੍ਹੀ ਹੈ। ਪਰ ਭਸੌੜ ਲਿਟਰੇਚਰ ਨੇ ਇਸ ਗੱਲ ਉੱਪਰ ਵਧੇਰੇ ਚਾਨਣਾ ਪਾਇਆ। ਭਸੌੜ ਦੇ ਕਬਜ਼ੇ ਵਿਚ ਇੱਕ ਮਹਾਂ ਪੁਰਖ ਗਿਆਨੀ ਸ਼ੇਰ ਸਿੰਘ ਸੀ, ਉਸ ਦੇ ਮੂੰਹੋਂ ਇਹ ਗੱਲ ਜਤਲਾਈ ਕਿ ਰਾਗਮਾਲਾ ਕਿਸ ਨੇ ਚਾੜ੍ਹੀ। ਸ਼ਮਸ਼ੇਰ ਸਿੰਘ ਜੀ ਅਸ਼ੋਕ ਨੇ ਲਿਖਿਆ ਹੈ ਕਿ ਰਾਗਮਾਲਾ ਦੇ ਅੱਖਰ ਤੇ ਸਿਆਹੀ ਹੋਰ ਹੈ। ਮੈਨੂੰ ਪਤਾ ਹੈ ਕਿ ਇਹ ਗੱਲ ਅਸ਼ੋਕ ਜੀ ਨੇ ਬੀੜ ਦੇ ਦਰਸ਼ਨ ਕਰਕੇ ਨਹੀਂ ਲਿਖੀ। ਅਸ਼ੋਕ ਜੀ ਲਿਖਦੇ ਹਨ ਕਿ ਰਾਗਮਾਲਾ ਬਾਬਾ ਧੀਰਮਲ ਨੇ ਲਿਖੀ। ਅਸ਼ੋਕ ਜੀ ਇਹ ਗੱਲ ਆਪਣੀਆਂ ਅੱਖਾਂ ਨਾਲ ਦੇਖ ਕੇ ਨਹੀਂ ਕਹਿ ਰਹੇ। ਅਸ਼ੋਕ ਜੀ ਉਹ ਗੱਲ ਕਰ ਰਹੇ ਹਨ ਜੋ ਗਿਆਨੀ ਸ਼ੇਰ

ਸਿੰਘ ਨੇ ਕਿਹਾ ਸੀ, ਜਿਸ ਨੂੰ ਵਾਹਿਗੁਰੂ ਨੇ ਨੇਤ੍ਰਾਂ ਦੀ ਦਾਤ ਤੋਂ ਵਿਰਵਾ ਰਖਿਆ ਸੀ। ਭਸੌੜ ਨੇ ਗਿਆਨੀ ਸ਼ੇਰ ਸਿੰਘ ਕੋਲੋਂ ਕੀ ਸ਼ਹਾਦਤ ਪੁਵਾਈ? ਗਿਆਨੀ ਜੀ ਦੇ ਲਫਜ਼ ਹਨ:-

> "ਧੀਰਮਲ ਇਕ ਅੱਛਾ ਸਮੇਂ ਦਾ ਚਲਾਕ ਆਦਮੀ ਸੀ ਤੇ ਇਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਪਰ ਹੀ ਉਸ ਦੀ ਆਮਦਨ ਦਾ ਨਿਰਭਰ ਸੀ। ਨਾ ਮਲੂਮ ਇਸ ਪੜਦੇ ਹੇਠਾਂ ਉਸਨੇ ਕੀ ਕੌਤਕ ਵਰਤਾਇਆ ਹੋਵੇ। ਮੁਕਦੀ ਗੱਲ ਕਰਤਾਰਪੁਰ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਾਧੂ ਪੱਤ੍ਰਿਆਂ ਤੇ ਰਾਗਮਾਲਾ ਲਿਖੀ ਦੇਖਕੇ ਬਿਨਾਂ ਸੋਚੇ ਇਸ ਨੂੰ ਗੁਰਬਾਣੀ ਕਹਿ ਦੇਣਾ ਪਰਲੇ ਦਰਜੇ ਦਾ ਭੋਲਾਪਨ ਹੈ।"
>
> "ਨੋਟ— ਧੀਰਮਲ ਦੇ ਰਾਗਮਾਲਾ ਚਾੜ੍ਹਨ ਦਾ ਇਹ ਇਕ ਖਿਆਲ ਹੋ ਸਕਦਾ ਹੈ ਜੋ ਉਸ ਤੋਂ ਭੀ ਪਿਛੋਂ ਇਹ ਸਾਰਾ ਭਾਣਾ ਵਰਤਿਆ ਹੋਵੇ, ਜਿਹਾ ਕਿ ਪਿਛੇ ਜ਼ਿਕਰ ਆ ਚੁਕਿਆ ਹੈ, ਪਰ ਮੋਟਾ ਜਵਾਬ ਏਹੀ ਹੈ ਕਿ ਜਿਸ ਤਰ੍ਹਾਂ ਹੋਰ ਕਈ ਗੱਲਾਂ ਲਿਖਾਰੀਆਂ ਦੀ ਭੁੱਲ ਜਾਂ ਸ਼ਰਾਰਤ ਨਾਲ ਲਿਖੀਆਂ ਗਈਆਂ, ਓਸੇ ਥੈਲੀ ਦਾ ਵੱਟਾ ਏਹ ਰਾਗਮਾਲਾ ਹੈ।" – *ਰਾਗਮਾਲਾ ਦਰਪਨ*

ਗਿਆਨੀ ਸ਼ੇਰ ਸਿੰਘ ਜੀ ਦੇ ਲਫਜ਼ ਝਿਜਕਵੇਂ ਸਨ। ਉਹ ਧੀਰਮਲ ਦਾ ਨਾਮ ਕਿਸੇ ਤ੍ਰੀਕੇ ਸਿਰ ਲਿਆਏ ਹਨ। ਉਹ ਇਕ ਸੁਣੌਤ ਜੇਹੀ ਸੁੱਟ ਗਏ ਹਨ, ਜਿਸ ਵਿਚੋਂ ਧੀਰਮਲ ਦੇ ਰਾਗਮਾਲਾ ਚੜ੍ਹਾਉਣ ਦੀ ਸੰਭਾਵਨਾ ਪੈਦਾ ਹੋਵੇ।

ਅਸ਼ੋਕ ਜੀ ਕੋਲ ਆਪਣੀ ਗੱਲ ਦਾ ਕੋਈ ਪ੍ਰਮਾਣ ਨਹੀਂ। ਸਿਰਫ ਇਤਨੀ ਦਲੇਰੀ ਹੈ ਕਿ ਜੋ ਗੱਲ ਗਿਆਨੀ ਸ਼ੇਰ ਸਿੰਘ ਡਰਕੇ ਕਹਿੰਦਾ ਹੈ ਉਹ ਗੱਲ ਗਿਆਨੀ ਸ਼ਮਸ਼ੇਰ ਸਿੰਘ ਨਿਡਰ ਹੋਕੇ ਕਹਿੰਦਾ ਹੈ। ਕਿਸੇ ਦੀਆਂ ਅਧੂਰੀਆਂ ਗੱਲਾਂ ਨੂੰ ਬਗੈਰ ਕਿਸੇ ਪ੍ਰਮਾਣ ਦੇ ਨਿਸੰਗ ਹੋਕੇ ਦੱਸਣਾ ਇਸਦਾ ਨਾਮ ਖੋਜ ਨਹੀਂ। ਗਿਆਨੀ ਸ਼ੇਰ ਸਿੰਘ ਨੇ ਇਹ ਗੱਲ ੧੯੧੭ ਵਿਚ ਆਖੀ ਸੀ, ਇਹ ਗੱਲ ਉਸਦੀ ਰਾਗਮਾਲਾ ਦਰਪਨ ਦੀ (੧੯੧੯) ਦੀ ਤੀਜੀ ਐਡੀਸ਼ਨ ਦੇ ਸਫਾ ੧੪੨-੧੪੩ ਉੱਪਰ ਛਪੀ

ਹੈ। ਫੇਰ ਏਸ ਗੱਲ ਨੂੰ ਬਾਬੂ ਤੇਜਾ ਸਿੰਘ ਨੇ ਰਾਗਮਾਲਾ ਖੰਡਣ ਵਿਖੇ ੧੯੨੯ ਵਿਚ ਦੁਹਰਾਇਆ ਤੇ ਆਪਣੀ ਪੁਸਤਕ ਨੂੰ ਇਕ ਜ਼ਬਰਦਸਤ ਪ੍ਰਾਪੇਗੰਡੇ ਦਾ ਹਥਿਆਰ ਬਣਾਕੇ ਪ੍ਰਚਾਰਿਆ ਹੈ।

ਅਸ਼ੋਕ ਜੀ ਇਸ ਗੱਲ ਨੂੰ ਪਸੰਦ ਨਹੀਂ ਕਰਦੇ ਕਿ ਉਨ੍ਹਾਂ ਨੂੰ ਭਸੌੜੀਆ ਕਿਹਾ ਜਾਏ। ਉਹ ਕਹਿੰਦੇ ਹਨ:-

> ਅਸਲ ਵਿਚ ਨਾ ਮੈਂ ਭਸੌੜੀਆ ਹਾਂ ਤੇ ਨਾ ਚੀਫੀਆ ਅਤੇ ਨਾ ਹੋਰ ਨਿੱਕੀਆਂ ਨਿੱਕੀਆਂ ਪੰਥਕ ਵੰਡੀਆਂ ਦੇ ਖਿਆਲ ਰੱਖਣ ਵਾਲਾ। ਮੇਰਾ ਕੰਮ ਸਿੱਖ-ਧਰਮ ਤੇ ਇਤਿਹਾਸ ਦੀ ਖੋਜ ਹੈ, ਜਿਸ ਤੋਂ ਮੈਨੂੰ ਕਿਸੇ ਤਰ੍ਹਾਂ ਦੇ ਤ੍ਰਿੱਖੇ ਤਾਹਨੇ ਰੋਕ ਨਹੀਂ ਸਕਦੇ।
>
> *-ਅਕਾਲੀ ੧੯-੯-੪੫*

ਅਸ਼ੋਕ ਜੀ ਦੇ ਵਿਰੋਧੀ ਉਸਦਾ ਭਸੌੜ ਨਾਲ ਸੰਬੰਧ ਸਾਬਤ ਕਰਨ ਲਈ ਤਤਪਰ ਹਨ। ਮੈਂ ਇਸ ਗੱਲ ਨੂੰ ਕੋਈ ਖਾਸ ਅਹਿਮੀਅਤ ਨਹੀਂ ਦੇਂਦਾ ਕਿ ਉਨ੍ਹਾਂ ਦਾ ਭਸੌੜ ਨਾਲ ਕੋਈ ਸੰਬੰਧ ਹੈ ਜੈਸੇ ਕਿ ਭਾਈ ਮਹਾਂ ਸਿੰਘ ਜੀ ਗਿਆਨੀ ਕਹਿੰਦੇ ਹਨ, ਨਾ ਮੈਂ ਏਸ ਗੱਲ ਨੂੰ ਕੋਈ ਅਹਿਮੀਅਤ ਦੇਂਦਾ ਹਾਂ ਕਿ ਉਨ੍ਹਾਂ ਦਾ ਭਸੌੜ ਨਾਲ ਸੰਬੰਧ ਨਹੀਂ, ਜੈਸਾ ਕਿ ਉਹ ਖ਼ੁਦ ਕਹਿੰਦੇ ਹਨ।

ਜੇ ਉਨ੍ਹਾਂ ਦਾ ਭਸੌੜ ਨਾਲ ਕੋਈ ਸੰਬੰਧ ਨਹੀਂ ਤਾਂ ਇਹ ਫਿਕਰ ਕੇਵਲ ਪੰਚ ਖਾਲਸਾ ਦੀਵਾਨ ਭਸੌੜ ਨੂੰ ਹੋਣਾ ਚਾਹੀਦਾ ਹੈ। ਇਹ ਫਰਜ਼ ਕੇਵਲ ਭਸੌੜ ਦੀਵਾਨ ਦਾ ਹੈ ਕਿ ਉਹ ਇਸ ਗੱਲ ਦਾ ਪਬਲਿਕ ਨੋਟਿਸ ਲਵੇ, ਕਿਉਂਕਿ ਇਕ ਆਦਮੀ ਜਿਸਨੂੰ ਓਹ ਪਬਲਿਕ ਵਿਚ ਆਪਣਾ 'ਆਨਰੇਰੀ ਪਰਚਾਰਕ' ਮਸ਼ਹੂਰ ਕਰਦੇ ਹਨ, ਉਨ੍ਹਾਂ ਤੋਂ ਮੁਨਕਿਰ ਹੋ ਰਿਹਾ ਹੈ। ਮੇਰਾ ਵਾਸਤਾ ਕੇਵਲ ਉਨ੍ਹਾਂ ਦੇ ਇਸ ਕਥਨ ਦੇ ਇਸ ਹਿੱਸੇ ਨਾਲ ਹੈ ਜਿਸ ਦਵਾਰਾ ਉਹ ਆਖਦੇ ਹਨ:-

'ਮੇਰਾ ਕੰਮ ਸਿੱਖ ਧਰਮ ਤੇ ਇਤਿਹਾਸ ਦੀ ਖੋਜ ਹੈ।'

ਮੈਂ ਅਸ਼ੋਕ ਜੀ ਦੇ ਇਤਨੇ ਕੁ ਵਾਕ-ਅੰਸ਼ ਦੀ ਕਦਰ ਕਰਦਾ ਹਾਂ। ਮੈਨੂੰ ਪਤਾ ਲਗਾ ਹੈ ਕਿ ਉਹ ਸਿਖ ਨੈਸ਼ਨਲ ਕਾਲਜ ਲਾਹੌਰ ਦੇ ਸਿਖ ਰੀਸਰਚ ਦੇ ਪ੍ਰੋਫੈਸਰ ਹਨ। ਮੈਂ ਉਨ੍ਹਾਂ ਨੂੰ ਸਿਰਫ ਇਤਨੀ ਬੇਨਤੀ ਕਰਦਾ ਹਾਂ ਕਿ ਜੋ ਗੱਲ ਉਹ ਮੂੰਹੋਂ ਕਹਿਣ ਉਸ ਵਿਚ ਉਹ ਵਜ਼ਨ ਹੋਣਾ


www.sikhbookclub.com

ਚਾਹੀਦਾ ਹੈ ਜੋ ਇਕ ਰੀਸਰਚ ਪ੍ਰੋਫੈਸਰ ਦੀ ਕਥਨੀ ਵਿਚ ਲਾਜ਼ਮੀ ਹੈ, ਅਸ਼ੋਕ ਜੀ ਜੋ ਕੁਝ ਕਹਿਣਗੇ ਉਹ ਪਬਲਿਕ ਲਈ ਇਕ ਨਮੂਨਾ ਹੈ ਉਸ ਰੀਸਰਚ ਦਾ ਜੋ ਉਹ ਸਿਖ ਨੈਸ਼ਨਲ ਕਾਲਜ ਦੇ ਜ਼ੇਰੇ ਸਾਇਆ ਕਰ ਰਹੇ ਹਨ। ਜੋ ਕੁਛ ਉਹ ਕਹਿਣਗੇ ਉਹ ਕੇਵਲ ਉਨ੍ਹਾਂ ਦੀ ਆਪਣੀ ਲਿਖਤ ਨਹੀਂ ਹੋਵੇਗੀ, ਉਸ ਉਪਰ ਉਸ ਕਾਲਜ ਦੀ ਇੱਜ਼ਤ ਦੀ ਮੋਹਰ ਹੈ। ਕੀ ਇਹ ਉਸ ਕਾਲਜ ਦੀ ਸ਼ਾਨ ਨੂੰ ਸ਼ਾਂਇਆਂ ਹੈ ਕਿ ਉਨ੍ਹਾਂ ਦਾ ਇਕ ਰੀਸਰਚ ਪ੍ਰੋਫੈਸਰ 'ਪ੍ਰਾਪੇਗੰਡੇ' ਵਿਚ ਤੇ 'ਖੋਜ' ਵਿਚ ਤਮੀਜ਼ ਨਾ ਕਰ ਸਕੇ? ਭਸੌੜ ਦੀ ਪ੍ਰਾਪੇਗੰਡੇ ਦੀ ਟਕਸਾਲ ਦੀਆਂ ਚੀਜ਼ਾਂ ਉੱਪਰ ਆਪਣੇ ਨਾਮ ਦੀ ਮੋਹਰ ਛਾਪਕੇ ਉਸ ਨੂੰ ਖੋਜ ਦਾ ਰੁਤਬਾ ਦੇਵੇ। ਮੇਰੀ ਮੰਗ ਸਿਰਫ ਇਤਨੀ ਹੈ ਕਿ ਜੇ ਅਸ਼ੋਕ ਜੀ ਕੋਲ ਕੋਈ ਪ੍ਰਮਾਣ ਹੈ ਕਿ ਰਾਗਮਾਲਾ ਧੀਰਮਲ ਨੇ ਲਿਖੀ ਤਾਂ ਉਹ ਪਬਲਿਕ ਦੇ ਪੇਸ਼ ਹੋਣਾ ਚਾਹੀਦਾ ਹੈ। ਖੋਜ ਕਦੇ ਵੀ ਦਰੁਸਤ ਸੇਧ ਨਹੀਂ ਰੱਖ ਸਕਦੀ ਜੇ ਇਹ ਆਪਣੇ ਆਪ ਨੂੰ ਪ੍ਰਾਪੇਗੰਡੇ ਤੋਂ ਵੱਖਰਿਆਂ ਨਾ ਰੱਖ ਸਕੇ। ਪ੍ਰਾਪੇਗੰਡੇ ਦਾ ਖੋਟਾ ਪੈਸਾ ਖੋਜ ਦੀ ਨਕਲੀ ਮੋਹਰ ਹੇਠ ਥੋੜਾ ਚਿਰ ਹੀ ਚੱਲ ਸਕਦਾ ਹੈ। ਭਸੌੜ ਦੀ ਪ੍ਰਾਪੇਗੰਡਾ ਟਕਸਾਲ ਵਿਚ ਜਿਸ ਵੇਲੇ ਧੀਰਮਲ ਦੀ ਥਯੂਰੀ ਘੜੀ ਗਈ ਤਾਂ ਉਸ ਵੇਲੇ ਉਥੇ ਵੀ ਸ਼ੰਕਾ ਸਨ ਕਿ ਇਹ ਚੀਜ਼ ਚੱਲ ਨਹੀਂ ਸਕੇਗੀ। ਇਸ ਕਰਕੇ ਧੀਰਮਲ ਜੀ ਬਾਬਤ ਸੁਣੌਤਾਂ ਤੇ ਇਸ਼ਾਰੇ ਸੁੱਟੇ ਗਏ ਪਰ ਠੋਕ ਵਜਾਕੇ ਜੋ ਗੱਲ ਆਖੀ ਗਈ ਉਹ ਧੀਰਮਲ ਦੀ ਥਯੂਰੀ ਤੋਂ ਐਨ ਵਿਰੁੱਧ ਸੀ ਤੇ ਇਹ ਸੀ:-

> "ਰਹੀ ਗੱਲ ਇਹ ਕਿ ਰਾਗਮਾਲਾ ਕਿਸ ਨੇ ਚਾਹੜੀ? ਇਸ ਦਾ ਉੱਤਰ ਇਤਨਾ ਹੀ ਹੈ ਕਿ ਚੋਰ ਵੜਦਾ ਕਿਸੇ ਨੇ ਕਦੀ ਘੱਟ ਹੀ ਦੇਖਿਆ ਹੁੰਦਾ ਹੈ, ਪਰ ਜਦ ਚੋਰ ਘਰ ਵਿਚ ਦੇਖ ਲਿਆ ਜਾਵੇ ਤਾਂ ਲਾਜ਼ਮੀ ਗੱਲ ਹੈ ਕਿ ਧੱਕੇ ਮਾਰਕੇ ਬਾਹਰ ਕਰੀਏ, ਨਾਕਿ ਇਹ ਪਤਾ ਕਰਦਿਆਂ ਸਮਾ ਬਿਤਾ ਦੇਈਏ ਕਿ ਚੋਰ ਆਇਆ ਕਿਸ ਤਰ੍ਹਾਂ ਸੀ।"
>
> *-ਰਾਗਮਾਲਾ ਦਰਪਣ*

ਇਕ ਪ੍ਰਾਪਗੰਡੇ ਦੀ ਮਸ਼ੀਨ ਵਿਚੋਂ ਇਹ ਗੱਲਾਂ ਘੜਕੇ ਪਬਲਿਕ ਵਿਚ ਭੇਜੀਆਂ ਹੋਈਆਂ ਉਤਨੀਆਂ ਭੈੜੀਆਂ ਨਹੀਂ ਲੱਗਦੀਆਂ ਕਿਉਂਕਿ ਇਹਨਾਂ ਵਿਚ ਇਹ ਗੁਣ ਹੈ ਕਿ ਪ੍ਰਾਪੇਗੰਡੇ ਦੇ ਉਦੇਸ਼ ਨੂੰ ਬਖੂਬੀ ਨਿਭਾ

 www.sikhbookclub.com

ਰਹੀਆਂ ਹਨ, ਅਰ ਆਪਣੇ ਤਰੀਕੇ ਸਿਰ ਰਾਗਮਾਲਾ ਨੂੰ ਚਾੜ੍ਹਨ ਵਾਲੇ ਫਰਜ਼ੀ ਪੁਰਸ਼ ਦੇ ਨਾਮ ਨੂੰ ਬਚਾ ਰਹੀਆਂ ਹਨ। ਅਗੇ ਚੱਲਕੇ ਲਿਖਦੇ ਹਨ:-

"ਇਹ ਗੱਲ ਮਸ਼ਹੂਰ ਹੈ ਕਿ ਰਾਗਮਾਲਾ ਧੀਰਮਲ ਦੀ ਆਗਿਆ ਅਨੁਸਾਰ ਉਸ ਦੇ ਇਕ ਮਿੱਤ੍ਰ ਬੈਰਾਗੀ ਨੇ ਚਾਹੜੀ।"

(ਬਾਬੂ ਤੇਜਾ ਸਿੰਘ, ਰਾਗਮਾਲਾ ਖੰਡਨ ਸਫ਼ਾ ੮੩)

ਭਸੌੜ ਦਾ ਪ੍ਰਾਪੇਗੰਡਾ ਇਸ ਬੈਰਾਗੀ ਮਿੱਤ੍ਰ ਦਾਂ ਨਾਮ ਨਾ ਦੇ ਸਕਿਆ। ਭਸੌੜ ਵਾਲਿਆਂ ਨੂੰ ਇਹ ਗੱਲਾਂ ਕਿਉਂ ਲਿਖਣੀਆਂ ਪਈਆਂ? ਪਬਲਿਕ ਵੱਲੋਂ ਇਹ ਜ਼ਬਰਦਸਤ ਮੰਗ ਸੀ ਕਿ ਜੇ ਰਾਗਮਾਲਾ ਕਿਸੇ ਨੇ ਪਿਛੋਂ ਚਾੜ੍ਹੀ ਹੈ ਤਾਂ ਚਾੜ੍ਹਨ ਵਾਲੇ ਦਾ ਨਾਮ ਦੱਸੋ? ਇਸ ਦਾ ਪੱਕਾ ਉੱਤਰ ਇਹੋ ਹੀ ਆਇਆ ਕਿ ਚੋਰ ਵੜਦਾ ਕਿਸੇ ਨੇ ਨਹੀਂ ਦੇਖਿਆ। ਬਾਕੀ ਜੋ ਗੱਲਾਂ ਸਨ ਸੁਣੌਤਾਂ ਸਨ, ਜਿਸ ਵਿਚ ਇਕ ਬੈਰਾਗੀ, ਫੇਰ ਧੀਰਮਲ ਖ਼ੁਦ ਇਕ ਉਲਟਾਵੇਂ ਫਿਕਰੇ ਵਿਚ ਲਪੇਟਿਆ ਗਿਆ।

ਜੋ ਚੀਜ਼ ਅਜੇ ਭਸੌੜ ਦੇ ਪ੍ਰਾਪੇਗੰਡੇ ਲਈ ਅਨਿਸ਼ਚਤ ਸੀ, ਜੋ ਚੀਜ਼ ਬਾਬੂ ਤੇਜਾ ਸਿੰਘ ਲਈ ਅਜੇ ਸ਼ੰਕਾ-ਵੇੜ੍ਹਿਤ ਸੀ, ਉਸ ਚੀਜ਼ ਨੂੰ ਗਿਆਨੀ ਸ਼ਮਸ਼ੇਰ ਸਿੰਘ ਜੀ ਅਸ਼ੋਕ ਅਪਣਾਉਂਦੇ ਹਨ। ਉਸ ਉਪਰ ਆਪਣੀ ਖੋਜ ਦੀ ਮੋਹਰ ਲਾਉਂਦੇ ਹਨ ਤੇ ਉਸ ਨੂੰ ਪਬਲਿਕ ਦੇ ਸਾਹਮਣੇ ਐਸ ਤਰ੍ਹਾਂ ਪੇਸ਼ ਕਰਦੇ ਹਨ:-

"ਰਾਗਮਾਲਾ ਕਰਤਾਰਪੁਰੀ ਬੀੜ ਦੇ ਵਾਧੂ ਪੱਤਰੇ ਤੇ ਬਾਬਾ ਧੀਰਮਲ ਦੀ ਲਿਖੀ ਹੋਈ ਹੈ।"

ਜੇ ਖੋਜ ਦੇ ਇਹੋ ਅਰਥ ਹਨ ਕਿ ਪੁਰਾਣੀਆਂ ਭੁੱਲ ਚੁਕੀਆਂ ਸ਼ੰਕਾਵਾਂ ਨੂੰ ਬਗ਼ੈਰ ਕਿਸੇ ਹੋਰ ਪ੍ਰਮਾਣ ਦੇ ਦ੍ਰਿੜ ਵਾਕ ਕਰਕੇ ਦੱਸਣਾ ਹੈ ਤਾਂ ਕੀ ਇਹ ਖੋਜ ਉਸ ਪੱਧਰ ਦਾ ਪਤਾ ਦੇ ਰਹੀ ਹੈ ਜਿਸ ਪੱਧਰ ਉਪਰ ਸਿਖ ਇਤਿਹਾਸ ਖੋਜਿਆ ਜਾ ਰਿਹਾ ਹੈ। ਮੈਂ ਬਾਵਾ ਪ੍ਰੇਮ ਸਿੰਘ ਜੀ ਨੂੰ ਸੱਦਾ ਦੇਂਦਾ ਹਾਂ ਜੋ ਇਤਿਹਾਸ ਖੋਜ ਸੁਸੈਟੀ ਦੇ ਪ੍ਰੈਜ਼ੀਡੈਂਟ ਹਨ ਕਿ ਉਹ ਸਿਖ ਖੋਜ ਦੇ ਇਸ ਪੱਧਰ ਉਪਰ ਰੌਸ਼ਨੀ ਪਾਉਣ ਤਾਂਕਿ ਸਾਰੀ ਰੀਸਰਚ, ਜੋ ਇਸ ਵੇਲੇ ਹੋ ਰਹੀ ਹੈ, ਦੂਸ਼ਤ ਨਾ ਹੋ ਜਾਵੇ।

ਜਦੋਂ ਭਸੌੜ ਦੇ ਲਿਟ੍ਰੇਚਰ ਵਿਚ ਅਸੀਂ ਪੜ੍ਹਦੇ ਹਾਂ ਕਿ ਰਾਗਮਾਲਾ ਦੇ ਚੜ੍ਹਨ ਦਾ ਸੰਬੰਧ ਧੀਰਮਲ ਨਾਲ ਹੈ ਤਾਂ ਚਾਹੇ ਸਾਨੂੰ ਪਤਾ ਹੈ ਕਿ ਇਹ ਗੱਲ ਗ਼ਲਤ ਹੈ, ਸਾਨੂੰ ਇਸ ਪਰ ਅਸਚਰਜਤਾ ਨਹੀਂ ਆਉਂਦੀ। ਭਸੌੜ ਨੇ ਜਿਸ ਵੇਲੇ ਰਾਗਮਾਲਾ ਨੂੰ ਧੀਰਮਲ ਨਾਲ ਜੋੜਿਆ ਤਾਂ ਉਹ ਰਾਗਮਾਲਾ ਦੇ ਵਿਰੁੱਧ ਉਸ ਨਫ਼ਰਤ ਨੂੰ ਹੋਂਦ ਵਿਚ ਲਿਆਉਣਾ ਚਾਹੁੰਦਾ ਸੀ, ਜੋ ਧੀਰਮਲੀਆਂ ਨਾਲ ਆਮ ਸਿਖ ਜਨਤਾ ਵਿਚ ਹੈ। ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ ਜਦੋਂ ਏਸੇ ਸੰਬੰਧ ਵਿਚ ਅਸੀਂ ਭਸੌੜ ਦੀ ਪੋਥੀ ਵਿਚ, ਇਹ ਪੜ੍ਹਦੇ ਹਾਂ:-

> 'ਸੱਜਣੋਂ ਚੇਤੇ ਰੱਖੋ ਕਿ ਧੀਰਮਲ ਦੀ ਬਾਬਤ ਅਜ ਤਕ ਉਪਦੇਸ਼ ਹੈ ਜੋ ਖਾਲਸਾ ਉਹਨਾਂ ਨਾਲ ਮੇਲ ਨਾ ਕਰੇ।'
>
> (ਰਾਗਮਾਲਾ ਦਰਪਨ, ਸਫਾ ੧੪੧ ਤੀਜੀ ਐਡੀਸ਼ਨ)

ਪਰ ਜਦੋਂ ਇਕ ਕਾਲਜ ਦਾ ਰੀਸਰਚ ਪ੍ਰੋਫੈਸਰ ਗੱਲ ਕਹਿੰਦਾ ਹੈ ਕਿ ਰਾਗਮਾਲਾ ਧੀਰਮਲ ਨੇ ਚਾੜ੍ਹੀ ਤਾਂ ਸਾਨੂੰ ਇਸ ਉਪਰ ਬੇਵਸੇ ਹੈਰਾਨੀ ਆਉਂਦੀ ਹੈ।

ਜੋ ਗੱਲਾਂ ਗਿਆਨੀ ਸ਼ੇਰ ਸਿੰਘ ਨੇ 'ਰਾਗਮਾਲਾ ਦਰਪਨ' ਵਿਚ ਕਹੀਆਂ ਸਨ ਉਹ ਤਿੰਨ ਐਡੀਸ਼ਨਾਂ ਵਿਚ ਉਨ੍ਹਾਂ ਦੇ ਨਾਮ ਹੇਠ ਛਪਦੀਆਂ ਰਹੀਆਂ। ਰਾਗਮਾਲਾ ਦਰਪਨ ਦੀ ਜਦ ਚੌਥੀ ਐਡੀਸ਼ਨ ਛਪੀ ਤਾਂ ਗਿਆਨੀ ਸ਼ੇਰ ਸਿੰਘ ਦਾ ਨਾਮ ਕੱਢ ਦਿੱਤਾ ਗਿਆ। ਪੁਸਤਕ ਦਾ ਨਾਮ ਭੀ ਬਦਲ ਦਿੱਤਾ ਗਿਆ। 'ਰਾਗਮਾਲਾ ਦਰਪਨ' ਦੀ ਬਜਾਏ 'ਰਾਗਮਾਲਾ ਖੰਡਨ' ਨਾਮ ਹੋ ਗਿਆ। 'ਰਾਗਮਾਲਾ ਦਰਪਨ' ਉਪਰ ਲਿਖਿਆ ਸੀ 'ਰਾਗਮਾਲਾ ਦੇ ਸੱਚ ਝੂਠ ਦਾ ਨਬੇੜਾ, ਜਿਸ ਨੂੰ ਸ੍ਰੀ ਮਾਨ ਗਿਆਨੀ ਸ਼ੇਰ ਸਿੰਘ ਪ੍ਰਸਿੱਧ ਖਾਲਸਾ ਵਿਦਵਾਨ ਰਾਵਲ ਪਿੰਡੀ ਨੇ ਰਚਿਆ।'

'ਰਾਗਮਾਲਾ ਖੰਡਨ' ਦਾ ਸਰਵਰਕ ਥੋੜਾ ਵਧੇਰੇ ਵਿਸਤਾਰ ਵਿਚ ਚਲਾ ਗਿਆ, ਉਸ ਉਪਰ ਇਹ ਛਪਿਆ 'ਰਾਗਮਾਲਾ ਖੰਡਨ' ਅਰਥਾਤ ਰਾਗਮਾਲਾ ਦੇ ਸੱਚ ਝੂਠ ਦਾ ਨਬੇੜਾ ਜਿਸ ਨੂੰ ਸੋਧਨਾ ਕਰਕੇ ਬਾਬੂ ਤੇਜਾ ਸਿੰਘ ਜੀ ਰੀਟਾਇਰਡ ਐਸ.ਡੀ.ਓ. ਸੇਵਕ ਪੰਚ ਖਾਲਸਾ ਦੀਵਾਨ ਅਰਥਾਤ ਖਾਲਸਾ ਪਾਰਲੀਮੈਂਟ ਨੇ ਗੁਰੂ ਸੰਗਤਾਂ ਦੇ ਲਾਭ ਹਿਤ ਛਪਵਾਇਆ।

ਕਿਤਾਬ ਓਹੋ ਹੀ ਹੈ ਜੋ ਗਿਆਨੀ ਸ਼ੇਰ ਸਿੰਘ ਦੀ ਸੀ, ਪਰ ਇਸ ਨਵੇਂ ਰੂਪ ਵਿਚ ਗਿਆਨੀ ਦੇ ਨਾਮ ਦਾ ਕਿਤੇ ਮੁਸ਼ਕ ਨਹੀਂ। ਸਰਵਰਕ ਦੀ ਇਬਾਰਤ ਵਿਚ ਇਤਨੀ ਗੁੰਜਾਇਸ਼ ਜ਼ਰੂਰ ਹੈ ਕਿ ਕਿਸੇ ਦੇ ਇਤਰਾਜ ਕਰਨੇ ਉਪਰ ਇਹ ਕਿਹਾ ਜਾ ਸਕੇ ਕਿ ਬਾਬੂ ਤੇਜਾ ਸਿੰਘ ਨੇ ਇਸ ਦੀ ਸੋਧਨਾ ਕੀਤੀ ਪਰ ਇਹ ਪਤਾ ਨਹੀਂ ਲੱਗਦਾ ਕਿ ਸੋਧਨਾ ਆਪਣੀ ਪੁਰਾਣੀ ਐਡੀਸ਼ਨ ਦੀ ਕੀਤੀ ਜਾਂ ਕਿਸੇ ਹੋਰ ਦੀ ਪੁਸਤਕ ਦੀ ਕੀਤੀ।

ਪਰ ਜੇ ਇਹ ਮੰਨ ਲਿਆ ਜਾਵੇ ਕਿ ਰਾਗਮਾਲਾ ਦਰਪਨ ਦਾ ਅਸਲ ਕਰਤਾ ਬਾਬੂ ਤੇਜਾ ਸਿੰਘ ਹੀ ਸੀ ਤੇ ਗਿਆਨੀ ਸ਼ੇਰ ਸਿੰਘ ਦਾ ਐਵੇਂ ਨਾਮ ਹੀ ਸੀ ਤਾਂ ਰਾਗਮਾਲਾ ਖੰਡਨ ਦਾ ਸਰਵਰਕ ਇਤ੍ਰਾਜ਼ ਤੋਂ ਬਰੀ ਹੋ ਜਾਂਦਾ ਹੈ। ਕਿਉਂਕਿ ਫੇਰ ਪਹਿਲੀ ਸੋਧਨਾ ਏਹੋ ਹੋਈ ਕਿ ਉਹ ਫਰਜ਼ੀ ਨਾਮ ਜੋ ਗਿਆਨੀ ਸ਼ੇਰ ਸਿੰਘ ਦਾ ਸੀ ਸੋਧ ਦਿੱਤਾ ਗਿਆ। ਜੇ ਬਾਬੂ ਤੇਜਾ ਸਿੰਘ ਦਾ ਏਹੋ ਮਤਲਬ ਸੀ ਤਾਂ ਉਹ ਇਹ ਇਕ ਗੁਪਤ ਪਰਉਪਕਾਰ ਕਰ ਗਏ ਹਨ ਜਿਸ ਦਾ ਧੰਨਵਾਦ ਗਿਆਨੀ ਸ਼ੇਰ ਸਿੰਘ ਦੀ ਆਤਮਾ ਕਰ ਰਹੀ ਹੋਣੀ ਹੈ।

ਮੈਂ ਇਹ ਗੱਲ ਇਸ ਕਰਕੇ ਲਿਖ ਰਿਹਾ ਹਾਂ ਕਿ ਸਾਨੂੰ ਠੀਕ ਪਤਾ ਨਹੀਂ ਕਿ 'ਰਾਗਮਾਲਾ ਖੰਡਨ' ਦਾ ਅਸਲ ਕਰਤਾ ਕੌਣ ਹੈ। ਸਰਦਾਰ ਗੁਰਪਾਲ ਸਿੰਘ ਜੀ ਜਿਸ ਵੇਲੇ ਕਹਿੰਦੇ ਹਨ:-

"ਮੈਂ ਸਰਦਾਰ ਬਹਾਦਰ ਭਾਈ ਕਾਹਨ ਸਿੰਘ ਜੀ ਦੇ ਨਾਮ ਤੇ ਛਪੇ ਗ੍ਰੰਥ ਦੇਖੇ ਹਨ ਜਿਸ ਤੋਂ ਮੈਂ ਇਸ ਨਤੀਜੇ ਪਰ ਪੁੱਜ ਗਿਆ ਹਾਂ ਕਿ ਭਸੌੜ ਆਪਣੇ ਆਪ ਵਿਚ ਕੁਝ ਨਹੀਂ ਸੀ, ਜੋ ਕੁਝ ਉਹ ਕੰਮ ਕਰ ਰਹੇ ਸਨ ਅਸਲ ਵਿਚ ਸਰਦਾਰ ਕਾਹਨ ਸਿੰਘ ਜੀ ਹੀ ਉਹਨਾਂ ਤੋਂ ਕਰਾ ਰਹੇ ਸਨ। ਗੱਲ ਇਥੇ ਹੀ ਨਹੀਂ ਮੁੱਕਦੀ, ਮੈਂ ਇਸ ਨਤੀਜੇ ਤੇ ਪੁੱਜਾ ਹਾਂ ਕਿ ਭਾਈ ਸਾਹਿਬ ਕਾਹਨ ਸਿੰਘ ਜੀ ਲਿਖਤ ਕਿਤਾਬਾਂ ਪੰਥ ਲਈ ਜ਼ਹਿਰ ਹਨ।" (ਅਕਾਲੀ ਅਖਬਾਰ ੨੩-੧੦-੪੫)

ਤਾਂ ਸਾਡਾ ਸ਼ੱਕ ਕਿਸੇ ਹੋਰ ਪਾਸੇ ਭੌਣ ਲੱਗ ਜਾਂਦਾ ਹੈ। ਪਰ ਇਤਨੀ ਗੱਲ ਬਗ਼ੈਰ ਸ਼ੁਭੇ ਦੇ ਹੈ ਕਿ ੧੯੧੭ ਤੋਂ ਲੈ ਕੇ ੧੯੨੯ ਤਕ ਜਿਨ੍ਹਾਂ ਖਿਆਲਾਂ ਦੇ ਸੰਚੇ ਉਪਰ ੧੨ ਵਰ੍ਹੇ ਤਕ ਗਿਆਨੀ ਸ਼ੇਰ ਸਿੰਘ ਦਾ ਨਾਮ ਛਪਦਾ ਰਿਹਾ, ਉਸ ਨਾਮ ਦੀ ਸੁਧਾਈ ਕੀਤੀ ਗਈ ਤੇ

ਹੁਣ ਗਿਆਨੀ ਦਾ ਨਾਮੋ ਨਿਸ਼ਾਨ ਕੱਟਕੇ ਉਸੇ ਸੰਚੇ ਉਪਰ ਬਾਬੂ ਤੇਜਾ ਸਿੰਘ ਦਾ ਨਾਮ ਛਪਦਾ ਹੈ। ਏਸ ਗੱਲ ਨੂੰ ਵੀ ਹੁਣ ੧੯ ਵਰ੍ਹੇ ਹੋਣ ਲਗੇ ਹਨ। ਸੁਧਾਈ ਦੀ ਅਵੱਸ਼ਕਤਾ ਫੇਰ ਪੈਦਾ ਹੋ ਰਹੀ ਹੈ। ਪਤਾ ਨਹੀਂ ਇਹ ਸੰਚਾ ਹੁਣ ਕਿਸ ਨਾਮ ਹੇਠ ਸੋਧਿਆ ਜਾਂਦਾ ਹੈ ਤੇ ਪ੍ਰਚਾਰਿਆ ਜਾਂਦਾ ਹੈ।

ਜੇ ਧੀਰਮਲ ਵਾਲੀ ਥਯੂਰੀ (theory) ਗਿਆਨੀ ਸ਼ਮਸ਼ੇਰ ਸਿੰਘ ਅਸ਼ੋਕ ਦੀ ਆਪਣੀ ਹੈ ਤਾਂ ਇਹ ਹੋ ਸਕਦਾ ਹੈ ਕਿ ਭਸੌੜ ਦੀ ਪੋਥੀ ਨੇ ਇਨ੍ਹਾਂ ਦੇ ਖਿਆਲ ਦਰਜ ਕੀਤੇ ਹਨ, ਜੋ ਪਹਿਲਾਂ ਗਿਆਨੀ ਸ਼ੇਰ ਸਿੰਘ ਦੇ ਨਾਮ ਹੇਠ ਪ੍ਰਚੱਲਤ ਰਹੇ ਤੇ ਫੇਰ ਬਾਬੂ ਤੇਜਾ ਸਿੰਘ ਦੇ, ਤੇ ਜੋ ਅਸਲ ਵਿਚ ਗਿਆਨੀ ਸ਼ਮਸ਼ੇਰ ਸਿੰਘ ਅਸ਼ੋਕ ਦੇ ਹੈਨ:-

ਪਰ ਗਿਆਨੀ ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਸਾਨੂੰ ਨਿਸ਼ਚਾ ਦਿਵਾਇਆ ਹੈ ਤੇ ਕਿਹਾ ਹੈ:-

"ਅਸਲ ਵਿਚ ਨਾਂ ਮੈਂ ਭਸੌੜੀਆ ਹਾਂ, ਤੇ ਨਾ ਚੀਫੀਆ ਅਤੇ ਨਾ ਹੋਰ ਨਿੱਕੀਆਂ ਨਿੱਕੀਆਂ ਪੰਥਕ ਵੰਡੀਆਂ ਦੇ ਖਿਆਲ ਰੱਖਣ ਵਾਲਾ। ਮੇਰਾ ਕੰਮ ਸਿੱਖ ਧਰਮ ਅਤੇ ਇਤਿਹਾਸ ਦੀ ਖੋਜ ਹੈ।"

ਅਸ਼ੋਕ ਜੀ ਨੇ ਜੋ ਨਮੂਨਾ ਇਤਿਹਾਸ ਦੀ ਖੋਜ ਦਾ ਪੇਸ਼ ਕੀਤਾ ਹੈ ਉਹ ਪ੍ਰਾਪੇਗੰਡੇ ਦੀ ਪੱਧਰ ਤੋਂ ਉਪਰ ਦੀ ਚੀਜ਼ ਨਹੀਂ। ਉਸ ਦੀ ਚਾਲ ਢਾਲ ਤੇ ਰੂਪ ਰੇਖਾ ਸਾਰੀ ਭਸੌੜ ਦੀ ਹੈ, ਕੇਵਲ ਭਸੌੜ ਦੀਆਂ ਪੁਰਾਣੀਆਂ ਗ਼ੈਰ ਜ਼ੁੰਮੇਵਾਰ ਗੱਲਾਂ ਉਪਰ ਇਕ ਇੱਜ਼ਤਦਾਰ ਕਾਲਜ ਦੇ ਰੀਸਰਚ ਪ੍ਰੋਫੈਸਰ ਦੀ ਨਵੀਂ ਮੋਹਰ ਲੱਗ ਰਹੀ ਹੈ। ਜੇ ਇਹ ਮੰਨ ਲਿਆ ਜਾਏ ਤੇ ਮੈਂ ਮੰਨਣ ਨੂੰ ਤਿਆਰ ਹਾਂ; ਕਿ ਅਸ਼ੋਕ ਜੀ ਭਸੌੜੀਏ ਨਹੀਂ ਤੇ ਨਾ ਹੀ ਮੈਨੂੰ ਏਸ ਗੱਲ ਵਿਚ ਕੋਈ ਸਵਾਦ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੂੰ ਭਸੌੜੀਏ ਕਿਹਾ ਜਾਏ ਤੇ ਜੇ ਉਨ੍ਹਾਂ ਦਾ ਰੁਤਬਾ ਤੇ ਇੱਜ਼ਤ ਓਹੋ ਹੀ ਕਾਇਮ ਰੱਖਣੀ ਹੈ ਜੋ ਇਕ ਕਾਲਜ ਦੇ ਰੀਸਰਚ ਪ੍ਰੋਫੈਸਰ ਦੀ ਹੈ ਤਾਂ ਮੈਂ ਉਨ੍ਹਾਂ ਅੱਗੇ ਇਹ ਬੇਨਤੀ ਕਰਦਾ ਹਾਂ ਕਿ ਉਹ ਧੀਰਮਲ ਜੇਹੀਆਂ ਥਯੂਰੀਆਂ ਆਪਣੇ ਨਾਮ ਹੇਠ ਪਬਲਿਕ ਦੇ ਸਾਹਮਣੇ ਪੇਸ਼ ਨਾ ਕਰਨ, ਜਿਨ੍ਹਾਂ ਗੱਲਾਂ ਵਿਚ ਨਾਮਵਰੀ ਭਸੌੜ ਲਿਟ੍ਰੇਚਰ ਦੀ ਹੈ, ਉਨ੍ਹਾਂ ਨੂੰ ਆਪਣੇ ਵਲ ਖੋਹਣ ਦੀ ਕੋਸ਼ਸ਼ ਨਾ ਕਰਨ।

 www.sikhbookclub.com

ਸਿਰਫ ਇਤਨਾ ਹੀ ਨਹੀਂ ਸਾਨੂੰ ਹਮੇਸ਼ਾਂ ਲਈ ਇਹ ਆਦਤ ਪਾਉਣੀ ਚਾਹੀਦੀ ਹੈ ਕਿ ਜਿਨ੍ਹਾਂ ਗੱਲਾਂ ਉਪਰ ਅਜੇ ਸ਼ੰਕੇ ਹਨ ਉਨ੍ਹਾਂ ਨੂੰ ਉਸੇ ਅਵਸਥਾ ਵਿਚ ਰਹਿਣ ਦਿਤਾ ਜਾਵੇ ਜਦ ਤਕ ਐਸੇ ਪ੍ਰਮਾਣ ਨਾ ਮਿਲ ਜਾਣ, ਜਿਨ੍ਹਾਂ ਦਵਾਰਾ ਸੰਸੇ ਦੀ ਨਵਿਰਤੀ ਹੋ ਗਈ ਹੋਵੇ ਅਰ ਉਹ ਪ੍ਰਮਾਣ ਪਬਲਿਕ ਦੇ ਪੇਸ਼ ਹੋਣੇ ਚਾਹੀਦੇ ਹਨ। ਇਹ ਗੱਲ ਇਤਨੀ ਜ਼ਰੂਰੀ ਹੈ ਕਿ ਮੈਂ ਇਸ ਨੂੰ ਵਧੇਰੇ ਸਪਸ਼ਟ ਕਰਨ ਵਿਚ ਕੋਈ ਹਰਜ ਨਹੀਂ ਸਮਝਦਾ।

ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਨੂੰ ਰਾਗਮਾਲਾ ਬਾਬਤ ਜਿਸ ਹਦ ਤਕ ਸੰਸਾ ਸੀ ਉਸ ਨੇ ਉਸ ਨੂੰ ਉਸ ਢੰਗ ਵਿਚ ਅੰਕਿਤ ਕੀਤਾ। ਉਸ ਨੇ ਕਿਹਾ ਕਿ ਇਹ ਪਤਾ ਨਹੀਂ ਕਿ ਇਸ ਨੂੰ ਗੁਰੂ ਸਾਹਿਬ ਨੇ ਆਪ ਬੀੜ ਵਿਚ ਚਾੜ੍ਹਿਆ ਕਿ ਕਿਸੇ ਸਿੱਖ ਨੇ। ਉਸ ਦਾ ਲਫ਼ਜ਼ ਸਪਸ਼ਟ ਹਨ:-

*ਇਹ ਸੁਧ ਨਹੀਂ ਲਿਖੀ ਇਹ ਗੁਰ ਨੇ,*
*ਕਿਧੋਂ ਸਿਖ ਕਾਹੂੰ ਲਿਖ ਦੀਨ॥*

ਭਾਈ ਕਾਹਨ ਸਿੰਘ ਨੇ ਇਸ ਉਪਰ ਆਪਣੀ ਖੋਜੀ ਨਜ਼ਰ ਦੁੜਾਈ। ਉਹਨਾਂ ਦਾ ਮਤ ਇਹ ਸੀ ਕਿ ਇਹ ਕਿਸੇ ਸਿਖ ਨੇ ਚੜ੍ਹਾਈ ਹੈ, ਇਸ ਗੱਲ ਨੂੰ ਉਨ੍ਹਾਂ ਨੇ ਗੁਰਮਤ ਸੁਧਾਕਰ ਦੀ ਤੀਜੀ ਐਡੀਸ਼ਨ ਵਿਚ ਸਪਸ਼ਟ ਕੀਤਾ। ਭਾਈ ਸੰਤੋਖ ਸਿੰਘ ਦੇ ਵੇਲੇ ਇਹ ਸ਼ੱਕ ਸੀ ਕਿ ਪਤਾ ਨਹੀਂ ਗੁਰੂ ਜੀ ਨੇ ਆਪ ਚੜ੍ਹਾਈ ਹੈ ਜਾਂ ਕਿਸੇ ਸਿਖ ਨੇ। ਭਾਈ ਕਾਹਨ ਸਿੰਘ ਨੇ ਏਸ ਸ਼ੰਕਾ ਵਿਚੋਂ ਸੰਸੇ ਨੂੰ ਕੱਢ ਦਿੱਤਾ ਤੇ ਏਲਾਨ ਕੀਤਾ ਕਿ ਇਹ ਕਿਸੇ ਸਿਖ ਨੇ ਚੜ੍ਹਾਈ ਹੈ। ਗੁਰੂ ਦਾ ਨਾਮ ਕੱਢਣ ਲਈ ਉਨ੍ਹਾਂ ਕੋਲ ਕੋਈ ਖੋਜ ਦਾ ਪ੍ਰਮਾਣ ਨਹੀਂ ਸੀ ਕੇਵਲ ਆਪਣੇ ਸ਼ਖਸੀ ਅਧਿਕਾਰ ਦਾ ਜ਼ੋਰ ਸੀ। ਏਸ ਗੱਲ ਨੂੰ ਮੰਨਕੇ ਕਿ ਇਹ ਕਿਸੇ ਸਿੱਖ ਨੇ ਚੜ੍ਹਾਈ ਹੈ ਭਸੌੜ ਦੇ ਲਿਟ੍ਰੇਚਰ ਨੇ ਸੂਰਜ ਪ੍ਰਕਾਸ਼ ਦੀ ਤੁਕ ਵਿਚ ਛੇੜਖਾਨੀ ਕੀਤੀ। ਭਾਈ ਸੰਤੋਖ ਸਿੰਘ ਦੀ ਤੁਕ ਵਿਚ ਇਕ ਥਾਵੇਂ ਕੌਮਾਂ (Comma) (,) ਲਾ ਦਿੱਤਾ, ਤਾਕਿ ਅਰਥ ਬਦਲ ਜਾਵੇ।

ਤੁਕ ਐਉਂ ਛਾਪੀ- "ਇਹ ਸੁਧ, ਨਹੀਂ ਲਿਖੀ ਇਹ ਗੁਰ ਨੇ।"

ਇਹ ਭਸੌੜ ਦੇ ਪ੍ਰਾਪੇਰੰਡੇ ਦੀ ਮਸ਼ੀਨ ਦਾ ਨਮੂਨਾ ਹੈ, ਇਹ ਕੌਮੇ ਦੀ ਸਫ਼ਾਈ ਨਾਲ ਤੁਕ ਦਾ ਹੁਲੀਆ ਬਦਲ ਦੇਂਦਾ ਹੈ। ਪਾਠਕ ਏਸ ਤੁਕ ਨੂੰ ਦੋ ਤਿੰਨ ਵੇਰ ਪੜ੍ਹਨ, ਫੇਰ ਇਕ ਕੌਮੇ (,) ਦਵਾਰਾ ਜੋ ਚਲਾਕੀ ਹੋਈ ਉਸਦੀ ਤਾਰੀਫ ਕਰਨ।

ਮੇਰਾ ਮਤਲਬ ਇਹ ਹੈ ਕਿ ਸੰਤੋਖ ਸਿੰਘ ਵੇਲੇ ਇਹ ਸੰਭਾਵਨਾ ਸੀ ਕਿ ਸ਼ਾਇਦ ਗੁਰੂ ਜੀ ਨੇ ਰਾਗਮਾਲਾ ਆਪ ਚੜ੍ਹਾਈ ਹੋਵੇ, ਏਸ ਸੰਭਾਵਨਾ ਨੂੰ ਭਾਈ ਕਾਹਨ ਸਿੰਘ ਜੀ ਨੇ ਰੱਦ ਕੀਤਾ ਤੇ ਏਸ ਗੱਲ ਉਪਰ ਜ਼ੋਰ ਦਿਤਾ ਕਿ ਗੁਰੂ ਦਾ ਏਸ ਵਿਚ ਕੋਈ ਤਅੱਲਕ ਨਹੀਂ, ਇਹ ਕਿਸੇ ਸਿਖ ਨੇ ਹੀ ਚਾੜ੍ਹੀ ਹੈ। ਪਰ ਏਸ ਗੱਲ ਲਈ ਪ੍ਰਮਾਣ ਕੋਈ ਨਹੀਂ ਸੀ। ਪ੍ਰਮਾਣ ਪੈਦਾ ਕਰਨ ਲਈ ਭਸੌੜ ਦੀ ਟਕਸਾਲ ਨੇ ਸੂਰਜ ਪ੍ਰਕਾਸ਼ ਦੀ ਤੁਕ ਨੂੰ ਵਿਰਾਮਤ ਕਰਕੇ ਅਰਥ ਭੁਆ ਦਿਤੇ। ਪਰ ਇਤਨਾ ਕਾਫ਼ੀ ਨਹੀਂ ਸੀ, ਨਿਰਾ ਸਿਖ ਕਹਿਣ ਨਾਲ ਗੱਲ ਨਿਸ਼ਚਿਤ ਨਹੀਂ ਸੀ ਹੁੰਦੀ। ਸਿਖਾਂ ਦੇ ਕਈ ਫਿਰਕੇ ਸਨ। ਭਸੌੜ ਨੇ ਕਿਹਾ ਕਿ ਇਹ ਇਕ ਬੈਰਾਗੀ ਨੇ ਕੀਤਾ ਹੈ। ਉਨ੍ਹਾਂ ਬੈਰਾਗੀ ਦਾ ਕਿਉਂ ਨਾਮ ਲਿਆ? ਨਿਰਮਲੇ ਜਾਂ ਉਦਾਸੀ ਦਾ ਕਿਉਂ ਨਹੀਂ? ਇਹ ਬੀ ਇਕ ਕਹਾਣੀ ਹੈ ਜਿਸ ਉਪਰ ਅਸੀਂ ਫਿਰ ਕਦੇ ਲਿਖਾਂਗੇ। ਅਜੇ ਇਤਨਾ ਹੀ ਦੱਸਦੇ ਹਾਂ ਕਿ 'ਬੈਰਾਗੀ' ਕਹਿਕੇ ਫੇਰ ਉਸ ਬੈਰਾਗੀ ਨੂੰ ਧੀਰਮਲ ਦਾ ਮਿੱਤ੍ਰ ਕਿਹਾ ਤੇ ਐਸ ਤਰ੍ਹਾਂ ਦਾ ਰਾਗਮਾਲਾ ਦਾ ਚੜ੍ਹਨਾ ਧੀਰਮਲ ਨਾਲ ਜੋੜਿਆ। ਇਸ ਤੋਂ ਅਗਲਾ ਕਦਮ ਅਸ਼ੋਕ ਜੀ ਲਈ ਸੀ। ਉਨ੍ਹਾਂ ਕਿਹਾ ਰਾਗਮਾਲਾ ਬਾਬਾ ਧੀਰਮਲ ਨੇ ਚਾੜ੍ਹੀ ਹੈ। ਜੋ ਗੱਲ ਭਸੌੜ ਲਈ ਅਜੇ ਵਿਸਵਸਿਆਂ ਦੇ ਦਾਇਰੇ ਵਿਚ ਸੀ, ਉਹ ਅਸ਼ੋਕ ਜੀ ਲਈ ਨਵੀਨ ਖੋਜ ਦਾ ਦ੍ਰਿੜ ਵਾਕ ਹੈ। ਏਸ ਦ੍ਰਿੜ ਵਾਕ ਨੂੰ ਅਸ਼ੋਕ ਜੀ ਭਾਈ ਵੀਰ ਸਿੰਘ ਜੀ ਨੂੰ ਮੁਖਾਤਬ ਕਰਕੇ ਕਹਿੰਦੇ ਹਨ:-

> "ਪਰ ਭਾਈ ਸਾਹਿਬ ਦੂਰ ਅੰਦੇਸ਼ ਹਨ, ਉਨ੍ਹਾਂ ਨੂੰ ਇਹ ਬਹਿਸ ਛੇੜਨੀ ਨਾ ਚਾਹੀਏ, ਤੇ ਕੇਵਲ ਇਤਨਾ ਹੀ ਵਿਚਾਰ ਲੈਣਾ ਚਾਹੀਏ ਕਿ ਰਾਗਮਾਲਾ ਕਰਤਾਰਪੁਰੀ ਬੀੜ ਦੇ ਵਾਧੂ ਪੱਤ੍ਰੇ ਤੇ ਬਾਬਾ ਧੀਰਮਲ ਦੀ ਲਿਖੀ ਹੈ, ਜਿਸ ਦੇ ਉਪਰ (ਅੱਗੇ ਪਿਛੇ) ਪੱਤਰੇ ਦਾ ਅੰਕ ਨਹੀਂ ਦਿਤਾ ਹੋਇਆ, ਅਖਰ ਤੇ ਸਿਆਹੀ ਵੀ

ਉਹੋ ਹੈ ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਦੀ ਤਾਰੀਖ ਲਿਖੀ ਹੈ।"

(ਅਕਾਲੀ ਅਖਬਾਰ ੨੭-੧੦-੪੫)

ਅਸ਼ੋਕ ਜੀ ਕਹਿੰਦੇ ਹਨ ਮੈਂ ਭਸੌੜੀਆ ਨਹੀਂ, ਮੈਂ ਖੋਜੀ ਹਾਂ, ਪਰ ਖੋਜ ਦੇ ਕੀ ਅਰਥ ਹਨ?

ਅਸ਼ੋਕ ਜੀ ਦੀ ਜ਼ੇਰ ਸਾਇਆ ਖੋਜ ਦਾ ਹੁਲੀਆ ਬਦਲ ਚਲਿਆ ਹੈ। ਖੋਜ ਦੇ ਹੁਣ ਇਹ ਅਰਥ ਹੋ ਜਾਣਗੇ ਕਿ ਭਸੌੜ ਤੋਂ ਜ਼ਹਿਰ ਉਧਾਰਾ ਲੈਕੇ ਉਸ ਉਪਰ ਖੋਜ ਦਾ ਲੇਬਲ ਲਗਾਇਆ ਜਾਵੇ ਤੇ ਫੇਰ ਉਸ ਨਾਲ ਜ਼ਾਤੀ ਡੰਗ ਮਾਰਨ ਦਾ ਪਬਲਿਕ ਤਮਾਸ਼ਾ ਦਿਖਾਉਣ ਲਈ ਮਦਾਰੀ ਦਾ ਪਿੜ ਰਚਿਆ ਜਾਵੇ।

-o-

# ੧੧. ਗੁਰਮਤ ਸੁਧਾਕਰ ਦਾ ਸੰਮਤ

**ਜਦ** ਦਾ ਮਜ਼ਮੂਨਾਂ ਦਾ ਇਹ ਸਿਲਸਿਲਾ ਅਖਬਾਰ ਵਿਚ ਛਪਣਾ ਸ਼ੁਰੂ ਹੋਇਆ ਹੈ, ਮੇਰੀ ਡਾਕ ਦਾ ਹੁਜਮ ਵਧ ਗਿਆ ਹੈ। ਇਕ ਸੱਜਣ ਨੇ ਲਿਖਿਆ ਹੈ- "ਤੁਸੀਂ ਇਕ ਗੱਲ ਗ਼ਲਤ ਕਹਿ ਰਹੇ ਹੋ, ਤੁਸੀਂ ਲਿਖਿਆ ਹੈ '੨੯ ਸਾਲ ਏਸ ਗੱਲ ਵਿਚ ਖਰਚ ਹੋਏ ਕਿ ਭਾਈ ਕਾਹਨ ਸਿੰਘ ਜੀ ਨੂੰ ਇਸ ਨਤੀਜੇ ਉਪਰ ਪਹੁੰਚਦਿਆਂ ਕਿ ਆਲਮ ਦੀ ਕਿਤਾਬ ਅਨੁਵਾਦ ਹੈ.....' ਪਰ ਇਹ ਦਰੁਸਤ ਨਹੀਂ। ਤੁਹਾਡਾ ਇਹ ਖਿਆਲ ਏਸ ਕਰਕੇ ਹੈ ਕਿ ਤੁਸੀਂ ਗੁਰਮਤ ਸੁਧਾਕਰ ਦੀ ਪਹਿਲੀ ਐਡੀਸ਼ਨ ੧੯੦੧ ਵਿਚ ਛਪੀ ਸਮਝਦੇ ਹੋ ਤੇ ਫੇਰ ਏਸ ੧੯੦੧ ਨੂੰ ੧੯੩੦ ਵਿਚੋਂ ਤਫ਼ਰੀਕ (Minus) ਕਰਦੇ ਹੋ, ਜਦੋਂ ਮਹਾਨ ਕੋਸ਼ ਛਪਿਆ। ਪਰ ਗੁਰਮਤ ਸੁਧਾਕਰ ਦੀ ਪਹਿਲੀ ਐਡੀਸ਼ਨ ੧੮੯੯ ਵਿਚ ਛਪੀ ਸੀ ਨਾ ਕਿ ੧੯੦੧ ਵਿਚ। ਤੁਸੀਂ ੧੮੯੯ ਨੂੰ ੧੯੩੦ ਵਿਚੋਂ ਤਫ਼ਰੀਕ ਕਰੋ....."।

ਏਸ ਸਜਣ ਨੇ ਇਹ ਨਹੀਂ ਲਿਖਿਆ ਕਿ ਆਪ ਕਿਸੇ ਪ੍ਰਾਇਮਰੀ ਸਕੂਲ ਦੇ ਉਸਤਾਦ ਹਨ। 'ਤਫ਼ਰੀਕ ਕਰੋ' ਇਸ ਤਰ੍ਹਾਂ ਖੜਕਾਕੇ ਕਹਿੰਦੇ ਹਨ ਕਿ ਧੜਕਾ ਲਾ ਦੇਂਦੇ ਹਨ। ਮੈਂ ਬਜਾਏ ਏਸਦੇ ਕਿ ਆਪ ਤਫ਼ਰੀਕ ਕਰਾਂ ਮੈਨੂੰ ਇਹ ਗੱਲ ਸੌਖੀ ਲਗਦੀ ਹੈ ਕਿ ਮੈਂ ਉਨ੍ਹਾਂ ਦੀ ਗੱਲ ਮੰਨ ਲਵਾਂ ਤੇ ਖਹਿੜਾ ਛੁੜਾਵਾਂ। ਜੋ ਪਾਠਕ ਹਿਸਾਬ ਵਿਚ ਹੁਸ਼ਿਆਰ ਹਨ ਉਹ ੧੮੯੯ ਨੂੰ ੧੯੩੦ ਵਿਚੋਂ ਤਫਰੀਕ ਕਰਕੇ ਸਵਾਲ ਠੀਕ ਕੱਢ ਲੈਣ। ਇਸ ਪੱਤ੍ਰ ਵਿਚ ਲਿਖਾਰੀ ਜੀ ਇਹ ਵੀ ਲਿਖਦੇ ਹਨ ਕਿ 'ਗਿਆਨੀ ਸ਼ਮਸ਼ੇਰ ਸਿੰਘ ਜੀ ਅਸ਼ੋਕ ਵੀ ਗੁਰਮਤ ਸੁਧਾਕਰ ਨੂੰ ੧੮੯੯ ਵਿਚ ਛਪਿਆ ਦੱਸਦੇ ਹਨ।' ਮੈਂ ਆਪਣੇ ਪੱਤ੍ਰ ਲੇਖਕ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਗਿਆਨੀ ਸ਼ਮਸ਼ੇਰ ਸਿੰਘ ਅਸ਼ੋਕ ਦੀ ਹਰ ਇਕ ਗੱਲ ਦਾ ਖੰਡਨ ਨਹੀਂ ਕਰ ਰਿਹਾ। ਨਾਂ ਹੀ ਇਹ ਗੱਲ ਕਦਾਚਿਤ ਹੈ ਕਿ 'ਅਸ਼ੋਕ' ਜੀ ਦੀ ਹਰ ਇਕ ਗੱਲ ਦਾ

ਖੰਡਨ ਮੈਂ ਆਪਣਾ ਫਰਜ਼ ਸਮਝਾਂ। ੧੯੦੧ ਵਾਲਾ ਸੰਨ ਜੇ ਗ਼ਲਤ ਹੈ ਤਾਂ ਮੈਨੂੰ ਇਤਨੀ ਇਜਾਜ਼ਤ ਜ਼ਰੂਰ ਮਿਲਣੀ ਚਾਹੀਦੀ ਹੈ ਕਿ ਮੈਂ ਆਪਣੀ ਸਫ਼ਾਈ ਲਈ ਗ਼ਲਤੀ ਦੇ ਸੋਮੇ ਨੂੰ ਦੱਸ ਸਕਾਂ।

'ਰਾਗਮਾਲਾ ਦਰਪਨ' ਤੀਜੀ ਐਡੀਸ਼ਨ, ਜੋ ਭਸੌੜ ਤੋਂ ਪ੍ਰਕਾਸ਼ਤ ਹੋਈ ਸੀ, ਦੇ ਸਫਾ ੧੬੪ ਉਪਰ ਲਿਖਿਆ ਹੈ ਕਿ 'ਗੁਰਮਤ ਸੁਧਾਕਰ' ਪਹਿਲੀ ਵਾਰ ਸੰਨ ੧੯੦੧ ਵਿਚ ਛਪਿਆ ਸੀ। ਰਾਗਮਾਲਾ ਦਰਪਨ ਵਿਚ ਜ਼ਿਕਰ ਇਸ ਤਰ੍ਹਾਂ ਹੈ:-

"ਸ੍ਰੀ ਮਾਨ ਪ੍ਰਸਿੱਧ ਖੋਜੀ ਭਾਈ ਕਾਹਨ ਸਿੰਘ ਜੀ ਆਪਣੀ ਰਚਿਤ ਪੁਸਤਕ 'ਗੁਰਮਤ ਸੁਧਾਕਰ', ਜਿਸ ਨੂੰ ਮਾਨ ਯੋਗਾਜ ਭਾਈ ਅਰਜਨ ਸਿੰਘ ਜੀ! ਰਈਸ ਬਾਗੜੀਆਂ ਨੇ ਦੋ ਵਾਰੀ ਛਪਵਾਇਆ ਹੈ (ਪੁਸਤਕ ਦਾ ਟਾਈਟਲ ਦੇਖ ਲਓ)। ਭਾਈ ਸਾਹਿਬ ਅਰਜਨ ਸਿੰਘ ਜੀ ਨੂੰ ਚੀਫ਼ ਖਾਲਸਾ ਦੀਵਾਨ ਹੁਣ ਤਕ ਆਪਣਾ ਪ੍ਰੈਜ਼ੀਡੰਟ ਮੰਨਦਾ ਹੈ। ਪਹਿਲੀ ਵਾਰ ਇਹ ਪੁਸਤਕ ਸੰ: ੧੯੦੧ ਵਿਚ ਛਪਿਆ ਸੀ।"

ਮੈਨੂੰ ੧੯੦੧ ਤੇ ੧੮੯੯ ਵਿਚ ਬਹੁਤਾ ਫ਼ਰਕ ਨਹੀਂ ਦਿੱਸਦਾ ਕਿ ਇਸ ਉਪਰ ਲੰਮੀ ਬਹਿਸ ਛੇੜੀ ਜਾਵੇ। ਤਫ਼ਰੀਕ ਵਾਲੇ ਉਸਤਾਦ ਲਈ ਇਹ ਫ਼ਰਕ ਦੋ ਸਾਲ ਤੋਂ ਵੱਧ ਨਹੀਂ, ਕਿਸੇ ਹੋਰ ਲਈ ਭਾਵੇਂ ਇਹ ਫਰਕ ਇਕ ਸਦੀ ਦਾ ਹੋਵੇ। ੧੮੯੯ ਦਾ ਸਾਲ ਪਿਛਲੀ ਸਦੀ ਵਿਚ ਸੀ ਜੋ ਉਨ੍ਹੀਵੀਂ ਸਦੀ ਸੀ ਤੇ ਬੀਤ ਚੁਕੀ ਹੈ। ੧੯੦੧ ਚਲਦੀ ਸਦੀ ਵਿਚ ਹੈ ਜੋ ਵੀਹਵੀਂ ਸਦੀ ਹੈ। ਭਵਿੱਖਤ ਵਿਚ ਜੰਮਣ ਵਾਲੇ ਇਤਿਹਾਸਕਾਰਾਂ ਲਈ ਇਸ ਤਰ੍ਹਾਂ ੧੦੦ ਸਾਲ ਦੇ ਗੇੜ ਦੇ ਭੁਲੇਖੇ ਵਿਚ ਇਸ ਗ਼ਲਤੀ ਦੇ ਚੱਕਰ ਲਾਉਣ ਦੀ ਸੰਭਾਵਨਾ ਹੋ ਸਕਦੀ ਹੈ। ਕੇਵਲ ਏਸ ਖਿਆਲ ਤੋਂ ਜੇ ਐਸ ਵੇਲੇ ਦੋ ਸਾਲ ਦੀ ਗ਼ਲਤੀ ਨੂੰ ਕੱਢ ਦੇਈਏ ਤਾਂ ਅਗਾਹਾਂ ਨੂੰ ੧੦੦ ਸਾਲ ਦਾ ਧੋਖਾ ਖਾਣ ਵਾਲਿਆਂ ਉਪਰ ਉਪਕਾਰ ਹੋ ਸਕਦਾ ਹੈ। ਕਾਸ਼! ਏਸ ਉਪਕਾਰ ਦੀ ਸਮਝ ਆਲਮ ਨੂੰ ਹੁੰਦੀ। ਉਸ ਦੇ ਅੰਦਰ ਇਹ ਇਖ਼ਲਾਕੀ ਖੁਰਕ ਤਾਂ ਲੱਗੀ ਰਹਿੰਦੀ ਸੀ ਕਿ ਆਪਣੀ ਚੋਰੀ ਨੂੰ ਚੋਰੀ ਕਹੇ, ਪਰ ਜਮ੍ਹਾਂ ਤਫ਼ਰੀਕ ਦੇ ਹਿੰਦਸਿਆਂ ਵਿਚ ਉਹ ਵੀ ਘਬਰਾਉਂਦਾ ਸੀ। ਜੇ ਉਹ ਆਪਣਾ ਸੰਮਤ ਹਿਜਰੀ ਵਿਚ ਦੇਂਦਾ ਤਾਂ ਉਸ ਦੇ ਪ੍ਰਚੱਲਤ ਬਿਕ੍ਰਮ ਸੰਮਤ ਵਿਚੋਂ, ਜੋ ਹਿੰਦੂ ਜਨਮ

ਕਰਕੇ ਹੱਡਾਂ ਵਿਚ ਰਚਿਆ ਹੋਇਆ ਸੀ, ਕਈ ਹਿੰਦਸੇ ਤਫ਼ਰੀਕ ਕਰਨੇ ਪੈਂਦੇ ਸਨ। ਇਹ ਸਿਆਪਾ ਕੌਣ ਕਰਦਾ? ਤਰਜਮਾਂ ਤਾਂ ਉਹ ਕਰ ਹੀ ਰਿਹਾ ਸੀ, ਇਸ ਲਈ ਕੋਈ ਹਰਜ ਨਹੀਂ ਸੀ ਕਿ ਉਹ ਅਸਲ ਕਿਤਾਬ ਦਾ ਸੰਮਤ, ਜੋ ਜੋਧ ਕਵੀ ਨੇ ਤਫ਼ਰੀਕ ਕਰਕੇ ਕੱਢਿਆ ਸੀ, ਕੀਤਾ ਕਰਾਇਆ ਲਿਖ ਦੇਂਦਾ।

ਅਸਾਂ ਉਪਰ ਇਕ ਟੂਕ ਰਾਗਮਾਲਾ ਦਰਪਨ ਵਿਚੋਂ ਦਿੱਤੀ ਹੈ। ਇਸ ਵਿਚ ਲਿਖਿਆ ਹੈ ਕਿ 'ਗੁਰਮਤ ਸੁਧਾਕਰ ਦੋ ਵੇਰ ਭਾਈ ਅਰਜਨ ਸਿੰਘ ਜੀ ਰਈਸ ਬਾਗੜੀਆਂ ਨੇ ਛਪਵਾਇਆ, (ਪੁਸਤਕ ਦਾ ਟਾਈਟਲ ਦੇਖ ਲਓ)।' ਏਸ ਕਹਿਣ ਉਪਰ 'ਗੁਰਮਤ ਸੁਧਾਕਰ' ਦੀ ਪਹਿਲੀ ਐਡੀਸ਼ਨ ਦਾ ਟਾਈਟਲ ਮੈਂ ਫੇਰ ਦੇਖਿਆ ਹੈ। ਟਾਈਟਲ ਉਪਰ ਭਾਈ ਅਰਜਨ ਸਿੰਘ ਜੀ ਦਾ ਨਾਮ ਕਿਤੇ ਨਹੀਂ, ਨਾ ਹੀ ਅੰਦਰ ਕਿਸੇ ਥਾਂ ਭੂਮਿਕਾ ਆਦਿਕ ਦੇ ਸੰਬੰਧ ਵਿਚ ਕਿਤੇ ਹੈ, ਨਾ ਹੀ ਅਖੀਰ ਉਪਰ ਕਿਤੇ। ਟਾਈਟਲ ਉਪਰ ਇਹ ਲਿਖਿਆ ਹੈ, 'ਗੁਰਮਤ ਸੁਧਾਕਰ ਅਰਥਾਤ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਕੇ ਅਨੰਨਜ ਸੇਵਕੋਂ ਕੇ ਕੁਮੁਦ ਮਨੋਂ ਕੋ ਪ੍ਰਫੁੱਲਤ ਕਰਨੇ ਕੇ ਲੀਏ ਸੋਲਹਿ ਕਲਾ ਭੂਸ਼ਤ ਚੰਦ੍ਰਮਾ।'

'ਰਾਗਮਾਲਾ ਦਰਪਨ' ਨੂੰ ਇਹ ਗਲ ਬਣਾਕੇ ਕਿਉਂ ਕਰਨੀ ਪਈ? ਇਸ ਨੂੰ ਅੱਜ ਕੋਈ ਨਹੀਂ ਦੱਸ ਸਕਦਾ। ਇਸ ਦੇ ਰਚਣਹਾਰੇ ਦਾ ਸਰੀਰਕ ਵਜੂਦ ਮੌਜੂਦ ਨਹੀਂ। ਅਸੀਂ ਏਸ ਸੰਬੰਧ ਵਿਚ ਜੋ ਕੁਛ ਕਹਾਂਗੇ ਉਹ ਏਸ ਕਰਕੇ ਅਨੁਮਾਨ ਮਾਤ੍ਰ ਹੀ ਹੋਵੇਗਾ।

'ਰਾਗਮਾਲਾ ਦਰਪਨ' ਇਹ ਗੱਲ ਸਿੱਧ ਕਰਨੀ ਚਾਹੁੰਦਾ ਹੈ ਕਿ **ਭਾਈ ਅਰਜਨ ਸਿੰਘ ਜੀ ਬਾਗੜੀਆਂ ਚੀਫ਼ ਖ਼ਾਲਸਾ ਦੀਵਾਨ ਦੇ ਪਹਿਲੇ ਪ੍ਰੈਜ਼ੀਡੈਂਟ ਸਨ ਤੇ ਪ੍ਰੈਜ਼ੀਡੈਂਟ ਬਣਨ ਤੋਂ ਪਹਿਲਾਂ ਓਹ ਗੁਰਮਤ ਸੁਧਾਕਰ ਦੇ ਪ੍ਰਕਾਸ਼ਕ (ਪਬਲਿਸ਼ਰ) ਸਨ। ਤੇ ਗੁਰਮਤ ਸੁਧਾਕਰ ਵਿਚ ਰਾਗਮਾਲਾ ਦਾ ਖੰਡਨ ਹੈ ਏਸ ਕਰਕੇ ਚੀਫ਼ ਖ਼ਾਲਸਾ ਦੀਵਾਨ ਨੇ ਵਜੂਦ ਵਿਚ ਆਉਂਦਿਆਂ ਹੀ ਪਹਿਲਾ ਪ੍ਰੈਜ਼ੀਡੈਂਟ ਰਾਗਮਾਲਾ ਖੰਡਕ ਚੁਣਿਆ।** 'ਰਾਗਮਾਲਾ ਦਰਪਨ' ਦੇ ਲਫਜ਼ ਇਹ ਹਨ:-

"ਪਹਿਲੀ ਵਾਰ ਇਹ ਪੁਸਤਕ ਸੰ: ੧੯੦੧ ਵਿਚ ਛਪਿਆ ਸੀ, ਦੀਵਾਨ ਇਸ ਤੋਂ ਪਿਛੋਂ ਬਣਿਆ, ਅਰਥਾਤ 'ਗੁਰਮਤ ਸੁਧਾਕਰ' ਦੇ

ਪ੍ਰਕਾਸ਼ਕ ਕਰਤਾ ਨੂੰ ਦੀਵਾਨ ਨੇ ਬਣਨ ਸਾਰ ਹੀ ਆਪਣਾ ਪ੍ਰੈਜ਼ੀਡੈਂਟ ਚੁਣਿਆ।"

ਮੈਂ ਉਪਰ ਦੱਸ ਆਇਆ ਹਾਂ ਕਿ ਗੁਰਮਤ ਸੁਧਾਕਰ ਦੀ ਪਹਿਲੀ ਐਡੀਸ਼ਨ ਉਪਰ ਮਾਨ ਯੋਗ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਰਈਸ ਬਾਗੜੀਆਂ ਦਾ ਨਾਮ ਨਹੀਂ। ਬਾਕੀ ਰਹੀ ਇਹ ਗੱਲ ਕਿ ਚੀਫ ਖ਼ਾਲਸਾ ਦੀਵਾਨ ਦਾ ਪਹਿਲਾ ਪ੍ਰੈਜ਼ੀਡੈਂਟ ਕੌਣ ਸੀ, ਮੈ ਇਹ ਗੱਲ ਚੀਫ਼ ਖ਼ਾਲਸਾ ਦੇ ਮੈਂਬਰਾਂ ਉਪਰ ਛੱਡਦਾ ਹਾਂ, ਉਹਨਾਂ ਵਿਚੋਂ ਜਿਨ੍ਹਾਂ ਪਾਸ ਪਹਿਲੀਆਂ ਯਾਦਦਾਸ਼ਤਾਂ ਜਾਂ ਰੀਕਾਰਡ ਹਨ ਇਸ ਗੱਲ ਉਪਰ ਜੇ ਮੁਨਾਸਬ ਸਮਝਣ ਤਾਂ ਰੌਸ਼ਨੀ ਪਾਉਣ। ਦੀਵਾਨ ਦੇ ਇਤਿਹਾਸ ਵਿਚ ਮੈਨੂੰ ਦਿਲਚਸਪੀ ਹੁੰਦਿਆਂ ਹੋਇਆਂ ਵੀ ਮੈਂ ਇਸ ਗੱਲ ਨੂੰ ਹੁਣ ਦੇ ਵਿਸ਼ਯ ਸੰਬੰਧ ਵਿਚ ਇਤਨੀ ਮਹਾਨਤਾ ਨਹੀਂ ਦੇਂਦਾ ਕਿ ਇਹ ਲੱਭਿਆ ਜਾਵੇ ਕਿ ਚੀਫ਼ ਖ਼ਾਲਸਾ ਦੀਵਾਨ ਦਾ ਪਹਿਲਾ ਪ੍ਰੈਜ਼ੀਡੈਂਟ ਰਾਗਮਾਲਾ ਪੜ੍ਹਦਾ ਸੀ, ਜਾਂ ਨਹੀਂ। ਇਤਨਾ ਮੈਂ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਉਸ ਵੇਲੇ ਜੋ ਵੀ ਪ੍ਰੈਜ਼ੀਡੈਂਟ ਬਣਿਆ ਹੋਣਾ ਹੈ, ਉਹ ਏਸ ਖ਼ੂਬੀ ਲਈ ਨਹੀਂ ਬਨਾਇਆ ਗਿਆ ਹੋਣਾ ਕਿ ਇਹ ਰਾਗਮਾਲਾ ਨਹੀਂ ਪੜ੍ਹਦਾ। ਇਹ ਗੱਲ ਮੈਂ ਇਤਨੇ ਹੀ ਵਿਸ਼ਵਾਸ ਨਾਲ ਕਹਿੰਦਾ ਹਾਂ ਜਿਤਨੇ ਵਿਸ਼ਵਾਸ ਨਾਲ ਮੈਂ ਇਹ ਆਖ ਸਕਦਾ ਹਾਂ ਕਿ ਜਥੇਦਾਰ ਮੋਹਣ ਸਿੰਘ ਏਸ ਕਰਕੇ ਤਾਂ ਸ਼੍ਰੋਮਣੀ ਕਮੇਟੀ ਦਾ ਜਥੇਦਾਰ ਨਹੀਂ ਬਣਾਇਆ ਗਿਆ ਕਿ ਉਹ ਰਾਗਮਾਲਾ ਦਾ ਵਿਰੋਧੀ ਹੈ, ਪਰੰਤੂ ਏਸ ਕਰਕੇ ਤੇ ਇਹ ਗੱਲ ਕਹਿਣੀ ਨਿਸਬਤਨ ਜ਼ਿਆਦਾ ਦਰੁਸਤ ਮਲੂਮ ਹੁੰਦੀ ਹੈ, ਕਿ ਜਥੇਦਾਰ ਦੀ ਚੋਣ ਵੇਲੇ ਏਸ ਗੱਲ ਦਾ ਖਿਆਲ ਨਹੀਂ ਰੱਖਿਆ ਗਿਆ ਕਿ ਜਥੇਦਾਰ ਰਾਗਮਾਲਾ ਮੰਡਕ ਹੈ ਜਾਂ ਖੰਡਕ।

ਗੱਲਾਂ ਵਿਚੋਂ ਗੱਲਾਂ ਟੁਰ ਪੈਂਦੀਆਂ ਹਨ ਤੇ ਆਦਮੀ ਮਜਬੂਰ ਹੋ ਜਾਂਦਾ ਹੈ ਵਿਚੋਂ ਟੁਰੀ ਗੱਲ ਨੂੰ ਵੀ ਕਿਸੇ ਸਿਰੇ ਪਹੁੰਚਾਉਣ ਲਈ ਏਸ ਕਰਕੇ ਮੈਂ ਇਸ ਗੱਲ ਨੂੰ ਵਿਚੇ ਨਹੀਂ ਛੱਡਦਾ। ਮੈਨੂੰ ਪਤਾ ਹੈ ਕਿ ਪਾਠਕਾਂ ਵਿਚੋਂ ਕਈਆਂ ਨੂੰ ਹੈਰਾਨਗੀ ਲਗ ਗਈ ਹੋਵੇਗੀ ਕਿ ਜੋ ਗੱਲ ਹੈ ਨਹੀਂ ਉਹ ਗੱਲ 'ਰਾਗਮਾਲਾ ਦਰਪਨ' ਨੇ ਕਿਵੇਂ ਲਿਖ ਦਿੱਤੀ। ਮੈਂ 'ਰਾਗਮਾਲ ਦਰਪਨ' ਨਾਲ ਪੂਰਾ ਇਨਸਾਫ਼ ਤਦੇ ਕਰ ਸਕਾਂਗਾ ਜੇ

ਪਾਠਕਾਂ ਨੂੰ ਇਹ ਦੱਸ ਦਿਆਂ ਕਿ ਜਿਥੋਂ ਤਕ 'ਗੁਰਮਤ ਸੁਧਾਕਰ' ਦੀ ਪਹਿਲੀ ਐਡੀਸ਼ਨ ਦਾ ਜ਼ਿਕਰ ਹੈ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਦਾ ਇਸ ਨਾਲ ਕੋਈ ਤਅੱਲਕ ਨਹੀਂ, ਪਰ ਜਿਥੋਂ ਤਕ ਦੂਜੀ ਐਡੀਸ਼ਨ ਦਾ ਜ਼ਿਕਰ ਹੈ ਭਾਈ ਸਾਹਿਬ ਅਰਜਨ ਸਿੰਘ ਦਾ ਨਾਮ ਬਹੈਸੀਯਤ ਪ੍ਰਕਾਸ਼ਕ ਦੇ ਹੈ। ਇਹ ਦੂਜੀ ਐਡੀਸ਼ਨ ੧੯੧੨ ਵਿਚ ਛਪੀ, ਸੰਨ ਵੀ ਸਿਰਵਰਕ ਉਪਰ ਛਪਿਆ ਹੈ। ਉਸ ਵੇਲੇ ਚੀਫ਼ ਖ਼ਾਲਸਾ ਦੀਵਾਨ ਨੂੰ ਬਣ ਚੁਕਿਆਂ ੧੦,੧੨ ਵਰ੍ਹੇ ਹੋ ਚੁਕੇ ਸਨ। 'ਰਾਗਮਾਲਾ ਦਰਪਨ' ਏਸ ਤਰੱਦਦ ਵਿਚ ਹੈ ਕਿ ਕਿਸੇ ਤਰ੍ਹਾਂ ਇਹ ਗੱਲ ਪ੍ਰਗਟ ਹੋਵੇ ਕਿ ਚੀਫ਼ ਖ਼ਾਲਸਾ ਦੀਵਾਨ ਦੇ ਬਣਨ ਸਾਰ ਹੀ ਪਹਿਲਾ ਪ੍ਰੈਜ਼ੀਡੈਂਟ ਉਹ ਲੱਭਾ ਜੋ ਇਕ ਐਸੀ ਪੁਸਤਕ ਉਪਰ ਆਪਣਾ ਨਾਮ ਛਪਵਾ ਚੁਕਾ ਸੀ ਜਿਸ ਵਿਚ ਰਾਗਮਾਲਾ ਦਾ ਖੰਡਨ ਹੈ। ਉਹ ਏਸ ਕਰਕੇ ੧੯੧੨ ਵਾਲੇ ਫੈਕਟ (fact) ਨੂੰ ਲੈਕੇ, ਫਿਕਰਿਆਂ ਨੂੰ ਚਕਰਾਵੇਂ ਜਿਹੇ ਬਣਾਕੇ ਤੇ ਉਹਨਾਂ ਵਿਚ ਇਹ ਨਕਲੀ ਜ਼ੋਰ ਭਰਕੇ ਕਿ ਟਾਈਟਲ ਦੇਖ ਲਓ, ੧੯੦੧ ਤੇ ੧੯੧੨ ਦੀਆਂ ਐਡੀਸ਼ਨਾਂ ਨੂੰ ਇਕ ਪ੍ਰਕਾਸ਼ਕ ਦੇ ਨਾਮ ਨਾਲ ਸੰਬੰਧਤ ਕਰਦਾ ਹੈ। ਮੈਂ ਪਾਠਕਾਂ ਨੂੰ ਇਕ ਵਾਰ ਉਸ ਟੂਕ ਨੂੰ ਫੇਰ ਪੜ੍ਹਨ ਲਈ ਕਹਿੰਦਾ ਹਾਂ, ਜੋ ਸੌਖ ਦੀ ਖਾਤਰ ਮੁੜ ਦੁਹਰਾਈ ਜਾਂਦੀ ਹੈ:-

"ਸ੍ਰੀ ਮਾਨ ਪ੍ਰਸਿੱਧ ਖੋਜੀ ਭਾਈ ਕਾਹਨ ਸਿੰਘ ਜੀ ਆਪਣੀ ਰਚਿਤ ਪੁਸਤਕ 'ਗੁਰਮਤ ਸੁਧਾਕਰ' ਜਿਸ ਨੂੰ ਮਾਨਯੋਗਯ ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਰਈਸ ਬਾਗੜੀਆਂ ਨੇ ਦੋ ਵਾਰੀ ਛਪਵਾਇਆ ਹੈ। (ਪੁਸਤਕ ਦਾ ਟਾਈਟਲ ਦੇਖ ਲਓ)। ਭਾਈ ਸਾਹਿਬ ਭਾਈ ਅਰਜਨ ਸਿੰਘ ਜੀ ਨੂੰ ਚੀਫ਼ ਖ਼ਾਲਸਾ ਦੀਵਾਨ ਹੁਣ ਤਕ ਆਪਣਾ ਪ੍ਰੈਜ਼ੀਡੈਂਟ ਮੰਨਦਾ ਹੈ। ਪਹਿਲੀ ਵਾਰ ਇਹ ਪੁਸਤਕ ੧੯੦੧ ਵਿਚ ਛਪਿਆ ਸੀ। ਦੀਵਾਨ ਇਸ ਤੋਂ ਪਿਛੋਂ ਬਣਿਆ, ਅਰਥਾਤ 'ਗੁਰਮਤਿ ਸੁਧਾਕਰ' ਦੇ ਪ੍ਰਕਾਸ਼ਕ ਕਰਤਾ ਨੂੰ ਦੀਵਾਨ ਨੇ ਬਣਨਸਾਰ ਹੀ ਆਪਣਾ ਪ੍ਰੈਜ਼ੀਡੈਂਟ ਚੁਣਿਆ ਫਿਰ ਪ੍ਰੈਜ਼ੀਡੈਂਟ ਹੋਕੇ ਵੀ ਸੰਨ ੧੯੧੨ ਵਿਚ ਇਸ ਪੁਸਤਕ ਨੂੰ ਛਪਵਾਇਆ।"

ਰਾਗਮਾਲਾ ਦਰਪਨ ਇਕ ਪ੍ਰਾਪੇਗੰਡਾ ਪੁਸਤਕ ਹੈ। ਇਸਨੇ ਕਈਆਂ ਦੇ ਈਮਾਨ ਹਿਲਾਏ। ਜਿਸ ਵੇਲੇ ਰਾਗਮਾਲਾ ਦਰਪਨ ਕਹਿੰਦਾ

ਹੈ: 'ਪੁਸਤਕ ਦਾ ਟਾਈਟਲ ਦੇਖ ਲਓ' ਤਾਂ ਭੋਲੇ ਪਾਠਕ ਨੂੰ ਦੇਖਣ ਦਾ ਹੌਸਲਾ ਨਹੀਂ ਪੈਂਦਾ। ਮੇਰਾ ਖਿਆਲ ਹੈ ਇਹ ਗਵਾਹੀ ਪੜ੍ਹਕੇ ਖੁਦ ਭਾਈ ਸਾਹਿਬ ਅਰਜਨ ਸਿੰਘ ਜੀ ਨੂੰ ਇਸ ਗੱਲ ਦਾ ਵਿਸ਼ਵਾਸ ਆ ਗਿਆ ਹੋਵੇ ਤਾਂ ਕੋਈ ਅਸਚਰਜ ਨਹੀਂ। ਇਹ 'ਟਾਈਟਲ ਦੇਖ ਲਓ' ਵਾਲੀ ਹਿਕਮਤ ਬਹੁਤ ਕਾਰਗਰ ਸਾਬਤ ਹੋਈ।

ਮੈਂ ਇਹ ਹਰਗਿਜ਼ ਨਹੀਂ ਕਹਾਂਗਾ ਕਿ 'ਰਾਗਮਾਲਾ ਦਰਪਨ' ਨੇ ਝੂਠ ਬੋਲਿਆ। ਇਹ ਲਫਜ਼ ਵਰਤਨ ਤੋਂ ਪਹਿਲੇ ਸਾਨੂੰ ਪੂਰੀ ਪੂਰੀ ਕੋਸ਼ਸ਼ ਕਰਨੀ ਚਾਹੀਦੀ ਹੈ ਕਿ ਕੋਈ ਐਸੀ ਵਜਹ ਲੱਭ ਪਵੇ ਜਿਸ ਨਾਲ ਅਸੀਂ ਏਸ ਅਸੱਭਜ ਤੇ ਲੜਾਈ ਪਵਾਊ ਲਫਜ਼ ਨੂੰ ਵਰਤਣ ਦੇ ਅਪ੍ਰਾਧ ਤੋਂ ਬਚ ਜਾਈਏ। 'ਰਾਗਮਾਲਾ ਦਰਪਨ' ਜਿਸ ਵੇਲੇ ਕਹਿੰਦਾ ਹੈ ਕਿ ਟਾਈਟਲ ਦੇਖ ਲਓ ਤਾਂ ਇਹ ਗੱਲ ਮੰਨਣੀ ਪੈਂਦੀ ਹੈ ਕਿ ਰਾਗਮਾਲਾ ਦਰਪਨ ਨੇ ਆਪ ਟਾਈਟਲ ਦੇਖ ਲੀਤਾ ਹੈ। ਪਰ ਰਾਗਮਾਲਾ ਦਰਪਨ ਦਾ ਕਰਤਾ ਗਿਆਨੀ ਸ਼ੇਰ ਸਿੰਘ ਹੈ ਜੋ ਸਰੀਰਕ ਨੇਤ੍ਰਾਂ ਦੀ ਦਾਤ ਤੋਂ ਵਿਹੂਣਾ ਸੀ, ਏਸ ਦਲੀਲ ਦੀ ਲੜੀ ਨਾਲ ਪਾਠਕ ਨਤੀਜਾ ਖੁਦ ਕੱਢ ਸਕਦੇ ਹਨ ਕਿ ਰਾਗਮਾਲਾ ਦਰਪਨ ਆਪਣੀਆਂ ਕਿਨ੍ਹਾਂ ਤੇ ਕੈਸੀਆਂ ਕੋਤਾਹੀਆਂ ਲਈ ਪਰਵੱਸ਼ ਤੇ ਲਾਚਾਰ ਸੀ। ਮੈਂ ਏਸ ਕਰਕੇ ਜੇ ਇਹ ਕਹਵਾਂ ਕਿ ਰਾਗਮਾਲਾ ਦਰਪਨ ਦਾ ਲੇਖਕ ਜਿਸ ਵੇਲੇ ਕਹਿੰਦਾ ਹੈ 'ਟਾਈਟਲ ਦੇਖ ਲਓ' ਤਾਂ ਉਸਦਾ ਮਤਲਬ ਇਹ ਲੈਣਾ ਚਾਹੀਦਾ ਹੈ ਕਿ ਮੈਂ ਖ਼ੁਦ ਨਹੀਂ ਦੇਖ ਸਕਦਾ। ਤੇ ਜੇ ਅਸੀਂ ਉਸਦੀਆਂ ਏਹੋ ਜੇਹੀਆਂ ਦੱਸੀਆਂ ਗੱਲਾਂ ਨੂੰ ਦੇਖੇ ਬਗੈਰ ਹੀ ਰਾਗਮਾਲਾ ਵਿਰੋਧੀ ਕਾਰਵਾਈਆਂ ਵਿਚ ਤਤਪਰ ਹੋ ਜਾਈਏ ਤਾਂ ਇਹ ਕਸੂਰ ਕਿਸਦਾ? ਇਹ ਕਸੂਰ ਗਿਆਨੀ ਜੀ ਦਾ ਨਹੀਂ, ਪ੍ਰੰਤੂ ਉਨ੍ਹਾਂ ਦਾ ਜਿਨ੍ਹਾਂ ਕੋਲ ਅੱਖਾਂ ਹਨ ਪਰ ਖੋਲ੍ਹ ਕੇ ਵਰਤਦੇ ਨਹੀਂ।

ਖੈਰ ਇਹ ਗੱਲਾਂ ਕੁਛ ਵਾਧੂ ਹਨ। ਗੱਲ ਤੇ ਸਿਰਫ਼ ਇਤਨੀ ਸੀ ਕਿ ਇਕ ਉਸਤਾਦ ਨੇ ਮੈਨੂੰ ਲਿਖਿਆ ਹੈ ਕਿ ੧੯੩੦ ਵਿਚੋਂ ੧੯੫੯ ਤਫ਼ਰੀਕ ਕਰੋ। ਮੇਰੀ ਖੁਸ਼ਕਿਸਮਤੀ ਨੂੰ ਉਨ੍ਹਾਂ ਇਸ ਸਵਾਲ ਦਾ ਜਵਾਬ ਵੀ ਅਖੀਰ ਵਿਚ ਲਿਖ ਦਿਤਾ ਹੈ ਤੇ ਕਿਹਾ ਹੈ ਕਿ '੨੯ ਸਾਲ ਨਹੀਂ, ੩੧ ਸਾਲ ਲੱਗੇ ਭਾਈ ਕਾਹਨ ਸਿੰਘ ਜੀ ਨੂੰ ਏਸ ਨਤੀਜੇ ਉਪਰ

ਪਹੁੰਚਦਿਆਂ ਕਿ ਆਲਮ ਦੀ ਪੁਸਤਕ ਅਨੁਵਾਦ ਹੈ।' ਏਸ ੩੧ ਸਾਲ ਕੱਢਣ ਵਿਚ ਉਨ੍ਹਾਂ ਪਹਿਲੇ ਗੁਰ ਨਾਨਕ ਸਾਹਿਬ ਜੀ ਦਾ ਸੰ: ੪੩੦ ਲੀਤਾ ਹੈ ਜੋ ਗੁਰਮਤ ਸੁਧਾਕਰ ਦੀ ਪਹਿਲੀ ਐਡੀਸ਼ਨ ਦੇ ਪੰਨਾ 'ਡ' ਉਪਰ ਛਪਿਆ ਹੈ। ਏਸ ਵਿਚ ਫੇਰ ੧੫੨੬ ਜਮਾਂ ਕੀਤੇ ਹਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਿਕ੍ਰਮੀ ਅਵਤਾਰ ਸੰਮਤ ਹੈ, ਏਸ ਕੁੱਲ ਜਮਾਂ ਦੀ ਰਕਮ ਵਿਚੋਂ ਫੇਰ ੫੭ ਤਫਰੀਕ ਕੀਤੇ ਹਨ ਜੋ ਈਸਵੀ ਸੰਮਤ ਤੇ ਬਿਕ੍ਰਮੀ ਦਾ ਪਰਸਪਰ ਫਰਕ ਹੈ। ਫੇਰ ਸਾਰੇ ਨੂੰ ੧੯੩੦ ਵਿਚੋਂ ਮਨਫ਼ੀ ਕੀਤਾ ਹੈ ਜੋ ਮਹਾਨ ਕੋਸ਼ ਦੇ ਪ੍ਰਕਾਸ਼ਤ ਹੋਣ ਦਾ ਈਸਵੀ ਸੰਨ ਹੈ, ਤੇ ਐਸ ਤਰ੍ਹਾਂ ਬਾਕੀ ੩੧ ਸਾਲ ਕੱਢੇ ਹਨ। ਮੈਂ ਬੇਸ਼ਕ ਗ਼ਲਤੀ ਖਾਧੀ ਹੈ, ਪਰ ਮੈਂ ਏਸ ਸ਼ੁਕਰ ਵਿਚ ਹਾਂ ਕਿ ਇਹ ਗ਼ਲਤੀ ਉਸ ਪੱਖ ਦੀ ਨਹੀਂ ਸੀ ਜਿਸ ਨਾਲ ਮੇਰੀ ਭੁੱਲ ਦਵਾਰਾ ਭਾਈ ਕਾਹਨ ਸਿੰਘ ਜੀ ਉਪਰ ਦੋਸ਼ ਵਧ ਜਾਂਦਾ।

ਚਿੱਠੀਆਂ ਅਨੇਕਾਂ ਹਨ। ਇਕ ਚਿੱਠੀ ਕਿਸੇ ਭੈਣ ਜੀ ਵੱਲੋਂ ਹੈ। ਆਪ ਨੇ ਲਿਖਿਆ ਹੈ "ਵੀਰ ਜੀ ਤੁਸੀਂ ਇਹ ਨਹੀਂ ਦੱਸਿਆ ਕਿ ਮਾਧਵਾਨਲ ਨੇ ਕੇਹੜੇ ਸੰਮਤ ਵਿਚ 'ਆਲਮ ਕਾਮ ਕੰਦਲਾ' ਦਾ ਉਲਥਾ ਕੀਤਾ, ਜਿਤਨਾ ਚਿਰ ਇਹ ਨਾ ਦੱਸੋ--" ਇਹ ਚਿੱਠੀ ਇਤਨੀ ਕੁ ਹੀ ਪੜ੍ਹਕੇ ਮੇਰਾ ਲੱਕ ਟੁੱਟ ਗਿਆ, ਸਾਰੀ ਪੜ੍ਹਨੀ ਔਖੀ ਹੋ ਗਈ। ਮੈਂ ਹੁਣ ਸਮਝਦਾ ਹਾਂ, ਉਸ ਆਦਮੀ ਦਾ ਕੀ ਹਾਲ ਹੋਇਆ ਸੀ ਜੋ ਰਾਤ ਭਰ ਰਮੈਣ ਦੀ ਕਥਾ ਸੁਣਾਉਂਦਾ ਰਿਹਾ ਤੇ ਸਵੇਰ ਚੜ੍ਹੀ ਸਰੋਤਿਆਂ ਦੇ ਪ੍ਰਸ਼ਨ ਸੁਣਨ ਲੱਗਾ। ਸਾਰੀ ਚਿੱਠੀ ਪੜ੍ਹਨ ਤੋਂ ਪਹਿਲੇ ਮੈਂ ਭੈਣ ਜੀ ਨੂੰ ਦੱਸਦਾ ਹਾਂ ਕਿ ਮਾਧਵਾਨਲ ਨੇ ਕੋਈ ਪੋਥੀ ਨਹੀਂ ਲਿਖੀ। ਲਿਖਾਰੀ ਜਾਂ ਉਲਥਾਕਾਰ ਦਾ ਨਾਮ ਹੈ: ਆਲਮ। ਯਾਦ ਰੱਖਣ ਲਈ ਤੁਸੀਂ ਦਸ ਵੇਰ ਇਹ ਆਖੋ:-

ਪੋਥੀ ਦਾ ਨਾਮ ਹੈ: 'ਮਾਧਵਾਨਲ ਕਾਮਕੰਦਲਾ';  
ਪੋਥੀ ਦਾ ਨਾਮ ਹੈ: 'ਮਾਧਵਾਨਲ ਕਾਮਕੰਦਲਾ';  
ਪੋਥੀ ਦਾ ਨਾਮ ਹੈ: 'ਮਾਧਵਾਨਲ ਕਾਮਕੰਦਲਾ'....।

-o-

## ੧੨. ਅਨੁਸ਼ਟਪ ਛੰਦ।

**ਇਕ** ਹੋਰ ਮਿਤ੍ਰ ਦੀ ਚਿੱਠੀ ਹੈ, ਇਹ ਲਿਖਦਾ ਹੈ, ਤੁਸੀਂ ਲਿਖਿਆ ਹੈ ਜੋਧ ਕਵੀ ਨੇ ਖੁੱਲ੍ਹੇ ਪਦ ਵਰਤੇ ਹਨ, ਪਰ ਮੈਂ ਉਸਦੇ ਸ਼ਲੋਕਾਂ ਨੂੰ ਅਨੁਸ਼ਟਪ ਛੰਦ ਹੀ ਸਹੀ ਕੀਤਾ ਹੈ।

ਇਹ ਮੇਰੇ ਮਿਤ੍ਰ ਜੀ ਠੀਕ ਆਖਦੇ ਹਨ। ਮੈਂ ਆਪਣੀ ਗ਼ਲਤੀ ਸੋਧਣ ਦੀ ਆਗਿਆ ਮੰਗਦਾ ਹਾਂ। ਮੈਂ ਜਦ ਪਹਿਲੀ ਵੇਰ ਜੋਧ ਦੇ ਛੰਦ ਤੱਕੇ ਤਾਂ ਉਹ ਸੰਸਕ੍ਰਿਤ ਦੇ ਹਸਤ ਲਿਖਤ ਵਿਚੋਂ ਨਹੀਂ ਸਨ, ਪ੍ਰੰਤੂ ਗੁਰਮੁਖੀ ਅੱਖਰਾਂ ਵਿਚ ਛਪੇ ਸੰਸਕ੍ਰਿਤ ਦੇ ਛੰਦ ਸਨ। ਗੁਰਮੁਖੀ ਪਰੂਫ ਰੀਡਰ ਸੰਸਕ੍ਰਿਤ ਭਾਸ਼ਾ ਨੂੰ ਆਪਣੀ ਲਿਪੀ ਵਿਚ ਨਹੀਂ ਨਿਬਾਹ ਸਕਦੇ; ਲਗ ਮਾਤ੍ਰ, ਅਰਧ ਅੱਖਰ, ਸੰਯੁਕਤ ਅੱਖਰ, ਵਜੰਜਨਾ ਵਿਚ ਫ਼ਰਕ ਪੈ ਜਾਂਦਾ ਹੈ। ਸੰਸਕ੍ਰਿਤ ਵਿਚ ਕਈ ਐਸੀਆਂ ਪੁਸਤਕਾਂ ਹਨ ਜਿਨ੍ਹਾਂ ਦੀ ਬੋਲੀ ਵਜਾਕਰਣ ਮੁਤਾਬਿਕ ਸ਼ੁਧ ਨਹੀਂ, ਯਥਾ 'ਲਲਿਤ ਵਿਸਤਰ'। ਗੁਰਮੁਖੀ ਅੱਖਰਾਂ ਵਿਚ ਜੋਧ ਦੀ ਰਚਨਾਂ ਪੜ੍ਹਕੇ ਮੇਰਾ ਏਹੋ ਹੀ ਖ਼ਿਆਲ ਹੋਇਆ ਕਿ ਇਸ ਦੀ ਪਦ ਸ਼ੈਲੀ ਅਨੁਸ਼ਟਪਤਾ ਵਿਚ ਨਹੀਂ ਬੱਧੀ ਹੋਈ। ਪਰ ਜਦ ਦੇਵ ਨਾਗਰੀ ਅੱਖਰਾਂ ਵਿਚ ਜੋਧ ਦੀ ਪੁਸਤਕ ਹਸਤ ਲਿਖਤ ਨੂੰ ਵਾਚਿਆ ਹੈ ਤਾਂ ਮੇਰਾ ਖਿਆਲ ਬਦਲ ਗਿਆ ਹੈ। ਜੋਧ ਨੇ ਅਨੁਸ਼ਟਪ ਛੰਦ ਵਰਤਿਆ ਹੈ ਤੇ ਏਸ ਅਨੁਸ਼ਟਪਤਾ ਨੂੰ ਨਿਭਾਉਣ ਖ਼ਾਤਰ ਉਹ ਕਿਤੇ ਕਿਤੇ ਵਜਾਕਰਣ ਦੀ ਪਰਵਾਹ ਨਹੀਂ ਕਰਦਾ। ਇਕ ਛੰਤ ਦੀ ਤੁਕ ਹੈ:-

*ਭ੍ਰਿੰਗ ਹਸਤੇਨ ਨੋ ਡਿਡਯੇ,*
*ਤਾਲ ਭੰਗ ਭਯੇਨ ਸਾ!*

ਇਸ ਦੇ ਅਰਥ ਹਨ:- ਉਸ (ਕਾਮ ਕੰਦਲਾ) ਨੇ ਤਾਲ ਭੰਗ ਦੇ ਭਯ ਕਰਕੇ ਭੌਰੇ ਨੂੰ ਹੱਥ ਨਾਲ ਨਾ ਉਡਾਇਆ।

ਮੂਲ ਵਿਚ ਲਫਜ਼ 'ਡਿਡਯੇ' ਹੈ ਜਿਸਦੇ ਅਰਥ ਹਨ, 'ਉਡਿਆ'। 'ਉਡਾਇਆ' ਲਈ ਲਫਜ਼ ਹੋਰ ਚਾਹੀਦਾ ਸੀ ਜੋ ਵਰਤਿਆ ਜਾਂਦਾ ਤਾਂ

ਛੰਦ ਭੰਗ ਹੋ ਜਾਣਾ ਸੀ। 'ਉਡਾਇਆ' causitive verb ਹੈ, ਜਿਸਨੂੰ ਸੰਸਕ੍ਰਿਤ ਵਯਾਕਰਣ ਵਾਲੇ 'ਣਿਜੰਤ' ਕਹਿੰਦੇ ਹਨ। ਉਡਾਇਆ ਲਈ ਲਫਜ਼ 'ਡਾਯਯਾਞ੍ਚਕ੍ਰੇ' ਚਾਹੀਦਾ ਸੀ। ਫੇਰ ਇਕ ਛੰਦ ਹੈ:-

*ਕੰਦਲਯਾ ਯਦਾ ਦ੍ਰਿਸ਼ਟ: ਸੋਚਨ੍ ਕ੍ਰੰਦਨ ਨੇਕਧਾ।*
*ਭੁਜਾਂ ਸੰਗ੍ਰਿਹਜ ਸੰਬੋਧਜੰ ਆਸ਼ਸ਼੍ਵਾਸ ਪੁਨ: ਪੁਨ:।*

ਇਸਦੇ ਅਰਥ ਹਨ:- ਕੰਦਲਾ ਨੇ ਜਦ ਉਸਨੂੰ ਸ਼ੋਕ ਕਰਦਿਆਂ ਤੇ ਅਨੇਕ ਵਾਰ ਰੋਂਦਿਆਂ ਦੇਖਿਆ ਤਾਂ ਉਸਦੀ ਬਾਂਹ ਪਕੜ ਕੇ ਉਸਨੂੰ ਸੰਬੋਧਨ ਕਰਕੇ ਬਾਰ ਬਾਰ ਤਸੱਲੀ ਕਰਵਾਈ।

ਮੂਲ ਵਿਚ ਲਫਜ਼ 'ਆਸ਼ਸ਼੍ਵਾਸ' ਹੈ, ਜਿਸਦਾ ਮਤਲਬ ਤਸੱਲੀ ਕਰਨ ਤੋਂ ਏਥੇ ਵੀ causitive verb (ਣਿਜੰਤ) ਦੀ ਜ਼ਰੂਰਤ ਮਲੂਮ ਹੁੰਦੀ ਹੈ, ਜਿਸਦਾ ਰੂਪ ਇਹ ਬਣੇਗਾ: 'ਆਸ਼੍ਵਾਸਜਾਂ-ਚਕਾਰ' ਪਰ ਜੋਧ ਇਸ ਨੂੰ ਨਹੀਂ ਵਰਤਦਾ। ਇਹ ਉਸਨੇ ਛੰਦ ਦੀ ਖਾਤਰ ਕੀਤਾ ਮਲੂਮ ਹੁੰਦਾ ਹੈ। ਏਸ ਤਰ੍ਹਾਂ ਕਈ ਹੋਰ ਜਗ੍ਹਾ ਉਪਰ ਸੁਤੰਤ੍ਰਤਾ ਵਰਤੀ ਗਈ ਹੈ। ਮੈਂ ਇਨ੍ਹਾਂ ਗੱਲਾਂ ਦਾ ਵੇਰਵਾ ਪ੍ਰਸੰਗ ਅਨੁਸਾਰ ਖੋਲ੍ਹਣਾ ਪਸੰਦ ਕਰਾਂਗਾ। ਹਾਲ ਦੀ ਘੜੀ ਆਪਣੇ ਪੱਤ੍ਰ ਪ੍ਰੇਰਕ ਦੇ ਲਿਖੇ ਮੁਤਾਬਕ ਮੈਂ ਉਸ ਭੁੱਲ ਨੂੰ ਸੋਧਦਾ ਹਾਂ ਕਿ ਜੋਧ ਦੀ ਰਚਨਾਂ ਅਨੁਸ਼ਟਪ ਛੰਦ ਵਿਚ ਹੈ ਇਸ ਤੋਂ ਬਾਹਰ ਨਹੀਂ ਭਾਵੇਂ ਕਿਤੇ ਕਿਤੇ ਉਹ ਛੰਦ ਦੀ ਖਾਤਰ ਵਯਾਕਰਣ ਤੋਂ ਸੁਤੰਤ੍ਰ ਹੋ ਜਾਂਦਾ ਹੈ[੧]।

ਇਕ ਹੋਰ ਪੱਤ੍ਰ ਪ੍ਰੇਰਕ ਨੇ ਲਿਖਿਆ ਹੈ: ਮੇਰੇ ਪਾਸ ਮਾਧਵਾਨਲ ਕਾਮਕੰਦਲਾ ਗੁਰਮੁਖੀ ਦੀ ਹੈ। ਸਫਾ ੧੫,੧੬ ਤੇ ਇਹ ਸਤਰਾਂ ਹਨ:-

*"ਤਿਹ ਪੁਰ ਮਦਨੁ ਇੰਦ੍ਰ ਕੋ ਰਹਈ।*
*ਮਦਰਾ ਨਾਮ ਅਵਰ ਕੋ ਕਹਈ।*
*ਮਾਰ ਸੋਇ ਸ਼ਤਰੰਜ ਮਹਿ ਹੋਈ।*
*ਪੁਹਪ ਪਤ੍ਰ ਲੈ ਬਾਂਧੈ ਸੋਈ।*

---

੧. ਗਿਆਨੀ ਸਾਹਿਬ ਸਿੰਘ ਜੀ ਨੇ ੧੯੨੮ ਵਿਚ ਜੋ ਛੰਦ ਜੋਧ ਕਵਿ ਦੇ ਛਾਪੇ ਤੇ ਜੋ ਹੋਰ ਵਕਤਨ ਫਵਕਤਨ ਛਪਦੇ ਰਹੇ, ਉਹ ਬਾਵਜੂਦ ਉਨ੍ਹਾਂ ਗਲਤੀਆਂ ਦੇ ਜੋ ਗੁਰਮੁਖੀ ਲਿਪੀ ਵਿਚ ਅਕਸਰ ਰਹਿ ਜਾਂਦੀਆਂ ਹਨ, ਸਾਰੇ ਹੀ ਅਨੁਸ਼ਟਪ ਸਹੀ ਹੁੰਦੇ ਹਨ।

*ਚੰਚਲ ਚੋਰ ਕਟਾਛ ਤ੍ਰੀਆ ਕੇ।*
*ਜੋ ਨਿਤ ਚੋਰਹਿ ਚਿਤ ਪੀਆ ਕੇ।*
*ਦੰਡੁ ਸੋਈ ਜੋ ਜੋਗੀ ਲੇਈ।*
*ਅਵਰੁ ਨ ਦੰਡੁ ਕੋਈ ਦੇਈ।"*

**ਦੋਹਰਾ- ਦੀਪਕ ਮਧ ਬਸੈ ਤਹਾਂ ਜੋ ਨਿਸ ਬਸਹਿ ਪਤੰਗ।**
**ਐਸੋ ਨਗਰ ਰਚਿਓ ਬਲੀ ਕਾਮਸੈਨ ਚਤੁਰੰਗ।**

ਇਨ੍ਹਾਂ ਤੁਕਾਂ ਦੀ ਦਾਸ ਨੂੰ ਕਦੇ ਸਮਝ ਨਹੀਂ ਪਈ, ਬਾਰ ਬਾਰ ਕਈ ਬਾਰ ਪੜ੍ਹੀਆਂ ਤੇ ਹੋਰਨਾਂ ਕੋਲੋਂ ਵੀ ਏਸ ਦੇ ਅਰਥ ਲੁਆਏ ਹਨ, ਪਰ ਲਗੇ ਨਹੀਂ। ਆਪ ਨੇ ਅਖਬਾਰ ਖਾਲਸਾ ਸਮਾਚਾਰ ਵਿਚ ਗੁਰਮੁਖੀ ਵਿਚ ਛਪੀ ਮਾਧਵਾਨਲ ਕਾਮਕੰਦਲਾ ਦੀ ਪੋਥੀ ਬਾਰੇ ਲਿਖਿਆ ਹੈ:- 'ਉਸਦੀ ਦਰੁਸਤ ਨਕਲ ਕਰਵਾਈ ਤੇ ਛਪਵਾਈ ਉੱਪਰ ਜਿਤਨੀ ਮਿਹਨਤ ਦਰਕਾਰ ਸੀ ਉਹ ਇਸ ਵਿਚ ਨਹੀਂ ਵਰਤੀ ਗਈ। ਸ਼ੋਕ ਵਾਲੀ ਗੱਲ ਹੈ ਕਿ ਇਹ ਅਨਗਹਿਲੀ ਪੜ੍ਹਨ ਵਾਲਿਆਂ ਦੀ ਅਕਲ ਨਾਲ ਬੇਇਨਸਾਫ਼ੀ ਤੋਂ ਇਲਾਵਾ ਆਲਮ ਨਾਲ ਅਨਜਾਯ ਹੈ, ਜੋ ਉਸਦੇ ਕਾਵਜ ਨੂੰ ਅਨਰਥਾਂ ਨਾਲ ਦੂਸ਼ਤ ਕਰਦਾ ਹੈ।' ਤੁਸੀਂ ਹਿੰਦੀ ਪੋਥੀ ਨਾਲ ਇਹ ਲਾਈਨਾਂ ਮਿਲਾ ਕੇ ਭੇਜੋ ਕਿ ਸਮਝੇ ਪੈਣ।"

ਮੈਂ ਇਨ੍ਹਾਂ ਸਤਰਾਂ ਦਾ ਐਸ ਵੇਲੇ ਹਿੰਦੀ ਨੁਸਖੇ ਨਾਲ ਮੇਲ ਨਹੀਂ ਕਰਨਾ ਚਾਹੁੰਦਾ, ਏਸ ਗੱਲ ਨੂੰ ਉਸ ਵੇਲੇ ਦੇ ਪ੍ਰਸੰਗ ਉਪਰ ਛੱਡਦਾ ਹਾਂ, ਜਦ ਵਿਸ਼ਯ ਦੀ ਲੜੀ ਅਨੁਸਾਰ ਇਨ੍ਹਾਂ ਨੂੰ ਵਿਚਾਰ ਹੇਠ ਲੀਤਾ ਜਾਵੇਗਾ। ਐਸ ਵੇਲੇ ਆਪਣੇ ਪੱਤ੍ਰ ਪ੍ਰੇਰਕ ਨੂੰ ਸਿਰਫ਼ ਇਤਨੀ ਗੱਲ ਦੱਸਦਾ ਹਾਂ, ਜਿਸ ਨਾਲ ਉਹ ਆਪ ਇਨ੍ਹਾਂ ਤੁਕਾਂ ਦੇ ਅਰਥ ਲਾ ਸਕਣਗੇ। ਜੋਧ ਕਵਿ ਨੇ ਰਾਜਾ ਕਾਮਸੈਨ ਦੀ ਤਾਰੀਫ਼ ਵਿਚ ਇਕ ਸ਼ਲੋਕ ਕਿਹਾ ਹੈ:-

*ਲਗੁੜੇ ਦੰਡ ਬ੍ਰਿਤਿਹਿ, ਬੱਧੋ ਭ੍ਰਿੰਗ ਤਦੇਤਰ:*
*ਚਪਲਾਤਿ ਗਤੰ ਚੌਰਯੰ, ਹਿੰਸਕੋ ਦੀਪਕ: ਖਲੁ।*

ਇਸ ਦਾ ਮਤਲਬ ਹੈ:- ਉਸ ਰਾਜੇ ਦੇ ਰਾਜ ਵਿਚ ਹੋਰ ਕੋਈ ਡੰਡਾ ਨਹੀਂ ਵਰਤਿਆ ਜਾਂਦਾ ਸਿਵਾਏ ਉਸ ਡੰਡੇ ਦੇ ਜੋ ਸੰਨਿਆਸੀਆਂ ਦੇ ਹੱਥ ਵਿਚ ਹੁੰਦਾ ਹੈ, ਜੈਸਾ ਕਿ ਡੰਡੀ ਸੁਆਮੀਆਂ ਦੇ। ਭਾਵ ਇਹ ਕਿ

ਉਥੇ ਚੋਰ ਕੋਈ ਨਹੀਂ ਜਿਨ੍ਹਾਂ ਨੂੰ ਸਜ਼ਾ ਦੇਣ ਲਈ ਡੰਡੇ ਦੀ ਲੋੜ ਪਵੇ, ਡੰਡਾ ਸਿਰਫ਼ ਓਹੋ ਹੀ ਹੈ ਜੋ ਅਹਿੰਸਕਾਂ (ਸੰਨਜਾਸੀਆਂ) ਦੇ ਹੱਥ ਵਿਚ ਹੈ। ਨਾ ਹੀ ਉਥੇ ਕੋਈ ਬੰਦੀਖਾਨਾ ਹੈ ਸਿਵਾਏ ਕਮਲ ਫੁਲਾਂ ਦੇ, ਜਿਨ੍ਹਾਂ ਵਿਚ ਭੌਰੇ ਕੈਦ ਹੋ ਜਾਂਦੇ ਹਨ, ਹੋਰ ਉਸ ਰਾਜ ਵਿਚ ਸ਼ਾਂਤੀ ਹੀ ਸ਼ਾਂਤੀ ਹੈ। ਚਪਲਤਾ ਕਿਤੇ ਨਹੀਂ ਸਿਵਾਏ ਉਸ ਚੌਰ ਦੇ, ਜੋ ਰਾਜਾ ਦੇ ਸਿਰ ਉਪਰ ਝੁੱਲਦਾ ਹੈ। ਨਾ ਹੀ ਉਸਦੇ ਸ਼ਹਿਰ ਵਿਚ ਕੋਈ ਹਿੰਸਕ ਹੈ, ਸਿਵਾਏ ਦੀਪਕ ਦੇ ਜਿਸ ਵਿਚ ਭੰਬਟ ਆਕੇ ਸੜਦੇ ਹਨ।

ਜੋਧ ਕਵੀ ਦੇ ਛੰਦ ਦਾ ਇਹ ਸਵਿਸਥਾਰ ਮਤਲਬ ਹੈ। ਪੱਤ੍ਰ ਪ੍ਰੇਰਕ ਜੀ ਜੇ ਏਸ ਨੂੰ ਖਿਆਲ ਵਿਚ ਰੱਖ ਲੈਣ ਤਾਂ ਉਨ੍ਹਾਂ ਨੂੰ ਆਲਮ ਦੇ ਲਿਖੇ ਛੰਦਾਂ ਦਾ ਅਰਥ ਖੁਲ੍ਹਣ ਲੱਗ ਪਵੇਗਾ। ਆਲਮ ਜੋਧ ਦਾ ਹੀ ਅਨੁਵਾਦ ਕਰਦਾ ਹੈ, ਪਰ ਆਪਣੀ ਵੱਲੋਂ ਵਾਧਾ ਜ਼ਰੂਰ ਪਾਉਂਦਾ ਹੈ।

-o-

 www.sikhbookclub.com

# ੧੩. ਮੈਂ ਭਸੌੜੀਆ ਨਹੀਂ

**ਇਕ** ਚਿੱਠੀ ਹੋਰ ਹੈ ਇਸ ਵਿਚ ਮੈਨੂੰ ਕੋਸਿਆ ਹੈ ਕਿ ਤੁਸੀਂ ਬਹੁਤ ਵੇਰ ਅਸ਼ੋਕ ਜੀ ਦੇ ਲਫਜ਼ ਕਿ 'ਮੈਂ ਭਸੌੜੀਆ ਨਹੀਂ' ਕਿਉਂ ਦੁਹਰਾਉਂਦੇ ਹੋ?

ਇਸ ਦਾ ਉੱਤਰ ਮੈਂ ਕੇਵਲ ਇਤਨਾ ਹੀ ਦੇਣਾ ਚਾਹੁੰਦਾ ਹਾਂ ਕਿ ਮੈਂ ਕਈ ਗੱਲਾਂ ਨੂੰ ਲਫ਼ਜ਼ਾਂ ਦੀ ਖ਼ਾਤਰ ਨਹੀਂ ਦੁਹਰਾਉਂਦਾ ਪਰ ਉਹਨਾਂ ਦੇ ਅਰਥਾਂ ਦੀ ਖ਼ਾਤਰ। ਕਈ ਫਿਕਰੇ ਐਸੇ ਹੁੰਦੇ ਹਨ ਜਿਨ੍ਹਾਂ ਦੇ ਅਰਥ ਇਕ ਤੋਂ ਵਧੀਕ ਹੁੰਦੇ ਹਨ। ਸੋ ਦੂਜੇ ਅਰਥਾਂ ਵਲ ਧਿਆਨ ਦੇਣ ਲਗਿਆਂ ਮੂਲ ਨੂੰ ਮੁੜ ਅੱਖਾਂ ਅਗੇ ਲਿਆਉਣਾ ਪੈਂਦਾ ਹੈ। ਇਹ ਗੱਲ ਤਦੇ ਸਪਸ਼ਟ ਹੋਵੇਗੀ ਜੇ ਮੈਨੂੰ ਇਕ ਵਾਰ ਅਸ਼ੋਕ ਜੀ ਦੇ ਲਫਜ਼ ਫੇਰ ਦੁਹਰਾਉਣ ਦੀ ਆਗਿਆ ਹੋਵੇ। ਉਨ੍ਹਾਂ ਨੇ ਕਿਹਾ ਹੈ:-

'ਅਸਲ ਵਿਚ ਨਾ ਮੈਂ ਭਸੌੜੀਆ ਹਾਂ ਤੇ ਨਾ ਚੀਫ਼ੀਆ ਅਤੇ ਨਾ ਹੋਰ ਨਿੱਕੀਆਂ ਨਿੱਕੀਆਂ ਪੰਥਕ ਵੰਡੀਆਂ ਦੇ ਖਿਆਲ ਰੱਖਣ ਵਾਲਾ।'
('ਅਕਾਲੀ ਅਖ਼ਬਾਰ ੧੯-੯-੪੫)

ਏਸ ਫਿਕਰੇ ਵਿਚ ਅਸ਼ੋਕ ਜੀ ਨੇ ਇਹ ਕਹਿਣ ਲਗਿਆਂ ਕਿ ਮੈਂ ਭਸੌੜੀਆ ਨਹੀਂ; ਪੰਚ ਖਾਲਸਾ ਦੀਵਾਨ ਭਸੌੜ ਅਤੇ ਚੀਫ ਖ਼ਾਲਸਾ ਦੀਵਾਨ ਨੂੰ ਪੰਥ ਦੀਆਂ ਨਿੱਕੀਆਂ ਨਿੱਕੀਆਂ ਵੰਡੀਆਂ ਵਿਚ ਗਿਣਿਆਂ ਹੈ। ਇਹ ਗੱਲ ਨਿਰੀ ਸੁੱਟ ਪਾਉਣ ਵਾਲੀ ਨਹੀਂ, ਪਰੰਤੂ ਟੀਕੇ ਦੀ ਮੁਥਾਜ ਹੈ।

ਜੇ ਚੀਫ਼ ਖ਼ਾਲਸਾ ਦੀਵਾਨ ਵਾਲੇ ਅਸ਼ੋਕ ਜੀ ਦੇ ਕਹਿਣ ਕਰਕੇ ਪੰਥ ਦੀ ਇਕ ਨਿੱਕੀ ਵੰਡੀ ਬਣਨ ਤੋਂ ਡਰਦੇ ਹਨ ਤਾਂ ਉਹ ਬੇਸ਼ੱਕ ਏਸ ਗੱਲ ਦੀ ਤਰਦੀਦ ਕਰਨ ਜਾਂ ਏਸ ਗੱਲ ਨੂੰ ਸੋਚਣ ਲਈ ਆਪਣੀ ਕਿਸੇ ਕਮੇਟੀ ਵਿਚ ਰਖ ਲੈਣ। ਮੇਰਾ ਖਿਆਲ ਹੈ ਕੁਛ ਮੈਂਬਰ ਏਸ ਗੱਲ ਨੂੰ ਕਦੇ ਨਹੀਂ ਮੰਨਣ ਲਗੇ ਕਿ ਉਹ ਪੰਥ ਦੀ ਇਕ ਨਿੱਕੀ ਵੰਡੀ ਦੇ ਮੈਂਬਰ ਹਨ। ਏਸ ਵਿਸ਼ਯ ਉਤੇ ਰੋਸ ਵਜੋਂ ਜਿਤਨੀ ਵੱਡੀ ਸਪੀਚ ਸ: 'ਵਕਤਾਵਰ ਸਿੰਘ' ਹੁਰੀਂ ਕਰਨਗੇ ਉਹ ਇਤਨੀ ਵੱਡੀ ਹੋਵੇਗੀ ਕਿ ਉਸ

ਦੇ ਸਾਹਮਣੇ ਚੀਫ਼ ਖ਼ਾਲਸਾ ਦੀਵਾਨ ਜ਼ਰੂਰ ਛੋਟਾ ਲਗੇਗਾ।

ਪਰ ਕੌਮ ਵਿਚ ਜਿਤਨੇ ਵੀ ਦੀਵਾਨ ਤੇ ਸੁਸਾਇਟੀਆਂ ਬਣੀਆਂ ਸਭ ਆਪਣੇ ਆਪ ਨੂੰ ਵੱਡੀ ਤੋਂ ਵੱਡੀ ਉਪਾਧੀ (Qualification) ਦੇਂਦੀਆਂ ਰਹੀਆਂ। ਚੀਫ਼ ਖ਼ਾਲਸਾ ਦੀਵਾਨ ਨੇ ਆਪਣੇ ਨਾਮ ਦੇ ਨਾਲ ਲਫ਼ਜ਼ 'ਚੀਫ਼' ਲਗਾਇਆ। ਭਸੌੜ ਦਾ ਜਦ ਪੰਚ ਖ਼ਾਲਸਾ ਦੀਵਾਨ ਬਣਿਆ ਤਾਂ ਲਫ਼ਜ਼ 'ਪੰਚ' ਮਿਹਨਤ ਨਾਲ ਚੁਣਿਆ ਗਿਆ, ਪਰ ਤਦ ਵੀ ਏਸ ਲਫ਼ਜ਼ ਵਿਚ ਸ਼ੱਕ ਦੀ ਗੁੰਜਾਇਸ਼ ਸੀ। ਸਵਾਲ ਸੀ ਕਿ ਲਫ਼ਜ਼ 'ਪੰਚ' 'ਚੀਫ਼' ਦੇ ਮੁਕਾਬਲੇ ਉਪਰ ਵੱਡਾ ਹੈ ਕਿ ਨਹੀਂ। 'ਪੰਚ' ਲਫ਼ਜ਼ ਦੇ ਕਾਫ਼ੀ ਵਡਿਆਈ ਸੂਚਕ ਹੁੰਦਿਆਂ ਹੋਇਆਂ ਵੀ ਮੁਕਾਬਲੇ ਉਪਰ ਭਸੌੜ ਵਾਲਿਆਂ ਨੂੰ 'ਚੀਫ਼' ਲਫ਼ਜ਼ ਦੀ ਵਲੈਤੀ ਸਾਬਣ ਵਰਗੀ ਖੁਸ਼ਬੂ ਜ਼ਿਆਦਾ ਦਿਲਕਸ਼ ਮਾਲੂਮ ਹੁੰਦੀ ਸੀ। ਭਸੌੜ ਵਾਲਿਆਂ ਏਸ ਕਰਕੇ 'ਪੰਚ ਖ਼ਾਲਸਾ ਦੀਵਾਨ' ਦਾ ਤਰਜਮਾ ਅੰਗ੍ਰੇਜ਼ੀ ਵਿਚ ਕੀਤਾ ਤੇ ਆਪਣੇ ਆਪ ਨੂੰ ਐਉਂ ਲਿਖਣਾ ਸ਼ੁਰੂ ਕੀਤਾ:- 'ਪੰਚ ਖ਼ਾਲਸਾ ਦੀਵਾਨ ਅਰਥਾਤ ਖ਼ਾਲਸਾ ਪਾਰਲੀਮੈਂਟ।'

ਸਿਰਫ਼ ਇਤਨਾ ਹੀ ਨਹੀਂ ਬਾਬੂ ਤੇਜਾ ਸਿੰਘ ਨੇ ਇਹ ਵੀ ਕੋਸ਼ਿਸ਼ ਕੀਤੀ ਦੱਸਣ ਦੀ ਕਿ 'ਖ਼ਾਲਸਾ ਪਾਰਲੀਮੈਂਟ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤੋਂ ਬਣੀ ਹੋਈ ਸੰਸਥਾ ਹੈ। ਆਪ ਨੇ ਇਕ ਥਾਵੇਂ ਇਹ ਲਿਖਿਆ:-

੧. ਵੈਸਾਖ ਸੰਨ ੧੭੫੬ ਬਿ: ਨੂੰ ਖਾਲਸਾ ਪੰਥ ਪ੍ਰਗਟਾਨ ਸਮੇਂ ਦਸਮ ਗੁਰੂ ਜੀ ਨੇ ਖ਼ਾਲਸਾ ਪਾਰਲੀਮੈਂਟ ਦਵਾਰਾ ਇਹ ਹੁਕਮ ਦਿੱਤਾ ਕਿ "ਪਿੰਡਾਂ ਵਿਚ ਜਿੰਨੇ ਸਿਖ ਰਹਿੰਦੇ ਹਨ, ਸਭ ਨੂੰ ਖ਼ਾਲਸਾ ਉਪਦੇਸ਼ ਦੇ ਕਰ ਤੇ ਅੰਮ੍ਰਿਤ ਛਕਾ ਕੇ ਅਨਮਤੀ ਭਾਈਚਾਰੇ ਵਿਚੋਂ ਵੱਖ ਕਰੋ।" ਤਿਸ ਪਰ ਖਾਲਸਾ ਪ੍ਰਚਾਰਕ ਜਥੇ ਪਿੰਡਾਂ ਵਿਚ ਆਏ, ਔਰ ਥਾਓਂ ਥਾਈਂ ਸਿਖਾਂ ਨੂੰ ਸਤਿਗੁਰਾਂ ਦਾ ਹੁਕਮ ਸੁਣਾਇਆ।

(ਭਗਉਤੀ ਪ੍ਰਬੋਧ, ਕ੍ਰਿਤ ਬਾਬੂ ਤੇਜਾ ਸਿੰਘ)

'ਪਾਰਲੀਮੈਂਟ' ਦਾ ਲਫ਼ਜ਼ ਵਰਤਣ ਨਾਲ ਮਾਲੂਮ ਹੁੰਦਾ ਹੈ ਕਿ ਭਸੌੜ ਵਾਲੇ ਵਾਕਈ ਸਭ ਤੋਂ ਵਡੇ ਹੋ ਗਏ ਸਨ; ਵਰਨਾ ਏਸ ਲਫ਼ਜ਼ ਦੇ ਵਰਤਾਰੇ ਉਪਰ ਇਤਰਾਜ਼ ਨਾ ਹੁੰਦੇ। ਮਹਾਰਾਜਾ ਪਟਿਆਲਾ ਨੇ ਏਸ

ਲਫ਼ਜ਼ ਨੂੰ ਵਰਤਣਾ ਹੁਕਮਨ ਬੰਦ ਕਰ ਦਿੱਤਾ। ਇਸ ਸਿਲਸਿਲੇ ਵਿਚ ਜੋ ਇਜਲਾਸ ਖਾਸ ਤੋਂ ਫੁਰਮਾਨ ਜਾਰੀ ਹੋਇਆ ਉਸ ਦੇ ਅੰਤਰਗਤ ਇਹ ਲਫ਼ਜ਼ ਸਨ:-

"ਤੇਜਾ ਸਿੰਘ ਨੂੰ ਪਹਿਲੇ ਵੀ ਕਈ ਵਾਰ ਹਦਾਇਤ ਕੀਤੀ ਗਈ ਹੈ ਕਿ ਉਹ 'ਖ਼ਾਲਸਾ ਪਾਰਲੀਮੈਂਟ' ਦਾ ਨਾਉਂ ਵਰਤਣ ਤੋਂ ਬਾਜ਼ ਆਵੇ ਪਰ ਉਸ ਨੇ ਇਨ੍ਹਾਂ ਹਦਾਇਤਾਂ ਦੀ ਜ਼ਰਾ ਪ੍ਰਵਾਹ ਨਹੀਂ ਕੀਤੀ, ਏਸ ਲਈ ਅਸੀਂ ਹੋਰ ਹੁਕਮ ਦਿੰਦੇ ਹਾਂ ਕਿ ਉਹ ਅੱਗੇ ਨੂੰ ਏਸ ਲਫ਼ਜ਼ ਦੇ ਵਰਤਣ ਤੋਂ ਬਾਜ਼ ਆ ਜਾਵੇ। ਜੇਕਰ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਾ ਹੋਈ ਤਾਂ ਸਾਡੀ ਸਰਕਾਰ ਨੂੰ ਮਜ਼ਬੂਰ ਹੋਕੇ ਅਜੇਹੀ ਕਾਰਵਾਈ ਕਰਨੀ ਪਵੇਗੀ ਜਿਹੜੀ ਕਿ ਉਹ ਯੋਗ ਸਮਝਣ।"

{ ਪਟਿਆਲਾ ਗਵਰਨਮੈਂਟ ਗਜ਼ਟ ੨੩ ਜੇਠ ਸੰ:੧੯੭੫
ਗੁ: ਨਾਨਕ ਸੰ: ੪੪੯, ੫ ਜੂਨ ਸੰਨ ੧੯੧੮ ਈ: ਉਤਾਰਾ
ਹੁਕਮ ਇਜਲਾਸ ਖਾਸ ਤ੍ਰੀਕ ੨੦-੫-੧੯੧੮। }

ਭਸੌੜ ਵਾਲਿਆਂ ਮਸਾਂ ਮਸਾਂ ਏਸ ਲਫ਼ਜ਼ ਨੂੰ ਫੇਰ ਵਰਤਣਾ ਸ਼ੁਰੂ ਕੀਤਾ ਸੀ ਕਿ ਅਸ਼ੋਕ ਜੀ ਨੇ ਉਨ੍ਹਾਂ ਨੂੰ ਪੰਥ ਦੀ ਨਿੱਕੀ ਵੰਡੀ ਕਹਿਕੇ ਉਨ੍ਹਾਂ ਦੇ ਅੰਦਰ ਸ਼ੱਕ ਪੈਦਾ ਕਰ ਦਿੱਤੇ ਹਨ। ਇਹ ਜ਼ਰੂਰੀ ਹੈ ਕਿ ਭਸੌੜ ਵਿਚ ਏਸ ਗੱਲ ਨਾਲ ਬੇਚੈਨੀ ਫੈਲੇ। ਏਸ ਵਿਚ ਅਜੇ ਤੱਕ ਭਸੌੜ ਵਾਲਿਆਂ ਨੂੰ ਸ਼ੁਬ੍ਹਾ ਨਹੀਂ ਸੀ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਖ਼ਾਲਸਾ ਪਾਰਲੀਮੈਂਟ ਬਣਾਕੇ ਸਭ ਤੋਂ ਵੱਡੇ ਬਣਾ ਲੀਤਾ ਸੀ ਤੇ ਡੰਕੇ ਦੀ ਚੋਟ ਨਾਲ ਐਲਾਨ ਕੀਤਾ ਸੀ:-

'ਪੰਚ ਖਾਲਸਾ ਦੀਵਾਨ' ਗੁਰੂ ਪੰਥ ਦਾ ਸਾਂਝਾ ਦੀਵਾਨ ਹੈ, ਜਿਸਦਾ ਇਕ ਛੋਟਾ ਜਿਹਾ ਅੰਗ ਸ੍ਰੀ ਗੁਰੂ ਸਿੰਘ ਸਭਾ ਭਸੌੜ ਹੈ। ਉਸੇ ਤਰ੍ਹਾਂ ਇਸ ਦਾ ਇਕ ਵੱਡਾ ਅੰਗ 'ਚੀਫ ਖਾਲਸਾ ਦੀਵਾਨ' ਅਥਵਾ ਹੋਰ ਸਿੰਘ ਸਭਾਵਾਂ ਹਨ ਯਾ ਦੀਵਾਨ ਹਨ।

(*ਖਾਲਸਾ ਪਾਰਲੀਮੈਂਟ ਵਲੋਂ ਮਨਮਤ ਪ੍ਰਹਾਰਕ ਤਜਵੀਜ਼ਾਂ, ਸਫਾ ੧)

---

* ਦੇਖੋ ਰੀਪੋਰਟ ੧੯੪੫, ਪੰਚ ਖ਼ਾਲਸਾ ਦੀਵਾਨ ਭਸੌੜ, ਸਫਾ ੮.

ਹੁਣ ਅਸ਼ੋਕ ਜੀ ਨੇ ਨਵੇਂ ਸਿਰਿਓਂ ਭਸੌੜ ਦੀਵਾਨ ਅਤੇ ਚੀਫ਼ ਖ਼ਾਲਸਾ ਦੀਵਾਨ, ਦੋਨਾਂ ਨੂੰ ਬਰਾਬਰ ਕਰ ਦਿੱਤਾ ਹੈ, ਵਡਿਆਕੇ ਨਹੀਂ ਪਰੰਤੂ ਦੋਨਾਂ ਨੂੰ ਛੁਟਿਆਕੇ। ਦੇਖੋ ਏਸ ਦਾ ਨਤੀਜਾ ਕੀ ਨਿਕਲਦਾ ਹੈ! ਵਾਹਿਗਗੁਰੂ ਭਲੀ ਕਰੇ!

ਭਸੌੜ ਨੂੰ ਏਸ ਗੱਲ ਤੋਂ ਧੀਰਜ ਲੈਣਾ ਚਾਹੀਦਾ ਹੈ ਕਿ ਭਾਵੇਂ ਉਹ ਕਿੱਡੇ ਹੀ ਵੱਡੇ ਕਿਉਂ ਨਾ ਬਣ ਜਾਣ ਉਹ ਬਹੁਤਾ ਕਰਕੇ ਐਸੇ ਆਦਮੀਆਂ ਦੀ ਨਜ਼ਰ ਵਿਚ ਨਿੱਕੇ ਰਹਿਣਗੇ, ਜਿਨ੍ਹਾਂ ਨੂੰ ਉਹ ਆਪਣੇ ਆਨਰੇਰੀ ਪ੍ਰਚਾਰਕ ਬਣਾਉਣਗੇ[੧]। ਭਸੌੜ ਨੇ ਜੇ ਆਪਣੀ ਵਡਿਆਈ ਕਾਇਮ ਰੱਖਣੀ ਹੈ ਤਾਂ ਉਹ ਸਮਝ ਲੈਣ ਕਿ ਇਹ ਗੱਲ ਕੇਵਲ ਤਨਖਾਹਦਾਰ ਪ੍ਰਚਾਰਕਾਂ ਨਾਲ ਅੰਤ ਪ੍ਰਯੰਤ ਸੌਖੀ ਨਿਭ ਸਕਦੀ ਹੈ।

ਮਹਾਰਾਜਾ ਪਟਿਆਲਾ ਦੇ ਹੁਕਮ ਦੇਣ ਨਾਲ ਕਿ ਪਾਰਲੀਮੈਂਟ ਦਾ ਲਫ਼ਜ਼ ਨਾ ਵਰਤੋ, ਇਹ ਗੱਲ ਸਾਬਤ ਹੁੰਦੀ ਹੈ ਕਿ ਭਸੌੜ ਨੇ ਜਿਥੋਂ ਤਕ ਨਾਮ ਰੱਖਣ ਦੀ ਵਡਿਆਈ ਦੀ ਖੇਡ ਹੈ, ਉਸ ਖੇਡ ਵਿਚ ਨਹਿਲੇ ਉੱਪਰ ਦਹਿਲਾ ਮਾਰ ਦਿੱਤਾ ਸੀ। ਮਹਾਰਾਜਾ ਤੋਂ ਛੁਟ ਪਬਲਿਕ ਵਲੋਂ ਜੋ ਇਤਰਾਜ਼ ਹੋਏ ਉਹਨਾਂ ਵਿਚੋਂ ਮੋਹਰੀ ਸੰਤ ਖ਼ਾਲਸਾ ਭਾਈ ਅਵਤਾਰ ਸਿੰਘ ਵਹੀਰੀਆ ਸੀ। ਉਸ ਦੀ ਸ਼ਿਕਾਇਤ ਉਸ ਦੇ ਲਫ਼ਜ਼ਾਂ ਵਿਚ ਇਹ ਸੀ:-

"ਰਿਆਸਤ ਮੇਂ ਓਵਰਸੀਅਰੀ ਅਹੁਦੇ ਕੀ ਪਿਨਸ਼ਨ ਪਾਉਂਦਾ ਹੈ, ਨਾਮ ਇਸ ਕਾ ਬਾਬੂ ਤੇਜਾ ਸਿੰਘ ਹੈ, ਜੋ ਭਸੌੜ ਨਾਮ ਨਗਰ ਮੇਂ ਨਿਵਾਸ ਕਰਤਾ ਹੈ (ਮਲੂੰਮ ਹੋਤਾ ਹੈ ਕਿ ਇਸ ਨੇ ਇਕ ਐਸੇ ਸ਼ਖਸ ਕੀ ਪ੍ਰੇਰਨਾ ਸੇ ਜੋ ਹਿੰਦੂਓਂ ਵਾ ਸਿਖੀ ਪੰਥ ਮੇਂ ਨਫ਼ਰਤ ਫੈਲਾਨੇ ਕਾ ਮਾਨੋ ਠੇਕੇਦਾਰ ਹੈ, ਜੋ ਸਿਖ ਪੰਥ ਕੇ ਲੀਏ ਜ਼ਿੰਦਗੀ ਵਾ ਮੌਤ ਕਾ ਸਵਾਲ ਹੈ) **ਇਸ ਨੇ ਸਾਦਾ ਦਿਲ ਭੋਲੇ ਭਾਲੇ ਦੇਹਾਤੀ ਵਾਹਿਕ ਲੋਗੋਂ ਕੀ ਏਕ ਮਜਲਿਸ ਕਾਇਮ ਕੀ ਜਿਸ ਕਾ ਨਾਮ "ਖ਼ਾਲਸਾ ਪਾਰਲੀਮੈਂਟ" ਰੱਖਾ। ਸੰਸਾਰ ਮੇਂ ਵਾਕ ਸ਼ਕਤੀ ਬਡੀ ਪ੍ਰਬਲ ਹੈ, ਜਿਨ ਸ਼ਬਦੋਂ (ਇਲਫਾਜ਼ੋਂ) ਕੋ ਵਰਤਾ ਜਾਏ ਵੋਹ ਆਪਣੇ ਅਸਰ ਕਾ ਪ੍ਰਭਾਵ ਦਿਖਾਨੇ ਸੇ ਨਹੀਂ ਚੂਕਤੇ।**

---

੧. ਭਸੌੜ ਦਾ ਆਨਰੇਰੀ ਪ੍ਰਚਾਰਕ ਦਲ :-

ਏਸ ਆਨਰੇਰੀ ਪ੍ਰਚਾਰਕ ਦਲ ਦੀ ਫਹਿਰਿਸਤ ਵਿਚ ਗਿਆਨੀ ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਦਾ ਨਾਮ ਤੀਸਰੀ ਥਾਵੇਂ ਹੈ।

ਕੋਈ ਕਿਸੀ ਕੀ ਉਸਤਤਿ ਨਿੰਦਾ ਬੁਰੇ ਭਲੇ ਬੋਲੇ ਜਾਏਂ ਉਸ ਪਰ ਖੁਸ਼ੀ ਵਾ ਨਾਰਾਜ਼ਗੀ ਕਾ ਤਾਤਕਾਲ ਕਾਰਨ ਹੋਤੇ ਹੈਂ। ਜਬ ਪਾਰਲੀਮੈਂਟ ਕਾ ਨਾਮ ਬਰਤਨ ਮੇਂ ਆਇਆ ਤਬ ਇਸ ਕੇ ਨਾਮ ਕੇ ਅਸਰ ਸੇ ਲਾਜ਼ਮੀ ਥਾ ਕਿ ਇਸ ਮਜਲਿਸ ਕਾ ਅਧਿਸ਼ਟਤਾ ਆਪਣੇ ਆਪ ਕੋ ਸ਼ਹਿਨਸ਼ਾਹ ਤਸਲੀਮ ਕਰ ਲਏ। ਬਾਬੂ ਜੀ ਕੇ ਖਿਆਲਾਤ ਲਗੇ ਆਕਾਸ਼ ਮੇਂ ਉਡਾਰੀਆਂ ਲੇਨੇ। ਇਸ ਨੇ ਪੰਥ ਕੇ ਤਖ਼ਤ ਸਾਹਿਬੋਂ ਵਾ ਗੁਰਦੁਵਾਰੋਂ ਸੇ ਲੇਕਰ ਲਾਖੋਂ ਕੀ ਗਨਨਾਂ ਮੇਂ ਜੋ ਖ਼ਾਲਸਾ ਪੰਥ ਹੈ, ਸਭਨੋਂ ਕੇ ਊਪਰ ਬਾਇਜਲਾਸ ਖ਼ਾਲਸਾ ਪਾਰਲੀਮੈਂਟ ਆਪਣੇ ਆਪ ਕੋ ਆਲਾ ਹੁਕਮਰਾਨ ਹੋਨੇ ਕਾ ਅਨੁਮਾਨ ਕਰ ਲੀਆ। ਅਬ ਉਧੇੜ ਬੁਣਨ ਹੋਨੇ ਲਗੀ। ਸ੍ਰੀ ਗੁਰੂ ਦਸ ਪਾਤਸ਼ਾਹੀ ਜੀ ਕੇ ਵਕਤ ਵ ਪੁਰਾਤਨ ਪੰਥ ਕੀ ਰੀਤੀ ਮਰਿਯਾਦਾ ਰੂਪੀ ਮੰਦਰ ਕੇ ਫਰਸ਼ ਤਕ ਉਥੱਲ ਪੁਥੱਲ ਕਰਨਾ ਵਾ ਪੁਰਾਤਨ ਪੁਸਤਕੋਂ ਕੇ ਵਾਕ ਉਲਟਾਨ ਮੇਂ ਪ੍ਰਬੀਨਤਾ ਦਿਖਾਨੇ ਲਗੇ।"

ਪਰ ਸੰਤ ਖ਼ਾਲਸਾ ਭਾਈ ਅਵਤਾਰ ਸਿੰਘ ਨੇ ਜੋ ਕਮੇਟੀ ਆਪਣੀ ਬਣਾਈ ਉਸਦਾ ਨਾਮ ਚੁਣਨ ਉਪਰ ਬਹੁਤ ਕੋਸ਼ਿਸ਼ ਕੀਤੀ। ਪਾਰਲੀਮੈਂਟ ਤੋਂ ਵਡਾ ਨਾਮ ਭੀ ਹੋ ਸਕਦਾ ਸੀ। ਸੰਤ ਖ਼ਾਲਸਾ ਭਾਈ ਅਵਤਾਰ ਸਿੰਘ ਜੀ ਨੇ ਆਪਣੀ ਸਭਾ ਦਾ ਨਾਮ 'ਚਕ੍ਰਵਰਤੀ ਦੀਵਾਨ' ਰਖਿਆ।

ਸ਼੍ਰੋਮਣੀ ਗੁਰਦੁਆਰਾ ਕਮੇਟੀ ਨੇ ਆਪਣੇ ਨਾਮ ਨਾਲ 'ਸ਼੍ਰੋਮਣੀ' ਕਿਉਂ ਲਗਾਇਆ? ਮਗਰ ਇਹ ਖੇਡ ਚੀਫ਼ ਖ਼ਾਲਸਾ ਦੀਵਾਨ ਨੇ ਸ਼ੁਰੂ ਕੀਤੀ ਸੀ, ਅਗੇ ਫੇਰ ਨਹਿਲੇ ਤੇ ਦਹਿਲਾ ਵਜਦਾ ਰਿਹਾ। ਪਰ ਜਿਨ੍ਹਾਂ ਆਦਮੀਆਂ ਨਹਿਲੇ ਦਹਿਲੇ ਦੇ ਪੱਤੇ ਬਣਾਏ ਸਨ ਉਨ੍ਹਾਂ ਸਭ ਤੋਂ ਵੱਡਾ ਪੱਤਾ ਯੱਕਾ ਬਣਾਇਆ ਸੀ! ਏਸ ਕਰਕੇ ਸ਼੍ਰੋਮਣੀ ਕਮੇਟੀ ਵੀ ਸਭ ਤੋਂ ਵੱਡੀ ਨਹੀਂ! ਨਾਮ ਵਿਚ ਵੱਡੇ ਹੋਣ ਦੀ ਗੁੰਜਾਇਸ਼ ਹੁਣ ਹੇਠਲੇ ਪਾਸੇ ਦੇ ਅਖੀਰਲੇ ਸਿਰੇ ਵਿਚ ਹੈ।

ਪਰ ਨਾਮ ਰੱਖਣ ਨਾਲ ਕੋਈ ਵੱਡਾ ਨਹੀਂ ਬਣਦਾ। ਸਿੱਧਾਂਤਕ ਗੱਲ ਇਹੋ ਮਲੂਮ ਹੁੰਦੀ ਹੈ ਕਿ ਭਾਵੇਂ ਤੁਸੀਂ ਕਿਡੇ ਵੱਡੇ ਨਾਮ ਰੱਖ ਲਓ ਤੁਹਾਡੀ ਵਡਿਆਈ ਉਸੇ ਨਿਸਬਤ ਨਾਲ ਜਤਲਾਈ ਜਾਏਗੀ ਜਿਸ ਨਿਸਬਤ ਨਾਲ ਤੁਸੀਂ ਆਪਣੇ ਪ੍ਰਚਾਰਕਾਂ ਨੂੰ ਤਨਖਾਹਾਂ ਦੇਂਦੇ ਹੋ, ਮਹਿੰਗਾਈ ਦਾ ਅਲੌਂਸ ਛੱਡਕੇ।

–੦–

# ੧੪. ਆਲਮ ਦਾ ਸਮਾਂ ਸਿੱਖ ਇਤਿਹਾਸ ਵਿਚੋਂ

**'ਮਾਧਵਾਨਲ ਕਾਮਕੰਦਲਾ'** ਨਾਮੀ ਪੁਸਤਕ ਦੇ ਰਚਣਹਾਰੇ ਆਲਮ ਬਾਬਤ ਦੋ ਮੋਟੇ ਸਵਾਲ ਹਨ, ਜਿਨ੍ਹਾਂ ਉਪਰ ਅਸੀਂ ਬਹਿਸ ਕਰਦੇ ਆਏ ਹਾਂ। ਇਹਨਾਂ ਵਿਚੋਂ ਪਹਿਲਾ ਸਵਾਲ ਤਾਂ ਏਹੋ ਹੀ ਹੈ ਕਿ ਕੀ ਆਲਮ ਦੀ ਪੁਸਤਕ ਅਨੁਵਾਦ ਹੈ ਜਾਂ ਸੁਤੰਤਰ ਰਚਨਾ? ਕਈ ਲੇਖਕਾਂ ਨੇ ਏਸ ਨੂੰ ਅਨੁਵਾਦ ਮੰਨਿਆ ਹੈ। ਯਥਾ:-ਸ੍ਰੀ ਜਜੋਤੀ ਪ੍ਰਸ਼ਾਦਿ ਮਿਸ਼ਰ ਨਿਰਮਲ। ਜਿਨ੍ਹਾਂ ਦਾ ਹਵਾਲਾ ਮੈਂ ਪਿਛੇ ਦੇ ਚੁਕਾ ਹਾਂ।

ਪਰ ਕੁਛ ਲੇਖਕ ਐਸੇ ਵੀ ਹਨ, ਜਿਨ੍ਹਾਂ ਨੂੰ ਇਹ ਸਵਾਲ ਫੁਰਿਆ ਹੀ ਨਹੀਂ ਤੇ ਉਨ੍ਹਾਂ ਨੇ ਏਸ ਪੱਖ ਨੂੰ ਖਿਆਲ ਵਿਚ ਨਹੀਂ ਲੀਤਾ। ਜੈਸੇ ਸ੍ਰੀ ਰਾਮ ਨਰੇਸ਼ ਜੀ ਤ੍ਰਿਪਾਠੀ ਜਿਸਦਾ ਹਵਾਲਾ ਬੀ ਪਿਛੇ ਆ ਚੁਕਾ ਹੈ। ਲੇਖਕਾਂ ਦੀਆਂ ਇਨ੍ਹਾਂ ਦੋ ਸ਼੍ਰੇਣੀਆਂ ਤੋਂ ਛੁਟ ਫੇਰ ਕੁਛ ਐਸੇ ਲੇਖਕ ਵੀ ਹਨ ਜਿਨ੍ਹਾਂ ਨੇ ਆਪਣੀ ਪਹਿਲੀ ਉਮਰ ਵਿਚ ਆਲਮ ਦੀ ਪੁਸਤਕ ਨੂੰ ਸੁਤੰਤ੍ਰ ਹੀ ਮੰਨਿਆ ਪਰ ਪਿਛੋਂ ਜਾਕੇ ਕਿਸੇ ਵਧੇਰੀ ਖੋਜ ਦੇ ਆਧਾਰ ਉਪਰ ਏਸ ਨੂੰ ਅਨੁਵਾਦ ਸ੍ਵੀਕਾਰ ਕਰ ਲੀਤਾ। ਅਸੀਂ ਏਸ ਗਲ ਦਾ ਦ੍ਰਿਸ਼ਟਾਂਤ ਸ੍ਰੀ ਮਾਨ ਭਾਈ ਕਾਹਨ ਸਿੰਘ ਜੀ ਦੀਆਂ ਲਿਖਤਾਂ ਵਿਚੋਂ ਦੇ ਚੁਕੇ ਹਾਂ ਤੇ ਦੱਸ ਚੁਕੇ ਹਾਂ ਕਿ ਸ੍ਰੀਮਾਨ ਭਾਈ ਸਾਹਿਬ ਜੀ ਨੇ ਕਿਸ ਤਰ੍ਹਾਂ ਆਪਣੀ ਪਹਿਲੀ ਲਿਖਤ ਦੀ ਸੁਧਾਈ ਕੀਤੀ। ਭਾਈ ਸਾਹਿਬ ਦੀ ਅੰਤਮ ਰਾਇ, ਜੋ ਮਹਾਨ ਕੋਸ਼ ਵਿਚ ਛਪੀ, ਉਹ ਏਹੋ ਸੀ ਕਿ ਆਲਮ ਦੀ ਪੁਸਤਕ ਅਨੁਵਾਦ ਹੈ (ਦੇਖੋ ਮਹਾਨ ਕੋਸ਼ ਸਫਾ ੩੧੬)।

ਅਨੁਵਾਦ ਦੇ ਖਿਆਲ ਤੋਂ ਛੁੱਟ ਆਲਮ ਦੇ ਸਮੇਂ ਬਾਬਤ ਜੋ ਵਿਚਾਰ ਵਿਭਿੰਨਤਾ ਹੈ ਉਸ ਦੇ ਵੀ ਦੋ ਸਿਰੇ ਹਨ। ਇਕ ਸ਼੍ਰੇਣੀ ਦੇ ਲੇਖਕ ਆਲਮ ਨੂੰ ਔਰੰਗਜ਼ੇਬ ਦੇ ਜ਼ਮਾਨੇ ਵਿਚ ਹੋਇਆ ਦੱਸਦੇ ਹਨ, ਦੂਜੀ ਸ਼੍ਰੇਣੀ ਦੇ ਏਸ ਤੋਂ ਪਹਿਲਾਂ। ਜੋ ਲੇਖਕ ਆਲਮ ਨੂੰ ਔਰੰਗਜ਼ੇਬ ਤੋਂ ਪਹਿਲੇ ਹੋਇਆ ਖਿਆਲ ਕਰਦੇ ਹਨ, ਉਨ੍ਹਾਂ ਨੂੰ ਅਜੇ ਤਕ ਕੋਈ ਸੁਤੰਤਰ ਇਤਬਾਰ ਯੋਗ ਗਵਾਹੀ ਏਸ ਗੱਲ ਦੇ ਪੱਖ ਵਿਚ ਨਹੀਂ ਲੱਭੀ,

ਸਿਵਾਏ ਮਾਧਵਾਨਲ ਕਾਮਕੰਦਲਾ ਵਿਚ ਆਈ ਏਸ ਤੁਕ ਦੇ "ਸੰਨ ਨੌ ਸੈ ਇਕਾਨਵ ਆਹੀ।" (੯੯੧ ਹਿਜਰੀ=੧੬੪੦ ਬਿਕ੍ਰਮੀ=੧੫੮੩ ਈ:) ਜੋ ਅਨੁਵਾਦ ਦੀ ਦ੍ਰਿਸ਼ਟੀ ਤੋਂ ਦੇਖਣ ਨਾਲ ਆਲਮ ਨੂੰ ਅਕਬਰ ਦਾ ਸਮਕਾਲੀ ਸਿੱਧ ਕਰਨ ਲਈ ਸਾਰਥਕ ਨਹੀਂ ਹੁੰਦੀ।

ਆਲਮ ਨੂੰ ਔਰੰਗਜ਼ੇਬ ਦੇ ਵੇਲੇ ਹੋਇਆ ਮੰਨਣ ਵਾਲਿਆਂ ਵਿਚੋਂ ਮੋਹਰੀ 'ਸ਼ਿਵ ਸਿੰਘ ਸਰੋਜ' ਪੁਸਤਕ ਹੈ। 'ਸ਼ਿਵ ਸਿੰਘ ਸਰੋਜ' ਨੇ ਆਲਮ ਦਾ ਸਮਾਂ ੧੭੧੨ ਬਿ: ਮੰਨਿਆ ਹੈ।ਅਤੇ ਆਲਮ ਨੂੰ ਬਹਾਦਰ ਸ਼ਾਹ (ਸ਼ਹਿਜ਼ਾਦਾ ਮੁਅੱਜ਼ਮ) ਦਾ ਸਾਥੀ ਗਿਣਿਆ ਹੈ। ਬਹਾਦਰ ਸ਼ਾਹ ਦਾ ਨਾਮ 'ਬਹਾਦਰ ਸ਼ਾਹ' ਉਸ ਵੇਲੇ ਪਿਆ ਜਦੋਂ ਉਹ ਔਰੰਗਜ਼ੇਬ ਦੇ ਪਿਛੋਂ ਹਿੰਦੁਸਤਾਨ ਦੇ ਤਖਤ ਉਪਰ ਬੈਠਾ। ਉਸ ਤੋਂ ਪਹਿਲੇ ਬਹਾਦਰ ਸ਼ਾਹ ਦਾ ਨਾਮ ਸ਼ਹਿਜ਼ਾਦਾ ਮੁਅੱਜ਼ਮ ਸੀ। ਮੁਅੱਜ਼ਮ ਦੀ ਤਾਰੀਫ਼ ਵਿਚ ਲਿਖਿਆ ਹੋਇਆ ਆਲਮ ਦਾ ਛੰਦ, ਜੋ ਸ਼ਿਵ ਸਿੰਘ ਸਰੋਜ ਨੇ ਦਿੱਤਾ ਹੈ, ਇਹ ਹੈ:-

*ਸ੍ਵੈਯਾ-*
*ਜਾਨਤ ਔਲ ਕਿਤਾਬਨ ਕੋਜੁ ਨਿਸਾਫ ਕੇ ਮਾਨੇ ਕਹੈ ਹੈਂ ਤੇ ਚੀਨੇ।*
*ਪਾਲਤ ਹੋ ਇਤ 'ਆਲਮ' ਕੋ ਉਤ ਨੀਕੇ ਰਹੀਮ ਕੇ ਨਾਮ ਕੋ ਲੀਨੇ।*
*ਮੁਅੱਜ਼ਮ ਸ਼ਾਹ ਤੁਮੇ ਕਰਤਾ ਕਰਿਬੇ ਕੋ ਦਿਲੀਪਤ ਹੈਂ ਵਰ ਦੀਨੇ।*
*ਕਾਵਿ ਲਹੈਂ ਤੇ ਰਹੈਂ ਕਿਤਹੂੰ ਕਹਾਂ ਕਾਬਿਲ ਹੋਤ ਹੈਂ ਕਾਬਿਲ ਕੀਨ੍ਹੇ।*

ਅਸੀਂ ਐਸ ਵੇਲੇ ਆਲਮ ਦੇ ਸਮੇਂ ਦੀ ਗਵਾਹੀ ਕਿਸੇ ਹੋਰ ਨੁਕਤੇ ਤੋਂ ਦੇਖਣ ਦੇ ਉਪਾ ਵਿਚ ਹਾਂ। ਮੇਰਾ ਸਵਾਲ ਇਹ ਹੈ ਕਿ ਕੀ ਸਿਖ ਇਤਿਹਾਸ ਵਿਚ ਕੋਈ ਐਸੀ ਗਵਾਹੀ ਹੈ ਜੋ ਏਸ ਵਿਸ਼ਯ ਉਪਰ ਚਾਨਣਾ ਪਾਵੇ?

ਅਸੀਂ ਜੇ ਹੁਣ ਆਪਣੇ ਗੁਰੂ ਘਰ ਦੇ ਗ੍ਰੰਥਾਂ ਨੂੰ ਫੋਲੀਏ ਤਾਂ ਕੁਛ ਖਾਸ ਖਾਸ ਤਰੀਕਾਂ ਜੋ ਉਸ ਸਮੇਂ ਨਾਲ (ਜੋ ਕਈਆਂ ਨੇ ਆਲਮ ਦਾ ਸਮਾਂ ਮੰਨਿਆ ਹੈ) ਤਅੱਲਕ ਰਖਦੀਆਂ ਹਨ, ਸਾਡੇ ਸਾਹਮਣੇ ਖੜੀਆਂ ਹੋ ਜਾਂਦੀਆਂ ਹਨ।

ਪਹਿਲੀ ਤਰੀਕ ੧੭੪੫ ਬਿਕ੍ਰਮੀ ਹੈ। ਜੋ ਦਸਮ ਗ੍ਰੰਥ ਵਿਚ ਦੇ ਕ੍ਰਿਸ਼ਨਾਵਤਾਰ ਦੇ ਪਾਉਂਟੇ ਵਿਖੇ ਸਮਾਪਤੀ ਦੀ ਹੈ:-

*ਸਤ੍ਰਹ ਸੈ ਪੈਤਾਲ ਮਹਿ ਸਾਵਲ ਸੁਦਿ ਥਿਤ ਦੀਪ।*
*ਨਗਰ ਪਾਂਵਟਾ ਸੁਭ ਕਰਨ ਜਮੁਨਾ ਬਹੈ ਸਮੀਪ।*

ਇਸ ਤੋਂ ਅਗਲੀ ਤਰੀਕ ੧੭੫੨ ਬਿ: ਦੀ ਹੈ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਵਿਚੋਂ ਇਕ ਨੇ ਕਰਣ ਪਰਬ, (ਮਹਾਂਭਾਰਤ ਦੇ ਇਕ ਅਧਯਾਯ) ਦਾ ਅਨੁਵਾਦ ਸ਼ੁਰੂ ਕੀਤਾ:-

*ਸੰਬਤ ਸਤ੍ਰਹ ਸੈ ਬਰਸ ਬਾਵਨ ਬੀਤਨ ਹਾਰ।*
*ਮਾਰਗ ਵਦਿ ਤਿਥਿ ਦੂਜ ਕੋ ਤਾਂ ਦਿਨ ਮੰਗਲਵਾਰ।*
*'ਹੰਸ ਰਾਮ' ਤਾ ਦਿਨ ਕਰਜੋ ਕਰਨ ਪਰਬ ਆਰੰਭ।*

੧੭੫੨ ਦਾ ਸੰਮਤ ਹੰਸਰਾਮ ਦੇ ਕਰਨ ਪਰਬ ਸ਼ੁਰੂ ਕਰਨ ਦਾ ਸਾਲ ਹੈ ਪਰ ਕੁਵਰੇਸ਼ ਕਵਿ ਦੇ ਦ੍ਰੋਣ ਪਰਬ ਨੂੰ ਖਤਮ ਕਰਨ ਦਾ ਸੰਮਤ ਹੈ[੧]।

ਫੇਰ ੧੭੫੩ ਬਿ: ਦਾ ਸੰਮਤ ਹੈ ਜਿਸ ਦਾ ਦੋ ਗ੍ਰੰਥਾਂ ਵਿਚ ਜ਼ਿਕਰ ਹੈ। ਇਕ ਤਾਂ ੪੦੪ ਚਰਿਤ੍ਰਾਂ ਦੇ ਖਾਤਮੇ ਉਪਰ:-

*ਸੰਮਤ ਸਤ੍ਰਹ ਸਹਸ ਭਣਿਜੈ।*
*ਅਰਥ ਸਹਸ ਫੁਨ ਤੀਨ ਕਹਿਜੈ।*
*ਭਾਦਵ ਸੁਦੀ ਅਸ਼ਟਮੀ ਰਵਿਵਾਰਾ।*
*ਤੀਰ ਸਤੁਦ੍ਰਵ ਗ੍ਰੰਥ ਸੁਧਾਰਾ।*

ਦੂਜੇ ਸਲਜ ਪਰਬ (ਮਹਾਂਭਾਰਤ ਦੇ ਇਕ ਅਧਯਾਯ) ਦੇ ਅਨੁਵਾਦ ਵਿਚ:-

*ਗੁਰ ਗੋਬਿੰਦ ਮਨ ਹਰਖ ਹ੍ਵੈ ਮੰਗਲ ਲਿਯੋ ਬੁਲਾਇ।*
*ਸਲਜ ਪਰਬ ਆਗਜਾ ਕਰੀ ਲੀਜੈ ਤੁਰਤ ਬਨਾਇ।*
*ਸੰਬਤ ਸਤ੍ਰਹ ਸੈ ਬਰਖ ਤ੍ਰੇਪਨ ਬੀਤਨ ਹਾਰ।*
*ਮਾਧਵ ਰਿਤੁ ਤਿਥਿ ਤ੍ਰੌਦਸੀ ਤਾਂ ਦਿਨ ਮੰਗਲਵਾਰ।*
*ਸ਼ਲਜ ਪਰਬ ਭਾਖਾ ਭਯੋ ਗੁਰ ਗੋਬਿੰਦ ਕੇ ਰਾਜ।*
*ਅਰਬ ਖਰਬ ਬਹੁ ਦਰਬ ਦੈ ਕਰਿ ਕਵਿ ਜਨ ਕੋ ਕਾਜ।*

---

੧. ਸੰਮਤ ਸਤ੍ਰਹ ਸੈ ਅਧਿਕ ਬਾਵਨ ਬੀਤੇ ਔਰ।
ਤਾਮੈ ਕਵਿ ਕੁਵਰੇਸ਼ ਯਹ ਕਿਯੋ ਗ੍ਰੰਥ ਕੋ ਡੌਰ।

 www.sikhbookclub.com

ਇਸ ਤੋਂ ਅਗਾਂਹ ੧੭੫੫ ਦਾ ਸੰਮਤ ਹੈ ਜੋ ਦਸਮ ਗ੍ਰੰਥ ਵਿਚ ਦਿਤੇ ਰਾਮਾਵਤਾਰ ਦੇ ਸੰਪੂਰਣ ਹੋਣ ਦਾ ਵਕਤ ਹੈ:-

*ਸੰਮਤ ਸਤ੍ਹ ਸਹਸ ਪਚਾਵਨ।*
*ਹਾੜ ਵਦੀ ਪ੍ਰਿਥਮੈ ਸੁਖਦਾਵਨ।*
*ਤ੍ਵ ਪ੍ਰਸਾਦਿ ਕਰ ਗ੍ਰੰਥ ਸੁਧਾਰਾ।*
*ਭੂਲ ਪਰੀ ਲਹੁ ਲੇਹੁ ਸੁਧਾਰਾ।*

ਇਸ ਤੋਂ ਅਗਾਂਹ, ਜਿਥੋਂ ਤੀਕ ਦੇਖਿਆ ਜਾ ਚੁਕਾ ਹੈ, ਤ੍ਰੀਕਾਂ ਦਾ ਸਿਲਸਿਲਾ ਨਹੀਂ ਮਿਲਦਾ। ਫੇਰ ਕੇਵਲ ੧੭੬੨ ਦਾ ਸੰਮਤ ਹੈ ਜੋ ਜ਼ਫਰਨਾਮੇ ਦੇ ਰਚੇ ਜਾਣ ਦਾ ਅਨੁਮਾਨਤ ਹੈ।

੧੭੫੫ ਸੰਮਤ ਏਸ ਕਰਕੇ ਕੇਵਲ ਰਾਮਾਵਤਾਰ ਦੇ ਰਚੇ ਜਾਣ ਦਾ ਹੀ ਸੰਮਤ ਨਹੀਂ, ਇਹ ਸੰਭਵ ਹੈ ਕਿ ਦਸਮ ਗ੍ਰੰਥ ਦੇ ਸੰਪੂਰਨ ਹੋਣ ਦਾ ਹੀ ਇਹ ਸੰਮਤ ਹੈ। ਸੰਮਤ ਦੀ ਤੁਕ ਦੇ ਵਿਚ ਏਸ ਕਿਸਮ ਦੇ ਸ਼ਬਦ 'ਭੂਲ ਪਰੀ ਲਹੁ ਲੇਹੁ ਸੁਧਾਰਾ' ਅਢੁਕਵੇਂ ਨਹੀਂ, ਸਗੋਂ ਫਬਵੇਂ ਹਨ। ਖ਼ਾਲਸਾ ਸਮਾਚਾਰ ਦੇ ੧੩ ਦਸੰਬਰ ੧੯੪੫ ਦੇ ਪਰਚੇ ਵਿਚ ਇਕ ਮਜ਼ਮੂਨ ਗਿਆਨੀ ਗਰਜਾ ਸਿੰਘ ਜੀ ਸਿਆਲਕੋਟੀ ਦਾ ਛਪਿਆ ਹੈ। ਇਸ ਮਜ਼ਮੂਨ ਵਿਚ ਗਿਆਨੀ ਜੀ ਨੇ ਕੇਸਰ ਸਿੰਘ ਦੇ ਬੰਸਾਵਲੀ ਨਾਮੇ ਵਿਚੋਂ ਕੁਛ ਤੁਕਾਂ ਦੇ ਪ੍ਰਮਾਣ ਦਿੱਤੇ ਹਨ ਜੋ ਏਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ੧੭੫੫ ਵਿਚ ਦਸਮ ਗ੍ਰੰਥ ਸੰਪੂਰਣ ਹੋ ਗਿਆ ਸੀ[੧]।

ਉਪਰ ਦਿੱਤੇ ਸੰਮਤਾਂ ਵਿਚੋਂ ਮੈਂ ਪਾਠਕਾਂ ਦਾ ਧਿਆਨ ਸੰਮਤ ੧੭੫੩ ਵਲ ਖਿੱਚਦਾ ਹਾਂ। ਇਹ ਦਸਮ ਗ੍ਰੰਥ ਦੀ ਸਮਾਪਤੀ ਤੋਂ ਦੋ ਵਰ੍ਹੇ ਪਹਿਲੇ ਦਾ ਹੈ ਜਦੋਂ ੪੦੪ ਚਰਿੱਤ੍ਰ ਰਚੇ ਗਏ। ਚਰਿੱਤ੍ਰਾਂ ਵਿਚ ੯੧ਵਾਂ ਚਰਿੱਤ੍ਰ ਮਾਧਵਾਨਲ ਕਾਮਕੰਦਲਾ ਦਾ ਹੈ।

ਆਲਮ ਨੇ ਮਾਧਵਾਨਲ ਕਾਮਕੰਦਲਾ ਦੀ ਪੋਥੀ ਲਿਖੀ। ਜੇ ਇਹ ਓਹੋ ਆਲਮ ਹੈ ਜਿਸ ਦਾ ਨਾਮ ਹਜ਼ੂਰੀ ੫੨ ਕਵੀਆਂ ਵਿਚ ਹੈ, ਤਾਂ ਇਹ ਗੱਲ ਸੁਭਾਵਕ ਲੱਗਦੀ ਹੈ ਕਿ ਇਸ ਨੂੰ ੯੧ ਚਰਿੱਤ੍ਰ ਵਿਚ ਜ਼ਰੂਰ

---

੧. ਜਿਸ ਬਾਬਤ ਓਹ ਲਿਖਦੇ ਹਨ ਕਿ ਆਨੰਦ ਪੁਰ ਛੱਡਣ ਸਮੇਂ ਉਸ ਦੀ ਖਿੰਡ ਫੁੰਡ ਹੋ ਗਈ ਸੀ।

ਦਿਲਚਸਪੀ ਹੋਵੇ। ਇਹ ਇਕ ਨੁਕਤਾ ਹੈ ਜੋ ਵਿਦਵਾਨ ਖੋਜੀਆਂ ਨੂੰ ਵਿਚਾਰਨਾ ਚਾਹੀਦਾ ਹੈ, ਤੇ ਜਿਸ ਉਪਰ ਅਸੀਂ ਅਗੇ ਚੱਲਕੇ ਆਪਣੀ ਵਿਚਾਰ ਪੇਸ਼ ਕਰਾਂਗੇ।

ਉਪਰ ਦਿੱਤੀਆਂ ਤ੍ਰੀਕਾਂ ਤੋਂ ਮਲੂੰਮ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਵੀ ਦਰਬਾਰ ਦਾ ਸਮਾਂ ਜਿਨ੍ਹਾਂ ਤ੍ਰੀਕਾਂ ਨਾਲ ਸੰਬੰਧਤ ਹੈ, ਉਹ ੧੭੪੫ ਦੇ ਲਾਗੇ ਤੋਂ ਲੈਕੇ ੧੭੫੫ ਬਿਕ੍ਰਮੀ ਤਕ ਦੇ ਘੇਰੇ ਵਿਚ ਹਨ। ਇਨ੍ਹਾਂ ਸੰਮਤਾਂ ਦੀਆਂ ਹੱਦਾਂ ਤੋਂ ਬਾਹਰ ਜੋ ਕੁਛ ਹੈ ਉਹ ਟਾਵੀਆਂ ਵਸਤਾਂ ਤੇ ਮੁਕਤਕ ਛੰਦ ਹਨ, ਅਕਾਲ ਉਸਤਤਿ, ਜ਼ਫਰਨਾਮੇ ਆਦਿਕ ਨੂੰ ਛੱਡਕੇ ਤੇ ਉਨ੍ਹਾਂ ਵੱਡੇ ਗ੍ਰੰਥਾਂ ਦੇ ਉਹ ਹਿੱਸੇ ਵੀ ਛੱਡਕੇ ਜਿਨ੍ਹਾਂ ਦੀ ਸਮਾਪਤੀ ੧੭੪੫ ਵਿਚ ਹੈ, ਤੇ ਉਹਨਾਂ ਦਾ ਆਰੰਭ ਉਸ ਤੋਂ ਪਹਿਲੇ ਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੫੨ ਹਜ਼ੂਰੀ ਕਵੀਆਂ ਵਿਚੋਂ ਹੀ ਇਕ ਕਵੀ ਆਲਮ ਸੀ। ਇਸ ਦੀ ਹਸਤੀ ਸਭ ਮੰਨਦੇ ਹਨ। ਇਤਿਹਾਸ ਦੇ ਗ੍ਰੰਥਾਂ ਵਿਚ ਜਿਨ੍ਹਾਂ ਵਿਚ ੫੨ ਕਵੀਆਂ ਦੀ ਫਹਿਰਿਸਤ ਦਰਜ ਹੈ, ਸਭ ਆਲਮ ਨੂੰ ਏਸ ਲਿਸਟ ਵਿਚ ਸ਼ਾਮਲ ਕਰਦੇ ਹਨ। ਕਵੀਆਂ ਦੀ ਲਿਸਟ ਸਾਨੂੰ ਇਨ੍ਹਾਂ ਗ੍ਰੰਥਾਂ ਵਿਚ ਮਿਲਦੀ ਹੈ:- 'ਸੌ ਸਾਖੀ', 'ਗੁਰ ਬਿਲਾਸ ਕ੍ਰਿਤ ਭਾਈ ਸੁਖਾ ਸਿੰਘ', 'ਸੂਰਜ ਪ੍ਰਕਾਸ਼ ਕ੍ਰਿਤ ਕਵੀ ਸੰਤੋਖ ਸਿੰਘ', 'ਗੁਰ ਪਦ ਪ੍ਰੇਮ ਪ੍ਰਕਾਸ਼ ਕ੍ਰਿਤ ਬਾਬਾ ਸੁਮੇਰ ਸਿੰਘ,' 'ਤਵਾਰੀਖ ਖਾਲਸਾ ਕ੍ਰਿਤ ਗਜਾਨੀ ਗਜਾਨ ਸਿੰਘ', 'ਮਹਾਨ ਕੋਸ਼ ਕ੍ਰਿਤ ਸਰਦਾਰ ਕਾਹਨ ਸਿੰਘ ਨਾਭਾ।'

ਪਰ ਆਲਮ ਸੀ ਕੌਣ? ਰਾਗਮਾਲਾ ਦੇ ਵਿਰੁੱਧ ਜੋ ਲਿਟ੍ਰੇਚਰ ਛਪੀ ਹੈ ਉਹ ਆਲਮ ਦੀ ਤਸਵੀਰ ਜੋ ਵਾਹੁੰਦੇ ਹਨ ਉਹ ਇਹ ਹੈ:-

"ਇਹ ਤਾਂ ਆਪ ਦੀ ਮੰਨੀ ਹੋਈ ਪੁਸਤਕ ਸ਼ਿਵ ਸਿੰਘ ਸਰੋਜ ਨੇ ਵੀ ਦੱਸਿਆ ਹੈ ਕਿ ਆਲਮ ਇਕ ਔਰਤ ਪਿਛੇ ਬ੍ਰਾਹਮਣ ਤੋਂ ਮੁਸਲਮਾਨ ਹੋਇਆ। ਹੈ ਵੀ ਸੱਚ, ਆਲਮ ਦੇ ਲਿਖਣ ਦਾ ਢੰਗ ਤੇ ਜ਼ਬਾਨ ਹਿੰਦੂ ਪੰਡਤਾਂ ਵਾਲੀ ਹੈ। ਪਾਰਬ੍ਰਹਮ ਰੱਬ ਦਾ ਨਾਉਂ ਹੈ ਜੋ ਸਭ ਮਜ਼੍ਹਬਾਂ ਦਾ ਸਾਂਝਾ ਹੈ। ਹਿੰਦੀ ਕਵਿਤਾ ਲਿਖਣ ਸਮੇਂ ਗਣੇਸ਼ ਨੂੰ ਮੱਥਾ ਟੇਕਣਾ ਬ੍ਰਾਹਮਣ ਮੁਸਲਮਾਨ ਲਈ ਕੋਈ ਵੱਡੀ ਗੱਲ ਨਹੀਂ।"

(ਬਾਬੂ ਤੇਜਾ ਸਿੰਘ, ਰਾਗਮਾਲਾ ਖੰਡਨ, ਸਫਾ ੬੪)

 www.sikhbookclub.com

ਪਰ ਉਹ ਆਲਮ ਦਾ ਸਮਾਂ ਅਕਬਰ ਦਾ ਜ਼ਮਾਨਾ ਕਹਿੰਦੇ ਹਨ ਤੇ ਉਸਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਨਹੀਂ ਗਿਣਦੇ।

੫੨ ਕਵੀਆਂ ਦੀਆਂ ਜਿਨ੍ਹਾਂ ਲਿਸਟਾਂ ਵਿਚ ਆਲਮ ਦਾ ਨਾਮ ਦਰਜ ਹੈ, ਕੀ ਉਨ੍ਹਾਂ ਤੋਂ ਕੁਛ ਪਤਾ ਲਗ ਸਕਦਾ ਹੈ ਕਿ ਹਜ਼ੂਰੀ ਕਵੀ ਆਲਮ ਹਿੰਦੂ ਸੀ ਜਾਂ ਮੁਸਲਮਾਨ?

ਭਾਈ ਸੰਤੋਖ ਸਿੰਘ ਨੇ 'ਆਲਮ ਸ਼ਾਹ' ਕਰਕੇ ਲਿਖਿਆ ਹੈ, ਯਥਾ:-

*ਮਾਨ ਚੰਦ, ਬੈਰਾਗੀ, ਜੇਦ। ਸੈਨਾਪਤ ਪੰਡਿਤ ਸੁਖਦੇਵ।*
*'ਆਲਮ ਸ਼ਾਹ' ਮਦਨ ਗਿਰ ਆਇਓ। ਬ੍ਰਿਖਾ ਸੁਖੁ ਗੁਣੀਆ ਭਾਯੋ।*
*(ਰਿਤ ੫ ਅੰਸੂ ੨੭-੮)*

ਇਸ ਤੋਂ ਮਲੂੰਮ ਹੁੰਦਾ ਹੈ ਕਿ ਉਹ ਮੁਸਲਮਾਨ ਸੀ। ਪਰ ਗੁਰੂ ਕੀਆਂ ਸਾਖੀਆਂ ਵਿਚ ਆਲਮ ਨੂੰ ਬ੍ਰਾਹਮਣ ਕਿਹਾ ਹੈ,

ਯਥਾ:- *"ਸਾਖੀ ਸੁਣੋ ਸੁਜਾਨ ਦੈਯਾ ਸਿੰਘ ਜੀ ਸੋਫਤੀ।*
*ਤਿਸ ਥੀਂ ਪ੍ਰਸ਼ਨ ਪ੍ਰਮਾਨ 'ਕਵਿ ਆਲਮ ਦ੍ਵਿਜ' ਪੂਛ ਹੈ[1]।"*

---

੧. ਇਹ ਤੁਕ ਗਿਆਨੀ ਗਰਜਾ ਸਿੰਘ ਜੀ ਸਿਆਲਕੋਟੀ ਦੇ ਮਜ਼ਮੂਨ ਵਿਚੋਂ ਲੀਤੀ ਹੈ, ਸਪਸ਼ਟਤਾ ਦੀ ਖਾਤਰ ਮੈਂ ਗਿਆਨੀ ਜੀ ਦਾ ਹਵਾਲਾ ਪੂਰਾ ਦੁਹਰਾਉਂਦਾ ਹਾਂ:-

"ਆਲਮ ਕਲਗੀਧਰ ਜੀ ਦੇ ਦਰਬਾਰੀ ਕਵੀਆਂ ਵਿਚੋਂ ਇਕ ਚੋਣਵਾਂ ਕਵੀ ਸੀ, ਸਿਖ ਇਤਿਹਾਸ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਤੇ ਸਿਖ ਲੇਖਕ ੫੨ ਕਵੀਆਂ ਦੇ ਨਾਮਾਂ ਦੀ ਸੂਚੀ ਵਿਚ ਇਸ ਦਾ ਨਾਮ ਦਿੰਦੇ ਹਨ। ਇਸ ਨੇ ਇਕ ਦਿਨ ਸ੍ਰੀ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ਨਿਰਨੇ ਸਬੰਧੀ ਭਾਈ ਦੈਯਾ ਸਿੰਘ ਤੋਂ ਪੁਛਿਆ ਜੈਸੇ ਕਿ ਦੂਸਰੇ ਭਾਈ ਗੁਰਦਾਸ ਜੀ ਭਾਈ ਦੈਯਾ ਰਾਮ ਪ੍ਰੋਹਤ ਦੀ ਗਵਾਹੀ ਤੇ ਇੰਜ ਲਿਖਦੇ ਹਨ:-

ਸੋਰਠਾ॥ ਸਾਖੀ ਸੁਣੋਂ ਸੁਜਾਨ ਦੈਯਾ ਸਿੰਘ ਜੀ ਸੋਫਤੀ। ਤਿਸ ਬੀ ਪ੍ਰਸ਼ਨ ਪ੍ਰਮਾਨ ਕਵਿ ਆਲਮ ਦਿਜ ਪੂਛ ਹੈ। ਸਾਖੀ ਦੈਯਾ ਸਿੰਘ ਸੋਫਤੀ ਤਥਾ ਆਲਮ ਕਵੀ ਪ੍ਰਸ਼ਨ, ਪਰੋਹਤ ਹਜ਼ੂਰ ਕਾ ਲਿਖਜਤੇ॥ਕਬਿਤ॥ ਏਕ ਸਮੇਂ ਦੈਯਾ ਸਿੰਘ ਸੋਫਤੀ ਬੈਠੇ ਦੈਯਾ ਰਾਮ ਪਰੋਹਤ ਜੋ ਆਲਿਮ ਚੰਦ ਆਇਆ ਤਿਸ ਪਾਸ ਜੀ। ਸਮਾਂ ਹੈ ਇਕਾਂਤ ਏਕ ਪ੍ਰਸ਼ਨ ਤੁਝੈ ਪੂਛਤ ਹੋਂ, ਕ੍ਰਿਪਾ ਕੀ ਕਟਾਛ ਦੇਖ ਕੀਜੈ ਪਰਗਾਸ ਜੀ। ਆਦ ਜੋਗ ਗ੍ਰੰਥ ਬਾਣੀ ਨਿਰਗੁਣ ਕੀ ਉਪਮਾ ਭਈ ਸ਼ਕਤਿ ਕੀ ਮਹਿਮਾ ਅਬ ਕੀਨੀ ਬਿਸਵਾਸ ਜੀ। ਤਾਂਤੇ ਤੁਮ ਕਹੋ ਸ਼ਿਵ ਸ਼ਕਤਿ ਮਹਿ ਨਹ ਭੇਦ ਕਛੂ ਕਾਰਨ ਹੈ ਕੌਨ ਸਤਿਗੁਰੂ ਕਰਤੇ ਹੁਲਾਸ ਜੀ॥ਉੱਤਰ॥ ਦੈਯਾ ਸਿੰਘ ਵਾਚ॥ ਸ਼ਿਵ ਸ਼ਕਤੀ ਮਹਿ ਭੇਦ ਨਹ ☞

ਦ੍ਵਿਜ ਦਾ ਅਰਥ ਬ੍ਰਾਹਮਣ ਹੈ। ਹੋਰ ਸੁਤੰਤ੍ਰ ਸੋਮਿਆਂ ਤੋਂ ਆਲਮ ਦੇ ਜਨਮ ਕਰਕੇ ਬ੍ਰਾਹਮਣ ਹੋਣ ਦੀ ਗਵਾਹੀ ਮਿਲਦੀ ਹੈ।

ਸ਼ਿਵ ਸਿੰਘ ਸਰੋਜ ਨੇ ਵੀ ਇਸਨੂੰ ਬ੍ਰਾਹਮਣ ਹੀ ਕਿਹਾ ਹੈ, ਸਨਾਢ ਬ੍ਰਾਹਮਣ। ਹਿੰਦੀ ਸ਼ਬਦ ਸਾਗਰ ਨੇ ਬੀ ਲਿਖਿਆ ਹੈ:- 'ਯੇ ਜਾਤਿ ਕੇ ਬ੍ਰਾਹਮਣ ਥੇ ਅਰ ਸ਼ੇਖ ਨਾਮ ਕੀ ਰੰਗਰੇਜਨ ਕੇ ਪ੍ਰੇਮ ਮੇ ਫਸ ਕਰ ਪੀਛੇ ਸੇ ਯੇ ਮੁਸਲਮਾਨ ਹੋ ਗਏ ਅਰ ਉਸਕੇ ਸਾਥ ਵਿਵਾਹ ਕਰਕੇ ਰਹਿਨੇ ਲਗੇ।

ਗੁਰੂ ਕੀਆਂ ਸਾਖੀਆਂ ਵਿਚ, ਜੈਸੇ ਕਿ ਪਿਛਲੇ ਫੁਟ ਨੋਟ ਵਿਚ ਦਰਜ ਹੈ, ਆਲਮ ਦਾ ਨਾਮ ਆਲਮ ਚੰਦ ਹੈ, ਯਥਾ:-

"ਏਕ ਸਮੇਂ ਦਯਾ ਸਿੰਘ ਸੋਢੀ ਬੈਠੇ ਦਯਾ ਰਾਮ ਪ੍ਰੋਹਤ ਜੋ, 'ਆਲਮ ਚੰਦ' ਆਇਆ ਤਿਸ ਪਾਸ ਜੀ। ਸਮਾਂ ਹੈ ਏਕਾਂਤ ਏਕ ਪ੍ਰਸ਼ਨ ਤੁਝੈ ਪੂਛਤ ਹੌਂ, ਕ੍ਰਿਪਾ ਕੀ ਕਟਾਛ ਦੇਖ ਕੀਜੈ ਪਰਗਾਸ ਜੀ।"

ਗੁਰੂ ਜੀ ਦਾ ਹਜ਼ੂਰੀ ਕਵੀ ਨਾਲੇ 'ਆਲਿਮ ਚੰਦ' ਹੈ ਨਾਲੇ 'ਆਲਮ ਸ਼ਾਹ' ਹੈ। ਨਾਲੇ ਬ੍ਰਾਹਮਣ ਨਾਲੇ ਮੁਸਲਮਾਨ ਹੈ।

ਇਹ ਫਰਕ ਕਿਸ ਤਰ੍ਹਾਂ ਹੱਲ ਹੋ ਸਕਦਾ ਹੈ? ਕੇਵਲ ਏਸੇ ਸਮੱਸਿਆ ਨਾਲ ਕਿ ਆਲਮ ਜਨਮ ਕਰਕੇ ਬ੍ਰਾਹਮਣ ਸੀ, ਇਸ ਦਾ ਨਾਮ ਆਲਮ ਚੰਦ ਸੀ। ਫੇਰ ਇਹ ਸ਼ੇਖ ਲਿਲਾਰਨ ਦੀ ਖਾਤਰ ਮੁਸਲਮਾਨ ਹੋਇਆ ਤਾਂ ਇਸਦਾ ਨਾਮ 'ਆਲਮ ਸ਼ਾਹ' ਹੋਇਆ। ਪਰ ਕਵੀ ਹੋਣ ਕਰਕੇ ਇਹ ਆਪਣੇ ਅੱਧੇ ਨਾਮ ਦੀ ਮੋਹਰ ਛਾਪ ਵਰਤਦਾ ਰਿਹਾ, ਏਸ ਕਰਕੇ ਪ੍ਰਸਿੱਧ ਨਾਮ 'ਆਲਮ' ਹੀ ਰਿਹਾ ਜੋ ਉਸਦਾ ਸ਼ਾਇਰਾਨਾ ਤਖ਼ੱਲਸ ਬਣ ਗਿਆ।

ਗੁਰੂ ਕੀਆਂ ਸਾਖੀਆਂ ਵਿਚ ਜੋ ਕਥਾ ਹੈ ਉਸ ਮੁਤਾਬਿਕ ਆਲਮ ਪ੍ਰਸ਼ਨ ਪੁੱਛਦਾ ਹੈ ਦਯਾ ਸਿੰਘ ਕੋਲੋਂ। ਪ੍ਰਸ਼ਨ ਖੜਗ ਸਿੰਘ ਦੇ ਯੁੱਧ

---

☞ ਬਿਰਛ ਅਰ ਛਾਇਆ ਮਾਹਿ। ਜੁਧ ਦ੍ਰਿੜਾਵਨ ਕਾਰਨੇ ਬਲ ਬਖਸ਼ੇ ਸਿਖ ਮਾਂਹਿ।....ਦੋਹਿਰਾ॥ ਖੜਗ ਸਿੰਘ ਕਾ ਜੁਧ ਜੋ ਦਸਮ ਮੇਂ ਕੀਆ ਬਖਾਨ। ਸਾਸਤ੍ਰ ਮੇਂ ਤੇ ਨਾ ਸੁਨਾ ਤਾਕੋ ਕਰੋ ਬਖਾਨ॥ਉੱਤਰ॥ ਸ਼ਾਸਤ੍ਰ ਕਾ ਬਕਤਾ ਕੋਊ ਟੀਕਾ ਕਰਹੈ ਸੋਇ। ਸਤਿਗੁਰ ਬਾਣੀ ਬ੍ਰਹਮ ਮੇਂ ਟੀਕਾ ਜੁੜਤ ਨ ਕੋਇ॥' (ਗੁਰੂ ਕੀਆਂ ਸਾਖੀਆਂ ਪਤਰਾ ੩੨) (ਖਾਲਸਾ ਸਮਾਚਾਰ, ੧੩ ਦਸੰਬਰ ੧੯੪੫ ਈ:)

ਬਾਬਤ ਹੈ: (ਦੇਖੋ ਪਿਛਲਾ ਫੁਟਨੋਟ)। ਖੜਗ ਸਿੰਘ ਦਾ ਜੁੱਧ ਕੀਹ ਹੈ? ਇਹ ਜੁਧ ਕ੍ਰਿਸ਼ਨਾਵਤਾਰ ਦੇ ਅੰਤਰਰਗਤ ਇਕ ਕਥਾ ਹੈ। ਜੈਸਾ ਕਿ ਅਸੀਂ ਪਿੱਛੇ ਦੱਸ ਆਏ ਹਾਂ ਕਿ ਕ੍ਰਿਸ਼ਨਾਵਤਾਰ ਪਾਉਂਟੇ ਸਾਹਿਬ ਵਿਖੇ ੧੭੪੫ ਬਿਕ੍ਰਮੀ ਨੂੰ ਸਮਾਪਤ ਕੀਤਾ ਗਿਆ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਆਲਮ ੧੭੪੫ ਬਿ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਮੌਜੂਦ ਹੈ। ਕ੍ਰਿਸ਼ਨਾਵਤਾਰ ਤੋਂ ਪਹਿਲੇ ਦਾ ਜੋ ਵੀ ਸਾਹਿਤਜ ਹੈ, ਚਾਹੇ ਗੁਰੂ ਘਰ ਦਾ, ਚਾਹੇ ਬਾਹਰ ਦਾ, ਉਸ ਵਿਚ ਕਿਤੇ ਖੜਗ ਸਿੰਘ ਦੇ ਜੁੱਧ ਦਾ ਨਾਮ ਨਹੀਂ। ਕ੍ਰਿਸ਼ਨਾਵਤਾਰ ਅਨੁਵਾਦ ਹੈ, ਇਸ ਗੱਲ ਦਾ ਜ਼ਿਕਰ ਵੀ ਅਸੀਂ ਪਿੱਛੇ ਕਰ ਆਏ ਹਾਂ। ਜਿਸ ਪੁਸਤਕ ਦਾ ਇਹ ਅਨੁਵਾਦ ਹੈ ਉਹ ਭਾਗਵਤ ਪੁਰਾਣ ਦਾ ਦਸਵਾਂ ਸਕੰਧ ਹੈ[੧]। ਉਸ ਮੂਲ ਵਿਚ ਵੀ ਖੜਗ ਸਿੰਘ ਦਾ ਨਾਮ ਨਹੀਂ।

ਆਲਮ ਦਾ ਏਸ ਬਾਰੇ ਸਵਾਲ ਸੁਭਾਵਕ ਹੈ:-

*ਖੜਗ ਸਿੰਘ ਦਾ ਜੁੱਧ ਜੋ ਦਸਮ ਮੇਂ ਕੀਆ ਬਖਾਨ।*
*ਸ਼ਾਸਤ੍ਰ ਮੇਂ ਤੋ ਨਾ ਸੁਨਾ ਤਾਂਕੋ ਕਰੋ ਬਖਾਨ।*

ਇਹ ਗੱਲਬਾਤ ੧੭੪੫ ਬਿ: ਤੋਂ ਪਿਛੋਂ ਪਾਉਂਟੇ ਸਾਹਿਬ ਵਿਖੇ ਹੋ ਰਹੀ ਹੈ। ਇਹ ਵੀ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਇਹ ੧੭੪੫ ਤੋਂ ਬਹੁਤ ਪਿੱਛੇ ਦਾ ਵਾਕਿਆ ਨਹੀਂ। ਜਿਸ ਵੇਲੇ ਖੜਗ ਸਿੰਘ ਦੀ ਕਥਾ ਰਚੀ ਗਈ ਤਾਂ ਉਸ ਪ੍ਰਸੰਗ ਨੇ ਉਸੇ ਵੇਲੇ ਹੀ ਕਿਸੇ ਪੜਚੋਲ ਹੇਠ ਆਉਣਾ ਸੀ।

ਕ੍ਰਿਸ਼ਨਾਵਤਾਰ ਪਹਿਲੀ ਰਚਨਾ ਹੈ ਜੋ ਦਸਮ ਗ੍ਰੰਥ ਵਿਚ ਤਾਰੀਖਾਂ ਸਹਿਤ ਹੈ, ਪਰ ਇਹ ਜ਼ਰੂਰੀ ਨਹੀਂ ਕਿ ਇਹ ਰਚਨਾ ਬੇਤਾਰੀਖੀ ਚੀਜ਼ਾਂ ਵਿਚੋਂ ਵੀ ਪਹਿਲੇ ਹੋਵੇ। ਇਹ ਜ਼ਿਆਦਾ ਫਬਵੀਂ ਗੱਲ ਲੱਗਦੀ ਹੈ ਕਿ ਇਸ ਤੋਂ ਪਹਿਲੇ 'ਅਕਾਲ ਉਸਤਤਿ' ਦੀ ਰਚਨਾ ਹੋਵੇ। ਇਹ ਰਚਨਾ ਗੁਰੂ ਜੀ ਦੇ ਇਸ਼ਟ ਅਨੁਕੂਲ ਹੈ। ਕ੍ਰਿਸ਼ਨਾਵਤਾਰ ਇਸ਼ਟ ਅਨੁਕੂਲ ਨਹੀਂ। ਕ੍ਰਿਸ਼ਨਾਵਤਾਰ ਵਿਚ ਲਿਖਿਆ ਹੈ:-

---

੧. ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ। (ਕ੍ਰਿਸ਼ਨਾਵਤਾਰ)

 www.sikhbookclub.com

*ਕਿਸ਼ਨ ਬਿਸ਼ਨ ਕਬਹੂੰ ਨਹਿੰ ਧਿਆਊਂ॥*
*ਕਾਨ ਸੁਨੇ ਪਹਿਚਾਨ ਨ ਤਿਨ ਸੋਂ॥*
*ਲਿਵ ਲਾਗੀ ਮੋਰੀ ਪਗ ਇਨ ਸੋਂ॥*
*(ਕ੍ਰਿਸ਼ਨਾਵਤਾਰ)*

'ਇਨਸੋਂ' ਦਾ ਮਤਲਬ ਅਕਾਲ ਪੁਰਖ ਹੈ, ਜਿਸ ਨਾਲ ਲਿਵ ਲੱਗੀ ਹੈ ਤੇ ਜੋ ਗੁਰੂ ਜੀ ਦਾ ਇਸ਼ਟ ਹੈ। ਸੋ ਇਹ ਗੱਲ ਹਰ ਤਰ੍ਹਾਂ ਢੁੱਕਵੀਂ ਲੱਗਦੀ ਹੈ ਕਿ ਅਕਾਲ ਉਸਤਤਿ ਦੀ ਰਚਨਾ ਪਹਿਲੇ ਹੋਈ ਹੋਵੇ। ਇਨ੍ਹਾਂ ਮਜ਼ਮੂਨਾਂ ਦੀ ਲੜੀ ਦੇ ਪਹਿਲੇ ਅੰਕ ਵਿਚ ਮੈਂ ਦੱਸ ਆਇਆ ਹਾਂ ਤੇ ਅਕਾਲ ਉਸਤਤਿ ਦੀ ਇਹ ਤੁਕ ਦੇ ਆਇਆ ਹਾਂ:-

*ਹਾਥੀ ਕੀ ਪੁਕਾਰ ਪਲ ਪਾਛੇ ਪਹੁੰਚਤ ਤਾਂਹਿ,*
*ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤ ਹੈ॥*
*(ਅਕਾਲ ਉਸਤਤਿ)*

ਜਿਸ ਦੇ ਮੁਕਾਬਲੇ ਵਿਚ ਮੈਂ ਸ਼ੇਖ ਦੀਆਂ ਤੁਕਾਂ ਦਿੱਤੀਆਂ ਸਨ ਜੋ ਐਨ ਮਿਲਦੀਆਂ ਜੁਲਦੀਆਂ ਹਨ ਤੇ ਜੋ ਇਹ ਹਨ:-

*ਹਾਥੀ ਕੀ ਹੁੰਕਾਰ ਪਲ ਪਾਛੇ ਪਹੁੰਚਨ ਪਾਵੈ,*
*ਚੀਟੀ ਕੀ ਚਿੰਘਾਰ ਪਹਿਲੇ ਹੀ ਪਹੁੰਚਤ ਹੈ।*
*(ਸ਼ੇਖ)*

ਇਹ ਗੱਲ ਬੁੱਧਿ ਅਨੁਕੂਲ ਲੱਗਦੀ ਹੈ ਕਿ ਸ਼ੇਖ ਦੀਆਂ ਇਹ ਤੁਕਾਂ ਅਕਾਲ ਉਸਤਤਿ ਲਿਖੀ ਜਾਣ ਤੋਂ ਮਗਰੋਂ ਦੀਆਂ ਲਿਖੀਆਂ ਹਨ।

ਇਹ ਗੱਲ ਮੈਂ ਪਿਛੇ ਕਹਿ ਆਇਆ ਹਾਂ ਕਿ ਸ਼ੇਖ ਦਾ ਇਹੋ ਛੰਦ ਗੁਰੂ ਗੋਬਿੰਦ ਸਿੰਘ ਜੀ ਦੇ ਜਿਸ ਛੰਦ ਦੀ ਨਕਲ ਹੈ ਉਸ ਦਾ ਤਾਤਪਰਜ ਪਰਮੇਸ਼ਰ ਦੀ ਉਸਤਤਿ ਹੈ। ਸ਼ੇਖ ਨੇ ਜੋ ਤੁਕਾਂ ਗੁਰੂ ਜੀ ਦੀਆਂ ਲੈਕੇ ਆਪਣਾ ਛੰਦ ਉਚਾਰਿਆ ਉਹ ਗੁਰੂ ਜੀ ਨੂੰ ਸਨਮੁਖ ਕਰਕੇ ਹੀ ਕਹੀਆਂ ਪ੍ਰਤੀਤ ਹੁੰਦੀਆਂ ਹਨ। ਮਲੂਮ ਹੁੰਦਾ ਹੈ ਉਸ ਨੇ ਗੁਰੂ ਜੀ ਉਪਰ ਓਹੋ ਉਸਤਤਿ ਘਟਾਈ ਹੈ ਜੋ ਗੁਰੂ ਜੀ ਨੇ ਅਕਾਲ ਪੁਰਖ ਉਪਰ ਲਾਗੂ ਕੀਤੀ ਸੀ।

 www.sikhbookclub.com

ਸ਼ੇਖ ਦੇ ਏਸ ਛੰਦ ਨੂੰ ਜੇ ਦੇਸ਼ ਕਾਲ ਦੇ ਲਿਹਾਜ਼ ਨਾਲ ਪੜ੍ਹਿਆ ਜਾਵੇ ਤਾਂ ਏਸ ਮੁਤਾਲਿਆ ਵਿਚੋਂ ਵੀ ਕੁਛ ਸਾਰਥਕ ਗੱਲਾਂ ਪੱਲੇ ਪੈ ਸਕਦੀਆਂ ਹਨ। ਮੇਰਾ ਖਿਆਲ ਹੈ ਕਿ ਸਾਰੇ ਹਜ਼ੂਰੀ ਕਵੀਆਂ ਦੀ ਰਚਨਾ ਵਿਚ ਏਸ ਕਿਸਮ ਦੇ ਪੁਰ-ਮਤਲਬ ਝਲਕੇ ਹਨ। ਮਿਸਾਲ ਦੇ ਤੌਰ ਤੇ ਇਹ ਇਕ ਹਜ਼ੂਰੀ ਕਵੀ ਦਾ ਛੰਦ ਹੈ:-

*ਸ੍ਰੀ ਗੁਰ ਗੋਬਿੰਦ ਖੱਗ ਗਹਜੋ,*
*ਅਰਿ ਫੌਜਨ ਕੇ ਇਭ ਸੈਲ ਬਿਭੈਲਹਿ।*
*ਸਾਂਗ ਸੰਭਾਰ ਦਈ ਗਜ ਸੀਸ,*
*ਅਸੀਸ ਦਈ ਹਰਿ ਘੂਮਤ ਗੈਲਹਿ।*
*ਘਾਇਨ ਤੇ ਭਭਕੈ ਨਿਜ ਸ੍ਰੋਨ,*
*ਫੁਹਾਰਨ ਲੌ ਉਪਮਾ ਛਬਿ ਫੈਲਹਿ।*
*ਦੋ ਭੁਜ ਹੇਲ ਮਨੋ ਹਨੁਮਾਨ,*
*ਹਿਲਾਵਤ ਜਾਨ ਸੰਜੀਵਨਿ ਸੈਲਹਿ।*

ਇਸ ਦੇ ਅਰਥ ਹਨ: ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜਦ ਤਲਵਾਰ ਪਕੜੀ ਤਾਂ ਵੈਰੀਆਂ ਨੇ ਫੌਜਾਂ ਦੇ ਅੱਗੇ ਪਹਾੜ ਜੇਡਾ ਹਾਥੀ ਘੱਲਿਆ। (ਏਸ ਹਾਥੀ ਦੇ ਮੁਕਾਬਲੇ ਲਈ ਜਦੋਂ ਇਕ ਸਿਖ ਨੇ) ਸਾਂਗ ਸੰਭਾਲੀ ਤੇ ਹਾਥੀ ਦੇ ਸਿਰ ਵਿਚ ਖੋਭ ਦਿੱਤੀ ਤਾਂ ਹਾਥੀ ਅਸੀਸ ਦੇਕੇ ਪਿੱਛੇ ਮੁੜ ਪਿਆ। ਘਾਵਾਂ ਤੋਂ ਲਹੂ ਐਉਂ ਫੁਟ ਰਿਹਾ ਸੀ ਜਿਸ ਤਰ੍ਹਾਂ ਫੁਹਾਰੇ ਚਲਦੇ ਹਨ। (ਸਾਂਗ ਨੂੰ ਸਿਰ ਵਿਚੋਂ ਬਾਹਰ ਕੱਢਣ ਲਈ) ਸਿਖ ਨੇ ਦੋਹਾਂ ਬਾਹਾਂ ਨਾਲ ਐਸਾ ਹਿਲਾਇਆ ਕਿ ਜਿਸ ਤਰ੍ਹਾਂ ਹਨੂਮਾਨ ਸੰਜੀਵਨੀ ਬੂਟੀ ਦੇ ਪਹਾੜ ਨੂੰ ਹਿਲਾ ਰਿਹਾ ਹੈ।

ਏਸ ਹਜ਼ੂਰੀ ਛੰਦ ਵਿਚ ਸਮੇਂ ਦੀ ਸੂਚਨਾ ਹੈ।

ਇਸ ਦਾ ਬ੍ਰਿਤਾਂਤ ਉਸ ਜੁੱਧ ਨਾਲ ਢੁਕਦਾ ਹੈ ਜੋ ਲੋਹ ਗੜ੍ਹ ਦੇ ਜੰਗ ਨਾਲ ਤਅੱਲਕ ਰੱਖਦਾ ਹੈ। ਇਸ ਲੜਾਈ ਵਿਚ ਬਚਿੱਤ੍ਰ ਸਿੰਘ ਨੇ ਨੇਜ਼ੇ ਨਾਲ ਮਸਤ ਹਾਥੀ ਉਪਰ ਵਾਰ ਕੀਤਾ ਸੀ, ਤੇ ਜ਼ਖਮੀ ਹਾਥੀ ਆਪਣੀਆਂ ਹੀ ਫੌਜਾਂ ਨੂੰ ਲਿਤਾੜਦਾ ਪਿਛਾਂਹ ਨੱਸ ਗਿਆ ਸੀ। ਜੰਗ ਦਾ ਸੰਮਤ ੧੭੫੮ ਬਿ: ਹੈ, ਜਿਸ ਤੋਂ ਅਸੀਂ ਛੰਦ ਦੇ ਰਚੇ ਜਾਣ ਦੇ ਸਮੇਂ ਬਾਬਤ ਨਤੀਜਾ ਕੱਢ ਸਕਦੇ ਹਾਂ।

ਇਕ ਹੋਰ ਛੰਦ ਹੈ:-

*ਤੋਪ ਛੁਟੈ ਗਰਜੈ ਘਨ ਜਜੌਂ,*
*ਲਰਜੇ ਹਿਯਰਾ ਮਾਨੋ ਬਿੱਜ ਕੜੱਕੈ।*
*ਠਉਰ ਰਹੈ ਜਿਹ ਕੇ ਉਰ ਲਾਗਤ,*
*ਹੋਤ ਹੈ ਛਾਤੀ ਕੇ ਪਾਟ ਪੜੱਕੈ।*
*ਯਾ ਬਿਧ ਸੌਂ ਤਹਿੰ ਗੋਲਾ ਚਲੈ,*
*ਟਿਕਹੈ ਨਹੀਂ ਸੂਰਾ ਤਾਹੀ ਕੇ ਧੱਕੈ।*
*ਰਾਜਨ ਕੇ ਅਵਸਾਨ ਗਏ ਜਬ*
*ਆਨੰਦ ਕੋਟ ਤੇ ਤੋਪ ਛੁੜੱਕੈ।* (ਹਜ਼ੂਰੀ ਕਵਿਤਾ)

ਅਨੰਦ ਪੁਰ ਦੇ ਕਿਲ੍ਹੇ ਸੰਮਤ ੧੭੪੬ ਵਿਚ ਤਿਆਰ ਹੋਣੇ ਸ਼ੁਰੂ ਹੋਏ। ਤੋਪਾਂ ਦਾ ਵਰਤਾਉ ਏਸ ਤੋਂ ਬਹੁਤ ਪਿਛੇਰੀ ਚੀਜ਼ ਹੈ।

ਹੁਣ ਅਸੀਂ 'ਸ਼ੇਖ' ਦਾ ਛੰਦ ਲੈਂਦੇ ਹਾਂ:-

*ਪੈਂਡੋ ਸਮ ਸੂਧੋ, ਬੈਂਡੋ ਕਠਨ ਕਿਵਾਰ, ਦ੍ਵਾਰ,*
*ਦ੍ਵਾਰਪਾਲ ਨਹੀਂ ਤਹਾਂ ਸਬਲ ਭਗਤਿ ਹੈ।*
*'ਸ਼ੇਖ' ਭਨਿ ਤਹਾਂ ਮੇਰੋ ਤ੍ਰਿਭਵਨ ਰਾਇ ਹੈ*
*ਜੁ ਦੀਨ ਬੰਧੁ ਸ੍ਵਾਮੀ ਸੁਰਪਤਿਨ ਕੇ ਪਤਿ ਹੈਂ।*
*ਬੈਰੀ ਕੋ ਨ ਬੈਰ ਬੁਰਿਆਈ ਕੋ ਨ ਪਰਵੇਸ਼,*
*ਹੀਨੇ ਕੋ ਹਟਕ ਨਾਹੀਂ ਛੀਨੇ ਕੋ ਸਕਤ ਹੈ।*
*ਹਾਥੀ ਕੀ ਹੁੰਕਾਰ ਪਲ ਪਾਛੇ ਪਹੁੰਚਨ ਪਾਵੈ,*
*ਚੀਟੀ ਕੀ ਚਿੰਘਾਰ ਪਹਿਲੇ ਹੀ ਪਹੁੰਚਤ ਹੈ।*
(ਹਿੰਦੀ ਕੇ ਮੁਸਲਮਾਨ ਕਵੀ)

ਏਸ ਵਿਚ ਜੋ ਜ਼ਿਕਰ ਹੈ, ਉਹ ਸਮੇਂ ਨੂੰ ਨਿਗਾਹ ਵਿਚ ਰੱਖਕੇ, ਸਥਾਨ ਕਰਕੇ ਪਾਉਂਟੇ ਸਾਹਿਬ ਦੀ ਜਗ੍ਹਾ ਨਾਲ ਵਾਰਾ ਖਾਂਦਾ ਹੈ। ਇਸ ਵਿਚ ਜ਼ਿਕਰ ਹੈ: ਉਸਦਾ ਮਾਰਗ ਟੇਢਾ ਤੇ ਕਠਿਨ ਨਹੀਂ ਸਗੋਂ ਸਿੱਧਾ ਹੈ। ਉਸਦੇ ਦਵਾਰੇ ਦਰਬਾਨ ਨਹੀਂ ਪਰ ਬਲਵਾਨ ਭਗਤੀ ਪਹਿਰਾ ਦੇ ਰਹੀ ਹੈ। ਇਹ ਗੱਲਾਂ ਭੰਗਾਣੀ ਦੇ ਜੁੱਧ ਤੋਂ ਪਹਿਲੇ ਦੀਆਂ ਲਗਦੀਆਂ ਹਨ, ਭੰਗਾਣੀ ਦਾ ਜੁੱਧ ੧੭੪੬ ਬਿ: ਵਿਚ ਹੋਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਨਬੰਧ ਵਿਚ ਟੇਢੇ ਮਾਰਗ ਕੀ ਅਰਥ ਰਖਦੇ ਹਨ? ਇਸ ਗੱਲ ਦੀ ਸਾਨੂੰ ਸਮਝ ਤਦ ਪੈ ਸਕਦੀ ਹੈ ਜੇ ਅਸੀਂ ਆਨੰਦ ਪੁਰ ਦਾ ਹਾਲ ਪੜ੍ਹੀਏ। ਉਥੋਂ ਦਾ ਇਕ ਕਿਲ੍ਹਾ, ਜਿਸ ਦਾ ਨਾਮ ਅਨੰਦ ਗੜ੍ਹ ਹੈ ਤੇ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕਰਵਾਇਆ, ਬਹੁਤ ਪੇਚਦਾਰ ਹੈ। ਇਸ ਦੀ ਬਾਉਲੀ ਦੇ ਚੌਤਰਫ਼ੀ ਐਸੀਆਂ ਵਲਦਾਰ ਗੁਪਤ ਕੋਠੀਆਂ ਹਨ ਕਿ ਜਿਨ੍ਹਾਂ ਵਿਚ ਆਦਮੀ ਇਕ ਵੇਰ ਵੜਿਆ ਹੋਇਆ ਬਾਹਰ ਨਿਕਲਨ ਦਾ ਰਸਤਾ ਭੁੱਲ ਜਾਂਦਾ ਹੈ। ਆਨੰਦ ਪੁਰ ਦਾ ਨਗਰ ਪੰਜਾਂ ਕਿਲ੍ਹਿਆਂ (ਫਤਹ ਗੜ੍ਹ, ਅਨੰਦ ਗੜ੍ਹ, ਲੋਹ ਗੜ੍ਹ, ਕੇਸ ਗੜ੍ਹ ਤੇ ਹੋਲ ਗੜ੍ਹ) ਵਿਚ ਘੇਰਿਆ ਹੋਇਆ ਹੈ, ਜਿਨ੍ਹਾਂ ਉਪਰ ਸਖਤ ਪਹਿਰੇ ਰਹਿੰਦੇ ਸਨ। ਪਰ ਇਹ ਗੱਲ ਪਾਉਂਟੇ ਸਾਹਿਬ ਵਿਖੇ ਨਹੀਂ ਸੀ।

ਸ਼ੇਖ ਦੇ ਛੰਦ ਦੇ ਅਰਥ ਜੇ ਅਸੀਂ ਦੇਸ਼ ਅਤੇ ਕਾਲ ਦੇ ਲਿਹਾਜ਼ ਨਾਲ ਕਰੀਏ ਤਾਂ ਪਾਉਂਟੇ ਦਾ ਅਸਥਾਨ ਤੇ ਸੰਮਤ ੧੭੪੫ ਦਾ ਉਰਲਾ ਪਾਸਾ ਨਜ਼ਰੀਂ ਪੈਂਦਾ ਹੈ। ਇਹ ਵਕਤ ਅਤੇ ਅਸਥਾਨ ਦਾ ਓਹੋ ਟਿਕਾਣਾ ਹੈ ਜੋ ਆਲਮ ਦੇ ਦਯਾ ਸਿੰਘ ਕੋਲੋਂ ਖੜਗ ਸਿੰਘ ਦੇ ਯੁੱਧ ਬਾਰੇ ਪ੍ਰਸ਼ਨ ਕਰਨ ਦਾ ਹੈ:-

ਪ੍ਰਸ਼ਨ:- ***ਖੜਗ ਸਿੰਘ ਕਾ ਜੁੱਧ ਜੋ ਦਸਮ ਮੇਂ ਕੀਆ ਬਖਾਨ।***
***ਸ਼ਾਸਤ੍ਰ ਮੇਂ ਤੋ ਨਾ ਸੁਨਾ ਤਾਕੋ ਕਰੋ ਬਖਾਨ।***

ਇਹ ਸਾਰੀ ਬਹਿਸ ਸਾਨੂੰ ਏਸ ਨਤੀਜੇ ਵਲ ਖੜਦੀ ਹੈ ਕਿ ਆਲਮ ਅਤੇ ਉਸਦੀ ਵਹੁਟੀ ਦੋਨੋਂ ੧੭੪੫ ਬਿ: ਦੇ ਲਾਗ ਹਜ਼ੂਰੀ ਦਰਬਾਰ ਵਿਚ ਸਨ ਤੇ ਪਾਉਂਟੇ ਵਿਖੇ ਮੌਜੂਦ ਸਨ।

-o-

# ੧੫. ਆਲਮ ਦੀ ਪੁਸਤਕ ਤੇ ੧੭੫੩ ਬਿ:

**ਆਲਮ** ਦੀ ਆਪਣੀ ਰਚਨਾ 'ਮਾਧਵਾਨਲ ਕਾਮਕੰਦਲਾ' ਵੀ ਸਮੇਂ ਦੇ ਨਿਸ਼ਾਨਾਂ ਤੋਂ ਖਾਲੀ ਨਹੀਂ। ਮੈਂ ਪਿੱਛੇ ਦੱਸ ਆਇਆ ਹਾਂ ਕਿ ਸੰਮਤ ੧੭੫੩ ਬਿਕ੍ਰਮੀ ਵਿਚ ੪੦੪ ਚਰਿਤ੍ਰਾਂ ਵਾਲਾ ਗ੍ਰੰਥ ਰਚਿਆ ਗਿਆ। ਇਹ ਸੰਮਤ ਗ੍ਰੰਥ ਦੇ ਅੰਦਰ ਦਿੱਤਾ ਹੈ। ੪੦੪ ਚਰਿਤ੍ਰਾਂ ਵਿਚੋਂ ੯੧ਵਾਂ ਚਰਿਤ੍ਰ 'ਮਾਧਵਾਨਲ ਕਾਮਕੰਦਲਾ' ਦਾ ਹੈ। ਆਲਮ ਨੇ ਆਪਣਾ ਕਿੱਸਾ ਜੋ ਬਣਾਇਆ ਉਹ ਜੋਧ ਕਵਿ ਦਾ ਉਲਥਾ ਹੈ ਪਰ ਉਹ ਦਸਮ ਗ੍ਰੰਥ ਦੇ ਅਸਰ ਤੋਂ ਖਾਲੀ ਨਹੀਂ। ਕਿਤੇ ਕਿਤੇ ਐਸਾ ਮਲੂਮ ਹੁੰਦਾ ਹੈ ਕਿ ਆਲਮ ਨੇ ਤੁਕ ਦੀ ਤੁਕ ੯੧ਵੇਂ ਚਰਿਤ੍ਰ ਵਿਚੋਂ ਚੁੱਕਕੇ ਵਰਤ ਲੀਤੀ ਹੈ। ਇਸ ਦੀ ਇਕ ਮਿਸਾਲ ਇਹ ਹੈ। ਦਸਮ ਗ੍ਰੰਥ ਵਿਚ ੯੧ ਚਰਿਤ੍ਰ ਦੀ ਪਹਿਲੀ ਚੌਪਈ ਦੀ ਪਹਿਲੀ ਤੁਕ ਇਹ ਹੈ:-

***ਮਧੁਰ ਮਧੁਰ ਧੁਨਿ ਬੇਨ ਬਜਾਵੈ॥***

*(੯੧ਵਾਂ ਚਰਿਤ੍ਰ, ਚੌਪਈ੧)*

ਐਨ ਏਹੋ ਤੁਕ ਆਲਮ ਨੇ 'ਆਪਣੀ ਮਾਧਵਾਨਲ ਕਾਮਕੰਦਲਾ' ਵਿਚ ਵਰਤੀ ਹੈ:-

***ਮਧੁਰ ਮਧੁਰ ਧੁਨਿ ਬੇਨ ਬਜਾਵੇ॥***

*(ਆਲਮ, ਭਸੌੜ ਦੀ ਪੋਥੀ, ਸਫਾ ੧੪, ਸਤਰ ੮)*

ਦੋਹਾਂ ਹਾਲਤਾਂ ਵਿਚ ਹਿਜੇ (spelling) ਇੱਕੋ ਹਨ, ਲਗਾਂ ਮਾਤ੍ਰਾਂ ਹੂਬਹੂ ਇਕੋ ਹਨ, ਕੋਈ ਭਿੰਨ ਭੇਦ ਨਹੀਂ। ਦੋਨੋਂ ਇਕੋ ਗੱਲ ਦਾ ਬਿਆਨ ਕ ਰ

ਰਹੇ ਹਨ ਤੇ ਇਨ੍ਹਾਂ ਤੁਕਾਂ ਵਿਚ ਇਕੋ ਆਦਮੀ ਦੇ ਬੇਨ ਬਜਾਉਣ ਦਾ ਜ਼ਿਕਰ ਹੈ।

ਪਾਠਕਾਂ ਨੂੰ ਪਤਾ ਹੈ ਕਿ ਆਲਮ ਦੀ ਪੁਸਤਕ ਵਿਚ ਸੰਸਕ੍ਰਿਤ ਗ੍ਰੰਥ ਦੇ ਅਨੁਵਾਦ ਤੋਂ ਇਲਾਵਾ ਹੋਰ ਵੀ ਤੱਤ ਰਲੇ ਹੋਏ ਹਨ, ਜਿਨ੍ਹਾਂ ਦਾ ਜ਼ਿਕਰ ਉਸ ਨੇ ਆਪ ਕੀਤਾ ਹੈ ਤੇ ਕਿਹਾ ਹੈ:

*'ਕਛੁ ਅਪਣੀ ਕਛੁ ਪਰ ਕੀ ਚੋਰੀ।'*

ਉਸਦੀ ਚੋਰੀ ਕੇਵਲ ਆਦਿ ਗ੍ਰੰਥ ਵਿਚੋਂ ਹੀ ਨਹੀਂ ਸੀ, ਪ੍ਰੰਤੂ ਦਸਮ ਗ੍ਰੰਥ ਵਿਚੋਂ ਵੀ ਸੀ। ਅਸੀਂ ਏਸ ਗੱਲ ਨੂੰ ਜ਼ਰਾ ਹੋਰ ਸਪਸ਼ਟ ਕਰਨਾ ਚਾਹੁੰਦੇ ਹਾਂ। ਦਸ਼ਮ ਗ੍ਰੰਥ ਵਿਚ ਤੁਕਾਂ ਹਨ:-

*ਚੌਪਈ-*
*ਖੰਡ ਖੰਡ ਕੇ ਤੀਰਥ ਕਰਿ ਹੌਂ।*
*ਬਾਰ ਅਨੇਕ ਆਗ ਮੈਂ ਬਰਿ ਹੌਂ।*
*ਕਾਸ਼ੀ ਬਿਖੈ ਕਰਵਤਹਿ ਪੈਂ ਹੌਂ।*
*ਢੂੰਢਿ ਮੀਤ ਕੋ ਤਊ ਲੈ ਹੌਂ।੨੮।*

*(੯੧ ਚਰਿਤ੍ਰ)*

ਆਲਮ ਨੇ ਇਹ ਤੁਕਾਂ ਹੂਬਹੂ ਲੈ ਲੀਤੀਆਂ ਹਨ। ਉਸਦੀ ਪੋਥੀ ਵਿਚ ਇਹ ਇਸ ਤਰ੍ਹਾਂ ਆਈਆਂ ਹਨ:

*ਦੋਹਿਰਾ-*
*ਖੰਡ ਖੰਡ ਤੀਰਥ ਕਰਉਂ ਕਾਸ਼ੀ ਕਰਵਤ ਲੇਉਂ।*
*ਮਨ ਇਛਾ ਕਰ ਮਰ ਜਰਉਂ ਢੂੰਢਿ ਮੀਤ ਤੁਹਿ ਲੇਉਂ॥੧੪੪॥*

*(ਮਾਧਾਵਾਨਲ ਕਾਮਕੰਦਲਾ, ਭਸੌੜ ਐਡੀਸ਼ਨ)*

ਜੇ ਕੋਈ ਪਾਠਕ ਇਨ੍ਹਾਂ ਦੋਹਾਂ ਦੇ ਮੁਕਾਬਲੇ ਵਿਚ ਕੋਈ ਫ਼ਰਕ ਦੇਖੇ ਤਾਂ ਉਹ ਇਹ ਗੱਲ ਵੀ ਧਿਆਨ ਵਿਚ ਰਖੇ ਕਿ ਦਸਮ ਗ੍ਰੰਥ ਦੀ ਤੁਕ ਦਾ ਛੰਦ ਚੌਪਈ ਹੈ। ਆਲਮ ਏਸ ਚੌਪਈ ਨੂੰ ਦੋਹਿਰੇ ਦੇ ਸੱਚੇ ਵਿਚ ਢਾਲਦਾ ਹੈ। ਛੰਦ ਦਾ ਸੱਚਾ ਬਦਲ ਜਾਣ ਨਾਲ ਵੀ ਫੇਰ ਇਹ ਤੁਕਾਂ ਐਤਨੀਆਂ ਮਿਲਦੀਆਂ ਹਨ ਕਿ ਆਦਮੀ ਇਹ ਕਹੇ ਬਗੈਰ ਰਹਿ ਨਹੀਂ ਸਕਦਾ ਕਿ ਇਨ੍ਹਾਂ ਦਾ ਮਿਲਾਨ ਕੋਈ ਅਕਸਮਾਤ (by chance) ਗੱਲ ਨਹੀਂ, ਜ਼ਰੂਰ ਇਕ ਨਕਲ ਹੈ। ਪਰ ਨਕਲ ਕੌਣ ਕਰ ਰਿਹਾ ਹੈ? ਓਹੋ ਹੀ, ਜੋ ਆਪਣੇ ਮੂੰਹੋਂ ਉਸੇ ਪੋਥੀ ਵਿਚ ਕਹਿ ਰਿਹਾ ਹੈ:

*ਕਛੁ ਅਪਨੀ ਕਛੁ ਪਰ ਕੀ ਚੋਰੀ।*
*ਜਥਾ ਸ਼ਕਤਿ ਯਹ ਹੈ ਮਤ ਮੋਰੀ।*

*(ਆਲਮ)*

ਏਸ ਤਰ੍ਹਾਂ ਦਸਮ ਗ੍ਰੰਥ ਦੇ ੯੧ਵੇਂ ਚਰਿਤ੍ਰ ਵਿਚੋਂ ਕਈ ਹੋਰ ਤੁਕਾਂ ਹਨ ਜੋ ਆਲਮ ਅਪਣਾਉਂਦਾ ਹੈ ਪਰ ਛੰਦ ਬਦਲ ਕੇ। ਆਲਮ ਜਿਸ ਵੇਲੇ ਚੌਪਈ ਨੂੰ ਮੇਟ ਕੇ ਉਸ ਦੀ ਸ਼ਬਦ ਸਾਮਿੱਗਰੀ ਤੋਂ ਦੋਹਾ ਘੜਦਾ ਹੈ ਤਾਂ ਅਸਲ ਨਾਲ ਮੁਕਾਬਲਾ ਹੂਬਹੂ ਰਹਿੰਦਾ ਹੈ, ਪਰ ਜਿਸ ਵੇਲੇ ਉਹ ਅਸਲ ਦੇ ਦੋਹੇ ਨੂੰ ਮੇਟਦਾ ਹੈ ਤੇ ਉਸਦੀ ਸ਼ਬਦ ਸਾਮ੍ਰਿਗੀ ਤੋਂ ਆਪਣੀ ਚੌਪਈ ਘੜਦਾ ਹੈ ਤਾਂ ਸ਼ਕਲ ਵਿਚ ਫਰਕ ਵਧੇਰੇ ਹੋ ਜਾਂਦਾ ਹੈ, ਪਰ ਤਦ ਵੀ ਉਨ੍ਹਾਂ ਦੀ ਪਰਸਪਰ ਨੁਹਾਰ ਇਤਨੀ ਮਿਲਦੀ ਹੈ ਕਿ ਉਨ੍ਹਾਂ ਨੂੰ ਅਸਲ ਤੇ ਨਕਲ ਸਿੱਧ ਕਰਨ ਵਿਚ ਕੋਈ ਮੁਸ਼ਕਲ ਨਹੀਂ ਪੈਂਦੀ। ੯੧ ਚਰਿਤ੍ਰ ਵਿਚ ਦੋਹਾ ਹੈ:

*ਸਾਚ ਕਹਤ ਹੈ ਬਿਰਹਨੀ ਰਹੀ ਪ੍ਰੇਮ ਸੌਂ ਪਾਗਿ॥*
*ਡਰਤ ਬਿਰਹ ਕੀ ਅਗਨਿ ਸੌਂ ਜਰਤ ਕਾਠ ਕੀ ਆਗਿ॥੩੨॥*
*(ਦਸਮ ਗ੍ਰੰਥ)*

ਆਲਮ ਨੇ ਇਸ ਦੋਹੇ ਤੋਂ ਜੋ ਚੌਪਈ ਘੜੀ ਉਹ ਇਹ ਹੈ:-

*ਬਿਰਹ ਸਾਸ ਹੀਅਰੈ ਜੋ ਬਾਢੈ।*
*ਛਿਨ ਛਿਨ ਆਹਿ ਆਹਿ ਮੁਖ ਕਾਢੈ।*
*ਛਿਨ ਬੈਰਾਗ ਬੀਨ ਬਜਾਵੈ।*
*ਸੂਕੇ ਕਾਠ ਅਗਨਿ ਜਲ ਜਾਵੈ॥੧੬੩॥*
*(ਮਾਧਵਾਨਲ ਕਾਮਕੰਦਲਾ, ਭਸੌੜ ਐਡੀਸ਼ਨ)*

ਇਸੇ ਤਰ੍ਹਾਂ ਕਈ ਹੋਰ ਦ੍ਰਿਸ਼ਟਾਤ ਪੇਸ਼ ਕੀਤੇ ਜਾ ਸਕਦੇ ਹਨ।

ਇਨ੍ਹਾਂ ਤੁਕਾਂ ਦੇ ਮਿਲਾਨ ਤੋਂ ਇਲਾਵਾ ਇਕ ਗੱਲ ਹੋਰ ਹੈ। ਮਾਧਵਾਨਲ ਕਾਮਕੰਦਲਾ ਦਾ ਕਿੱਸਾ ਅਨੇਕ ਕਵੀਆਂ ਨੇ ਵੱਖੋ ਵੱਖ ਸਮਿਆਂ ਵਿਚ ਲਿਖਿਆ ਹੈ। ਮੈਨੂੰ ਇਨ੍ਹਾਂ ਵਿਚੋਂ ਕਈ ਇਕ ਦੇਖਣ ਦਾ ਇਤਫ਼ਾਕ ਹੋਇਆ ਹੈ, ਜਿਨ੍ਹਾਂ ਵਿਚੋਂ ਕੁਛ ਨੂੰ ਜ਼ਰਾ ਡੂੰਘੀ ਮੁਤਾਲਿਆ ਨਾਲ ਦੇਖਿਆ ਹੈ।

ਮੇਰੀ ਰਾਇ ਛੇਕੜ ਏਹੋ ਹੋਈ ਕਿ ਕਹਾਣੀ ਚਾਹੇ ਸਾਰਿਆਂ ਦੀ ਇਕੋ ਹੈ ਪਰ ਉਸ ਇਕੋ ਕਹਾਣੀ ਦੀ ਫਰੇਮ ਦੇ ਅੰਦਰ ਅੰਦਰ ਤਰਜ਼ ਅਤੇ ਵਿਸਥਾਰ ਦੀ ਐਸੀ ਵਿਭਿੰਨਤਾ ਹੈ ਜੋ ਇਕ ਲਿਖਾਰੀ ਨੂੰ ਦੂਜੇ ਕੋਲੋਂ ਨਿਖੇੜਦੀ ਹੈ। ਇਨ੍ਹਾਂ ਨਿਖੇੜਵੀਆਂ ਗੱਲਾਂ ਦੇ ਸਾਂਝੇ ਮੁਕਾਬਲੇ ਤੋਂ

ਹੀ ਅਸੀਂ ਸਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਲਿਖਾਰੀਆਂ ਦੇ ਪਰਸਪਰ ਪ੍ਰਭਾਵਾਂ ਨੇ ਕਿਸ ਤਰ੍ਹਾਂ ਕੰਮ ਕੀਤਾ ਹੈ ਤੇ ਕੌਣ ਕਿਸਦਾ ਦੇਣਦਾਰ ਹੈ ਤੇ ਕਿਸ ਹੱਦ ਤੱਕ ਹੈ?

ਜਿਸ ਵੇਲੇ ਆਲਮ ਨੂੰ ੯੧ਵੇਂ ਚਰਿਤ੍ਰ ਦੇ ਮੁਕਾਬਲੇ ਉਪਰ ਰੱਖਕੇ ਪੜ੍ਹੀਏ ਤਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਆਲਮ ਕਈ ਗੱਲਾਂ ਵਿਚ, ਜਿਨ੍ਹਾਂ ਵਿਚ ਜਦ ਉਹ ਜੋਧ ਦੀ ਛਾਯਾ ਤੋਂ ਪਰੇ ਜਾਂਦਾ ਹੈ, ਤਾਂ ਉਹ ਦਸਮ ਗ੍ਰੰਥ ਦੀ ਸ਼ਰਨ ਲੈ ਰਿਹਾ ਹੈ। ਇਸ ਦੀ ਵੱਡੀ ਮਿਸਾਲ ਇਹ ਹੈ:

ਮਾਧਵਾਨਲ ਦੀ ਮੁੱਖ ਕਹਾਣੀ ਤਾਂ ਸੰਖੇਪ ਰੂਪ ਵਿਚ ਇਸ ਤਰ੍ਹਾਂ ਟੁਰਦੀ ਹੈ: ਕਿ ਪੁਹਪਵਤੀ ਨਗਰੀ ਵਿਚ ਇਕ ਰਾਜਾ ਗੋਬਿੰਦ ਚੰਦ ਰਹਿੰਦਾ ਸੀ। ਉਸ ਦੇ ਰਾਜ ਵਿਚ ਇਕ ਮਾਧਵਾਨਲ ਨਾਮੀ ਬ੍ਰਾਹਮਣ ਸੀ ਜੋ ਹਰ ਪ੍ਰਕਾਰ ਦੀ ਵਿਦਿਆ ਪੜ੍ਹਿਆ ਹੋਇਆ ਸੀ। ਬੇਨ ਉਹ ਐਸੀ ਵਜਾਉਂਦਾ ਸੀ ਕਿ ਜੋ ਇਸਤ੍ਰੀ ਸੁਣ ਲਵੇ ਮੋਹਿਤ ਹੋ ਜਾਂਦੀ ਸੀ। ਨਗਰ ਵਾਸੀ ਏਸ ਗਲ ਤੋਂ ਦੁਖੀ ਹੋਕੇ ਰਾਜੇ ਕੋਲ ਫਰਿਯਾਦ ਲੈਕੇ ਗਏ। ਰਾਜੇ ਨੇ ਇਹ ਸ਼ਿਕਾਇਤ ਸੁਣਕੇ ਮਾਧਵਾਨਲ ਦੀ ਪ੍ਰੀਛਾ ਲੀਤੀ ਤੇ ਉਸ ਨੂੰ ਨਗਰ ਤੋਂ ਕੱਢ ਦਿੱਤਾ। ਰਾਜੇ ਨੇ ਪ੍ਰੀਛਾ ਕੀ ਲੀਤੀ? ਇਸ ਦੀ ਤਫਸੀਲ ਜੋਧ ਕਵਿ ਨੇ ਨਹੀਂ ਦਿੱਤੀ ਹੋਰ ਵੀ ਬਹੁਤੇ ਗ੍ਰੰਥਾਂ ਨੇ ਨਹੀਂ ਦਿੱਤੀ। ਪਰ ਦਸਮ ਗ੍ਰੰਥ ਨੇ ਏਸ ਪ੍ਰੀਛਾ ਦੀ ਖਾਸ ਤਫਸੀਲ ਦਿੱਤੀ ਹੈ। ਇਹੋ ਤਫਸੀਲ ਆਲਮ ਨੇ ਆਪਣੀ ਪੋਥੀ ਵਿਚ ਦਰਜ ਕੀਤੀ ਹੈ। ਦਸਮ ਗ੍ਰੰਥ ਵਿਚ ਪਰੀਛਾ ਦਾ ਵਿਰਤਾਂਤ ਇਹ ਹੈ:-

*ਤੌਰ ਰਾਵ ਤਬ ਜਲਜ ਮੰਗਾਏ।*
*ਭਾਂਤਿ ਬਿਛੌਨਾ ਕੀ ਬਿਛਵਾਏ।*
*ਸਕਲ ਸਖੀ ਤਿਹ ਪਰ ਬੈਠਾਈ।*
*ਭਾਂਤਿ ਭਾਂਤਿ ਕੀ ਪ੍ਰਭਾ ਬਨਾਈ।*
*ਮਾਧਵਨਲ ਕੌ ਬੋਲ ਪਠਾਇਸ।*
*ਤਵਨ ਸਭਾ ਭੀਤਰ ਬੈਠਾਇਸ।*
*ਰੀਝ ਬਿਪ੍ਰ ਤਬ ਬੇਨ ਬਜਾਈ।*
*ਸਭ ਇਸਤ੍ਰਿਨ ਕੇ ਚਿੱਤ ਲੁਭਾਈ।*

*ਦੋਹਰਾ–*
*ਸਭ ਅਬਲਾ ਮੋਹਿਤ ਭਈ ਨਾਦ ਸ੍ਰਵਨ ਸੁਨ ਪਾਇ।*
*ਸਭਹਿਨ ਕੇ ਤਨ ਸੋਂ ਗਏ ਕਮਲ ਪਤ੍ਰ ਲਪਟਾਇ॥*
*(੯੧ ਚਰਿਤ੍ਰ)*

ਆਲਮ ਨੇ ਇਹ ਬਿਰਤਾਂਤ ਐਉਂ ਦਿਤਾ ਹੈ:–

*ਤਦ ਰਾਜਾ ਪਰਤੱਗਿਆ ਲੇਈ।*
*ਕਮਲ ਪਤ੍ਰ ਬੈਠਨ ਕਉ ਦੇਈ।*
*ਮਾਧਵਨਲ ਬੀਨਾ ਕਰ ਗਹਈ।*
*ਦ੍ਰਵੈ ਮਦਨ ਧੀਰਜ ਨ ਰਹਈ।*
*ਮਾਧਵਨਲ ਬਿਪ ਨਾਦ ਅਸ ਗਹਈ।*
*ਦੋਹਿਰਾ–*
*ਤਬ ਰਾਜੇ ਆਗਿਆ ਕਰੀ ਚੇਰੀ ਦਈ ਉਠਾਇ।*
*ਸਭਹੂੰ ਕੇ ਪਾਛੈ ਚਲੇ ਕਵਲ ਪਤ੍ਰ ਲਪਟਾਇ॥੨੬॥*
*(ਭਸੌੜ ਐਡੀਸਨ)*

ਦੋਹਾਂ ਗ੍ਰੰਥਾਂ ਦੀ ਸਿਰਫ ਇਹ ਕਹਾਣੀ ਹੀ ਇਕ ਨਹੀਂ, ਬਿਆਨ ਦਾ ਤਰਜ਼ ਵੀ ਇਕ ਹੈ। ਦੋਹਰੇ ਦੇ ਛੇਕੜਲੇ ਲਫਜ਼ ਐਨ ਮਿਲਦੇ ਹਨ ਜੋ ਇਹ ਹਨ 'ਕਵਲ ਪਤ੍ਰ ਲਪਟਾਇ'।

ਪ੍ਰੀਛਾ ਦੀ ਖਾਸ ਇਹ ਛੋਟੀ ਕਹਾਣੀ ਕਾਮ ਕੰਦਲਾ ਦੀ ਕਥਾ ਵਿਚ ਹੋਰ ਕਿਸੇ ਪ੍ਰਾਚੀਨ ਗ੍ਰੰਥ ਵਿਚ, ਜੋ ਮੇਰੀ ਨਜ਼ਰੋਂ ਲੰਘੇ ਹਨ, ਇਉਂ ਨਹੀਂ ਦੇਖੀ ਗਈ। ਹਾਂ ਇਕ ਪੁਸਤਕ ਵਿਚ ਹੈ ਪਰ ਜੋ ਨਵੀਨ ਹੈ ਤੇ ਲਿਖਾਰੀ ਗੁਰੂ ਘਰ ਨਾਲ ਸੰਬੰਧਤ ਹੈ ਤੇ ਜਿਸਦਾ ਜ਼ਿਕਰ ਮੈਂ ਅੱਗੇ ਚੱਲਕੇ ਕਰਾਂਗਾ।

ਮੈਂ ਕਹਿ ਆਇਆ ਹਾਂ ਕਿ ਜੋਧ ਨੇ ਇਹ ਛੋਟੀ ਕਹਾਣੀ ਬਿਲਕੁਲ ਨਹੀਂ ਲਿਖੀ। ਉਸ ਨੇ ਕੇਵਲ ਇਸ਼ਾਰਾ ਹੀ ਦਿੱਤਾ ਹੈ ਕਿ ਰਾਜੇ ਨੇ ਪ੍ਰੀਛਾ ਕੀਤੀ ਤੇ ਮਾਧਵਾਨਲ ਨੂੰ ਕੱਢ ਦਿਤਾ। ਇਕ ਗ੍ਰੰਥ ਹੋਰ ਹੈ ਜਿਸ ਨੇ ਪ੍ਰੀਛਾ ਦੀ ਕਹਾਣੀ ਤਾਂ ਲਿਖੀ ਹੈ ਪਰ ਤਫਸੀਲ ਹੋਰ ਤਰ੍ਹਾਂ ਦਿਤੀ ਹੈ, ਉਸ ਨੇ ਕੇਵਲ ਪਤ੍ਰ ਦੀ ਥਾਂ ਕਾਲੇ ਤਿਲਾਂ ਦਾ ਜ਼ਿਕਰ ਕੀਤਾ ਹੈ: ਤੇ ਲਿਖਿਆ ਹੈ:–

*ਵਜਾਸ ਮਿਸੀਂ ਛਿਣ ਵੰਚਵਾ, ਮਾਹਿ ਮਾਧਵ ਲੀਧ।*
*ਮਨਿ ਸੰਭਲਵਾ ਮਹਿਲ-ਨਇੰ, ਚਿੰਤ ਚਤੁਰਾਈ ਕੀਧ॥੨੫੬॥*
*ਕਾਲਾ ਤਿਲ ਪਥਰਾਵੀਯਾ, ਰਾਇੰ ਵਾਰੁ ਜਾਗੀਸ।*
*ਤਿਹਾਂ ਬਇਸਾਰੀ ਤਾਰੁਣੀ, ਪਟਰਾਣੀ ਪਣ ਵੀਸ॥੨੫੭॥*
*ਮਾਧਵਨਲ ਮੁਖ ਦੇਖਤਾਂ, ਮਹਿਲਾ ਪਾਮੀ ਮੋਹ।*
*ਭੁਜ ਕਾਂਪਇ ਭਜਵਾ-ਭਣੀ, ਰਾਯ ਕਰੇਵਾ ਦ੍ਰੋਹ॥੨੫੮॥...*
*ਪ੍ਰਮੁਦਾ ਪਾਛਲਿ ਪਣਿ ਘਣਾ ਤਿਲ ਵਲਗਾ ਤਤਕਾਲ।*
*ਵਾਧੀ ਘਣੀ ਵਿਲੋਕਤਾਂ, ਨ੍ਰਿਪ-ਪੰਜਰ-ਮਾਂਹਿ ਝਾਲ॥੨੬੪॥*
*(ਮਾਧਵਾਨਲ ਕਾਮਕੰਦਲਾ ਕਵਿ ਗਣਪਤਿ ਵਿਰਚਿਤ)*

ਇਸੇ ਤਰ੍ਹਾਂ ਇਕ ਹੋਰ ਲੇਖਕ ਨੇ ਇਸ ਪ੍ਰੀਛਜਾ ਦਾ ਜ਼ਿਕਰ ਕੀਤਾ ਹੈ ਪਰ ਉਸ ਨੇ ਬੀ 'ਕਾਲਾ ਤਿਲ' ਹੀ ਲਿਖਿਆ ਹੈ:-

*ਕਾਲਾ ਤੀਲ ਪਥਰਾਵੀਆ, ਪਹਿਰਣਿ ਰਾਤਾਂ ਚੀਰ।*
*ਰਾਣੀ ਸਵਿ ਬਇਸਾਰੀਆਂ, ਤੇਡਜਉ ਮਾਧਵ ਵੀਰ॥੬੯॥*
*ਵੇਣਾ-ਵੰਸ ਵਜਾਵਤੂ, ਆਲਵਤੂ ਸ੍ਰਰ ਮੁਖ।*
*ਨਾਰੀ ਸਹੁ ਜੋਇ ਰਹੀ, ਮਿਲਇ ਨਹੀ ਤੇ ਚੂਕ॥੭੦॥*
*(ਮਾਧਵਾਨਲ ਕਥਾ, ਕਵਿ ਦਾਮੋਦਰ ਵਿਰਚਿਤ।)*

'ਅਨੰਦ ਧਰ' ਨੇ ਆਪਣੀ ਸੰਸਕ੍ਰਿਤ ਪੁਸਤਕ 'ਮਾਧਵਾਨਲਾ ਖਜਾਨਮ' ਵਿਚ ਵੀ ਏਸ ਪ੍ਰੀਛਾ ਦੀ ਕਹਾਣੀ ਲਈ ਤਿਲ ਹੀ ਵਰਤੇ ਹਨ। ਫਰਕ ਇਤਨਾ ਹੈ ਕਿ ਹੋਰਨਾਂ ਨੇ 'ਕਾਲੇ ਤਿਲ' ਕਹੇ ਹਨ ਪਰ ਅਨੰਦ ਧਰ ਨੇ ਸਿਰਫ 'ਤਿਲ' ਕਹੇ ਹਨ, ਕਾਲੇ ਚਿੱਟੇ ਦਾ ਫਰਕ ਨਹੀਂ ਕੀਤਾ।

ਇਨ੍ਹਾਂ ਉਪਰਲੇ ਤਿੰਨ ਗ੍ਰੰਥਾਂ ਨੂੰ ਛੱਡਕੇ ਜੋ ਗਾਇਕਵਾੜ ਓਰੀਅੰਟਲ ਸੀਰੀਜ਼ ਨੰ: ੯੩ ਵਿਚ ਸੰਚਿਤ ਛਪੇ ਹਨ, ਚੌਥਾ ਇਕ ਹੋਰ ਇਸੇ ਸੰਚੇ ਵਿਚ ਹੈ 'ਮਾਧਵਾਨਲ ਕਾਮਕੰਦਲਾ ਚਉਪਈ, ਵਾਚਕ ਕੁਸ਼ਲ ਲਾਭ ਵਿਰਿਚਤ' ਜਿਸਨੇ ਇਹ ਕਹਾਣੀ ਨਹੀਂ ਦਿੱਤੀ ਜੈਸਾ ਕਿ ਜੋਧ ਨੇ ਨਹੀਂ ਦਿਤੀ।

ਨਾ ਹੀ ਇਹ ਕਹਾਣੀ ਲੱਲੂ ਜੀ ਲਾਲ ਅਨੁਵਾਦਿਤ ਸਿੰਹਾਸਨਦ੍ਵਾਤ੍ਰਿੰਸ਼ਕਾ ਵਿਚ ਹੈ, ਜਿਸ ਲੜੀ ਵਿਚ ਇਕੀਵੀਂ ਕਥਾ

ਮਾਧਵਾਨਲ ਕਾਮਕੰਦਲਾ ਦੀ ਹੈ। ਹਾਂ, 'ਬਿਰਹ ਵਾਰੀਸ਼' ਵਿਚ ਪ੍ਰੀਖਿਆ ਦੀ ਇਕ ਕਥਾ ਦਿੱਤੀ ਹੈ ਪਰ ਉਸਦਾ ਰੰਗ ਢੰਗ ਬਿਲਕੁਲ ਹੀ ਵੱਖਰਾ ਹੈ, ਉਸ ਵਿਚ ਨਾ ਤਾਂ ਕਵਲ ਪਤ੍ਰਾਂ ਦਾ ਜ਼ਿਕਰ ਹੈ ਕਾਲੇ ਤਿਲਾਂ ਦਾ। ਉਸ ਵਿਚ ਇਹ ਦੱਸਿਆ ਹੈ ਕਿ ਰਾਜੇ ਨੇ ਮਾਧਵਾਨਲ ਦੀ ਪ੍ਰੀਖਜਾ ਲਈ ਆਪਣੇ ਅਖਾੜੇ ਦੀਆਂ ੧੬ ਇਸਤ੍ਰੀਆਂ ਬੁਲਾਈਆਂ।

*ਰਹੈਂ ਅਖਾੜੇ ਨ੍ਰਿਪਤ ਕੇ ਖੋੜਸ਼ ਬਾਲਾ ਤੇਹ।*
*ਅੰਤਰ ਕਪਾਟ ਲਗਵਾਇਕੇ ਨ੍ਰਿਪ ਬੁਲਵਾਈਂ ਏਹ।*

ਜਿਸ ਵੇਲੇ ਮਾਧਵ ਨੇ ਬੇਨ ਬਜਾਈ ਤਾਂ ਇਨ੍ਹਾਂ ਉਪਰ ਬਹੁਤ ਅਸਰ ਹੋਇਆ ਤੇ ਬਿਆਕੁਲ ਹੋ ਗਈਆਂ, ਧੀਰਜ ਛੁਟ ਗਿਆ। ਉਨ੍ਹਾਂ ਵਿਚੋਂ ਇਕ ਨੇ ਹੈਰਾਨ ਹੋਕੇ ਆਪਣੇ ਹੱਥ ਦੀ ਉਂਗਲੀ ਦੰਦਾਂ ਵਿਚ ਚਿੱਥ ਸੁੱਟੀ।

*ਬਾਲਾ ਏਕ ਰੂਪ ਮੰਜਰੀ। ਤਾਨੇ ਏਕ ਚਾਤੁਰੀ ਕਰੀ।*
*ਅਪਨੇ ਕਰ ਕੀ ਉਂਗਲੀ ਲੀਨੀ। ਸੋ ਲੈਕੇ ਦਸ਼ਨਨ ਵਿਚ ਦੀਨੀ।*
*ਬੜੀ ਪੀਰ ਤਾਕੇ ਤਨ ਬਾਢੀ। ਸੋ ਨਾ ਬਾਲ ਬਿਰਹ ਤਨ ਬਾਢੀ।*

ਇਹ ਸਾਰੀ ਖੋਜ ਸਾਨੂੰ ਏਸ ਸਿੱਟੇ ਵਲ ਖੜਦੀ ਹੈ ਕਿ ਆਲਮ ਦੀ ਪੁਸਤਕ ਮਾਧਵਾਨਲ ਕਾਮਕੰਦਲਾ ਵਿਚ ਕੁਛ ਮਸਾਲਾ ਐਸਾ ਦਰਜ ਕੀਤਾ ਗਿਆ ਹੈ ਜੋ ੪੦੪ ਚਰਿਤ੍ਰਾਂ ਵਿਚ ਹੈ ਤੇ ਜੋ ਹੋਰ ਕਿਤੇ ਨਹੀਂ। ੪੦੪ ਚਰਿਤ੍ਰਾਂ ਦਾ ਸੰਮਤ ੧੭੫੩ ਬਿ: ਹੈ, ਜੈਸਾ ਕਿ ਅਸੀਂ ਪਿਛੇ ਪ੍ਰਮਾਣ ਦੁਆਰਾ ਦੱਸ ਆਏ ਹਾਂ। ਇਸ ਤੋਂ ਇਹੋ ਨਤੀਜਾ ਨਿਕਲਦਾ ਹੈ ਕਿ ਆਲਮ ਦੀ ਰਚਨਾ ਕਿਸੇ ਸੂਰਤ ਵੀ ੧੭੫੩ ਬਿ: ਤੋਂ ਪਹਿਲੇ ਦੀ ਨਹੀਂ। ਉਸ ਤੋਂ ਪਿਛੋਂ ਦੀ ਹੈ।

੪੦੪ ਚਰਿਤ੍ਰਾਂ ਤੋਂ ਸਿਵਾ ਦਸਮ ਗ੍ਰੰਥ ਦੇ ਅੰਤਰਗਤ ਇਕ ਹੋਰ ਗ੍ਰੰਥ ਹੈ, ਜਿਸ ਨਾਲ ਆਲਮ ਦੇ ਮੁਕਾਬਲੇ ਤੋਂ ਸਾਰਥਕ ਗੱਲਾਂ ਪੱਲੇ ਪੈ ਸਕਦੀਆਂ ਹਨ, ਉਹ ਹੈ, 'ਬਚਿੱਤ੍ਰ ਨਾਟਕ'। ਏਸ ਗੱਲ ਉਪਰ ਖ਼ਾਲਸਾ ਸਮਾਚਾਰ ਦਾ ਇਕ ਐਡੀਟੋਰੀਅਲ ਛਪ ਚੁਕਾ ਹੈ। ਕਿਉਂਕਿ ਉਹ ਮਜ਼ਮੂਨ ਸਾਡੇ ਐਸ ਵੇਲੇ ਦੇ ਛੇੜੇ ਵਿਸ਼ਯ ਦੀ ਇਕ ਸੰਗਲੀ ਹੈ, ਇਸ ਲਈ ਉਸਨੂੰ ਏਥੇ ਦੁਹਰਾਇਆ ਜਾਂਦਾ ਹੈ:-

"ਹਿੰਦੀ ਦਾ ਇਕ ਪਦ ਹੈ 'ਪਾਖਰ'। ਇਸ ਦੇ ਅਰਥ ਹਨ 'ਲੋਹੇ ਦਾ ਝੁੱਲ' ਜੋ ਯੁੱਧ ਵੇਲੇ ਰਖਜਾ ਹਿਤ ਹਾਥੀ ਯਾ ਘੋੜੇ ਪਰ

ਪਾਇਆ ਜਾਂਦਾ ਹੈ। ਹਿੰਦੀ ਕੋਸ਼ਾਂ ਵਿਚ 'ਪਾਖਰ' ਪਦ ਹੈ। ਇਸੇ ਤੋਂ ਇਕ ਪਦ 'ਪਖਰੈਤ' ਬਣਿਆ ਹੈ, ਜਿਸਦਾ ਅਰਥ ਹੈ 'ਲੋਹੇ ਦੇ ਝੁੱਲਾਂ ਵਾਲੇ ਹਾਂਥੀ ਘੋੜੇ ਬੈਲ ਆਦਿ।' ਦਸਮ ਪਾਤਸ਼ਾਹ ਜੀ ਦੀ ਬਾਣੀ ਵਿਚ ਇਕ ਪਦ 'ਪਖਰੀਆ' ਮਿਲਦਾ ਹੈ, ਜਿਸਦੇ ਅਰਥ ਹਨ 'ਓਹ ਯੋਧੇ ਜਿਨ੍ਹਾਂ ਦੇ ਘੋੜਿਆਂ ਯਾ ਹਾਥੀਆਂ ਉਤੇ ਲੋਹੇ ਦੇ ਝੁੱਲ ਪਏ ਹੋਏ ਹੋਣ।' ਹੇਠ ਲਿਖੇ ਪ੍ਰਸਿੱਧ ਹਿੰਦੀ ਤੇ ਹਿੰਦੋਸਤਾਨੀ ਦੇ ਕੋਸ਼ਾਂ ਵਿਚ 'ਪਾਖਰ' ਪਦ ਹੈ, ਕਿਸੇ ਕਿਸੇ ਵਿਚ 'ਪਖਰੈਤ' ਬੀ ਹੈ, ਪਰ 'ਪਖਰੀਆ' ਪਦ ਕਿਸੇ ਵਿਚ ਬੀ ਨਹੀਂ:-

੧. ਥਾਮਸਨ ਹਿੰਦੀ ਕੋਸ਼।
੨. ਹਿੰਦੀ ਵ੍ਰਿਹਤ ਸ਼ਬਦ ਸਾਗਰ।
੩. ਹਿੰਦੀ ਵਿਸ਼੍ਵ ਕੋਸ਼।
੪. ਹਿੰਦੁਸਤਾਨੀ ਕੋਸ਼ ਕ੍ਰਿਤ ਜਾਹਨ ਸ਼ੈਕਸਪੀਅਰ।
੫. ਪਲੈਟਸ ਹਿੰਦੁਸਤਾਨੀ ਕੋਸ਼।
੬. ਸ਼ਬਦਾਰਥ ਪਾਰਿਜਾਤ।

ਕੋਸ਼ ਬਨਾਉਣ ਵਾਲੇ ਪੁਰਾਤਨ ਕਵੀਆਂ ਦੀਆਂ ਰਚਨਾਂ ਤੇ ਪੁਰਾਤਨ ਸਾਹਿਤਜ ਪੜ੍ਹਕੇ ਕੋਸ਼ਾਂ ਲਈ ਪਦ ਇਕੱਠੇ ਕੀਤਾ ਕਰਦੇ ਹਨ। 'ਪਖਰੀਆ' ਪਦ ਕੋਸ਼ਾਂ ਵਿਚ ਨਾ ਆਉਣ ਤੋਂ ਸੰਭਾਵਨਾ ਹੁੰਦੀ ਹੈ ਕਿ ਇਹ ਪਦ ਗੁਰੂ ਜੀ ਨੇ ਬਣਾਕੇ ਖਾਸ ਸ਼ੌਕ ਨਾਲ ਵਰਤਿਆ ਹੈ, ਦੇਖੋ ਬਚਿਤ੍ਰ ਨਾਟਕ:-

ਯਥਾ:- ***ਚੁਨਿ ਚੁਨਿ <u>ਬੀਰ ਪਖਰੀਆ</u> ਮਾਰੇ॥*** (ਧਜਾਯ ੧੨)
ਪੁਨਾ:- ***ਚੁਨਿ ਚੁਨਿ ਹਨੇ <u>ਪਖਰੀਆ ਜੁਆਨਾ</u>॥*** (ਧਜਾਯ ੧੧)

ਇਹੋ 'ਪਖਰੀਆ' ਪਦ ਆਲਮ ਨੇ ਆਪਣੀ ਮਾਧਵਾਨਲ ਕਾਮਕੰਦਲਾ ਵਿਚ ਵਰਤਿਆ ਹੈ ਤੇ ਇਨ੍ਹਾਂ ਹੀ ਅਰਥਾਂ ਵਿਚ ਵਰਤਿਆ ਹੈ:-

*ਚਹੁ ਦਿਸ <u>ਬੀਰ ਪਖਰੀਆ</u> ਚਲੇ।* (ਪੰਨਾ ੧੨੩)
*ਹਾਕਹਿੰ <u>ਸੁਭਟ ਪਖਰੀਆ</u> ਸਾਥੀ।* (ਪੰਨਾ ੧੨੫)

ਦੇਖੋ, ਇਕ ਸਤਰ ਵਿਚ ਤਾਂ 'ਬੀਰ ਪਖਰੀਆ' ਹੂਬਹੂ ਲੈ ਲਿਆ ਹੈ, ਦੂਜੀ ਵਿਚ 'ਜੁਆਨਾਂ' ਪਦ ਨੂੰ 'ਸੁਭਟ' ਨਾਲ ਬਦਲ ਕੇ 'ਸੁਭਟ ਪਖਰੀਆ' ਲਿਖਿਆ ਹੈ।" (ਖਾਲਸਾ ਸਮਾਚਾਰ)

ਕੀ ਅਸੀਂ ਬਚਿਤ੍ਰ ਨਾਟਕ ਦੀ ਏਸ ਤੁਕ ਦਾ 'ਚੁਨਿ ਚੁਨਿ ਬੀਰ ਪਖਰੀਆ ਮਾਰੇ' ਸਮੇਂ ਦੇ ਲਿਹਾਜ਼ ਨਾਲ ਕੋਈ ਥਹੁ ਥਿਤਾ ਕੱਢ ਸਕਦੇ ਹਾਂ? ਬਚਿਤ੍ਰ ਨਾਟਕ ਵਿਚ ਤਿੰਨ ਜੁੱਧ ਐਸੇ ਵਰਣਿਤ ਹਨ ਜਿਨ੍ਹਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਸ਼ਾਮਲ ਸਨ ਤੇ ਜਿਨ੍ਹਾਂ ਨੂੰ ਉਨ੍ਹਾਂ ਆਪ ਬਚਿੱਤ੍ਰ ਨਾਟਕ ਵਿਚ ਦਰਜ ਕੀਤਾ ਹੈ: ਭੰਗਾਣੀ ਜੁੱਧ; ਨਦੌਣ ਜੁੱਧ ਤੇ ਹੁਸੈਨੀ ਜੁੱਧ। ਭੰਗਾਣੀ ਜੁੱਧ ਦੀ ਤਾਰੀਖ ੧੮ ਵੈਸਾਖ ੧੭੪੬ ਹੈ, ਨਦੌਣ ਜੁੱਧ ਦਾ ਸੰਮਤ ੧੭੪੭ ਦਾ ਅੰਤ ਹੈ। ਇਹ ਤਾਰੀਖਾਂ ਇਤਿਹਾਸਕਾਰਾਂ ਨੇ ਸਿੱਧ ਕੀਤੀਆਂ ਹਨ, ਪਰ ਹੁਸੈਨੀ ਜੁੱਧ ਦਾ ਸੰਮਤ ਕੁਛ ਸੰਦਿਗਧ ਹੈ। ਇਸ ਦੀ ਟੋਹ ਸਿਆਣੇ ਇਸ ਪ੍ਰਕਾਰ ਲਗਾਉਂਦੇ ਹਨ:-

ਹੁਸੈਨੀ ਜੁੱਧ ਦੇ ਬਾਦ ਬਚਿਤ੍ਰ ਨਾਟਕ ਵਿਚ ਵਰਣਨ ਹੈ ਕਿ ਇਸ ਲੜਾਈ ਮਗਰੋਂ ਔਰੰਗਜ਼ੇਬ ਨੇ ਆਪਣਾ ਪੁਤ੍ਰ (ਸ਼ਹਜ਼ਾਦਾ ਮੁਅੱਜ਼ਮ) ਪੰਜਾਬ ਵਲ ਘੱਲਿਆ।

ਤਬ ਅਉਰੰਗ ਮਨ ਮਾਹਿ ਰਿਸਾਵਾ। ਮਦ੍ਰ ਦੇਸ ਕੋ ਪੂਤ ਪਠਾਵਾ।

ਸਹਜ਼ਾਦਾ ਮੁਅੱਜ਼ਮ ਦਾ ਪੰਜਾਬ ਵੱਲ ਆਉਣਾ, ਅੰਗ੍ਰੇਜ਼ੀ ਇਤਿਹਾਸਾਂ ਮੁਤਾਬਕ, ੨੪ ਜੁਲਾਈ ੧੬੯੬ ਈ: ਤੋਂ ਬਾਅਦ ਹੈ, ਜਿਸ ਤਾਰੀਖ਼ ਤਕ ਉਹ ਆਗਰੇ ਵਿਚ ਹੈ, ਪੰਜਾਬ ਆਉਣ ਤੋਂ ਪਹਿਲੇ*।

ਏਸ ਹਿਸਾਬ ਹੁਸੈਨੀ ਜੁਧ ੧੭੫੩ ਬਿਕ੍ਰਮੀ ਦੇ ਵਿਚ ਹੈ ਜੋ ਮੁਤਾਬਕ ੧੬੯੬ ਈ: ਹੈ, ਜਦੋਂ ਸ਼ਾਹਜ਼ਾਦਾ ਮੁਅੱਜ਼ਮ ਆਗਰੇ ਤੋਂ ਪੰਜਾਬ ਵਲ ਰਵਾਨਾ ਹੁੰਦਾ ਹੈ। ਇਹ ਉਹ ਹੀ ਸੰਮਤ ਹੈ ਜੋ ਤ੍ਰਿਯਾ ਚਰਿਤ੍ਰ ਰਚਣ ਦਾ ਸਮਾਂ ਹੈ। ਇਹ ਤੁਕ ਹੁਸੈਨੀ ਜੁਧ ਦੇ ਪ੍ਰਸੰਗ ਵਿਚ ਹੈ।

*ਚੁਨਿ ਚੁਨਿ ਬੀਰ ਪਖਰੀਆ ਮਾਰੇ।*

---

* ਦੇਖੋ; Later Mughals, Irvine.I ਸਫਾ ੪.

ਇਹ ਇਕ ਅਜੀਬ ਮਾਜਰਾ ਹੈ ਕਿ ਆਲਮ ਜੋ ਤੁਕਾਂ ਆਪਣੀ ਰਚਨਾਂ ਮਾਧਵਾਨਲ ਕਾਮਕੰਦਲਾ ਵਿਚ ਦਰਜ ਕਰਦਾ ਹੈ, ਉਹ ਦਸ਼ਮ ਗ੍ਰੰਥ ਦੀ ਉਸ ਲਿਟ੍ਰੇਚਰ ਨਾਲ ਤਅੱਲਕ ਰੱਖਦੀਆਂ ਹਨ ਜੋ ਕਿਸੇ ਨ ਕਿਸੇ ਸ਼ਕਲ ਵਿਚ ਸੰਮਤ ੧੭੫੩ ਨਾਲ ਸੰਬੰਧਤ ਹਨ। ਇਹ ਗੱਲ ਸਪਸ਼ਟ ਲਗਦੀ ਹੈ ਕਿ ਆਲਮ ਦੀ ਮਾਧਵਾਨਲ ੧੭੫੩ ਤੋਂ ਪਹਿਲੇ ਦੀ ਰਚਨਾ ਨਹੀਂ ਇਸ ਤੋਂ ਪਿਛੋਂ ਦੀ ਹੈ।

ਸਾਡੀ ਇਹ ਪੜਤਾਲ ਉਸ ਖੋਜ ਨਾਲ ਜਾ ਟੱਕਰ ਖਾਂਦੀ ਹੈ, ਜਿਸ ਦੁਆਰਾ ਕਈ ਹੋਰ ਸੁਤੰਤ੍ਰ ਸੋਮਿਆਂ ਤੋਂ ਕੁਛ ਖੋਜੀਆਂ ਨੇ ਆਲਮ ਦਾ ਸਮਾਂ ਕੱਢਿਆ ਹੋਇਆ ਹੈ।

ਹਿੰਦੀ ਸ਼ਬਦ ਸਾਗਰ (ਨਾਗਰੀ ਪ੍ਰਾਚਾਰਣੀ ਸਭਾ ਬਨਾਰਸ) ਨੇ ਆਪਣੀ ਰਾਇ ਆਲਮ ਦੇ ਕਵਿਤਾ ਕਾਲ ਬਾਬਤ ਦਿੱਤੀ ਹੈ ਤੇ ਕਿਹਾ ਹੈ:- 'ਆਲਮ ਕਾ ਕਵਿਤਾ ਕਾਲ ਸੰਮਤ ੧੭੪੦ ਸੇ ਸੰਮਤ ੧੭੬੦ ਬਿਕ੍ਰਮੀ ਤਕ ਮਾਨਾ ਜਾ ਸਕਤਾ ਹੈ'।

(ਹਿੰਦੀ ਸ਼ਬਦ ਸਾਗਰ, ਪ੍ਰਸਾਤਾਵਨਾ, ਸਫ਼ਾ ੧੭੨)

–o–

# ੧੯. ਆਲਮ ਅਤੇ ਸ਼ਾਹਜ਼ਾਦਾ ਮੁਅੱਜ਼ਮ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨਾਹਨ ਵਲ ਪਧਾਰਨ ਦੀ ਤਾਰੀਖ ੧੭ ਵੈਸਾਖ ਸੰ:੧੭੪੨ ਬਿ:ਮੰਨੀ ਜਾਂਦੀ ਹੈ। ਨਾਹਨ ਵਿਚ ਹੀ ਪਾਉਂਟੇ ਮੁਕਾਮ ਉਪਰ 'ਕ੍ਰਿਸ਼ਨਾਵਤਾਰ' ੧੭੪੫ ਬਿ:ਵਿਚ ਸੰਪੂਰਣ ਹੋਇਆ।

ਭਾਈ ਗੁਰਦਾਸ (ਦੂਜੇ) ਰਚਿਤ 'ਗੁਰੂ ਕੀਆਂ ਸਾਖੀਆਂ' ਵਿਚੋਂ ਪ੍ਰਮਾਣ ਪਿੱਛੇ ਦਿੱਤਾ ਜਾ ਚੁਕਾ ਹੈ ਕਿ ਆਲਮ ਕ੍ਰਿਸਨਾਵਤਾਰ ਸੰਬੰਧੀ ਸੁਆਲ ਪੁੱਛਦਾ ਹੈ, ਜਿਸ ਤੋਂ ਆਲਮ ਦੇ ਗੁਰ-ਦਰਬਾਰ ਵਿਚ ਹੋਣ ਦਾ ਸਮਾਂ ਅਤੇ ਟਿਕਣਾ ਨਿਸ਼ਚਿਤ ਹੁੰਦਾ ਹੈ। ਪਰ ਕੀ ਕੋਈ ਹੋਰ ਸੁਤੰਤ੍ਰ ਮਸਾਲਾ ਭੀ ਹੈ ਜਿਸ ਤੋਂ ਅਸੀਂ ਉਨ੍ਹਾਂ ਸਬੱਬਾਂ ਨੂੰ ਜਾਣ ਸਕੀਏ ਜੋ ਆਲਮ ਦੇ ਗੁਰਦਰਬਾਰ ਵਿਚ ਆਉਣ ਲਈ ਸਹਾਇਕ ਹੋਏ ਹੋਣ ਤੇ ਜਿਨ੍ਹਾਂ ਤੋਂ ਇਸ ਖਿਆਲ ਨੂੰ ਪੁਸ਼ਟੀ ਮਿਲੇ ਕਿ ਆਲਮ ਦਾ ੧੭੪੫ ਦੇ ਕਰੀਬ ਪਾਉਂਟੇ ਵਿਖੇ ਹੋਣਾ ਸਮੇਂ ਅਨੁਕੂਲ ਘਟਨਾ ਸੀ?

ਸ਼ਿਵ ਸਿੰਘ ਸਰੋਜ ਦੇ ਲਿਖੇ ਮੁਤਾਬਕ ਆਲਮ, ਸ਼ਾਹਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਦੇ ਨਾਲ ਰਹਿੰਦਾ ਸੀ। ਆਲਮ ਨੇ ਸ਼ਾਹਜ਼ਾਦਾ ਮੁਅੱਜ਼ਮ ਦਾ ਕਦ ਸਾਥ ਛੱਡਿਆ? ਏਸ ਗੱਲ ਦਾ ਨਿਰਨਯ ਕਿਤੇ ਨਹੀਂ। ਪਰ ਸਾਨੂੰ ਜਿਸ ਵੇਲੇ ਗੁਰੂ ਕੀਆਂ ਸਾਖੀਆਂ ਵਿਚੋਂ ਇਹ ਗਵਾਹੀ ਮਿਲਦੀ ਹੈ ਕਿ ਆਲਮ ੧੭੪੫ ਬਿ: ਦੇ ਲਾਗੇ ਗੁਰ ਦਰਬਾਰ ਵਿਚ ਸੀ ਤਾਂ ਇਹ ਸੁਆਲ ਸੁਤੇ ਸਿਧ ਪੈਦਾ ਹੁੰਦਾ ਹੈ ਕਿ ਆਲਮ ਉਸ ਵੇਲੇ ਸ਼ਾਹਜ਼ਾਦੇ ਨੂੰ ਛੱਡਕੇ ਪਾਉਂਟੇ ਕਿਉਂ ਆ ਗਿਆ? ਇਸ ਗੱਲ ਦਾ ਉੱਤਰ ਉਸ ਵੇਲੇ ਦੀ ਇਕ ਇਤਿਹਾਸਿਕ ਘਟਨਾ ਵਿਚ ਹੈ। ਸ਼ਾਹਜ਼ਾਦਾ ਮੁਅੱਜ਼ਮ ਔਰੰਗਜ਼ੇਬ ਦਾ ਪੁੱਤਰ ਸੀ। ਔਰੰਗਜ਼ੇਬ ਜਿਸ ਵੇਲੇ ਗੋਲਕੰਡੇ ਦਾ ਘੇਰਾ ਪਾਕੇ ਬੈਠਾ ਸੀ ਤਾਂ ਉਸਨੂੰ ਆਪਣੇ ਪੁੱਤਰ ਮੁਅੱਜ਼ਮ ਉਪਰ ਸ਼ੱਕ ਗੁਜ਼ਰਿਆ ਤਾਂ ਉਸਨੇ ਸ਼ਾਹਜ਼ਾਦੇ ਨੂੰ ਇਕਦਮ ਕੈਦ ਕਰ ਦਿੱਤਾ। ਇਹ ਘਟਨਾ ੧੭੪੪ ਬਿ: ਦੀ ਹੈ*।

* ਇਰਵਨ ਨੇ ਇਹ ਘਟਨਾ ੪ ਮਾਰਚ ੧੬੮੭ ਈ: ਦੀ ਦਿੱਤੀ ਹੈ, ਜੋ ਬਿਕ੍ਰਮੀ ਦੇ ਲਿਹਾਜ਼ ੧੭੪੪ਵੇਂ ਸਾਲ ਦੇ ਚੜ੍ਹਨ ਦਾ ਨਵਾਂ ਦਿਨ ਹੈ।


www.sikhbookclub.com

ਆਲਮ ਦਾ ੧੭੪੫ ਦੇ ਆਨਮਾਨ ਪਾਉਂਟੇ ਪਹੁੰਚਣਾ ਇਤਿਹਾਸ ਦੀਆਂ ਪ੍ਰਸੰਗਲੀਆਂ ਵਿਚ ਪੂਰਾ ਫਿੱਟ ਹੋ ਜਾਂਦਾ ਹੈ। ਆਲਮਦਾ ਮੁੜ ਸ਼ਾਹਜ਼ਾਦੇ ਨਾਲ ਮੇਲ ਹੋ ਸਕਣਾ ਕੋਈ ਆਸਾਨ ਗੱਲ ਨਹੀਂ ਸੀ। ਔਰੰਗਜ਼ੇਬ ਦਾ ਸ਼ੱਕ ਤੇ ਉਸਦੀ ਕੈਦ ਕੋਈ ਐਵੇਂ ਕਿਵੇਂ ਦੀ ਚੀਜ਼ ਨਹੀਂ ਸੀ; ਆਲਮ ਇਹ ਗੱਲ ਜਾਣਦਾ ਸੀ। ਸ਼ਾਹਜ਼ਾਦਾ ਮੁਅੱਜ਼ਮ ਸੱਤ ਸਾਲ ਕੈਦ ਵਿਚ ਰਿਹਾ*।

ਇਸਦਾ ਮਤਲਬ ਹੈ ਕਿ ਆਲਮ ਦਾ ਸ਼ਾਹਜ਼ਾਦੇ ਮੁਅੱਜ਼ਮ ਨਾਲ ਮੇਲਾ ੧੭੫੧ ਬਿ: ਤਕ ਅਸੰਭਵ ਹੋ ਗਿਆ ਸੀ, ਪਰ ਇਹਨਾਂ ਸੱਤਾਂ ਸਾਲਾਂ ਵਿਚ ਗੁਰ ਦਰਬਾਰ ਵਿਚ ਰਹਿਕੇ ਆਲਮ ਦੇ ਦਿਲ ਅੰਦਰ ਗੁਰੂ ਜੀ ਦੀ ਹਸਤੀ ਲਈ ਕੀ ਸਤਿਕਾਰ ਪੈਦਾ ਹੋ ਗਿਆ ਸੀ, ਇਸਦਾ ਅੰਦਾਜ਼ਾ ਉਸਦੀ ਕਾਵਜ ਬ੍ਰਿਤੀ ਤੋਂ ਹੀ ਲਗ ਸਕਦਾ ਹੈ। ਆਲਮ ਨੇ ਜੋ ਛੰਦ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਵਿਚ ਲਿਖਿਆ ਹੈ ਉਹ ਇਹ ਹੈ:-

***ਸ਼ੋਭਾ ਹੂੰ ਕੇ ਸਾਗਰ, ਨਵਲ ਨੇਹ ਨਾਗਰ ਹੈਂ,***
***ਬਲ ਭੀਮ ਸਮ, ਸ਼ੀਲ ਕਹਾਂ ਲੌਂ ਗਿਨਾਈਏ।***
***ਭੂਮ ਕੇ ਬਿਭੂਖਨ ਜੁ ਦੂਖਨ ਕੇ ਦੂਖਨ,***
***ਸਮੂਹ ਸੁਖ ਹੂੰ ਕੇ ਮੁਖ ਦੇਖੇ ਤੇ ਅਘਾਈਏ।***
***ਹਿੰਮਤ ਨਿਧਾਲ ਆਨ ਦਾਨ ਕੋ ਬਖਾਨੈ? ਜਾਨੇ,***
***'ਆਲਮ' ਤਮਾਮ ਜਾਮ ਆਠੋਂ ਗੁਨ ਗਾਈਏ।***
***ਪ੍ਰਬਲ ਪ੍ਰਤਾਪੀ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ,***
***ਭੋਜ ਕੀ ਸੀ ਮੌਜ ਤੇਰੇ ਰੋਜ਼ ਰੋਜ਼ ਪਾਈਏ।***

*(ਹਜ਼ੂਰੀ ਕਵੀਆਂ ਦੇ ਕਬਿਤਾਂ ਵਿਚੋਂ।)*

ਅਸੀਂ ਆਲਮ ਦਾ ਇਕ ਛੰਦ, ਜੋ ਸ਼ਾਹਜ਼ਾਦਾ ਮੁਅੱਜ਼ਮ ਦੀ ਉਸਤਤਿ ਵਿਚ ਹੈ, ਪਿੱਛੇ ਦੇ ਚੁਕੇ ਹਾਂ। ਉਸ ਵਿਚ ਸ਼ਾਹਜ਼ਾਦੇ ਦੇ ਇਨਸਾਫ ਪਸੰਦ ਵਗੈਰਾ ਹੋਣ ਦੀ ਤਾਰੀਫ਼ ਹੈ ਪਰ ਉਹ ਤਾਰੀਫ਼ ਐਸੀ ਹੈ ਜੈਸਾ ਸ਼ੂਮ ਦਾ ਦਾਨ। ਇਸਦੇ ਉਲਟ ਆਲਮ ਨੇ ਜੋ ਉਸਤੁਤਿ ਗੁਰੂ ਗੋਬਿੰਦ ਸਿੰਘ ਜੀ ਦੀ ਕੀਤੀ ਹੈ ਉਸ ਵਿਚ ਉਸਦਾ ਪਿਆਰ ਪੂਰੇ ਜੋਬਨ

* Muhammad Muazzam was kept a prisnor for nearly seven years. (Later Mughals-Irvine, Vol-I)

ਵਿਚ ਹੈ ਤੇ ਉਸਦੀ ਇੱਜ਼ਤ ਪੂਰੇ ਅਦਬ ਵਿਚ। ਗੁਰੂ ਗੋਬਿੰਦ ਸਿੰਘ ਜੀ ਨੂੰ ਉਸ ਨੇ ਰਾਜਾ ਭੋਜ ਨਾਲ ਤਸ਼ਬੀਹ ਦਿੱਤੀ ਹੈ। ਰਾਜਾ ਭੋਜ ਉਹਨਾਂ ਮਹਾਂ ਦਾਨੀਆਂ ਵਿਚੋਂ ਇਕ ਨਿਰਾਲੀ ਹਸਤੀ ਸੀ, ਜੋ ਗੁਣੀਆਂ ਦੇ ਗੁਣ ਨੂੰ ਪੂਰੀ ਤਰ੍ਹਾਂ ਸਮਝਦਾ ਹੋਇਆ ਉਨ੍ਹਾਂ ਦਾ ਆਸ਼ਰਾ ਦਾਤਾ ਹੁੰਦਾ ਸੀ।

ਆਲਮ ਦਾ ਇਹ ਕਹਿਣਾ:-

*'ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਸਿੰਘ,*
*ਭੋਜ ਕੀ ਸੀ ਮੌਜ ਤੇਰੇ ਰੋਜ਼ ਰੋਜ਼ ਪਾਈਏ।'*

ਨਿਰਾ ਕਾਵਜ ਅਲੰਕਾਰ ਨਹੀਂ। ਇਸ ਵਿਚ ਇਕ ਕਵਿ ਦਿਲ ਦੀ ਕਦਰ ਸ਼ਨਾਸੀ ਤੋਂ ਪੈਦਾ ਹੋਈ ਰੱਜਵੀਂ ਤਸੱਲੀ ਦੇ ਸ਼ੁਕਰੀਏ ਦਾ ਸੰਕੇਤ ਹੈ।

ਸਾਨੂੰ ਏਸ ਕਰਕੇ ਇਹ ਸਮਝਣ ਵਿਚ ਕਿ ੧੭੫੧ ਤੋਂ ਵੀ ਪਿਛੋਂ ਆਲਮ ਗੁਰੂ ਦਰਬਾਰ ਵਿਚ ਹੀ ਰਿਹਾ ਹੋਵੇ ਤੇ ਸ਼ਾਹਜ਼ਾਦੇ ਮੁਅੱਜ਼ਮ ਪਾਸ ਨਾ ਮੁੜਿਆ ਹੋਵੇ, ਕੋਈ ਔਖਿਆਈ ਨਜ਼ਰ ਨਹੀਂ ਆਉਂਦੀ, ਜਦੋਂ ਕਿ ੧੭੫੧ ਤੋਂ ਬਾਦ ਦੀਆਂ ਘਟਨਾ ਵੀ ਏਸੇ ਗੱਲ ਦੀ ਪੁਸ਼ਟੀ ਕਰਦੀਆਂ ਮਲੂਮ ਹੁੰਦੀਆਂ ਹਨ, ਜਿਨ੍ਹਾਂ ਦਾ ਜ਼ਿਕਰ ਅਸੀਂ ਅੱਗੇ ਚੱਲਕੇ ਕਰਾਂਗੇ।

ਦੂਜੀ ਗੱਲ ਇਹ ਵੀ ਹੈ ਕਿ ੧੭੫੧ ਵਿਚ ਸ਼ਾਹਜ਼ਾਦਾ ਮੁਅੱਜ਼ਮ ਕੈਦ ਵਿਚੋਂ ਛੁੱਟਕੇ ਹਿੰਦੁਸਤਾਨ ਵਿਚ ਕਿਤੇ ਸੁਖ ਨਾਲ ਲੰਮੇ ਅਰਸੇ ਦਾ ਇਕ ਟਿਕਾਣਾ ਬਣਾਕੇ ਨਹੀਂ ਬੈਠਾ। ਉਹ ਪਹਿਲੇ ਆਗਰੇ ਰਿਹਾ, ਫੇਰ ਲਾਹੌਰ, ਫੇਰ ਮੁਲਤਾਨ, ਉੱਚ, ਝੰਗ, ਪਸ਼ੌਰ ਆਦਿਕ ਤੇ ਆਖ਼ਰ ਖ਼ੈਬਰ ਵਿਚੋਂ ਲੰਘਦਾ ਹੋਇਆ ਕਾਬਲ* ਚਲਾ ਗਿਆ ਅਤੇ ਔਰੰਗਜ਼ੇਬ ਦੇ ਮਰਨ ਤਕ ਉਹ ਅਫ਼ਗਾਨਿਸਤਾਨ ਵਾਲੇ ਪਾਸੇ ਹੀ ਰਿਹਾ।

---

* Though he (Aurangzeb) released Moazzim after seven years imprisonment (A.D.1694), he seems always to have regarded him with dislike and apprehension. He sent him to the remote government of Cabul, constantly resisted his wisher to return even for a time, and endeavoured to engage him in an expedition, which might carry him to the most distant part of his province and might completely adsorb his resources.

(History of India. Eiphinstion, Vol II, Page 543.)

ਖ਼ੈਰ, ਹਾਲ ਦੀ ਘੜੀ ਇਤਨੀ ਗੱਲ ਬਿਲਕੁਲ ਪੱਕੀ ਲੱਗਦੀ ਹੈ ਕਿ ਸ਼ਾਹਜ਼ਾਦਾ ਮੁਅੱਜ਼ਮ ਦਾ ੧੭੪੪ ਵਿਚ ਕੈਦ ਹੋ ਜਾਣਾ ਹੀ ਸਬੱਬ ਹੈ ਕਿ ਆਲਮ ੧੭੪੫ ਦੇ ਲਾਗ ਪਾਉਂਟੇ ਵਿਖੇ ਮੌਜੂਦ ਹੈ। ਉਸਦੀ ਵਹੁਟੀ ਸ਼ੇਖ ਵੀ ਉਸ ਦੇ ਨਾਲ ਮਲੂਮ ਹੁੰਦੀ ਹੈ, ਜੈਸਾ ਕਿ ਮੈਂ ਪਿੱਛੇ ਦੱਸ ਆਯਾ ਹਾਂ। ਸ਼ੇਖ ਨੇ ਜੋ ਛੰਦ ਗੁਰੂ ਜੀ ਦੀ ਉਸਤਤਿ ਵਿਚ, ਉਨ੍ਹਾਂ ਦੀ ਹੀ ਤੁਕ ਲੈਕੇ ਕਿਹਾ, ਇਸੇ ਗੱਲ ਦੀ ਗਵਾਹੀ ਭਰਦਾ ਹੈ। ਇਹ ਛੰਦ ਵੀ ਅਸੀਂ ਪਿੱਛੇ ਦੇ ਆਏ ਹਾਂ।

ਹੋ ਸਕਦਾ ਹੈ ਕਿ ਕੋਈ ਵੀਰ ਇਹ ਸ਼ੰਕਾ ਕਰੇ ਕਿ ਇਸ ਗੱਲ ਦਾ ਕੀ ਸਬੂਤ ਹੈ ਕਿ ਸ਼ੇਖ ਨੇ ਗੁਰੂ ਜੀ ਦੀਆਂ ਤੁਕਾਂ ਲੀਤੀਆਂ? ਇਹ ਵੀ ਹੋ ਸਕਦਾ ਹੈ ਕਿ ਉਹ ਵੀਰ ਏਸ ਹੱਦ ਤੱਕ ਬੀ ਚਲਾ ਜਾਵੇ ਤੇ ਕਹੇ ਕਿ ਕੀ ਪਤਾ ਕਿ ਗੁਰੂ ਜੀ ਨੇ ਸ਼ੇਖ ਦੀਆਂ ਤੁਕਾਂ ਹੀ ਲੀਤੀਆਂ ਹੋਣ।

ਇਹ ਸਵਾਲ ਐਸੇ ਹਨ ਜੋ ਸਾਨੂੰ ਨਿਰ ਉੱਤਰ ਨਹੀਂ ਕਰ ਸਕਦੇ; ਐਸੀਆਂ ਸ਼ੰਕਾਵਾਂ ਦੇ ਵੀ ਜਵਾਬ ਮੌਜੂਦ ਹਨ।

ਪਹਿਲੀ ਗਲ ਤਾਂ ਇਹੋ ਹੀ ਹੈ ਕਿ ਗੁਰੂ ਜੀ ਆਪਣੀ ਬਾਣੀ ਵਿਚ ਏਹੋ ਜੇਹੇ ਨਿੰਮਰ ਭਾਵ ਵਾਲੇ ਲਫਜ਼ ਆਪਣੇ ਲਈ ਅਨੇਕ ਵਾਰ ਵਰਤਦੇ ਹਨ।

ਬਚਿਤ੍ਰ ਨਾਟਕ ਵਿਚ ਸ੍ਰੀ ਗੁਰੂ ਜੀ ਜਿਸ ਵੇਲੇ ਉਸ ਹੁਕਮ ਦਾ ਬਿਆਨ ਕਰਦੇ ਹਨ ਜੋ ਅਕਾਲ ਪੁਰਖ ਵਲੋਂ ਗੁਰੂ ਜੀ ਨੂੰ ਪ੍ਰਾਪਤ ਹੋਇਆ ਤਾਂ ਉਹ ਉਸਨੂੰ ਇਸ ਤਰ੍ਹਾਂ ਲਿਖਦੇ ਹਨ:-

*ਜਿਉਂ ਤਿਉਂ ਪ੍ਰਭ ਹਮ ਕੋ ਸਮਝਾਯੋ॥*
*ਇਮਿ ਕਹਿਕੈ ਇਹ ਲੋਕ ਪਠਾਯੋ॥੫॥*
*ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ॥ਚੌਪਈ॥*
*ਜਬ ਪਹਿਲੇ ਹਮ ਸ੍ਰਿਸਟਿ ਬਨਾਈ॥*
*ਦਈਅਤ ਰਚੇ ਦੁਸਟ ਦੁਖਦਾਈ॥*
*ਤੇ ਭੁਜ ਬਲ ਬਵਰੇ ਹ੍ਵੈ ਗਏ॥*
*ਪੂਜਤ ਪਰਮ ਪੁਰਖ ਰਹਿ ਗਏ॥੬॥* (ਅਧਿਜਾਇ੬)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਆਪ ਨੂੰ ਏਸ ਤਰ੍ਹਾਂ ਨਿੰਮਰ ਭਾਵ ਰੱਖਣ ਦੇ ਕਾਰਣ ਉਨ੍ਹਾਂ ਦਾ ਅਨੇਕ ਥਾਵਾਂ ਤੇ ਆਪਣੇ ਸੰਬੰਧ ਵਿਚ ਐਸੇ 'ਕੀੜੀ' ਵਰਗੇ ਛੋਟੇ ਸ਼ਬਦ ਵਰਤਣੇ ਪ੍ਰਯੋਗ ਸਿੱਧ ਹਨ।

ਹਾਥੀ ਅਤੇ ਕੀੜੀ ਦੀ ਤੁਲਨਾ ਦਸਮ ਗ੍ਰੰਥ ਦੀ ਬਾਣੀ ਵਿਚ ਇਕ ਸੁਭਾਵਕ ਗਲ ਹੈ। ਯਥਾ-

*"ਚੀਟੀ ਤੇ ਕੁੰਚਰ ਅਸਥੂਲਾ॥*
*ਸਭ ਪਰ ਕ੍ਰਿਪਾ ਦ੍ਰਿਸ਼ਟਿ ਕਰਿ ਫੂਲਾ॥"*

ਅਕਾਲ ਉਸਤਤਿ ਵਿਚ ਵੀ 'ਕੀੜੀ ਅਤੇ ਹਾਥੀ" ਦੀ ਉਪਮਾ ਹੋਰ ਥਾਂਈਂ ਆ ਜਾਂਦੀ ਹੈ। ਯਥਾ-

*'ਹਸਤਿ ਕੀਟ ਕੇ ਬੀਚ ਸਮਾਨਾ॥*
*ਰਾਵ ਰੰਕ ਜਿਹ ਇਕ ਸਰ ਜਾਨਾ॥'*

ਇਹ ਤ੍ਰੀਕਾ ਸ਼ੇਖ ਦਾ ਨਹੀਂ। ਸ਼ੇਖ ਦੇ ਛੰਦਾਂ ਵਿਚ ਜ਼ਿਆਦਾ ਤਰ ਇਕ ਮਾਨ ਭਰੀ ਨਾਯਕਾ ਦੀ ਝਲਕ ਹੈ, ਜਿਸਦੀ ਚੋਣਵੀਂ ਮਿਸਾਲ ਅਸੀਂ ਉਸ ਦੇ ਇਸ ਛੰਦ ਤੋਂ ਦੇ ਸਕਦੇ ਹਾਂ:-

*ਚਕਈ ਬਿਛੁਰਿ ਮਿਲੀ, ਤੂ ਨ ਮਿਲੀ ਮੋਹਨ ਸੌਂ*
*'ਸ਼ੇਖ' ਕਹੈ ਐਤੋ ਮਾਨ ਕੀਨੌਂ ਕਿਉਂ ਅਠਾਨ ਰੀ।*
*ਅਥਏ ਨਛੱਤ੍ਰ ਸਸਿ, ਅਥਈ ਨ ਰੀਸ ਤੇਰੀ,*
*ਤੂ ਨ ਭਈ ਮੁਦਿਤ ਉਦਿਤ ਭਯੋ ਭਾਨ ਰੀ!*
*ਤੂ ਨ ਖੋਲਜੋ ਮੁਖ ਖਿਲੀ ਪੰਕਜ ਕੀ ਕਲੀ ਭਲੀ,*
*ਤੂ ਨ ਚਲੀ, ਚਲੀ ਨਿਸਿ, ਭਯੋ ਹੈ ਬਿਹਾਨ ਰੀ।*
*ਕੈਸੀ ਬੁਧਿ ਆਗਰੀ ਨ ਜਾਨੈਂ ਹਾਨ ਲਾਭ ਰੀ,*
*ਭਯੋ ਦੀਪਕ ਮਲੀਨ ਨ ਮਲੀਨ ਤੇਰੋ ਮਾਨ ਰੀ* *।*

---

* ਅਰਥਾਤ- ਚਕਵੀ (ਤਾਂ ਰਾਤੀਂ) ਵਿਛੜਕੇ (ਪ੍ਰਭਾਤੇ ਚਕਵੇ ਨੂੰ) ਮਿਲ ਪਈ, (ਪਰ ਹੇ ਮਾਨਨੀ) ਤੂੰ ਮੋਹਨ ਨੂੰ ਨਾ ਮਿਲੀ। ਸ਼ੇਖ ਕਹਿੰਦੀ ਹੈ ਐਨਾ ਮਾਨ ਕਿਉਂ ਕੀਤਾ, ਇਹ ਨਾਂ ਕਰ। ਤਾਰੇ ਤੇ ਚੰਦ੍ਰਮਾ ਅਸਤ ਹੋ ਗਏ ਪਰ ਤੇਰੀ ਰੀਸ ਅਸਤ ਨਾ ਹੋਈ, ਸੂਰਜ ਦੇ ਉਦੇ ਹੋਇਆਂ ਤੂੰ ਨਾਂ ਪ੍ਰਸੰਨ ਹੋਈ। ਕਵਲ ਦੀ ਕਲੀ ਸੁਹਣੀ ਖਿੜ ਪਈ ਪਰ ਤੂੰ ਨਾਂ ਅਜੇ ਆਪਣਾ ਮੂੰਹ ਖੋਲ੍ਹਿਆ। ਦੇਖ ਪ੍ਰਭਾਤ ਹੋ ਗਈ, ਰਾਤ ਚਲੀ ਗਈ (ਪਰ) ਤੂੰ (ਆਪਣੇ ਮਾਨ ਤੋਂ) ਚਲਾਇਮਾਨ ਨਾ ਹੋਈ। ਤੇਰੀ ਕੈਸੀ ਹਠ ਵਾਲੀ ਬੁੱਧੀ ਹੈ ਕਿ ਤੂੰ ਆਪਣਾ ਹਾਨ ਲਾਭ ਭੀ ਨਹੀਂ ਪਛਾਣਦੀ, ਦੀਪਕ (ਦੀ ਜੋਤ) ਮਲੀਨ ਹੋ ਗਈ ਪਰ ਤੇਰਾ ਮਾਨ ਮਲੀਨ ਨਾ ਹੋਇਆ।

 www.sikhbookclub.com

ਕੀੜੀ ਤੇ ਹਾਥੀ ਵਾਲੀ ਮਿਸਾਲ, ਜਾਂ ਕੀਟ ਵਾਲੀ ਨਿੰਮਰਤਾ, ਇਹ ਸ਼ੇਖ ਦੀ ਸੁਭਾਵਕ ਰੁਚੀ ਨਹੀਂ। ਇਸ ਲਈ ਉਸ ਨੇ ਜਦ ਇਸ ਨੂੰ ਇਕ ਛੰਦ ਵਿਚ ਵਰਤਿਆ ਹੈ ਤਾਂ ਉਹ ਇਕ ਪ੍ਰਭਾਵ ਹੇਠ ਸੀ, ਜਿਸ ਦੀ ਸਾਰਥਕਤਾ ਏਹੋ ਸੀ ਕਿ ਜਿਸ ਦੀ ਇਹ ਤੁਕ ਹੈ ਉਸੇ ਪਰ ਘਟਾ ਕੇ ਉਸ ਦੀ ਉਸਤੁਤਿ ਦਾ ਛੰਦ ਰਚਿਆ ਜਾਵੇ; ਜਿਸ ਛੰਦ ਨੂੰ ਪਾਠਕ ਪਿੱਛੇ ਪੜ੍ਹ ਆਏ ਹਨ।

ਅਸੀਂ ਇਸ ਗੱਲ ਦਾ ਵੀ ਜ਼ਿਕਰ ਕਰ ਆਏ ਹਾਂ ਕਿ ਗੁਰੂ ਜੀ ਦੇ ਕਵੀ ਦਰਬਾਰ ਦਾ ਆਨ-ਮਾਨ ਸਮਾਂ ੧੭੪੫ ਤੋਂ ਲੈ ਕੇ ੧੭੫੫* ਬਿ:ਤਕ ਦਾ ਵਿਚਕਾਰਲਾ ਵਕਤ ਹੈ। ਏਸ ਅਰਸੇ ਵਿਚ ਆਲਮ ਨੇ ਕੀ ਕੁਛ ਕੀਤਾ? ਇਸ ਗੱਲ ਦਾ ਪੂਰਾ ਅੰਦਾਜ਼ਾ ਨਹੀਂ ਲੱਗ ਸਕਦਾ, ਕਿਉਂਕਿ ਉਹ ਗੁਰੂ ਘਰ ਦੇ ਗ੍ਰੰਥ , ਜਿਸ ਵਿਚ ਕਵੀਆਂ ਦੇ ਸੰਚੇ ਸਨ ਤੇ ਜੋ ਵਜੂਦ ਵਿਚ ਨੌ ਮਣ ਗਿਣਿਆ ਜਾਂਦਾ ਸੀ, ਅਨੰਦਪੁਰ ਦੀਆਂ ਲੜਾਈਆਂ ਵਿਚ ਖਿੰਡ ਫੁੰਡ ਗਿਆ ਸੀ, ਤੇ ਐਸ ਵੇਲੇ ਉਸ ਦੀਆਂ ਕੇਵਲ ਟਾਂਵੀਆਂ ਬਚੀਆਂ ਚੀਜ਼ਾਂ ਬਾਕੀ ਹਨ। ਪਰ ਆਲਮ ਦੀ ਰਚਨਾ ਦੇ ਸੰਮਤਾਂ ਬਾਬਤ ਸੁਤੰਤਰ ਗਵਾਹੀ ਸਾਨੂੰ ਐਸੀ ਮਿਲਦੀ ਹੈ ਜੋ ਧਿਆਨ ਦੀ ਮੁਥਾਜ ਹੈ।

ਸ੍ਰੀ ਜਜੋਤਿ ਪ੍ਰਸ਼ਾਦ ਮਿਸ਼ਰ ਨਿਰਮਲ ਜੀ ਨੇ ਇਕ ਗ੍ਰੰਥ ਛਪਵਾਇਆ ਹੈ 'ਸਤ੍ਰੀ ਕਵਿ ਕੌਮਦੀ'। ਮਿਸ਼ਰ ਜੀ ਆਲਮ ਅਤੇ ਸ਼ੇਖ ਬਾਬਤ ਲਿਖਦੇ ਹਨ:-

"ਸ਼ੇਖ ਔਰ ਆਲਮ ਕੀ ਕਵਿਤਾਓਂ ਕਾ ਏਕ ਸੰਗ੍ਰਹ 'ਆਲਮ ਕੇਲਿ' ਨਾਮ ਕਾ ਲਾਲਾ ਭਗਵਾਨ ਦੀਨ ਕੀ ਸੰਪਾਦਕਤ੍ਵ ਮੇਂ ਪ੍ਰਕਾਸ਼ਿਤ ਹੂਆ ਹੈ। ਪੁਸਤਕ ਕੇ ਅੰਤ ਮੇਂ ਲਿਖਾ ਹੈ:- 'ਇਤਿ ਸ੍ਰੀ

---

* ੧੭੫੫ ਵਿਚ ਦਸਮ ਗ੍ਰੰਥ ਸਮਾਪਤ ਹੋ ਗਿਆ ਸੀ। ਇਹ ਸਮਾਪਤੀ ਤੋਂ ਪਹਿਲੇ ਦੀ ਘਟਨਾ ਨਹੀਂ ਜਿਸ ਨੂੰ ਬਾਵਾ ਅਮੀਰ ਦਾਸ ਜੀ ਇਸ ਤਰ੍ਹਾਂ ਲਿਖਦੇ ਹਨ:- 'ਸੰਮਤ ੧੭੫੫ ਸਤਾਰਾਂ ਸੌ ਪਚਵੰਜੇ ਸਿੱਖਾਂ ਨੇ ਏਹ ਬੇਨਤੀ ਕਰੀ: ਹੇ ਗਰੀਬ ਨਿਵਾਜ ਆਗਜਾ ਹੋਇ ਤੋ ਦੋਨੋਂ ਗ੍ਰੰਥ ਸਾਹਿਬੋਂ ਕੀ ਏਕ ਬੀੜ ਕੀਜੈ। ਤਬ ਸਾਹਿਬ ਕਹਿਆ ਉਹ ਗ੍ਰੰਥ ਜੀ ਆਦਿ ਗੁਰੂ ਹੈ, ਏ ਹਮਾਰੀ ਖੇਡ ਜੁਦੀ ਹੀ ਰਚਨਾ ਹੈ।' (ਹਸਤ ਲਿਖਤ, ਬਾਵਾ ਅਮੀਰ ਦਾਸ, ਸ੍ਰੀ ਗੁਰੂਬੰਸ ਚੰਦ੍ਰੋਦਯ ਗ੍ਰੰਥ।)

ਆਲਮ ਕ੍ਰਿਤ ਕਵਿਤ੍ਰ ਆਲਮ ਕੇਲਿ ਸਮਾਪਤਮ। ਸੰਵਤ ੧੭੫੩ ਸਮਯੇ ਆਸਨ ਬਦੀ ਅਸ਼ਟਮੀ ਵਾਰ ਸ਼ੁਕਰ।"

ਆਲਮ ਦੇ ਸੰਬੰਧ ਵਿਚ ਸੰਮਤ ੧੭੫੩ ਇਕ ਐਸਾ ਵਰ੍ਹਾ ਹੈ ਜੋ ਕਿਸੇ ਨ ਕਿਸੇ ਸ਼ਕਲ ਵਿਚ ਮੁੜ ਘਿੜ ਕੇ ਸਾਡੇ ਸਾਹਮਣੇ ਆ ਖੜਾ ਹੁੰਦਾ ਹੈ। ਕੀ ਇਹ 'ਆਲਮ ਕੇਲਿ' ਦੇ ਸਮਾਪਤ ਹੋਣ ਦਾ ਸਮਾਂ ਹੈ? ਕੀ ਇਹ ਕਾਪੀ ਨਵੀਸ ਦੇ ਕਾਪੀ ਕਰਨ ਦਾ ਸਾਲ ਹੈ? ਕੀ ਕਾਪੀ ਨਵੀਸ ਅਤੇ ਆਲਮ ਸਮਕਾਲੀ ਸਨ? ਕੀ ਗ੍ਰੰਥ ਦਾ ਅਤੇ ਕਾਪੀ ਦੀ ਸਮਾਪਤੀ ਦਾ ਇਕੋ ਸੰਮਤ ਹੈ? ਇਹਨਾਂ ਸੁਆਲਾਂ ਉਪਰ ਕੁਦਰਤੀ ਤੌਰ ਤੇ ਬਹਿਸ ਛਿੜ ਸਕਦੀ ਹੈ, ਪਰ ਇਕ ਗੱਲ ਨਿਰਣਯ ਪੂਰਬਕ ਹੈ ਕਿ ੧੭੫੩ ਸੰਮਤ ਦੀ ਨਿਸ਼ਾਨੀ ਤੋਂ ਵੱਧ ਪੁਰਾਣੀ 'ਆਲਮ ਕੇਲਿ' ਦੀ ਕੋਈ ਅਸਲ ਜਾਂ ਨਕਲ ਨਹੀਂ ਲੱਭੀ। ਆਲਮ ਸੰਬੰਧੀ ਪੜਤਾਲ ਵਿਚ ੧੭੫੩ ਦਾ ਸੰਮਤ ਖਾਸ ਖੋਜ ਦਾ ਮੁਥਾਜ ਹੈ। ਇਸ ਗੱਲ ਦੀ ਵੀ ਲੋੜ ਬਾਕੀ ਹੈ ਕਿ 'ਆਲਮ ਕੇਲਿ' ਦੇ ਦਿੱਤੇ ਸੰਮਤ ਬਾਬਤ ਨਿਰਣਾ ਕੀਤਾ ਜਾਵੇ ਕਿ ਇਹ ਬਿਕ੍ਰਮੀ ਹੀ ਸੰਮਤ ਹੈ ਯਾ ਕਿਸੇ ਹੋਰ ਸੰਵਤਸਰ ਦਾ। ਪਰ 'ਆਲਮ ਕੇਲਿ' ਨੂੰ ਛੱਡਕੇ ਇਹ ਗੱਲ ਪੱਕੀ ਹੈ ਕਿ ੧੭੫੩ ਬਿਕ੍ਰਮੀ ਵਿਚ ਯਾ ਉਸ ਤੋਂ ਪਿਛੋਂ ਆਲਮ ਨੂੰ ਉਹ ਮਸਾਲਾ ਗੁਰੂ ਘਰ ਤੋਂ ਮਿਲਦਾ ਹੈ ਜੋ ਉਹ ਆਪਣੀ ਪੁਸਤਕ 'ਮਾਧਵਾਨਲ ਕਾਮਕੰਦਲਾ' ਵਿਚ ਦਰਜ ਕਰਦਾ ਹੈ, ਜਿਸ ਪੁਸਤਕ ਦਾ ਸਮਾਂ ਨਿਯਤ ਕਰਨ ਵਿਚ ਸਾਡੀ ਖਾਸ ਦਿਲਚਸਪੀ ਹੈ।

–o–

## ੧੭. ਆਲਮ ਅਤੇ ਟਹਿਕਣ

**ਅਸਾਂ** ਹੁਣ ਤੱਕ ਜੋ ਕੁਛ ਲਿਖਿਆ ਉਸ ਤੋਂ ਇਕ ਗੱਲ ਭਾਂਪ ਆਏ ਹਾਂ ਕਿ ਜੋਧ ਅਤੇ ਆਲਮ ਦਾ ਕਿਤਨਾ ਘਨਿਸ਼ਟ ਸਬੰਧ ਹੈ। ਏਸ ਨੂੰ ਸਪਸ਼ਟ ਕਰਨ ਲਈ ਅਸੀਂ ਦੋਨਾਂ ਦੇ ਕੁਛ ਪਰਸਪਰ ਟਕਰਵੇਂ ਛੰਦ ਵੀ ਦੇਖ ਆਏ ਹਾਂ। ਮੈਂ ਜਲਦੀ ਹੀ ਜੋਧ ਦਾ ਸੰਪੂਰਣ ਗ੍ਰੰਥ ਪਾਠਕਾਂ ਦੇ ਪੇਸ਼ ਕਰਨ ਲਈ ਉਪਰਾਲਾ ਕਰ ਰਿਹਾ ਹਾਂ,* ਤਾਂ ਕਿ ਜਿੱਥੇ ਜਿੱਥੇ ਉਸਦਾ ਆਲਮ ਨਾਲ ਮਿਲਾਨ ਹੁੰਦਾ ਹੈ ਤੇ ਜਿੱਥੇ ਨਹੀਂ ਹੁੰਦਾ, ਇਹ ਸਾਰੀ ਵਿਥਿਆ ਇਕ ਸ਼ੀਸ਼ੇ ਵਿਚ ਉੱਤਰ ਆਵੇ।

ਜੋਧ ਅਤੇ ਆਲਮ ਦੇ ਟਾਕਰੇ ਤੋਂ ਛੁੱਟ ਅਸੀਂ ਇਹ ਵੀ ਦੇਖ ਆਏ ਹਾਂ ਕਿ ਆਲਮ ਵਿਚ ਦਸਮ ਗ੍ਰੰਥ ਦੀ ਬਾਣੀ ਦਾ ਪ੍ਰਭਾਵ ਕਿਤਨਾ ਤੇ ਕਿਸ ਹੱਦ ਤਕ ਹੈ ਤੇ ਇਹ ਮੁਤਾਲਿਆ ਕਿਸ ਤਰ੍ਹਾਂ ਆਲਮ ਦੀ ਜ਼ਿੰਦਗੀ ਨੂੰ ਸੰਮਤ ੧੭੫੩ ਬਿ: ਨਾਲ ਸੰਬੰਧਤ ਕਰਦਾ ਹੈ।

ਇਸ ਗੱਲ ਤੋਂ ਇਹ ਨਿਸ਼ਚਾ ਸੁਤੇ ਸਿਧ ਪੈਦਾ ਹੁੰਦਾ ਹੈ ਕਿ ਮਾਧਵਾਨਲ ਕਾਮਕੰਦਲਾ ਲਿਖਣ ਵਾਲਾ ਆਲਮ ਓਹੋ ਹੀ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਦਾ ਹਜ਼ੂਰੀ ਕਵੀ ਸੀ। ਹੁਣ ਇਸ ਦੀ ਪ੍ਰੋਢਤਾ ਇਕ ਹੋਰ ਤ੍ਰੀਕੇ ਨਾਲ ਵੀ ਹੋ ਸਕਦੀ ਹੈ।

ਉਹ ਕਵੀ ਜੋ ਇਕ ਦਰਬਾਰ ਦੇ ਹੋਣ ਵਿਚ ਪਰਸਪਰ ਪ੍ਰਭਾਵ ਕੰਮ ਕਰਨ ਲੱਗ ਪੈਂਦੇ ਹਨ, ਉਨ੍ਹਾਂ ਦਾ ਕਵਿਤਾ ਦੇ ਬਾਜ਼ਾਰ ਵਿਚ ਆਪਸ ਦਾ ਵਟਾਂਦਰਾ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਖਿਆਲ, ਸ਼ੈਲੀ, ਅਲੰਕਾਰ ਤੇ ਛੰਦ ਪ੍ਰਬੰਧ ਆਦਿਕ ਤੇ ਕਈ ਹੋਰ ਗੱਲਾਂ ਐਸੀਆਂ ਹੋ ਜਾਂਦੀਆਂ ਹਨ, ਜਿਨ੍ਹਾਂ ਵਿਚ, ਜਾਂ ਤੇ ਇਹ ਸਪਸ਼ਟ ਦਿੱਸਣ ਲੱਗ ਪੈਂਦਾ ਹੈ ਕਿ ਇਕ ਨੇ ਦੂਜੇ ਕੋਲੋਂ ਲੀਤੇ ਹਨ ਜਾਂ ਦੋਨਾਂ ਵਿਚ ਕਿਸੇ ਸਾਂਝੇ ਸੋਮੇ ਦੀ ਝਲਕ ਹੈ।

---

* ਇਹ ਗ੍ਰੰਥ ਅੰਗ੍ਰੇਜ਼ੀ ਤੇ ਸੰਸਕ੍ਰਿਤ ਵਿਚ ਚਿਰੋਕਾ ਛਪ ਚੁਕਾ ਹੈ। ਨਾਮ ਹੈ 'ਮਾਧਵਾਨਲ ਕਾਮਕੰਦਲਾ ਚਰਿਤ'।

ਏਸ ਗਲ ਨੂੰ ਸਾਹਮਣੇ ਰੱਖਕੇ ਜੇ ਅਸੀਂ ਸਾਰੇ ਹਜ਼ੂਰੀ ਕਵੀਆਂ ਨੂੰ ਮੁਤਾਲਜਾ ਦੀ ਨਜ਼ਰ ਵਿਚੋਂ ਲੰਘਾਈਏ ਤਦ ਬਹੁਤ ਦਿਲਚਸਪ ਗੱਲਾਂ ਦਿੱਸਣ ਲੱਗ ਪੈਣਗੀਆਂ, ਪਰ ਇਸ ਵਿਆਖਿਆ ਦੀ ਲੰਮਾਣ ਚੁੜਾਨ ਇਤਨੀ ਵੱਡੀ ਹੈ ਜੋ ਏਸ ਮਜ਼ਮੂਨ ਦੀ ਹੱਦਬੰਦੀ ਤੋਂ ਬਾਹਰ ਹੋ ਜਾਂਦੀ ਹੈ। ਸੋ ਆਪਣੇ ਵਿਸ਼ਯ ਦੇ ਛੇਤ੍ਰ ਦੇ ਅੰਦਰ ਅੰਦਰ ਰਹਿ ਕੇ ਮੈਂ ਬਤੌਰ ਨਮੂਨੇ ਦੇ ਆਲਮ ਦਾ ਹੀ ਗੁਰੂ ਜੀ ਦੇ ਇਕ ਹਜ਼ੂਰੀ ਕਵੀ ਨਾਲ ਸਿਰਫ ਥੋੜੀਆਂ ਗੱਲਾਂ ਵਿਚ ਟਾਕਰਾ ਕਰਕੇ ਦੱਸਦਾ ਹਾਂ, ਜਿਸ ਤੋਂ ਇਤਨੀ ਗੱਲ ਸਪਸ਼ਟ ਦਿੱਸ ਪਵੇ ਕਿ ਆਲਮ ਹਜ਼ੂਰੀ ਦਰਬਾਰ ਦਾ ਹੀ ਇਕ ਅੰਗ ਸੀ।

ਇਕ ਹਜ਼ੂਰੀ ਕਵੀ ਦਾ ਨਾਮ 'ਟਹਿਕਣ' ਸੀ ਜਿਸ ਨੇ ਅਸ਼੍ਵਮੇਧ ਭਾਖਾ ਨਾਮੀ ਗ੍ਰੰਥ ਰਚਿਆ। ਇਹ ਗ੍ਰੰਥ ਸੰਸਕ੍ਰਿਤ ਮੂਲ ਤੋਂ ਅਨੁਵਾਦ ਸੀ।

ਸ੍ਰੀ ਜਯੋਤਿ ਪ੍ਰਸ਼ਾਦ ਜੀ ਨਿਰਮਲ  ਆਲਮ ਬਾਬਤ ਵੀ ਇਹ ਲਿਖਦੇ ਹਨ:

"ਇਸ ਪੁਸਤਕ (ਆਲਮ ਕੇਲਿ) ਕੇ ਸਿਵਾ ਮਾਧਵਾਨਲ ਕਾਮਕੰਦਲਾ ਨਾਮਕ ਗ੍ਰੰਥ ਕਾ ਅਨੁਵਾਦ ਭੀ ਇਨ੍ਹੀ (ਆਲਮ) ਕਾ ਕੀਆ ਹੂਆ ਬਤਲਾਇਆ ਜਾਤਾ ਹੈ।"

ਅਸੀਂ ਇਹ ਗੱਲ ਕਹਿ ਚੁਕੇ ਹਾਂ ਕਿ ਭਾਈ ਕਾਹਨ ਸਿੰਘ ਜੀ ਵੀ ਅਨੁਵਾਦ ਵਾਲੀ ਗੱਲ ਮੰਨਦੇ ਸਨ ਤੇ ਆਪਣੇ ਮਹਾਨ ਕੋਸ਼ ਵਿਚ ਉਹਨਾਂ ਨੇ ਇਹ ਲਿਖਿਆ ਕਿ ਆਲਮ ਨੇ "ਮਾਧਵਾਨਲ ਸੰਗੀਤ ਦਾ ਬ੍ਰਿਜ ਭਾਸ਼ਾ ਵਿਚ ਉਲਥਾ (ਅਨੁਵਾਦ) ਕੀਤਾ।"

ਇਹ 'ਉਲਥਾ' ਤੇ '(ਅਨੁਵਾਦ)' ਦੋਨੋਂ ਲਫਜ਼ ਭਾਈ ਕਾਹਨ ਸਿੰਘ ਜੀ ਦੇ ਇਕੋ ਫਿਕਰੇ ਵਿਚ ਹਨ ਤਾਂ ਕਿ ਆਲਮ ਦੇ ਤਰਜਮੇਂ ਕਰਨ ਦੇ ਫੈਕਟ ਵਿਚ ਕੋਈ ਸ਼ੱਕ ਬਾਕੀ ਨਾ ਰਹਿ ਜਾਵੇ। ਉਨ੍ਹਾਂ ਆਲਮ ਦੀ ਪੁਸਤਕ ਨੂੰ 'ਹਿੰਦੀ ਅਨੁਵਾਦ' ਇਕ ਵੇਰ ਫੇਰ ਮਹਾਨ ਕੋਸ਼ ਵਿਚ ਸਫਾ ੩੦੭੭ ਉਪਰ ਲਿਖਿਆ ਹੈ। ਪਰ ਆਲਮ ਦਾ ਅਨੁਵਾਦ ਕਿਸ ਨਮੂਨੇ ਦਾ ਸੀ? ਇਸ ਗਲ ਦਾ ਵਿਸਥਾਰ ਭਾਈ ਕਾਹਨ ਸਿੰਘ ਜੀ ਦੀ ਲਿਖਤ ਵਿਚ ਕਿਤੇ ਨਹੀਂ।

ਅਨੁਵਾਦ ਵੀ ਕਈ ਪ੍ਰਕਾਰ ਦੇ ਹੁੰਦੇ ਹਨ। ਇਕ ਤੇ ਐਸੇ ਹਨ ਜੋ ਮੂਲ ਦੇ ਮਗਰ ਮਗਰ ਟੁਰਦੇ ਹਨ। ਜੋ ਕੁਛ ਅਸਲ ਵਿਚ ਹੈ ਓਹੋ ਤਰਜਮੇ ਵਿਚ। ਏਸ ਗੱਲ ਦੀ ਮਿਸਾਲ ਲਈ ਮੈਂ ਕਵੀ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਨੂੰ ਪੇਸ਼ ਕਰਦਾ ਹਾਂ। ਕਵੀ ਜੀ ਨੇ ਬਾਲਮੀਕ ਰਾਮਾਯਣ ਦਾ ਉਲਥਾ ਕੀਤਾ ਹੈ, ਸੰਸਕ੍ਰਿਤ ਤੋਂ ਭਾਸ਼ਾ ਕਵਿਤਾ ਵਿਚ (ਗੁਰਮੁਖੀ ਅੱਖਰ ਵਰਤ ਕੇ)। ਕਵੀ ਨੇ ਆਪਣੀ ਵਲੋਂ ਕੋਈ ਵਾਧਾ ਘਾਟਾ ਨਹੀਂ ਕੀਤਾ ਤੇ ਕਿਹਾ ਹੈ:-

*ਬਾਲਮੀਕ ਮੁਨਿ ਕੀ ਕ੍ਰਿੱਤਿ ਸਰਬ ਜਥਾਰਥ ਜਾਨ।*
*ਜਜੋਂ ਬੀਤੀ ਬਰਨੀ ਤਥਾ ਬਾਧ ਨ ਘਾਟ ਪਛਾਨ॥੧੪॥*

*(ਆਰਨ ਕਾਂਡ, ਸਰਗ ੭੨)*

ਫੇਰ ਕਿਹਾ ਹੈ ਕਿ ਮੈਂ ਆਪਣੀ ਵਲੋਂ ਕੋਈ ਗਲ ਬਣਾਕੇ ਨਹੀਂ ਕੀਤੀ। ਮੂਲ ਵਿਚ ਜਿਸ ਤਰ੍ਹਾਂ ਪਾਤ੍ਰ (Characters) ਬੋਲਦੇ ਤੇ ਕੰਮ ਕਰਦੇ ਹਨ ਮੈਂ ਉਸ ਤਰ੍ਹਾਂ ਹੀ ਰਖੇ ਹਨ:-

*'ਮਨ' ਕੀ ਉਕਤਿ ਬਨਾਇਕੈ ਨਹਿੰ ਕੀਨੋ ਇਤਿਹਾਸ॥*
*ਬੋਲਨਾਦਿ ਤੇ ਜਿਮ ਕ੍ਰਿਯਾ ਜਥਾ ਜੋਗ ਪਰਕਾਸ਼॥੧੫॥*

*(ਅਰੰਨ ਕਾਂਡ, ਸਰਗ ੭੨)*

ਕਵਿ ਸੰਤੋਖ ਸਿੰਘ ਇਹ ਕਹਿ ਰਿਹਾ ਹੈ ਕਿ ਮੇਰਾ ਅਨੁਵਾਦ ਮੇਰੇ 'ਮਨ' ਦੀ ਕ੍ਰਿਤ ਨਹੀਂ, 'ਮੁਨਿ' ਦੀ ਹੂਬਹੂ ਨਕਲ ਹੈ:

*'ਮੁਨਿ' ਕੋ ਕਹਜੋ ਨ ਛੋਰਿਓ ਔਰ ਨਹੀ ਵਧਿ ਪਾਇ।*
*ਸਰਬ ਜਥਾਰਥ ਜਾਨੀਏ ਸਾਚ ਭਈ ਜਿਸ ਭਾਇ॥੧੮॥*

*(ਬਾਲ ਕਾਂਡ, ਸਰਗ ੭੭)*

ਕਵਿ ਏਸ ਗੱਲ ਤੋਂ ਜਾਣੂ ਸੀ ਕਿ ਬਾਲਮੀਕ ਦੇ ਕਾਵਜ ਵਿਚ ਜਿੱਥੇ ਕਈ ਗੁਣ ਹਨ, ਉਥੇ ਔਗੁਣ ਵੀ ਹਨ, ਪਰ ਉਸ ਨੇ ਆਪਣੀ ਵੱਲੋਂ ਸੋਧਣ ਦਾ ਕੋਈ ਯਤਨ ਨਹੀਂ ਕੀਤਾ। ਸਿਰਫ਼ ਆਪਣੀ ਜ਼ਿੰਮੇਵਾਰੀ ਹਟਾਈ ਹੈ ਤੇ ਸਪਸ਼ਟ ਕਿਹਾ ਹੈ ਕਿ ਜੇ ਕਿਸੇ ਨੂੰ ਕੋਈ ਸ਼ੰਕਾ ਫੁਰੇ ਤਾਂ ਉਹ ਮੇਰੇ ਉਪਰ ਇਤਰਾਜ਼ ਨਾ ਕਰੇ, ਉਹ ਆਦਿ ਕਵਿ (ਬਾਲਮੀਕ) ਪਰ ਹੀ ਸ਼ੰਕਾ ਉਠਾਵੇ:

*ਦੂਖਨ ਔ ਭੂਖਨ ਸਮ੍ਾਰ ਨ ਉਚਾਰ ਕਰੌਂ*
*ਆਪਨੀ ਉਕਤਿ ਨ ਯੁਕਤਿ ਬਿਸਤਰਿ ਹੌਂ।*
*ਬਾਲਮੀਕ ਬਦਨ ਤੇ ਬਰਨ ਬਨੇ ਹੈਂ ਬਰ,*
*ਬਰਨ ਬਿਚਾਰ ਸੋਈ ਭਾਖਾ ਮੇਂ ਸੁਧਰਿ ਹੌਂ।*
*ਕਰਨੋ ਅਸ਼ੇਸ਼ ਪਦ ਆਇ ਹੈ ਬਿਸ਼ੇਸ਼ ਕਿਤ,*
*ਤਊ ਤਾਂ ਕੋ ਦੋਸ਼ ਗੁਨ ਤਹਾਂ ਅਨੁਸਰਿ ਹੌਂ।*
*ਸੰਸੇ ਕੋ ਪ੍ਰਸ਼ਨ ਗੁਨੀ ਆਦਿ ਕਵਿ ਹੂੰ ਪੈ ਕਰੋ,*
*ਮੇਰੀ ਮਤਿ ਥੋਰੀ ਛਿਮਾ ਜਾਚਿਬੋਈ ਕਰਿ ਹੌਂ।*
*(ਬਾਲ ਕਾਂਡ, ਸਰਗ ੩)*

ਮੈਂ ਇਨ੍ਹਾਂ ਗੱਲਾਂ ਨੂੰ ਵਿਸਤਾਰ ਵਿਚ ਬਿਆਨ ਕਰ ਰਿਹਾ ਹਾਂ। ਇਸ ਦਾ ਖਾਸ ਮਤਲਬ ਹੈ ਜੋ ਹੁਣ ਪ੍ਰਗਟ ਹੋ ਜਾਵੇਗਾ।

ਅਨੁਵਾਦ ਦੀਆਂ ਕਿਸਮਾਂ ਵਿਚੋਂ ਇਕ ਤਾਂ ਇਹ ਕਵਿ ਸੰਤੋਖ ਸਿੰਘ ਦੀ ਹੈ ਜਿਸ ਨੇ ਮੂਲ ਨਾਲ ਵਫ਼ਾਦਾਰੀ ਦੀ ਸੌਂਹ ਖਾਧੀ ਹੈ। ਦੂਜੀ ਕਿਸਮ ਏਸ ਤੋਂ ਉਲਟ ਹੈ। ਇਸਦੀ ਮਿਸਾਲ ਲਈ ਮੈਂ ਟਹਿਕਣ ਕਵੀ ਪੇਸ਼ ਕਰਦਾ ਹਾਂ। ਟਹਿਕਣ ਦਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਕਵੀਆਂ ਵਿਚੋਂ ਹੈ। ਇਸਦਾ ਲਿਖਿਆ ਗ੍ਰੰਥ ਅਸ਼੍ਵਮੇਧ ਭਾਸ਼ਾ ਮਿਲਦਾ ਹੈ। ਟਹਿਕਣ ਨੇ ਇਸ ਵਿਚ ਮਹਾਂਭਾਰਤ (ਸੰਸਕ੍ਰਿਤ) ਤੋਂ ਭਾਸ਼ਾ ਵਿਚ ਅਨੁਵਾਦ ਕੀਤਾ ਹੈ। ਆਪਣੇ ਤਰਜਮੇ ਬਾਬਤ ਟਹਿਕਣ ਆਪ ਕਹਿੰਦਾ ਹੈ ਕਿ ਇਸ ਵਿਚ ਮੈਂ ਕੁਛ ਗੱਲਾਂ ਆਪਣੀ ਅਕਲ ਨਾਲ ਜੋੜਕੇ ਪਾਈਆਂ ਹਨ, ਕੁਛ ਦੂਸਰਿਆਂ ਦੀਆਂ ਬਣੀਆਂ ਬਣਾਈਆਂ ਲੈਕੇ (ਹਰਕੇ) ਪਾਈਆਂ ਹਨ:

*ਕੁਛਕੁ ਉਕਤਿ ਬਲ ਬੁਧਿ ਕੁਛਕ ਪਰਕ੍ਰਿਤ ਹਰ ਲੀਨੀ।*
*ਬੀਨ ਬੀਨ ਅੱਛਰ ਪ੍ਰਬੀਨ ਪੋਥੀ ਸ਼ੁਭ ਕੀਨੀ।*

ਫੇਰ ਇਹ ਕਿਹਾ ਹੈ ਕਿ ਮੈਂ ਇਕ ਕਥਾ ਪਹਿਲੇ ਸੰਸਕ੍ਰਿਤ (ਸੁਰਭਾਖਾ) ਵਿਚੋਂ ਸੁਣ ਲੀਤੀ ਤਾਂ ਇਸਨੂੰ ਦੋਹਾ ਤੇ ਚਉਪਈ ਵਿਚ ਕੀਤਾ:

*ਪ੍ਰਥਮੇ ਸੁਰ ਪਾਖਾ ਸੁਨਿ ਲੀਨੀ। ਦੋਹਾ ਸਰਸ ਚਉਪਈ ਕੀਨੀ।*

ਪਰ ਸਾਰੀ ਗੱਲ ਉਸ ਨੇ ਆਪਣੀ ਬੁਧਿ ਅਨੁਸਾਰ (ਵਧਾ ਘਟਾ ਕੇ) ਕੀਤੀ:

***ਬਰਨੋ ਕਥਾ ਸੁਧਾਰਸ ਸਾਨੀ। ਕਹੌਂ ਜਥਾ ਮਤਿ ਉਕਤ ਕਹਾਨੀ।***

ਟਹਿਕਣ ਕਵੀ ਇਹ ਸਤਰਾਂ ਬਹੁਤ ਪਹਿਲੇ ਲਿਖ ਚੁਕਾ ਸੀ, ਜਿਸ ਵੇਲੇ ਆਲਮ ਕ੍ਰਿਸ਼ਨਾਵਤਾਰ ਦੇ ਅਨੁਵਾਦ ਉਪਰ ੧੭੪੫ ਬਿ: ਦੇ ਲਾਗੇ ਪੁੱਛ ਗਿੱਛ ਕਰ ਰਿਹਾ ਸੀ। ਟਹਿਕਣ ਦੀ ਇਹ ਰਚਨਾ ੧੭੨੬ ਬਿ: ਦੀ ਹੈ:

***ਸੰਬਤਸਰ ਦਸ ਸਪਤ ਸ਼ਤ ਅਧਿਕ ਬਰਖ ਖਟ ਬੀਸ।***
***ਥਿਤ ਤ੍ਰਯੋਦਸ਼ੀ ਅਖਾਢ ਬਦਿ ਬੁਧ ਬਾਸੁਰ ਸ਼ੁਭ ਦੀਸ।***

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਟਹਿਕਣ ਨੇ ਆਪਣੇ ਅਨੁਵਾਦ ਬਾਬਤ ਕਿਹਾ ਹੈ ਕਿ ਪਹਿਲੇ ਸੁਰਭਾਖਾ ਸੁਨੀ; ਸੁਰਭਾਖਾ ਦੇ ਅਰਥ ਸੰਸਕ੍ਰਿਤ ਦੇ ਹਨ। ਏਸੇ ਤਰ੍ਹਾਂ ਆਲਮ ਨੇ ਉਸਦੇ ਨਮੂਨੇ ਉਪਰ ਕਿਹਾ ਹੈ:

***ਕਥਾ ਸਹਸਕ੍ਰਿਤ ਸੁਨ ਕਛੁ ਥੋਰੀ। ਭਾਖਾ ਬਾਂਧਿ ਚੌਪਈ ਜੋਰੀ।***
*(ਭਸੌੜ ਐਡੀਸ਼ਨ, ਸਫਾ ੭)*

ਟਹਿਕਣ ਨੇ ਕਿਹਾ-

***ਕਛੁਕ ਉਕਤਿ ਬਲ ਬੁਧਿ ਕਛੁਕ ਪਰਕ੍ਰਿਤ ਹਰ ਲੀਨੀ।***
***ਬੀਨ ਬੀਨ ਅੱਛਰ ਪ੍ਰਬੀਨ ਪੋਥੀ ਸ਼ੁਭ ਕੀਨੀ।***

'ਹਰ ਲੀਨੀ' ਦਾ ਅਰਥ ਹੈ: ਲੁਟ ਲੀਤੀ, ਖੋਹ ਲੀਤੀ, ਚੁਰਾ ਲੀਤੀ ਆਦਿਕ। ਆਲਮ ਕਹਿੰਦਾ ਹੈ:-

***ਕਛੁ ਆਪਨ ਕਛੁ ਪਰ ਕ੍ਰਿਤ ਚੋਰੇ। ਜਥਾ ਸ਼ਕਤ ਕੋ ਅੱਛਰ ਜੋਰੇ।***

ਆਲਮ ਅਤੇ ਟਹਿਕਣ ਦੇ ਛੰਦਾਂ ਬੰਦੀ ਦੇ ਸਟਾਈਲ ਦੱਸਣ ਵਿਚ ਇਤਨਾ ਫ਼ਰਕ ਪਿਆ ਹੈ ਕਿ ਟਹਿਕਣ ਨੇ ਕਿਹਾ ਹੈ ਕਿ ਮੈਂ ਕਿਤੇ ਕਿਤੇ ਕਬਿੱਤ ਵੀ ਪਾਏ ਹਨ, ਜੋ ਗੱਲ ਆਲਮ ਨੇ ਨਹੀਂ ਕਹੀ। ਪਰ ਟਹਿਕਣ ਨੇ ਕਬਿੱਤ ਨੂੰ ਵਰਤਿਆ ਨਹੀਂ, ਸਿਵਾਏ ਦੋ ਕਬਿੱਤਾਂ ਦੇ ਜੋ ਮੰਗਲ ਰੂਪ ਹਨ। ਤੇ ਜੋ ਇਹ ਹਨ:

ਕਬਿੱਤ- ਦੀਨ ਬੰਧੁ ਦਇਆ ਸਿੰਧੁ ਆਰਤ ਹਰਤ ਭਾਰੀ,
ਦ੍ਰੋਪਦੀ ਉਬਾਰੀ ਤੈਸੇ ਮੋਹੂ ਕੋ ਉਬਾਰ ਲੈ।
ਗਨਕਾ ਉਧਾਰੀ ਜਗ ਸੰਕਟ ਨਿਵਾਰੀ
ਪ੍ਰਹਲਾਦ ਹਿਤਕਾਰੀ ਭਵ ਸਾਗਰ ਉਤਾਰ ਲੈ।
ਗੋਤਮ ਤੀਆ ਤਾਰੀ ਔ ਚਰਣ ਭੁਜ ਰਜ ਧਾਰੀ,
ਗੋਬ੍ਰਹਮਣ ਹਿਤਕਾਰੀ ਦੁਖ ਦਾਰਿਦ ਨਿਵਾਰ ਲੈ।
ਟਹਿਕਣ ਪ੍ਰਭ ਨੰਦ ਲਾਲ ਦੀਨ ਦਇਆਲ ਭਗਤ ਪਾਲ,
ਕਰੁਣਾ ਕ੍ਰਿਪਾਲ ਲਾਲ ਬਿਰਦ ਕੋ ਸੰਭਾਰ ਲੈ॥੫੫॥

(ਅਸ਼੍ਵਮੇਧ ਭਾਖਾ, ਹਸਤ ਲਿਖਤ, ਪੰਨਾ ੮/੨)

ਦੂਸਰਾ ਕਬਿੱਤ ਹੈ:-

ਜਾਕੇ ਧਜਾਨ ਧਰੇ ਪਿੰਗ ਨਰ ਗਿਰ ਲੰਘ ਜਾਤ,
ਜਾਕੀ ਕ੍ਰਿਪਾ ਹੋਤ ਮਤਿਮੰਦ ਕਵਿ ਭਾਰਥੀ।
ਗਿਰਵਰ ਧਾਰੀ ਗਰਬ ਇੰਦ੍ਰ ਕੋ ਪ੍ਰਹਾਰੀ,
ਕੁਲ ਕੈਰਵ ਮੰਘਾਰੀ ਭਯੋ ਅਰਜਨ ਕੋ ਸਾਰਥੀ।
ਟਹਿਕਣ ਪ੍ਰਭੁ ਨੰਦ ਲਾਲ ਦੀਨ ਬੰਧ ਭਕਤਿਪਾਲ,
ਕਰੁਨਾ ਕ੍ਰਿਪਾਲ ਦਯਾਲ ਪਰਮ ਪੁਰਖਾਰਥੀ।
ਤਿਹ ਬਲੁ ਦੀਓ ਮੋਕੋ ਸਾਚੁ ਕਹੌ ਨ੍ਰਿਪ ਤੋਕੋ,
ਜੀਤੋ ਸਮੇਤ ਸੂਰ ਬੀਰ ਓ ਮਹਾਰਥੀ॥੩॥

(ਅਸ਼੍ਵਮੇਧ ਭਾਖਾ ਹਸਤ ਲਿਖਤ ਪੰਨਾ ੧੬)

ਟਹਿਕਣ ਨੇ ਸੰਨ ੧੭੨੬ ਵਿਚ ਕਿਹਾ:-

ਪ੍ਰਥਮੇ ਸੁਰ ਭਾਖਾ ਸੁਨਿ ਲੀਨੀ। ਦੋਹਾ ਸਰਸ ਚਉਪਈ ਕੀਨੀ।
ਕਹੂੰ ਕਬਿੱਤ ਸੋਰਠਾ ਕੀ ਗਤਿ। ਟਹਕਣ ਬਰਨਨ ਕੀਓ ਅਲਪਮਤਿ।

ਆਲਮ ਨੇ ੧੭੫੩ ਦੇ ਪਿਛੋਂ ਕਿਹਾ:

ਕਥਾ ਚਉਪਈ ਆਲਮ ਕੀਨੀ। ਪਹਿਲੇ ਕਥਾ ਸ੍ਰਵਨ ਸੁਨਿ ਲੀਨੀ।
ਕਹੂੰ ਕਹੂੰ ਬੀਚ ਦੋਹਰਾ ਕਰੇ। ਕਹੂੰ ਕਹੂੰ ਬੀਚ ਸੋਰਠਾ ਧਰੇ।

(ਭਸੌੜ ਪੋਥੀ, ਸਫਾ ੧੩੪)

ਟਹਿਕਣ ਅਤੇ ਆਲਮ ਦਾ ਇਹ ਪਰਸਪਰ ਮਿਲਾਨ ਬਹੁਤ ਟੱਕਰਵਾਂ ਹੈ, ਜੋ ਦੋਨਾਂ ਦੇ ਇਕ ਸਾਂਝੇ ਸੰਮੇਲਨ ਦੇ ਅੰਗ ਹੋਣ ਵਾਲੀ ਗੱਲ ਨਾਲ ਢੁੱਕਦਾ ਹੈ।

ਟਹਿਕਣ ਦੇ ਕੁੱਲ ਛੰਦਾਂ ਨੂੰ ਗਿਣੀਏਂ ਤਾਂ ਉਨ੍ਹਾਂ ਦੀ ਗਿਣਤੀ ਬਹੁਤ ਹੋਵੇਗੀ। ਗ੍ਰੰਥ ਦੇ ੭੩ ਅਧਿਜਾਇ ਹਨ, ਹਰ ਇਕ ਅਧਜਾਇ ਵਿਚ ਔਸਤਨ ਫੇਰ ਇਤਨੇ ਕੁ ਹੀ ਛੰਦ ਹਨ। ਏਸ ਗਿਣਤੀ ਵਿਚ ਕਬਿੱਤਾਂ ਦਾ ਕੇਵਲ ਦੋ ਦੀ ਗਿਣਤੀ ਵਿਚ ਹੋਣਾ ਕੋਈ ਖਾਸ ਹਸਤੀ ਕਾਰਕ ਅਰਥ ਨਹੀਂ ਰੱਖਦਾ। ਸੋ ਇਹ ਕਹਿਣਾ ਕਿ ਟਹਿਕਣ ਦਾ ਗ੍ਰੰਥ ਪ੍ਰਬੰਧ ਸਾਰਾ ਚੌਪਈ ਤੇ ਦੋਹਿਰੇ* ਵਿਚ ਹੈ ਬਿਲਕੁਲ ਠੀਕ ਹੈ। ਏਹੋ ਪ੍ਰਬੰਧ ਆਲਮ ਦੀ ਮਾਧਵਾਨਲ ਕਾਮਕੰਦਲਾ ਦਾ ਹੈ। ਟਹਿਕਣ ਦੀ ਚੌਪਈ ੧੨ ਸਤਰ ਦੀ ਹੈ, ਸ਼ੁਰੂ ਤੋਂ ਅਖੀਰ ਤਕ ਏਹੋ ਸਿਲਸਿਲਾ ਹੈ, ਏਸ ਵਿਚ ਸਿਰਫ ਇਤਨਾ ਫ਼ਰਕ ਪਿਆ ਹੈ ਕਿ ਕੇਵਲ ਇਕ ਚੌਪਈ ੧੯ ਸਤਰ ਦੀ ਗਈ ਹੈ ਜੋ ਪੰਜਵੇਂ ਅਧਜਾਇ ਦੀ ੮੩ਵੀਂ ਹੈ।

ਮਾਧਵਾਨਲ ਕਾਮਕੰਦਲਾ ਵਿਚ ਵੀ ਆਲਮ ਦਾ ਛੰਦ ਪ੍ਰਬੰਧ ਚੌਪਈ ਦੋਹਿਰੇ* ਦਾ ਹੈ ਤੇ ਚੌਪਈ, ਟਹਿਕਣ ਵਾਕੁਣ ਗਿਣੀ ਮਿਥੀ ਹੈ ਜੋ ੧੦ ਸਤਰ ਦੀ ਹੈ।

ਇਹ ਗੱਲ ਮੈਂ ਏਸ ਕਰਕੇ ਕਹਿ ਰਿਹਾ ਹਾਂ ਕਿ ਕਈ ਵੇਰ ਇੱਕ ਪੁਸਤਕ, ਜਿਸ ਦਾ ਨਾਮ 'ਸਿਆਮ ਸਨੇਹੀ' ਹੈ, ਦਾ ਹਵਾਲਾ ਦਿੱਤਾ ਜਾਂਦਾ ਹੈ, ਜਿਸਦਾ ਕਰਤਾ ਵੀ ਆਲਮ ਹੀ ਮੰਨਿਆ ਜਾਂਦਾ ਹੈ। ਇਹ ਪੁਸਤਕ ਵੀ ਚੌਪਈ ਦੋਹਰੇ ਵਿਚ ਹੈ। ਪਰ ਏਸ ਵਿਚ ਚੌਪਈ ਦੀਆਂ ਸਤਰਾਂ ਦੀ ਗਿਣਤੀ ਕਿਸੇ ਮਰਿਯਾਦਾ ਵਿਚ ਨਹੀਂ ਚਲਦੀ। ਮਸਲਨ ਚੌਪਈ ੩੬ ਵਿਚ ੨੨ ਸਤਰਾਂ ਹਨ; ਚੌਪਈ ੫੫ ਵਿਚ ੨੪, ਚੌਪਈ ੫੪ ਵਿਚ ੨੬। ਟਹਿਕਣ ਦਾ ਪ੍ਰਭਾਵ ਪੈਣ ਤੋਂ ਪਹਿਲੇ ਜੋ ਵੀ ਰਚਨਾ ਆਲਮ ਦੇ ਨਾਮ ਹੇਠ ਮਿਲੇਗੀ ਉਹ ਉਸ ਪ੍ਰਬੰਧ ਦੀ ਕਾਇਲ ਨਹੀਂ ਹੋਵੇਗੀ ਜਿਸ ਵਿਚ ਚੌਪਈ ਤੇ ਦੋਹਿਰਾ ਦੇ ਪ੍ਰਬੰਧ ਹੁੰਦਿਆਂ ਹੋਇਆਂ ਚੌਪਈ ਦੀਆਂ ਸਤਰਾਂ ਦੀ ਗਿਣਤੀ ਕਿਸੇ ਇਕ ਬੱਧੀ ਗੇਣਤੀ ਦੀ ਮਰਿਯਾਦਾ ਵਿਚ ਸ਼ੁਰੂ ਤੋਂ ਅਖੀਰ ਤਕ ਇਕੋ ਜੇਹੀ ਨਿਭਦੀ ਹੈ।

---

* 'ਦੋਹਿਰੇ' ਵਿਚ 'ਸੋਰਠਾ' ਸ਼ਾਮਲ ਹੈ।

 www.sikhbookclub.com

ਇਸ ਸਾਰੀ ਗੱਲ ਦਾ ਨਤੀਜਾ ਕੇਵਲ ਇਤਨਾ ਹੈ ਕਿ ਆਲਮ ਦੀ ਪੁਸਤਕ 'ਮਾਧਵਾਨਲ ਕਾਮਕੰਦਲਾ' ਵਿਚ ਟਹਿਕਣ ਦੇ ਪ੍ਰਭਾਵ ਦਾ ਤਤੂ ਹੈ। ਆਲਮ ਨੇ ਕੇਵਲ ਉਹ ਖਿਆਲ ਹੀ ਟਹਿਕਣ ਤੋਂ ਨਹੀਂ ਲਏ, ਜਿਨ੍ਹਾਂ ਵਿਚ ਸੰਸਕ੍ਰਿਤ ਦੀ ਕਥਾ ਸੁਣਨੀ, ਪਰ ਕੀ ਚੋਰੀ, ਆਪਣੀ ਮਿਲਾਵਟ ਆਦਿਕ ਗੱਲਾਂ ਹਨ, ਉਸਨੇ ਇਹ ਤ੍ਰੀਕਾ ਵੀ ਉਸੇ ਤੋਂ ਲੀਤਾ ਹੈ ਕਿ ਚੌਪਈ ਨੂੰ ਜਿਤਨੀਆਂ ਸਤਰਾਂ ਵਿਚ ਪਹਿਲੀ ਵੇਰ ਬੰਨ੍ਹਿਆ ਹੈ ਉਸੇ ਮਰਿਯਾਦਾ ਨੂੰ ਅਖੀਰ ਤੱਕ ਨਿਭਾਇਆ ਹੈ।

ਪਰ ਕਵੀ 'ਪਰ ਕੀ ਚੋਰੀ' ਕਿਉਂ ਕਰਦੇ ਹਨ?

ਜਿਸ ਜਿਸ ਜ਼ਮਾਨੇ ਵਿਚ ਕਵੀਆਂ ਦਾ ਆਦਰ ਵਧੀਕ ਹੋਇਆ ਤੇ ਉਨ੍ਹਾਂ ਨੂੰ ਵਧ ਚੜ੍ਹਕੇ ਇਨਾਮ ਮਿਲੇ ਹਨ ਉਸੇ ਉਸੇ ਜ਼ਮਾਨੇ ਵਿਚ ਕਵਿਤਾ ਦੀ ਚੋਰੀ ਵੀ ਆਮ ਪ੍ਰਚਲਤ ਹੋਈ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ ਚੋਰੀ ਦੀ ਸੰਭਾਵਨਾ ਸੀ? ਰੌਸ਼ਨ ਸਿੰਘ ਦੀ ਕਥਾ ਏਸ ਬਾਰੇ ਸਪਸ਼ਟ ਹੈ, ਜੋ ਇਹ ਹੈ:-

"ਗੁਰੂ ਜੀ ਪਾਸ ੩੬ ਲਿਖਾਰੀ ਸਨ। ਉਨ੍ਹਾਂ ਵਿਚੋਂ ੪ ਬਹੁਤ ਸਿਆਣੇ ਤੇ ਵਿਦਵਾਨ ਸਨ। ਉਨ੍ਹਾਂ ਵਿਚੋਂ ਇਕ ਦਾ ਨਾਉਂ ਰੌਸ਼ਨ ਸਿੰਘ ਸੀ। ਇਕ ਦਿਨ ਗੁਰੂ ਜੀ ਨੇ ਕੁਛ ਸਵੈਯਾਂ ਦੀ ਰਚਨਾ ਰਚੀ ਤੇ ਰੌਸ਼ਨ ਸਿੰਘ ਨੂੰ ਉਤਾਰਾ ਕਰਨ ਲਈ ਦਿੱਤੀ ਤੇ ਆਪ ਉਸ ਦਫਤਰ ਵਿਚੋਂ, ਜਿਥੇ ਲਿਖਾਰੀ ਆਪ ਦੀ ਉਚਾਰ ਹੁੰਦੀ ਰਚਨਾ ਲਿਖਦੇ ਹੁੰਦੇ ਸੇ, ਬਾਹਰ ਚਲੇ ਗਏ। ਰੌਸ਼ਨ ਸਿੰਘ ਇਕੱਲਾ ਸੀ। ਉਸ ਨੇ ਕੁਛ ਸਵੈਯੇ ਆਪਣੇ ਪੱਟ ਤੇ ਲਿਖ ਲਏ ਕਿ ਘਰ ਜਾਕੇ ਉਤਾਰਾ ਕਰਕੇ ਆਪਣੀ ਛਾਪ ਵਿਚ ਪਾਕੇ ਲਿਖ ਲਵਾਂਗੇ। ਇਸ ਨੇ ਜਾਤਾ ਕਿ ਗੁਰੂ ਜੀ ਭੁੱਲ ਜਾਣਗੇ, ਯਾਦ ਨਹੀਂ ਰਹਿਣ ਲੱਗਾ। ਗੁਰੂ ਜੀ ਇਸ ਵੇਲੇ ਬਾਹਰ ਸਮਾਗਮ ਵਿਚ ਜਾ ਬੈਠੇ। ਥੋੜੇ ਚਿਰ ਵਿਚ ਹੀ ਆਪ ਜੀ ਨੇ ਖਜ਼ਾਨਚੀ ਨੂੰ ਸੱਦਿਆ ਤੇ ਕਿਹਾ ਕਿ ਜਾਓ ਰੌਸ਼ਨ ਸਿੰਘ ਨੂੰ ਸਾਬਨ ਦਹੀਂ ਦੇਕੇ ਆਪ ਨਾਲ ਹੋਕੇ ਕੇਸਾਂ ਸਣੇ ਸ਼ਨਾਨ ਕਰਾ ਦਿਓ ਤੇ ਨਵੇਂ ਕਪੜੇ ਪੁਆਕੇ ਘਰ ਜਾਣੇ ਦੀ ਛੁੱਟੀ ਦੇ ਦਿਓ। ਜਦ ਐਸਾ ਕੀਤਾ ਗਿਆ ਤਾਂ ਸਾਰੇ ਅੱਖਰ ਪੱਟ ਤੇ ਲਿਖੇ ਹੋਏ ਮਿਟ ਗਏ। ਰੌਸ਼ਨ ਸਿੰਘ ਸਿਰ ਧੁਨਦਾ ਤੇ ਪਛੁਤਾਂਦਾ ਨ੍ਹਾ ਧੋਕੇ, ਚੋਰੀ ਦੇ ਨਿਸ਼ਾਨਾਂ ਤੋਂ ਭੀ ਧੋਤਾ ਜਾਕੇ ਘਰ ਗਿਆ। ਚਿਰ ਪਾ ਕੇ

ਗੁਰੂ ਜੀ ਨੇ ਇਕ ਦਿਨ ਇਕੱਲੇ ਨੂੰ ਹੱਸ ਕੇ ਕਿਹਾ, ਸੁਣਾ ਬਈ ਰੌਸ਼ਨ ਸਿੰਘ! ਰੌਸ਼ਨੀ ਕਿ ਰੁਸ਼ਨਾਈ? ਚਾਨਣਾ ਕਿ ਸ਼ਾਹੀ? ਨਾਮ ਸੀ ਚਾਨਣਾ ਤੂੰ ਕਰ ਲਈ ਸਿਆਹੀ। ਸ਼ਰਮਿੰਦਾ ਹੋਕੇ ਚਰਨੀਂ ਪੈ ਗਿਆ।"

(ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਦਜਾ ਦਰਬਾਰ, ਸਫ਼ਾ ੫੭)

ਪਰ ਇਕ ਕਵੀ ਨੇ ਦੂਜੇ ਦੇ ਛੰਦ ਆਪਣੀ ਕਿਤਾਬ ਵਿਚ ਪਾਏ ਹੋਏ ਦੀਆਂ ਕਈ ਮਿਸਾਲਾਂ ਮੌਜੂਦ ਹਨ। ਹਜ਼ੂਰੀ ਕਵੀ ਸੈਨਾਪਤਿ ਦੇ 'ਗੁਰ ਸੋਭਾ' ਪੁਸਤਕ ਵਿਚੋਂ ਲੀਤੇ ਹੋਏ ਕਿਤਨੇ ਛੰਦ ਸੁਖਾ ਸਿੰਘ ਵਾਲੇ ਗੁਰ ਬਿਲਾਸ ਵਿਚ ਮੌਜੂਦ ਹਨ, ਜੋ ਸਪਸ਼ਟ ਪਛਾਣੇ ਜਾਂਦੇ ਹਨ।

ਪਰ ਜਿਨ੍ਹਾਂ ਕਵੀਆਂ ਦੀ ਚੋਰੀ ਹੁੰਦੀ ਸੀ ਉਨ੍ਹਾਂ ਨੂੰ ਇਹ ਗੱਲ ਜ਼ਰੂਰ ਭੈੜੀ ਲਗਦੀ ਸੀ। ਏਸ ਭੈੜੀ ਲੱਗਣ ਦੀਆਂ ਵੀ ਕਈ ਮਿਸਾਲਾਂ ਮੌਜੂਦ ਹਨ। ਜੇ ਅਸੀਂ ਉਸੇ ਜ਼ਮਾਨੇ ਦੇ ਕਵੀਆਂ ਵਲ ਨਜ਼ਰ ਮਾਰੀਏ ਤਾਂ ਸਾਨੂੰ ਮਹਾਂ ਕਵਿ ਸੈਨਾਪਤਿ ਦੇ ਲਫਜ਼ ਏਸ ਵਿਸ਼ਯ ਸੰਬੰਧ ਵਿਚ ਪੁਰ ਅਰਥ ਦਿੱਸਣਗੇ। ਉਸ ਨੇ ਇਕ ਥਾਵੇਂ ਸਪਸ਼ਟ ਕਿਹਾ ਹੈ ਕਿ ਅਜ ਕਲ ਕਵਿਤਾ ਦੀ ਚੋਰੀ ਹੁੰਦੀ ਹੈ, ਪਰ ਇਹੋ ਹੀ ਮੇਰੀ ਦੌਲਤ ਹੈ ਕਬਿੱਤ ਤੇ ਐਵੇਂ ਬਹਾਨਾ ਹੀ ਹਨ। ਮੈਂ ਏਸ ਕਰਕੇ ਏਸ ਨੂੰ ਦੌਲਤ ਵਾਕੁਣ ਲੁਕਾ ਸਾਂਭ ਦਿੱਤਾ ਹੈ*।

ਮਿਸ਼ਰ ਬੰਧੂ ਨੇ ਕਵੀ ਸੈਨਾਪਤਿ ਬਾਬਤ ਕਿਹਾ ਹੈ:-

'ਇਸ ਨੇ ਏਕ ਭੀ ਸਵੈਯਾ ਆਪਨੇ ਕਾਵਜ ਮੈਂ ਨਹੀਂ ਰੱਖੀ। ਚੋਰੀ ਹੋਨੇ ਕੇ ਡਰ ਸੇ ਇਨ ਕੋ ਆਪਨੇ ਪ੍ਰਤਜੇਕ ਛੰਦ ਮੇਂ ਨਾਮ ਰਖਨਾ ਬਹੁਤ ਜ਼ਰੂਰੀ ਸਮਝ ਪੜਤਾ ਥਾ। ਔਰ ਸਵੈਯਾ ਮੇਂ ਇਨਕਾ ਨਾਮ ਨਹੀਂ ਆ ਸਕਤਾ ਥਾ। ਸ਼ਾਯਦ ਇਸੀ ਕਾਰਣ ਸਵੈਯਾ ਇਨ੍ਹੋਂ ਨੇ ਨਹੀਂ ਲਿਖੀ ਹੈ।'

ਜੇ ਉਸ ਜ਼ਮਾਨੇ ਵਿਚ ਚੋਰੀ ਲਈ ਲੋਕਾਂ ਦਾ ਇਹ ਜਜ਼ਬਾ ਸੀ ਤਾਂ ਅਸੀਂ ਏਸ ਤੋਂ ਵੀ ਕੁਛ ਨਤੀਜੇ ਕੱਢ ਸਕਦੇ ਹਾਂ ਜੋ ਆਲਮ ਦੀ ਪੁਸਤਕ 'ਮਾਧਵਾਨਲ ਕਾਮਕੰਦਲਾ' ਦੇ ਰਚੇ ਜਾਣ ਦੇ ਸੰਮਤ ਉਪਰ ਕੁਛ ਰੌਸ਼ਨੀ ਪਾਉਣ।

---

* ਸੁਣੋ ਮਹਾਂ ਜਨ ਚੋਰੀ ਹੋਤਿ ਚਾਰ ਚਰਨ ਕੀ ਤਾਂਤੇ ਸੈਨਾਪਤਿ ਕਹੈ ਤਜਿ ਡਰਿ ਲਾਜ ਕੋ। ਲੀਜਿਯੇ ਬਚਾਇ ਜਜੋਂ ਚੁਰਾਵੈ ਨਾਹਿ ਕੋਈ ਸੌਂਪੀ ਥਿੱਤ ਕੀ ਸੀ ਥਾਤੀ ਮੈਂ ਕਬਿੱਤਨ ਕੇ ਬਜਾਜ ਕੌ। (ਸੈਨਾਪਤਿ)

ਏਥੋਂ ਤਕ ਤਾਂ ਇਹ ਗੱਲ ਸਪਸ਼ਟ ਹੈ ਕਿ ਦਸਮ ਗ੍ਰੰਥ ਵਿਚੋਂ ਜੋ ਲਫਜ਼ ਤੇ ਸਤਰਾਂ ਤੇ ਕਹਾਣੀ ਆਲਮ ਨੇ ਲੀਤੀ ਹੈ ਉਸ ਨਾਲ ਉਸ ਦੀ ਰਚਨਾ ਦਾ ਸੰਮਤ ੧੭੫੩ ਬਿ: ਤੋਂ ਪਿਛੋਂ ਦਾ ਸਾਬਤ ਹੁੰਦਾ ਹੈ, ਕਿਉਂ ਕਿ ਇਹ ਸੰਮਤ ੪੦੪ ਚਰਿੱਤ੍ਰ ਲਿਖੇ ਜਾਣ ਦਾ ਹੈ ਜੋ ਆਲਮ ਦੀ ਰਚਨਾਂ ਦਾ ਇਕ ਸੋਮਾ ਹੈ। ਸੁਆਲ ਸਿਰਫ ਇਤਨਾ ਰਹਿ ਜਾਂਦਾ ਹੈ ਕਿ ੧੭੫੩ ਤੋਂ ਪਿਛੋਂ ਦਾ ਫੇਰ ਕਿਹੜਾ ਸਾਲ ਹੈ ਜਿਸ ਵਿਚ ਆਲਮ ਦੀ ਰਚਨਾ ਹੋਈ ਹੋਵੇ? ਆਲਮ ਨੇ ਆਪਣੀ ਪੁਸਤਕ ਵਿਚ ਰਾਗਮਾਲਾ ਸ਼ਾਮਲ ਕੀਤੀ, ਇਹ ਚੋਰੀ ਸੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਵਿਚੋਂ ਕੀਤੀ ਗਈ। ਇਹ ਚੋਰੀ ਉਸ ਦੇ ਗੁਰ ਦਰਬਾਰ ਵਿਚ ਰਹਿੰਦਿਆਂ ਹਜ਼ਮ ਹੋਣੀ ਮੁਸ਼ਕਲ ਸੀ। ਜਿਸ ਲਈ ਰੌਸ਼ਨ ਸਿੰਘ ਕਵੀ ਦੀ ਮਿਸਾਲ ਮੌਜੂਦ ਸੀ।

੧੭੫੩ ਦੇ ਪਿਛੋਂ ਇਕ ਵਕਤ ਆਉਂਦਾ ਹੈ ਜਿਸ ਵੇਲੇ ਗੁਰੂ ਸਾਹਿਬ ਨੇ ਕਵੀ ਦਰਬਾਰ ਬਰਖਾਸਤ ਕਰ ਦਿੱਤਾ। ਇਹ ਘਟਨਾ ੧੭੫੫ ਤੋਂ ਬਾਦ ਦੀ ਹੈ, ਕਿਉਂਕਿ ਉਸ ਤੋਂ ਪਹਿਲੇ ਦਸਮ ਗ੍ਰੰਥ ਦੀ ਸਮਾਪਤੀ ਨਹੀਂ ਹੋਈ, ਜਿਸ ਵਿਚ ਕਵੀ ਲੋਕ ਰੁੱਝੇ ਹੋਏ ਸਨ।

ਅਨੰਦਪੁਰ ਦੇ ਜੁੱਧਾਂ ਵੇਲੇ 'ਖਾਲਸੇ' ਦੀ ਰਚਨਾ ਹੋ ਚੁਕੀ ਸੀ, ਜਿਸਦਾ ਸੰਮਤ ੧੭੫੬ ਬਿ: ਹੈ। ਕਵੀਆਂ ਦੀ ਵਿਦੈਗੀ ਏਸ ਕਰਕੇ ੧੭੫੬ ਦੇ ਕਰੀਬ ਸਹੀ ਤੌਰ ਤੇ ਸਮਝੀ ਜਾ ਸਕਦੀ ਹੈ। ਅਸੀਂ ਇਸ ਲਈ ੧੭੫੬ ਵਿਚ ਹੀ ਆਲਮ ਦਾ ਗੁਰ ਦਰਬਾਰ ਵਿਚੋਂ ਜਾਣਾ ਮੰਨ ਸਕਦੇ ਹਾਂ। ਐਸ ਤਰ੍ਹਾਂ ਅਸੀਂ ਇਕ ਕਦਮ ਹੋਰ ਅਗਾਂਹ ਵਧਦੇ ਹਾਂ ਤੇ ਏਸ ਨਤੀਜੇ ਉਪਰ ਪਹੁੰਚਦੇ ਹਾਂ ਕਿ ਆਲਮ ਦੀ ਰਚਨਾ ੧੭੫੬ ਬਿ: ਤੋਂ ਬਾਦ ਦੀ ਹੋ ਸਕਦੀ ਹੈ। ਪਰ ਜੇ ਏਸ ਸੰਭਾਵਨਾ ਨੂੰ ਖਿਆਲ ਵਿਚ ਨਾ ਲਈਏ ਤਾਂ ਇਤਨੀ ਗੱਲ ਤਾਂ ਨਿਸ਼ਚਤ ਹੀ ਹੈ ਕਿ ਆਲਮ ਦੀ ਮਾਧਵਾਨਲ ਕਾਮਕੰਦਲਾ ੧੭੫੩ ਬਿ: ਤੋਂ ਪਹਿਲੇ ਦੀ ਚੀਜ਼ ਨਹੀਂ।

-੦-

 www.sikhbookclub.com

# ੧੯. ਆਲਮ ਅਤੇ ਕ੍ਰਿਸ਼ਨਾਵਤਾਰ

**ਆਲਮ** ਦੀ ਲਿਖਤ 'ਮਾਧਵਾਨਲ ਕਾਮਕੰਦਲਾ' ਵਿਚ ਸਾਨੂੰ ਇਤਨੇ ਪ੍ਰਭਾਵ ਸਹੀ ਹੋ ਚੁੱਕੇ ਹਨ-

(੧) ਜੋਧ ਕਵੀ। (੨) ੪੦੪ ਚਰਿੱਤ੍ਰ।
(੩) ਬਚਿੱਤ੍ਰ ਨਾਟਕ। (੪) ਟਹਿਕਣ ਕਵੀ।

ਇਨ੍ਹਾਂ ਚੀਜ਼ਾਂ ਨੂੰ ਅਸੀਂ ਸਿਲਸਿਲੇ ਵਾਰ ਦੇਖ ਆਏ ਹਾਂ, ਪਰ ਇਨ੍ਹਾਂ ਤੋਂ ਸਿਵਾ ਇਕ ਚੀਜ਼ ਹੋਰ ਹੈ ਜਿਸਦਾ ਜ਼ਿਕਰ ਅਸੀਂ ਹੁਣ ਫੇਰ ਛੇੜਦੇ ਹਾਂ; ਇਹ ਹੈ 'ਕ੍ਰਿਸ਼ਨਾਵਤਾਰ'। ਇਹਨਾਂ ਮਜ਼ਮੂਨਾਂ ਦੀ ਲੜੀ ਵਿਚ ਮੈਂ ਪਿੱਛੇ ਦੱਸ ਆਇਆ ਹਾਂ ਕਿ ਕ੍ਰਿਸ਼ਨਅਵਤਾਰ ਤਰਜਮਾ ਹੈ ਭਾਗਵਤ ਪੁਰਾਣ ਦੇ ਇਕ ਅਧਜਾਯ ਦਾ। ਇਹ ਉਲਥਾ ੧੭੪੫ ਬਿਕ੍ਰਮੀ ਵਿਚ ਸਮਾਪਤ ਹੋਇਆ, ਜਿਸ ਨੂੰ ਦਸਮ ਗ੍ਰੰਥ ਵਿਚ ਸ਼ਾਮਲ ਕੀਤਾ ਗਿਆ।

ਅਸੀਂ ਪਿੱਛੇ ਅਨੁਵਾਦ ਕਰਨ ਦੇ ਤ੍ਰੀਕਿਆਂ ਉਪਰ ਵੀ ਇਕ ਨਿਗਾਹ ਦੁੜਾ ਆਏ ਹਾਂ ਤੇ ਦੇਖ ਆਏ ਹਾਂ ਕਿ ਕਵੀ ਸੰਤੋਖ ਸਿੰਘ ਦਾ ਉਲਥਾ ਕਰਨ ਦਾ ਤ੍ਰੀਕਾ ਕਿਸ ਤਰ੍ਹਾਂ ਮੂਲ ਨਾਲ ਵਫਾਦਾਰੀ ਦੀ ਸੌਂਹ ਖਾਕੇ ਟੁਰਦਾ ਹੈ ਤੇ ਟਹਿਕਣ ਦਾ ਤਰਜਮਾ ਇਸ ਤੋਂ ਉਲਟ ਕਿਸ ਤਰ੍ਹਾਂ ਸੁਤੰਤਰ ਚਲਦਾ ਹੈ।

ਕ੍ਰਿਸ਼ਨਾਵਤਾਰ ਦੇ ਤਰਜਮੇ ਦਾ ਤ੍ਰੀਕਾ ਟਹਿਕਣ ਨਾਲ ਮਿਲਦਾ ਹੈ, ਪਰ ਸੁਤੰਤ੍ਰਤਾ ਦੇ ਦਰਜੇ ਵਿਚ ਇਹ ਟਹਿਕਣ ਕੋਲੋਂ ਵੀ ਅਗਾਂਹ ਲੰਘ ਜਾਂਦਾ ਹੈ। ਟਹਿਕਣ ਦੇ ਹੱਕ ਵਿਚ ਇਕ ਗੱਲ ਕਹਿਣੀ ਉਚਿਤ ਹੈ ਕਿ ਜੋ ਵੀ ਆਜ਼ਾਦੀ ਉਸ ਨੇ ਲੀਤੀ ਹੈ ਉਸ ਵਿਚ ਉਹ ਏਸ ਹੱਦ ਤਕ ਨਹੀਂ ਗਿਆ ਕਿ ਨਵੀਆਂ ਵਜਕਤੀਆਂ ਦੀ ਕਥਾ ਪ੍ਰਸੰਗ ਵਿਚ ਛੇੜ ਦੇਵੇ, ਪਰ ਕ੍ਰਿਸ਼ਨਾਵਤਾਰ ਏਸ ਪਾਬੰਦੀ ਤੋਂ ਮੁਕਤ ਹੈ। ਉਸ ਵਿਚ ਕਈ ਨਵੀਆਂ ਹਸਤੀਆਂ ਦਾ ਪ੍ਰਸੰਗ ਛਿੜ ਪੈਂਦਾ ਹੈ ਜੋ ਮੂਲ ਵਿਚ ਕਿਧਰੇ ਨਹੀਂ। ਕ੍ਰਿਸ਼ਨਾਵਤਾਰ ਵਿਚ ਦੋ ਨਵੀਆਂ ਐਸੀਆਂ ਵਜਕਤੀਆਂ ਦੇ ਨਾਮ ਇਹ ਹਨ:- (੧) ਰਾਧਾ; (੨) ਖੜਕ ਸਿੰਘ।

ਕ੍ਰਿਸ਼ਨਾਵਤਾਰ ਵਿਚ ਜੋ ਵਰਣਨ ਰਾਧਾ ਨਮਿਤ ਹੈ ਉਹ ਬੜਾ ਸੁੰਦਰ ਹੈ, ਪਰ ਲੁਤਫ਼ ਦੀ ਗੱਲ ਇਹ ਹੈ ਕਿ ਰਾਧਾ ਦਾ ਬਿਆਨ ਭਾਗਵਤ ਪੁਰਾਣ ਵਿਚ ਨਹੀਂ। 'ਕ੍ਰਿਸ਼ਨਾਵਤਾਰ' ਦੇ ਰਚਣਹਾਰੇ ਨੇ ਜੋ ਰਾਧਾ ਦੀ ਤਸਵੀਰ ਖਿੱਚਣ ਵਿਚ ਕਾਵਜ ਪ੍ਰਬੀਨਤਾ ਦਿਖਾਈ ਹੈ ਉਹ ਬੜੀ ਖੂਬੀ ਦੀ ਹੈ। ਕੌਣ ਹੈ ਜੋ ਇਨ੍ਹਾਂ ਸਤਰਾਂ ਵਿਚ ਹੁਨਰ ਦੀ ਕਾਰੀਗਰੀ ਨੂੰ ਨਹੀਂ ਗਾਖਦਾ:-

*ਸੇਤ ਧਰੇ ਸਾਰੀ ਬ੍ਰਿਖਭਾਨ ਕੀ ਕੁਮਾਰੀ, ਜਿਸ ਹੀ ਕੀ ਮਨੋ ਬਾਰੀ ਐਸੀ ਰਚੀ ਹੈ ਨ ਕੋ ਦਈ। ਰੰਭਾ ਉਰਬਸੀ ਅਉਰ ਸਚੀ ਸੁ ਮਦੋਦਰੀ ਪੈ ਐਸੀ ਪ੍ਰਭਾ ਕਾਕੀ ਜਗ ਬੀਚ ਨ ਕਛੂ ਭਈ। ਮੋਤਿਨ ਕੇ ਹਾਰ ਗਰੇ ਡਾਰ ਰੁਚ ਸੋਂ ਸੁਧਾਰ, ਕਾਨ੍ਹ ਜੂ ਪੈ ਚਲੀ ਕਬਿ ਸਜਾਮ ਰਸ ਕੇਲਈ। ਸੇਤੈ ਸਾਜ ਸਾਜ ਚਲੀ ਸਾਂਵਰੇ ਕੀ ਪ੍ਰੀਤ ਕਾਜ, ਚਾਂਦਨੀ ਮੇਂ ਰਾਧਾ ਮਾਨੋ ਚਾਂਦਨੀ ਸੀ ਹ੍ਵੈ ਗਈ॥੫੩੮॥

ਪਰ ਜਿਸ ਨਾਇਕਾ ਦੀ ਇਹ ਤਸਵੀਰ ਕ੍ਰਿਸ਼ਨਾਵਤਾਰ ਵਿਚ ਖਿੱਚੀ ਹੈ ਉਹ ਸੁੰਦਰੀ ਉਸ ਗ੍ਰੰਥ ਵਿਚ ਹੈ ਹੀ ਨਹੀਂ ਜਿਸਦਾ ਕਿ ਕ੍ਰਿਸ਼ਨਾਵਤਾਰ ਭਾਸ਼ਾ ਅਨੁਵਾਦ ਹੈ[੧]।

ਰਾਧਾ ਦੇ ਭਾਗਵਤ ਵਿਚ ਨਾ ਹੋਣ ਬਾਬਤ ਕੋਈ ਮੁਗ਼ਾਲਤਾ ਬਾਕੀ ਨਾ ਰਹਿ ਜਾਏ, ਇਸ ਲਈ ਮੈਂ ਪਾਠਕਾਂ ਦਾ ਧਿਆਨ ਅੱਗੇ ਦਿੱਤੀ ਟੂਕ ਵਲ ਦਿਵਾਉਂਦਾ ਹਾਂ:-

---

* ਬ੍ਰਿਖਭਾਨ ਦੀ ਧੀ ਚਿੱਟੀ ਸਾੜ੍ਹੀ ਪਹਿਨਕੇ (ਐਸੀ ਸੁੰਦਰ ਹੋ ਗਈ) ਮਾਨੋਂ (ਉਜਲ) ਜਸ ਦੀ ਵਾੜੀ ਹੈ, ਐਸੀ (ਕਿ ਜਿਸਦੇ ਜੇਹੀ) ਬਿਧਾਤਾ ਨੇ ਹੋਰ ਕੋਈ ਨਹੀਂ ਬਣਾਈ। ਰੰਭਾ, ਉਰਬਸੀ, ਇੰਦ੍ਰਾਣੀ, ਮਦੋਦਰੀ (ਅਨੇਕ ਸੁੰਦਰੀਆਂ ਗਿਣੀਆਂ ਜਾਂਦੀਆਂ ਹਨ) ਪਰ ਐਸੀ ਸੁੰਦਰਤਾ ਜਗ ਵਿਚ ਕਿਸੇ ਦੀ ਥੋੜੀ ਮਾਤ੍ਰ ਬੀ ਨਹੀਂ ਹੋਈ। ਮੋਤੀਆਂ ਦੇ ਹਾਰ ਗਲੇ ਵਿਚ ਪਹਿਰਕੇ, ਹੇ ਕਵੀ ਸਜ਼ਾਮ! ਬੜੀ ਚਾਹ ਨਾਲ ਫਬਕੇ ਕ੍ਰਿਸ਼ਨ ਵੱਲ ਰਸ ਕੇਲ ਲਈ ਚੱਲੀ, ਚਿੱਟਾ ਸਾਜ ਸਾਜਕੇ ਸ਼ਜਾਮ ਦੀ ਪ੍ਰੀਤੀ ਕਾਰਨ ਚੱਲੀ (ਰਾਤ ਦੇ ਚੰਦ ਦੀ) ਚਾਂਦਨੀ ਵਿਚ ਰਾਧਾ ਮਾਨੋ ਚਾਂਦਨੀ ਵਰਗੀ ਹੀ ਹੋ ਗਈ।

੧. ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ॥

ਸ੍ਰੀ ਮਦ ਭਾਗਵਤ ਮੇਂ ਰਾਧਾ ਕਾ ਉਲੇਖ ਨਹੀਂ ਹੈ[੧]।

(ਹਿੰਦੀ ਸ਼ਬਦ ਸਾਗਰ, ਨਾਗਰੀ ਪ੍ਰਚਾਰਨੀ ਸਭਾ, ਪੰਨਾ ੨੯੩੬)

ਏਸੇ ਤਰ੍ਹਾਂ ਖੜਗ ਸਿੰਘ ਦਾ ਪ੍ਰਸੰਗ ਹੈ। ਕ੍ਰਿਸ਼ਨਾਵਤਾਰ ਵਿਚ ਖੜਗ ਸਿੰਘ ਦਾ ਯੁੱਧ ਬੜੇ ਵਿਸਤਾਰ ਵਿਚ ਹੈ। ਪਰ ਖੜਗ ਸਿੰਘ ਦਾ ਨਾਮ ਭਾਗਵਤ ਪੁਰਾਣ ਵਿਚ ਕਿਤੇ ਨਹੀਂ। ਰਾਧਾ ਬਾਬਤ ਤਾਂ ਇਤਨਾ ਕਿਹਾ ਜਾ ਸਕਦਾ ਹੈ ਕਿ ਜੇ ਇਸਦਾ ਜ਼ਿਕਰ ਭਾਗਵਤ ਪੁਰਾਣ ਵਿਚ ਨਹੀਂ ਤਾਂ ਵੀ ਇਸ ਦੀਆਂ ਅਨੇਕ ਕਥਾਵਾਂ ਹੋਰ ਹਿੰਦੂ ਧਰਮ ਪੁਸਤਕਾਂ ਵਿਚ ਹਨ[੨], ਪਰ ਖੜਗ ਸਿੰਘ ਬਾਬਤ ਇਤਨੀ ਗੱਲ ਵੀ ਨਹੀਂ ਕਹੀ ਜਾ ਸਕਦੀ। ਖੜਗ ਸਿੰਘ ਦਾ ਜੁੱਧ ਨਿਰੀ ਪੁਰੀ ਕ੍ਰਿਸ਼ਨਵਤਾਰ ਦੀ ਆਪਣੀ ਕਾਢ ਹੈ। ਏਸੇ ਕਰਕੇ ਸਾਨੂੰ ਗੁਰੂ ਕੀਆਂ ਸਾਖੀਆਂ ਵਿਚ ਇਹ ਕਥਾ ਮਿਲਦੀ ਹੈ ਕਿ ਆਲਮ ਹੈਰਾਨ ਹੋਕੇ ਪ੍ਰਸ਼ਨ ਪੁੱਛ ਰਿਹਾ ਹੈ ਖੜਗ ਸਿੰਘ ਬਾਬਤ[੩]।

ਇਸ ਸਾਰੀ ਗਲਦਾ ਭਾਵ ਇਹ ਹੈ ਕਿ ਕ੍ਰਿਸ਼ਨਾਵਤਾਰ ਦੇ ਅਨੁਵਾਦ ਦਾ ਤ੍ਰੀਕਾ ਭਾਵੇਂ ਟਹਿਕਣ ਵਾਕੁਣ ਸੁਤੰਤ੍ਰ ਹੈ ਪਰ ਆਜ਼ਾਦੀ ਦੇ ਦਰਜੇ ਵਿਚ ਉਹ ਟਹਿਕਣ ਕੋਲੋਂ ਬਹੁਤ ਅੱਗੇ ਵਧ ਜਾਂਦਾ ਹੈ ਤੇ ਇਹ ਸਾਰੀ ਗੱਲ ਆਲਮ ਸਾਖੀ ਰੂਪ ਹੋਕੇ ਦੇਖ ਰਿਹਾ ਹੈ। ਪਰ ਖੜਗ ਸਿੰਘ ਦੇ ਜੁੱਧ ਤੋਂ ਛੁੱਟ ਤੇ ਹੋਰ ਕਈ ਆਜ਼ਾਦੀਆਂ ਤੋਂ ਇਲਾਵਾ ਕ੍ਰਿਸ਼ਨਾਵਤਾਰ ਵਿਚ ਇਕ ਗੱਲ ਹੋਰ ਅਨੋਖੀ ਸੀ ਜਿਸਦਾ ਮਲੂਮ ਹੁੰਦਾ ਹੈ ਆਲਮ ਉਪਰ ਅਸਰ ਵਧੀਕ ਗਹਿਰਾ ਸੀ। ਉਹ ਇਹ ਸੀ ਕਿ ਕਈ ਥਾਂਈਂ ਪ੍ਰਸੰਗ ਵਿਚ ਰਾਗਾਂ ਦਾ ਜ਼ਿਕਰ ਆ ਜਾਂਦਾ ਹੈ। ਯਥਾ:-

***ਸੋਰਠ ਸਾਰੰਗ ਅਉ ਗੁਜਰੀ ਲਲਤਾ ਅਰ ਭੈਰਵ ਦੀਪਕ ਗਾਵੈ।***

---

੧. ਇਸੇ ਗੱਲ ਦੀ ਪ੍ਰੋੜਤਾ 'ਸ਼ਜਾਮ ਸੁੰਦਰ ਦਾਸ' ਜੀ ਨੇ 'ਹਿੰਦੀ ਭਾਸ਼ਾ ਔਰ ਸਾਹਿਤਜ' ਦੇ ਪੰਨਾ ੪੦੬ ਪਰ ਤੇ 'ਪ੍ਰਭਦਯਾਲ ਸੀਤਲ' ਜੀ ਨੇ 'ਨਾਯਕਾ ਨਿਰੂਪਣ' ਦੇ ਸਫ਼ਾ ੮੯ ਪਰ ਕੀਤੀ ਹੈ।

੨. ਦੇਖੋ ਬ੍ਰਹਮ ਵੈਵਰਤ ਪੁਰਾਣ, ਬ੍ਰਹਮ ਖੰਡ ੫, ਅਤੇ ਰਾਧਾ ਤੰਤ੍ਰ।

੩. ਖੜਕ ਸਿੰਘ ਕਾ ਜੁੱਧ ਜੋ ਦਸਮ ਮੇਂ ਕੀਆ ਬਖਾਨ।
ਸ਼ਾਸਤ੍ਰ ਮੇਂ ਤ ਨਾ ਸੁਨਾ ਤਾਂਕੋ ਕਰੋ ਬਖਾਨ।
(ਗੁਰੂ ਕੀਆਂ ਸਾਖੀਆਂ, ਭਾਈ ਗੁਰਦਾਸ ਦੂਜਾ, ਪੱਤਰਾ ੩੨।)

*ਟੋਡੀ ਅਉ ਮੇਘ ਮਲਾਰ ਅਲਾਪਤ ਗੌਡ ਅਉ ਸੁੱਧ ਮਲਾਰ ਸੁਨਾਵੈ॥*
*ਜੈਤਸਿਰੀ ਅਰੁ ਮਾਲਸਿਰੀ ਅਉ ਪਰਜ ਸੁ ਰਾਗਸਿਰੀ ਠਟ ਪਾਵੈ॥*
*ਸਜਾਮ ਕਹੈ ਹਰਿ ਜੀ ਰਿਝ ਕੈ ਮੁਰਲੀ ਸੰਗ ਕੋਟਕ ਰਾਗ ਬਜਾਵੈ॥੨੩੧॥*

*ਕਬਿੱਤ— ਲਲਤ ਧਨਾਸਰੀ ਬਜਾਵੈ ਸੰਗਿ ਬਾਂਸੁਰੀ, ਕਿਦਾਰਾ ਔਰ ਮਾਲਵਾ ਬਿਹਾਗੜਾ ਅਉ ਗੂਜਰੀ। ਮਾਰੂ ਅਉ ਪਰਜ ਔਰ ਕਾਨ੍ਹੜਾ ਕਲਿਆਨ, ਸ਼ੁਭ ਕੁਕਭ ਬਿਲਾਵਲ ਸੁਨੇ ਤੇ ਆਵੈ ਮੂਜਰੀ। ਭੈਰਵ ਪਲਾਸੀ ਭੀਮ ਦੀਪਕ ਸੁ ਗਉਰੀ ਨਟ ਠਾਂਢੋ ਦ੍ਰੂਮ ਛਾਇ ਮੈ ਸੁ ਗਾਵੈ ਕਾਨ੍ਹ ਪੂਜਰੀ। ਤਾਂਤੇ ਗ੍ਰਿਹ ਤਿਆਗ ਤਾਕੀ ਸੁਨਿ ਧੁਨਿ ਸ੍ਰੋਨਨ ਮੈ ਮ੍ਰਿਗਨੈਨੀ ਫਿਰਤ ਸੁ ਬਨ ਬਨ ਊਜਰੀ॥੧੩੨॥* (ਕ੍ਰਿਸ਼ਨਾਵਤਾਰ)

ਇਹ ਗੱਲ ਏਸ ਕਰਕੇ ਖਾਸ ਮੁਤਾਲਿਆ ਲਈ ਚੁਣੀ ਗਈ। ਮੇਰੀ ਬੇਨਤੀ ਕਰਨ ਉਪਰ ਸ੍ਰੀ ਮਾਨ ਸੰਤ ਸੰਗਤ ਸਿੰਘ ਜੀ ਨੇ ਏਸ ਨੁਕਤੇ ਨੂੰ ਗਹੁ ਨਾਲ ਵਿਚਾਰਿਆ ਅਤੇ ਭਾਗਵਤ ਪੁਰਾਣ ਤੇ ਦਸਮ ਗ੍ਰੰਥ ਦਾ ਪਰਸਪਰ ਟਾਕਰਾ ਕਰਕੇ ਦੇਖਿਆ। ਏਸ ਵਿਸ਼ਯ ਦੇ ਮੇਲ ਮਿਲਾਪ ਵਿਚ ਉਨ੍ਹਾਂ ਨੇ ਜੋ ਹਵਾਲੇ ਨੋਟ ਕੀਤੇ, ਉਨ੍ਹਾਂ ਦੇ ਆਧਾਰ ਉਪਰ ਕੱਢੀ ਗਈ ਵਾਕਫੀਅਤ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤੀ ਜਾਂਦੀ ਹੈ।

ਭਾਗਵਤ ਦੇ ਦਸਮ ਸਕੰਧ ਵਿਚ ਇਕ ਥਾਂ ਤੇ ਇਹ ਪ੍ਰਸੰਗ ਹੈ:-

ਪੂਰਣ ਮੰਡਲ, ਲਛਮੀ ਜੀ ਕੇ ਮੁਖ ਔਰ ਨਵੀਨ ਕੇਸਰ ਕੇ ਸਮਾਨ ਅਰੁਣ ਚੰਦ੍ਰਮਾ ਤਥਾ ਉਸਕੀ ਕੋਮਲ ਕਿਰਣੋਂ ਸੇ ਰੰਜਿਤ ਬਨ ਕੋ ਦੇਖ ਕਰ ਭਗਵਾਨ ਨੇ ਇਸਤ੍ਰੀਓਂ ਕੇ ਮਨ ਕੋ ਹਰਨੇ ਵਾਲਾ ਕਲਗਾਨ (ਵੰਸ਼ੀ-ਨਾਦ) ਕਿਯਾ। (ਅਧਜਾਯ ੨੯, ਛੰਦ ੩-੪)

ਇਸ ਵਿਚ ਵੰਸ਼ੀ-ਨਾਦ ਦਾ ਜ਼ਿਕਰ ਹੈ, ਪਰ ਇਹ ਨਹੀਂ ਦੱਸਿਆ ਕਿ ਵੰਸ਼ੀ ਦੀ ਸੁਰ ਕੀਹ ਸੀ? ਇਸ ਦੇ ਮੁਕਾਬਲੇ ਤੇ ਦਸਮ ਗ੍ਰੰਥ ਵਿਚ ਜੋ ਕੁਛ ਬੰਸੀ ਦੀ ਧੁਨਿ ਸੀ ਉਸਦਾ ਰਾਗ ਵਿਸਤਾਰ ਦਿੱਤਾ ਹੈ-

*ਮਾਲਸਿਰੀ ਅਰੁ ਰਾਮਕਲੀ ਸੁਭ ਸਾਰੰਗ ਭਾਵਨ ਸਾਥ ਬਸਾਵੈ।*
*ਜੈਤਸਿਰੀ ਅਰੁ ਸੁਧ ਮਲਾਰ ਬਿਲਾਵਲ ਕੀ ਧੁਨਿ ਕੂਕ ਸੁਨਾਵੈ॥*
*(੪੫੭॥੪੩੮॥)*

ਇਕ ਹੋਰ ਟਿਕਾਣੇ ਸ੍ਰੀ ਮਦ ਭਾਗਵਤ ਦੇ ਦਸਮ ਸਕੰਧ ਵਿਚ ਪ੍ਰਸੰਗ ਇਸ ਤਰ੍ਹਾਂ ਹੈ:-

ਬ੍ਰਿੰਦਾਬਨ ਮੇਂ ਜਾਕਰ ਬਲਰਾਮ ਜੀ ਵ ਗਵਾਲ ਬਾਲੋਂ ਕੋ ਲਿਏ ਹੂਏ ਔਰ ਗਊਓਂ ਕੋ ਚਰਾਤੇ ਹੂਏ ਸ੍ਰੀ ਕ੍ਰਿਸ਼ਨ ਭਗਵਾਨ ਨੇ ਵੰਸੀ ਧੁਨਿ ਕੀ। (ਭਾਗਵਤ ੧੦, ਧਿਆਇ ੨੧-ਅੰਕ ੨)

ਪਰ ਇਹ ਨਹੀਂ ਦੱਸਿਆ ਕਿ ਕੀ ਧੁਨਿ ਕੀਤੀ ਜਾਂ ਕਿਹੜਾ ਰਾਗ ਵਜਾਇਆ? ਪਰ ਏਸੇ ਭਾਗਵਤ ਦੇ ਅਨੁਵਾਦ ਵਿਚ ਜਿੱਥੇ ਦਸਮ ਗ੍ਰੰਥ ਕ੍ਰਿਸ਼ਨਾਵਤਾਰ ਵਿਚ ਵੰਸੀ ਦੀ ਧੁਨਿ ਦਾ ਜ਼ਿਕਰ ਆਉਂਦਾ ਹੈ ਤਾਂ ਨਾਲ ਹੀ ਇਹ ਵੀ ਦੱਸਿਆ ਜਾਂਦਾ ਹੈ ਕਿ ਵੰਸ਼ੀ ਕੀ ਵਜਾਉਂਦੀ ਹੈ। ਯਥਾ-

*ਮਾਲਸਿਰੀ ਅਰੁ ਜੈਤਸਿਰੀ,*
*ਸੁਭ ਸਾਰੰਗ ਬਾਜਤ ਹੈ ਅਰ ਗਉਰੀ।*
*ਸੋਰਠ ਸੁਧ ਮਲ੍ਹਾਰ ਬਿਲਾਵਲ,*
*ਮੀਠੀ ਹੈ ਅੰਮ੍ਰਿਤ ਤੇ ਨਹਿ ਕਉਰੀ।੩੦੨।*

ਇਨ੍ਹਾਂ ਸਤਰਾਂ ਵਿਚ ਸੱਤ ਰਾਗ ਗਿਣੇ ਗਏ ਹਨ। ਇਸ ਤੋਂ ਪਹਿਲੇ ਜੋ ਟੂਕ ਅਸਾਂ ਦਿੱਤੀ ਹੈ ਉਸ ਵਿਚ ਛੇ ਰਾਗ ਸਨ।

ਫੇਰ ਭਾਗਵਤ ਦਾ ਪ੍ਰਸੰਗ ਇਕ ਥਾਂਵੇਂ ਇਸ ਤਰ੍ਹਾਂ ਟੁਰਦਾ ਹੈ:-

ਕਾਮ ਕੋ ਉਤੇਜਤ ਕਰਨੇ ਵਾਲੀ ਉਸ ਬਾਂਸੁਰੀ ਕੀ ਧੁਨੀ ਕੋ ਸੁਨ ਕਰ ਕਈ ਏਕ ਬ੍ਰਿਜ ਬਾਲਾਏਂ ਸ੍ਰੀ ਕ੍ਰਿਸ਼ਨ ਚੰਦ ਕੇ ਪੀਛੇ ਆਪਣੀ ਸਖੀਓਂ ਕੇ ਆਗੇ ਉਸ ਵੰਸ਼ੀ ਕਾ ਵਰਣਨ ਕਰਨੇ ਲਗੀਂ।

(ਧਿਆਇ ੨੧-ਅੰਕ ੩)

ਏਥੇ ਵੀ ਵੰਸੀ ਵੱਜਦੀ ਹੈ, ਉਸ ਦਾ ਵਰਣਨ ਵੀ ਹੁੰਦਾ ਹੈ ਪਰ ਭਾਗਵਤ ਨੇ ਪਤਾ ਨਹੀਂ ਦੱਸਿਆ ਕਿ ਬੰਸੀ ਨੇ ਵਜਾਇਆ ਕੀ? ਦਸਮ ਗ੍ਰੰਥ ਕ੍ਰਿਸਨਾਵਤਾਰ ਏਸ ਟਿਕਾਣੇ ਫੇਰ ਰਾਗਾਂ ਦੇ ਵਿਸਤਾਰ ਵਿਚ ਚਲਾ ਜਾਂਦਾ ਹੈ ਤੇ ਦੱਸਦਾ ਹੈ:-

 www.sikhbookclub.com

*ਰਾਮਕਲੀ ਅਰੁ ਸੋਰਠ ਸਾਰੰਗ, ਮਾਲਸਿਰੀ ਅਰੁ ਬਾਜਤ ਗਉਰੀ।*
*ਜੈਤਸਰੀ ਅਰੁ ਗੌਂਡ ਮਲ੍ਹਾਰ,*
*ਬਿਲਾਵਲ ਰਾਗ ਬਸੈ ਸੁਭ ਠਉਰੀ॥੩੩੧॥*

ਏਨ੍ਹਾਂ ਤੁਕਾਂ ਵਿਚ ਨੌ ਰਾਗ ਗਿਣੇ ਗਏ ਹਨ।

ਅੱਗੇ ਚੱਲਕੇ ਭਾਗਵਤ ਵਿਚ ਫੇਰ ਵੰਸੀ ਦਾ ਪ੍ਰਸੰਗ ਆ ਜਾਂਦਾ ਹੈ।

ਯਥਾ- *ਨਟਕੇ ਸਮਾਨ ਸੁੰਦਰ ਰੂਪ ਬਨਾਏ ਹੂਏ ਅਪਨੇ ਅਧ੍ਰਾਂਮ੍ਰਿਤ ਸੇ ਬਾਂਸੁਰੀ ਕੇ ਛਿਦ੍ਰੋਂ ਕੋ ਪੂਰਣ ਕਰਤੇ ਹੂਏ ਭਗਵਾਨ ਸ੍ਰੀ ਕ੍ਰਿਸ਼ਨ ਜੀ ਆਪਣੇ ਚਰਨ ਚਿੰਨ੍ਹੋਂ ਸੇ ਰਮਣੀਕ ਬ੍ਰਿੰਦਾਬਨ ਮੇਂ ਪਧਾਰੇ।*

*(ਧਿਆਇ ੨੧-ਅੰਕ ੫)*

ਏਥੇ ਵੀ ਭਾਗਵਤ ਚੁਪ ਹੈ, ਇਹ ਗੱਲ ਦੱਸਣ ਵਿਚ ਕਿ ਕ੍ਰਿਸ਼ਨ ਨੇ ਕੀ ਵਜਾਇਆ? ਏਸ ਟਿਕਾਣੇ ਵੀ ਦਸਮ ਗ੍ਰੰਥ ਫੇਰ ਰਾਗਾਂ ਦੇ ਨਾਮ ਦੇਂਦਾ ਹੈ:-

*ਬਾਜਤ ਬਸੰਤ ਅਰ ਭੈਰਵ ਹਿੰਡੋਲ ਰਾਗ,*
*ਬਾਜਤ ਹੈ ਲਲਤਾ ਕੇ ਸਾਥ ਹ੍ਵੈ ਧਨਾਸਰੀ।*
*ਮਾਲਵਾ ਕਲਜਾਨ ਅਰੁ ਮਾਲਕਉਸ ਮਾਰੂ ਰਾਗ,*
*ਬਨ ਮੈ ਬਜਾਵੈ ਕਾਨ੍ਹ ਮੰਗਲ ਨਿਵਾਸਰੀ॥੩੩੨॥*

ਪਿਛਲੀ ਵਾਰੀ ਨੌ ਰਾਗ ਗਿਣੇ ਸਨ, ਐਤਕੀ ਦਸ ਹਨ।

ਏਸੇ ਤਰ੍ਹਾਂ ਬਾਰ ਬਾਰ ਭਾਗਵਤ ਵਿਚ ਕੇਵਲ ਵੰਸੀ ਵੱਜਣ ਦਾ ਜ਼ਿਕਰ ਆਉਂਦਾ ਹੈ ਪਰ ਉਸ ਟਿਕਾਣੇ ਉਪਰ ਦਸਮ ਗ੍ਰੰਥ ਵਿਚ ਰਾਗਾਂ ਦੀ ਨਾਮਾਵਲੀ ਬਣਨੀ ਸ਼ੁਰੂ ਹੋ ਜਾਂਦੀ ਹੈ ਤੇ ਕਿਤੇ ਕਿਤੇ ਰਾਗਾਂ ਦੀ ਗਿਣਤੀ ਇਤਨੀ ਵਧਦੀ ਹੈ ਕਿ ਸੰਭਾਲੀ ਨਹੀਂ ਜਾਂਦੀ। ਯਥਾ:-

*ਨਟ ਨਾਇਕ ਸੁਧ ਮਲ੍ਹਾਰ ਬਿਲਾਵਲ, ਗੂ੍ਰਰਨ ਬੀਚ ਧਮਾਰਨ ਗਾਵੈਂ।*
*ਸੋਰਠ ਸਾਰੰਗ ਰਾਮਕਲੀਸੁ ਬਿਭਾਸ ਭਲੇ ਹਿਤ ਸਾਥ ਬਸਾਵੈਂ॥੫੯੩॥*
*ਮੇਘ ਮਲ੍ਹਾਰ ਅਉ ਦੇਵ ਗੰਧਾਰ ਭਲੇ ਗਵਰੀ ਕਰਿਕੈ ਹਿਤ ਗਾਵੈਂ।*
*ਜੈਤਸਿਰੀ ਅਰੁ ਮਾਲਸਿਰੀ ਨਟ ਨਾਇਕ ਸੁੰਦਰ ਭਾਂਤਿ ਬਸਾਵੈਂ॥੫੯੪॥*
*ਦੇਵ ਗੰਧਾਰ ਬਿਲਾਵਲ ਸੁਧ ਮਲਾਰ ਕਹੈ ਕਵਿ ਸਜਾਮ ਸੁਨਾਈ।*
*ਜੈਤਸਿਰੀ ਗੁਜਰੀ ਕੀ ਭਲੀ ਧੁਨਿ ਰਾਮਕਲੀ ਹੂੰ ਕੀ ਤਾਨ ਬਸਾਈ॥੬੨੩॥*

*ਦੀਪਕ ਔ ਨਟ ਨਾਇਕ ਰਾਗ ਭਲੀ ਬਿਧਿ ਗਉਰੀ ਕੀ ਤਾਨ ਬਸਾਈ।*
*ਸੋਰਠ ਸਾਰੰਗ ਰਾਮਕਲੀ ਸੁਰ ਜੈਤਸਿਰੀ ਸ਼ੁਭ ਭਾਂਤ ਸੁਨਾਈ॥੬੨੪॥*

ਭਾਗਵਤ ਦੇ ਦਸਮ ਸਕੰਧ ਦੇ ਅਨੁਵਾਦ ਵਿਚ ਜੋ ਖੁਲ੍ਹ ਉਲਥਾਕਾਰ ਨੇ ਕ੍ਰਿਸ਼ਨਾਵਤਾਰ (ਦਸਮ ਗ੍ਰੰਥ) ਰਚਣ ਵਿਚ ਲੀਤੀ ਹੈ ਉਸਦਾ ਅਸਰ ਆਲਮ ਉਪਰ ਹੈ। ਕ੍ਰਿਸ਼ਨਾਵਤਾਰ ਵਿਚ ਉਲਥਾਕਾਰ ਆਪਣੇ ਕੋਲੋਂ ਥਾਂ ਥਾਂ ਰਾਗਾਂ ਦੇ ਨਾਮ ਗਿਣ ਕੇ ਪ੍ਰਸੰਗ ਵਿਚ ਪੁਰੋਂ ਦੇਂਦਾ ਹੈ, ਇਹ ਗੱਲ ਆਲਮ ਭੀ ਕਰਦਾ ਹੈ। ਕ੍ਰਿਸ਼ਨਾਵਤਾਰ ਦਾ ਉਲਥਾਕਾਰ ਰਾਗ ਨਾਮਾਵਲੀ ਆਪਣੀ ਰਚਦਾ ਹੈ। ਆਲਮ ਰਚੀ ਰਚਾਈ ਲੈਂਦਾ ਹੈ ਜੋ ਸ੍ਰੀ ਆਦਿ ਗ੍ਰੰਥ ਦੀ ਬੀੜ ਵਿਚ ਮੌਜੂਦ ਸੀ।

ਜਿੱਥੇ ਜੋਧ ਰਚਿਤ ਮੂਲ ਗ੍ਰੰਥ ਸੰਸਕ੍ਰਿਤ ਵਿਚ ਇਹ ਹੈ:-

*ਸਾਰੀ ਸਭਾ ਕੇ ਸਾਹਮਣੇ ਕਾਮਕੰਦਲਾ ਗਾਤੀ ਹੈ ਔਰ ਜਿਸ ਕਿਸੀ ਬਹਾਨੇ ਸੇ ਉਸ ਨੇ ਫਿਰ ਬ੍ਰਾਹਮਣ ਪਰ ਚਖਸ਼ੁਪਾਤ ਕੀਆ॥੫੬॥*

ਉਥੇ ਆਲਮ ਇਹ ਕਹਿੰਦਾ ਹੈ:-

*ਪੁਨ ਮਿਲ ਸਪਤ ਏਕ ਸੁਰ ਕੀਨੇ।*
*ਰੰਗਭੂਮਿ ਪਾਤਰ ਪਗ ਦੀਨੇ।*
*ਫਿਰਕੀ ਫੇਰਿ ਤਾਲ ਜਿਉਂ ਤੋਰੈ।*
*ਨੈਣ ਕੋਰ ਮਾਧਵ ਸੋਂ ਜੋਰੈ॥੭੭॥* *(ਆਲਮ, ਭਸੌੜ ਐਡੀਸ਼ਨ)*

ਸੰਸਕ੍ਰਿਤ ਗ੍ਰੰਥ ਅੱਗੇ ਨਹੀਂ ਦੱਸਦਾ ਕਿ ਕਾਮਕੰਦਲਾ ਕਿਹੜਾ ਰਾਗ ਗਾਉਂਦੀ ਹੈ? ਪਰ ਆਲਮ ਜਿਸਦੇ ਸਾਹਮਣੇ ਕ੍ਰਿਸ਼ਨਾਵਤਾਰ ਦਾ ਨਮੂਨਾ ਮੌਜੂਦ ਹੈ, ਦੱਸਦਾ ਹੈ ਕਿ ਕਾਮਕੰਦਲਾ ਕੀ ਗਾਉਂਦੀ ਹੈ।

-o-

# ੧੯. ਆਲਮ ਅਤੇ ਰਾਗਮਾਲਾ

ਮੈਂ ਕਹਿ ਰਿਹਾ ਸਾਂ ਕਿ ਸੰਸਕ੍ਰਿਤ ਗ੍ਰੰਥ ਅੱਗੇ ਨਹੀਂ ਦੱਸਦਾ ਕਿ ਕਾਮਕੰਦਲਾ ਕਿਹੜਾ ਰਾਗ ਗਾਉਂਦੀ ਹੈ? ਪਰ ਆਲਮ, ਜਿਸ ਦੇ ਸਾਹਮਣੇ ਕ੍ਰਿਸ਼ਨਾਵਤਾਰ ਦਾ ਨਮੂਨਾ ਮੌਜੂਦ ਹੈ, ਦੱਸਦਾ ਹੈ ਕਿ ਕਾਮਕੰਦਲਾ ਕੀ ਗਾਉਂਦੀ ਹੈ। ਆਲਮ ਗੁਰੂ ਘਰ ਨਾਲ ਸਨਬੰਧਤ ਹੋਣ ਕਰਕੇ, ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦਾ ਜਾਣੂ ਹੈ ਸੋ ਆਲਮ ਦੀ ਕਾਮਕੰਦਲਾ ਸਿਲਸਿਲੇ ਵਾਰ ਸਾਰੀ ਰਾਗਮਾਲਾ ਗਾ ਦੇਂਦੀ ਹੈ। ਆਲਮ ਸੰਸਕ੍ਰਿਤ ਮੂਲ ਕੋਲੋਂ ਏਥੇ ਫਰਕ ਕਰ ਦੇਂਦਾ ਹੈ।

ਪਰ ਸੰਸਕ੍ਰਿਤ ਦੇ ਹੋਰ ਵੀ ਗ੍ਰੰਥ ਹਨ ਜਿਨ੍ਹਾਂ ਨੇ ਕਾਮਕੰਦਲਾ ਕੋਲੋਂ ਰਾਗਮਾਲਾ ਨਹੀਂ ਗਵਾਈ। ਅਕਬਰ ਦੇ ਜ਼ਮਾਨੇ ਵਿਚ ਹੀ ਇਕ ਸੰਸਕ੍ਰਿਤ ਪੁਸਤਕ ਦਾ ਫ਼ਾਰਸੀ ਤਰਜਮਾ ਹੋਇਆ। ਇਸ ਪੁਸਤਕ ਦਾ ਅਜ ਕਲ ਪ੍ਰਚਲਤ ਨਾਮ 'ਸਿੰਹਾਸਨ ਬਤੀਸੀ' ਹੈ। ਇਸਦਾ ਉਲਥਾਕਾਰ ਪ੍ਰਘੂਤਮ ਬ੍ਰਾਹਮਣ ਸੀ*। 'ਸਿੰਹਾਸਨ ਬਤੀਸੀ' ਦਾ ਪਿਛੋਂ ਤਰਜਮਾ ਹਿੰਦੀ ਵਿਚ 'ਲਲੂ ਜੀ ਲਾਲ' ਨੇ ਕੀਤਾ। ਲਲੂ ਜੀ ਲਾਲ ਦੇ ਕੀਤੇ ਅਨੁਵਾਦ ਵਿਚ ਇਕੀਵੀਂ ਕਥਾ ਕਾਮਕੰਦਲਾ ਦੀ ਹੈ। ਇਸ ਵਿਚ ਰਾਗਮਾਲਾ ਦਾ ਜ਼ਿਕਰ ਨਹੀਂ। ਕਾਮਕੰਦਲਾ ਕੋਈ ਰਾਗਮਾਲਾ ਨਹੀਂ ਗਾਉਂਦੀ, ਪਰੰਤੂ ਆਪਣਾ ਗੁਣ ਹੋਰ ਤਰ੍ਹਾਂ ਪ੍ਰਗਟ ਕਰਦੀ ਹੈ। ਲਿਖਿਆ ਹੈ:-

> 'ਕਾਮਕੰਦਲਾ ਰਾਜਾ ਕੀ ਆਗਜਾ ਪਾਇ ਆਪਣਾ ਗੁਣ ਜ਼ਾਹਿਰ ਕਰਨੇ ਲਗੀ ਸੰਗੀਤ ਨਿਰਤ ਕਾ ਆਰੰਭ ਕੀਆ ਔਰ ਸ਼ੀਸ਼ੇ ਰੰਗ ਕੇ ਭਰੇ ਹੂਏ ਸਿਰ ਪਰ ਧਰ ਮੂੰਹ ਸੇ ਮੋਤੀ ਪ੍ਰੋਤੀ ਹੂਈ; ਹਾਥੋਂ ਸੇ ਵੱਟੇ ਉਛਾਲਤੀ ਹੂਈ ਨਾਚਨੇ ਲਗੀ। ਸਭ ਸਾਜ਼ ਸੁਰ ਮਿਲਾ ਨਾਚਤੀ ਥੀ।'

(ਅਨੁਰੋਧਵਤੀ-ਇਕੀਸਵੀਂ ਪੁਤਲੀ, ਸਿੰਹਾਸਨ ਬਤੀਸੀ।)

* ਦੇਖੋ ਦਰਬਾਰ ਅਕਬਰੀ, ਸਫਾ ੭੦।


www.sikhbookclub.com

ਰਾਜ ਸਭਾ ਵਿਚ ਸਾਰੀ ਰਾਗਮਾਲਾ ਗਵਾਉਣੀ, ਇਹ ਆਲਮ ਦੀ ਆਪਣੀ ਕਾਢ ਹੈ।

ਮੈਂ ਪਿਛਲੇ ਮਜ਼ਮੂਨਾਂ ਵਿਚ ਇਕ ਗ੍ਰੰਥ 'ਵਿਰਹ ਵਾਰੀਸ਼' ਦਾ ਜ਼ਿਕਰ ਕਰ ਆਇਆ ਹਾਂ। ਇਹ ਬੋਧਾ ਕਵੀ ਦਾ ਲਿਖਿਆ ਕਾਮਕੰਦਲਾ ਦਾ ਕਿੱਸਾ ਹੈ। ਇਸ ਬ੍ਰਿਤਾਂਤ ਮੁਤਾਬਕ ਭੀ ਰਾਜ ਸਭਾ ਵਿਚ ਕਾਮਕੰਦਲਾ ਰਾਗਮਾਲਾ ਨਹੀਂ ਗਾਉਂਦੀ। ਕਾਮਕੰਦਲਾ ਦੇ ਨਾਚ ਦੀ ਤਰਕੀਬ, ਜੋ ਬੋਧਾ ਨੇ ਦਿੱਤੀ ਹੈ, ਸਿੰਹਾਸਨ ਬਤੀਸੀ ਵਾਲੀ ਸੰਖੇਪਤਾ ਦੇ ਹੀ ਇਰਦ ਗਿਰਦ ਭੌਂਦੀ ਹੈ। ਸਿਰ ਉਪਰ ਪਾਣੀ ਦਾ ਸ਼ੀਸ਼ਾ ਰੱਖਕੇ ਕਾਮਕੰਦਲਾ ਨੱਚਦੀ ਹੈ। ਨਾਲ ਹੀ ਥਾਲੀ ਵਿਚ ਰਖੇ ਹੋਏ ਮੋਤੀ ਪ੍ਰੋਂਦੀ ਹੈ, ਲੜੀਆ ਵਿਚ ਤੇ ਇਹ ਸਾਰੀ ਕਾਰਵਾਈ ਸੁਰ ਤਾਲ ਦੀ ਗਤਿ ਵਿਚ ਨਿਭ ਰਹੀ ਹੈ[੧]।

ਬੋਧਾ ਦੀ ਕਾਮਕੰਦਲਾ ਸਿੰਹਾਸਨ ਬਤੀਸੀ ਦੇ ਬ੍ਰਿਤਾਂਤ ਵਾਕੁਣ ਨੱਚਦੀ ਹੋਈ ਵੱਟੇ ਉਛਾਲਦੀ ਹੈ। ਵੱਟੇ ਹਵਾ ਵਿਚ ਉਡ ਰਹੇ ਹਨ ਭੋ ਤੇ ਇਕ ਨਹੀਂ ਡਿੱਗਦਾ। ਅਕਾਸ਼ ਵਿਚ ਭੌਂ ਰਹੇ ਵੱਟਿਆਂ ਦਾ ਬਬਾਣ ਬਣਕੇ ਸਿਰ ਉਪਰ ਛਾ ਗਿਆ ਹੈ, ਪਰ ਇਹ ਸਾਰੀ ਗੱਲ ਨਾਚ ਅਤੇ ਸੁਰ ਅਤੇ ਤਾਲ ਦੀ ਗਤਿ ਨਾਲ ਚੱਲ ਰਹੀ ਹੈ[੨]।

ਰਾਗਮਾਲਾ ਕਿਸੇ ਰਾਜ ਦਰਬਾਰ ਵਿਚ ਗਾਉਣ ਦੀ ਚੀਜ਼ ਨਹੀਂ। ਰਾਗਮਾਲਾ ਇਕ ਐਸੀ ਬਾਣੀ ਹੁੰਦੀ ਹੈ ਜਿਸ ਦੁਆਰਾ ਸੰਗੀਤ ਆਚਾਰਯਾਂ ਦੇ ਸੰਗੀਤ ਮਤ ਦਾ ਪਤਾ ਚਲਦਾ ਹੈ।

ਕਾਮਕੰਦਲਾ ਇਕ ਰਾਜ ਨਰਤਕੀ ਹੈ। ਉਹ ਗਵੱਯਾ ਭੀ ਹੈ, ਪਰ ਉਹ ਸੰਗੀਤ ਆਚਾਰਯ ਨਹੀਂ। ਕਾਮਕੰਦਲਾ ਦਾ ਰਾਜ ਸਭਾ ਵਿਚ ਰਾਗਮਾਲਾ ਗਾਉਣਾਂ ਅਪ੍ਰਸੰਗਕ ਗ਼ਲ ਲਗਦੀ ਹੈ। ਰਾਗਮਾਲਾ ਰਾਗ ਰਾਗਣੀਆਂ ਦੀ ਜਮਾਤ ਬੰਦੀ ਦਾ ਨਾਉਂ ਹੈ। ਇਹ ਸ਼੍ਰੋਤਿਆਂ ਵਾਸਤੇ ਰਾਗਮਤ ਸਮਝਣ ਲਈ ਇਕ ਸਿਖਜਾ ਤਾਂ ਹੋ ਸਕਦੀ ਹੈ, ਪਰ ਕਿਸੇ ਰਾਜ ਸਭਾ ਦੇ ਸ਼ੌਕੀਨਾਂ ਲਈ ਕੋਈ ਰੁਚੀਕਾਰਕ ਵਸਤੂ ਨਹੀਂ।

---

੧. ਦ੍ਵਿਤਿਯ ਨ੍ਰਿਤਜ ਯਹ ਰੀਤਿ ਥਾਰੀ ਮੁਕ੍ਰਾ ਧਰੇ॥
ਲਟਨ ਗੁਹ ਕਰ ਪ੍ਰੀਤਿ ਗਤਿ ਔ ਸੁਰ ਸਾਧੈ ਦੁਵੈ॥ (ਬੋਧਾ)

੨. ਚੌਥੇ ਬਟਾ ਅਨੇਕ ਫੇਰਤ ਨਾਚਤ ਸੁਰ ਭਰਤ।
ਭੂਮਿ ਨ ਆਵਤ ਏਕ ਸਿਰ ਪਰ ਛਾਯੇ ਵਿਮਾਨ ਯੁਤ। (ਬੋਧਾ)

ਆਲਮ ਏਸ ਕਰਕੇ ਏਸ ਟਿਕਾਣੇ ਗ਼ਲਤੀ ਖਾ ਗਿਆ ਹੈ। ਉਸ ਦੀ ਇਹ ਗ਼ਲਤੀ ਕਈ ਵਿਦਵਾਨਾਂ ਨੇ ਨੋਟ ਕੀਤੀ ਹੈ। ਬੋਧਾ ਕਵੀ ਨੇ ਆਲਮ ਦੀ ਇਹ ਭੁੱਲ ਸੋਧੀ ਹੈ, ਉਸ ਨੇ ਏਸ ਕਰਕੇ ਆਪਣੇ ਕਿੱਸੇ ਵਿਚ ਰਾਜ ਦਰਬਾਰ ਵਿਚ ਕਾਮਕੰਦਲਾ ਕੋਲੋਂ ਰਾਗਮਾਲਾ ਨਹੀਂ ਗਵਾਈ। ਉਸਨੇ ਆਲਮ ਦੀ ਭੁੱਲ ਸੋਧਣ ਦੀ ਖ਼ਾਤਰ ਵਰਤਕੇ ਦੱਸਿਆ ਹੈ ਕਿ ਰਾਗਮਾਲਾ ਪ੍ਰਸੰਗ ਅਨਕੂਲ ਕਿਸ ਤਰ੍ਹਾਂ ਵਰਤੀ ਜਾ ਸਕਦੀ ਹੈ। ਬੋਧਾ ਨੇ ਦੱਸਿਆ ਹੈ ਕਿ ਰਾਜ ਦਰਬਾਰ ਦੀ ਘਟਨਾ ਦੇ ਮਗਰੋਂ ਜਿਸ ਵੇਲੇ ਕਾਮਕੰਦਲਾ ਅਤੇ ਮਾਧਵ ਇਕੱਲੇ ਮਿਲਦੇ ਹਨ ਤਾਂ ਰਾਗਮਾਲਾ ਦਾ ਪ੍ਰਸੰਗ ਚਲਦਾ ਹੈ। ਕਾਮਕੰਦਲਾ ਉਸ ਵੇਲੇ ਇਕ ਚੇਲੇ ਦੀ ਹੈਸੀਅਤ ਵਿਚ ਰਾਗਾਂ ਬਾਬਤ ਸੁਆਲ ਪੁੱਛਦੀ ਹੈ:-

*ਮੋਹਿ ਨਾਦ ਭੇਦ ਸਮਝਾਵ ਕੰਤ! (ਬੋਧਾ)*

ਮਾਧਵ ਕਹਿੰਦਾ ਹੈ, ਅੱਛਾ, ਮੈਂ ਜਿਸ ਤਰ੍ਹਾਂ ਰਾਗਾਂ ਦਾ ਪੁਰਾਣਾ ਮਤ ਸਮਝਿਆ ਹੈ ਉਹ ਭੇਦ ਤੈਨੂੰ ਦੱਸਦਾ ਹਾਂ।

ਬਕੌਲ ਬੋਧਾ ਦੇ ਮਾਧਵ ਇਹ ਗੱਲ ਐਸ ਤਰ੍ਹਾਂ ਕਹਿੰਦਾ ਹੈ:-

***ਹੈ ਪਰਾਚੀਨ ਮਤ ਲਖਜੋ ਜੈਮ। ਹੌਂ ਕਹਤ ਰਾਗ ਕੇ ਭੇਦ ਤੈਮ।***

ਏਸ ਤਰ੍ਹਾਂ ਰਾਗਮਾਲਾ ਸ਼ੁਰੂ ਹੋ ਜਾਂਦੀ ਹੈ, ਪਰ ਰਾਗਾਂ ਦਾ ਮਤ ਸਮਝਣ ਸਮਝਾਉਣ ਦੇ ਤ੍ਰੀਕੇ ਨਾਲ ਮਾਧਵ ਦੱਸਦਾ ਹੈ:-

***ਰਾਗ ਭੂਪ ਭੈਰਵ ਪ੍ਰਥਮ ਬਾਲਾ ਪਾਂਚ ਬਖਾਨ।***
***ਲਾਲਾ ਤਿਨ ਕੇ ਆਠਊ ਕਹਨੌ ਬਿਬਿਧਿ ਵਿਧਾਨ।***

ਬੋਧਾ ਨੂੰ ਆਪਣੇ ਕਿੱਸੇ ਵਿਚ ਰਾਗਮਾਲਾ ਲਿਆਵਣ ਦੀ ਕੋਈ ਲੋੜ ਨਹੀਂ ਸੀ, ਪਰ ਉਹ ਆਲਮ ਦੀ ਅਪ੍ਰਸੰਗਕ ਗੱਲ ਨੂੰ ਸੋਧਣਾ ਚਾਹੁੰਦਾ ਸੀ*।

---

* ਬੋਧਾ ਕੋਲ ਆਲਮ ਦੀ ਪੁਸਤਕ ਹੈਸੀ, ਇਸ ਗਲ ਦੀ ਸੰਭਾਵਨਾ ਲਈ ਦੇਖੋ 'ਨਾਗਰੀ ਪ੍ਰਚਾਰਨੀ ਪਤ੍ਰਿਕਾ', ੫੦, ੧-੨, ਸਫਾ ੪੭।

ਬੋਧਾ ਨੇ ਆਲਮ ਦੀ ਭੁੱਲ ਤਾਂ ਸੋਧੀ ਪਰ ਬੋਧਾ ਨੂੰ ਪਤਾ ਨਹੀਂ ਸੀ ਕਿ ਆਲਮ ਇਹ ਗ਼ਲਤੀ ਕਿਉਂ ਕਰ ਗਿਆ? ਆਲਮ ਬਣੀ ਬਣਾਈ 'ਰਾਗਮਾਲਾ' ਆਪਣੀ ਕਥਾ ਵਿਚ ਪਾ ਗਿਆ ਸੀ ਜੋ ਪ੍ਰਸੰਗ ਵਿਚ ਨਿੱਠ ਕੇ ਨਾਂ ਬੈਠ ਸੱਕੀ। ਆਲਮ ਦੀਆਂ ਜਿਤਨੀਆਂ ਲਿਖਤੀ ਪੋਥੀਆਂ ਜਾਂ ਛਪੀ ਹੋਈ ਪੋਥੀ ਹੈ ਉਨ੍ਹਾਂ ਵਿਚੋਂ ਰਾਗਮਾਲਾ ਨੂੰ ਵਾਚੋ ਤਾਂ ਝੱਟ ਪਤਾ ਲਗ ਜਾਏਗਾ ਕਿ ਕਿਸ ਤਰ੍ਹਾਂ ਇਹ ਚੀਜ਼ ਆਲਮ ਦੇ ਚਲਾਏ ਪ੍ਰਸੰਗ ਤੋਂ ਬਾਹਰ ਹੋ ਜਾਂਦੀ ਹੈ।

ਭਸੌੜ ਵਲੋਂ ਛਪੀ ਪੋਥੀ ਵਿਚ ਇਹ ਤੁਕ ਹੈ:-

***ਲਲਿਤ ਬਿਲਾਵਲਿ ਗਾਵਹੀ ਅਪਨੀ ਅਪਨੀ ਭਾਂਤਿ।***
***ਆਠ ਪੁਤ੍ਰ ਭੈਰਉ ਕੇ ਗਾਇਨ ਗਾਵਹਿ ਪ੍ਰਾਤਿ।***

ਪ੍ਰਸੰਗ ਤਾਂ ਹੈ ਕਾਮਕੰਦਲਾ ਦੇ ਗਾਉਣ ਦਾ। ਪਰ ਤੁਕਾਂ ਐਸੀਆਂ ਆ ਜਾਂਦੀਆਂ ਹਨ ਜੋ ਦੱਸਦੀਆਂ ਹਨ ਕਿ 'ਗਾਉਣ ਵਾਲੇ ਕੁਛ ਰਾਗਾਂ ਨੂੰ ਆਪੋ ਆਪਣੇ ਤਰੀਕੇ ਸਿਰ ਗਾਉਂਦੇ ਹਨ।' ਇਹ ਕਿਸੇ ਰਾਗ ਸਭਾ ਵਿਚ ਹੋ ਰਹੇ ਸੰਗੀਤ ਦਾ ਨਕਸ਼ਾ ਨਹੀਂ, ਬਲਕਿ ਆਪੋ ਆਪਣੇ ਤਰੀਕੇ ਸਿਰ ਕੁਛ ਰਾਗਾਂ ਨੂੰ ਗਾ ਲੈਣ ਦੀ ਖੁੱਲ੍ਹ ਦੀ ਹਦਾਇਤ ਹੈ।

ਫੇਰ ਭਸੌੜ ਪੋਥੀ ਵਿਚ ਤੁਕ ਹੈ:-'ਅਸਟ ਪੁਤ੍ਰ ਮੈ ਕਹੇ ਸਵਾਰੀ'॥

ਇਹ ਤੁਕ ਰਾਗਮਾਲਾ ਦਾ ਰਚਨਹਾਰਾ ਕੋਈ ਸੰਗੀਤਕ ਆਚਾਰਯ ਕਹਿ ਸਕਦਾ ਹੈ ਕਿ ਮੈਂ ਇਹ ਅੱਠ ਪੁਤ੍ਰਾਂ ਦੇ ਨਾਮ ਸੋਧ ਕੇ ਲਿਖੇ ਹਨ, ਇਹਨਾਂ ਨਾਵਾਂ ਵਿਚ ਕੋਈ ਸ਼ੰਕਾ ਨਹੀਂ। ਇਹ ਕਾਮਕੰਦਲਾ ਦੇ ਗਾਉਣ ਤੇ ਨੱਚਣ ਨਾਲ ਅਪ੍ਰਸੰਗਕ ਹੈ।

ਆਲਮ ਦੀਆਂ ਲਿਖਤੀ ਪੋਥੀਆਂ ਨੂੰ ਲਵੋ ਤਾਂ ਵੀ ਕਈ ਗੱਲਾਂ ਅਪ੍ਰਸੰਗਕ ਮਿਲਣਗੀਆਂ।

ਮਸਲਨ ਇਹ ਤੁਕਾਂ:-

(੧) ਪੁਨਿਆਯੋ ਹਿੰਡੋਲ ਪੰਚ ਨਾਰ ਸੰਗ ਅਸ੍ਰ ਸੁਤ...॥
(੨) ਤਿਲੰਗੀ ਦੇਵਗਰੀ ਆਈ॥
(੩) ਸੁਰਮਾ ਨੰਦ ਭਾਸਕਰਿ ਆਏ॥

ਰਾਗਾਂ ਰਾਗਣੀਆਂ ਦਾ ਆਉਣਾ ਕਾਮਕੰਦਲਾ ਦੇ ਗਾਉਣ ਨਾਲ ਬਹੁਤ ਖਿੱਚ ਕਰਕੇ ਤਾਂ ਸ਼ਾਇਦ ਲਗ ਸਕਦਾ ਹੋਵੇ ਪਰ ਸਿੱਧਾ ਨਹੀ। ਸਿੱਧੇ ਤਰੀਕੇ ਨਾਲ ਇਹ ਸਾਰੀ ਗੱਲ ਅਪ੍ਰਸੰਗਕ ਹੈ।

ਏਸ ਤਰ੍ਹਾਂ ਕਈ ਹੋਰ ਤੁਕਾਂ ਹਨ ਜੋ ਕਾਮਕੰਦਲਾ ਦੇ ਗਾਉਣ ਦੇ ਮਜ਼ਮੂਨ ਨਾਲ ਪ੍ਰਸੰਗਕ ਨਹੀਂ ਹਨ।

ਪਰ ਏਸ ਪ੍ਰਸੰਗ ਤੇ ਅਪ੍ਰਸੰਗ ਵਾਲੀ ਗੱਲ ਨੂੰ ਨਾ ਸਮਝਕੇ, ਉਲਟੇ ਸ਼ੰਕੇ ਉਠਾਏ ਜਾਂਦੇ ਹਨ, ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਰਾਗਮਾਲਾ ਉਪਰ ਸ਼ੱਕ ਕੀਤਾ ਜਾਂਦਾ ਹੈ। ਰਾਗਮਾਲਾ ਬਾਬਤ ਇਕ ਇਤਰਾਜ਼ ਬਾਰ ਬਾਰ ਦੁਹਰਾਇਆ ਜਾਂਦਾ ਹੈ, ਉਹ ਇਹ ਹੈ ਕਿ ਇਸ ਵਿਚ ਇਕ ਤੁਕ ਹੈ:-

*'ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ॥'*

ਇਸ ਬਾਬਤ ਇਹ ਪ੍ਰਸ਼ਨ ਪੁੱਛਿਆ ਜਾਂਦਾ ਹੈ ਕਿ 'ਉਨਿ' ਤੋਂ ਕੀ ਮੁਰਾਦ ਹੈ? ਕਿਸ ਨੇ ਖਸ਼ਟ ਰਾਗ ਗਾਏ? ਉਹ ਕਹਿੰਦੇ ਹਨ ਕਿ 'ਉਨਿ' ਤੋਂ ਮਤਲਬ ਕਾਮਕੰਦਲਾ ਦਾ ਹੈ ਕਿ ਕਾਮਕੰਦਲਾ ਨੇ ਛੇ ਰਾਗ ਗਾਏ। ਇਸ ਤੋਂ ਫੇਰ ਇਹ ਸਿੱਟਾ ਲੀਤਾ ਜਾਂਦਾ ਹੈ ਕਿ ਆਲਮ ਨੇ ਰਾਗਮਾਲਾ ਬਣਾਈ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਕਲ ਹੋਈ। ਏਸ ਗੱਲ ਦਾ ਉਤਰ ਕਈ ਵੇਰ ਕਈ ਸੱਜਣਾਂ ਵਲੋਂ ਦਿੱਤਾ ਜਾ ਚੁੱਕਾ ਹੈ ਪਰ ਏਸ ਸੰਬੰਧ ਵਿਚ ਕੁਛ ਲਾਗਵੇਂ ਖਿਆਲ ਹੋਰ ਹਨ ਜੋ ਮੈਂ ਪੇਸ਼ ਕਰਦਾ ਹਾਂ।

ਜਿਤਨੀਆਂ ਵੀ ਰਾਗਮਾਲਾ ਲਿਖੀਆਂ ਜਾਂਦੀਆਂ ਹਨ ਉਹਨਾਂ ਦਾ ਵਿਸ਼ਯ ਏਹੋ ਹੁੰਦਾ ਹੈ ਕਿ ਮੁਖ਼ਤਲਿਫ਼ ਰਾਗਾਂ ਦੀ ਜਮਾਤ ਬੰਦੀ ਕੀਤੀ ਜਾਵੇ, ਜਿਸ ਨਾਲ ਉਨ੍ਹਾਂ ਦੀ ਬਨਾਵਟ, ਪਰਸਪਰ ਫਰਕ ਤੇ ਸੰਬੰਧ ਪ੍ਰਤੀਤ ਹੋਣ ਤੇ ਬਨਾਉਣ ਵਾਲੇ ਦਾ ਆਪਣਾ ਮਤ ਪ੍ਰਗਟ ਹੋਵੇ, ਜਿਸ ਨੁਕਤੇ ਤੋਂ ਕਿ ਉਹ ਜਮਾਤ ਬੰਦੀ ਕਰ ਰਿਹਾ ਹੈ। ਰਾਗਮਾਲਾ ਲਿਖਣ ਵਾਲਾ ਲੇਖਕ ਕੁਛ ਗੱਲਾਂ ਵਿਚ ਨਵੀਨਤਾ ਪੈਦਾ ਕਰਦਾ ਹੋਇਆ ਬਹੁਤ ਸਾਰੀਆਂ ਗੱਲਾਂ ਐਸੀਆਂ ਲੈਂਦਾ ਹੈ ਜੋ ਜਾਂ ਆਮ ਪ੍ਰਚਲਤ ਹਨ, ਜਾਂ ਖਾਸ ਖਾਸ ਹਲਕਿਆਂ ਵਿਚ ਵਿਸ਼ੇਸ਼ ਤੌਰ ਤੇ ਗਾਈਆਂ ਜਾਂਦੀਆਂ ਹਨ। ਐਸੀਆਂ ਚੀਜ਼ਾਂ ਨੂੰ ਰਾਗਮਾਲਾ ਦਾ ਲੇਖਕ ਜਿਸ ਵੇਲੇ ਬਿਆਨ ਕਰੇਗਾ

ਤਾਂ ਉਨ੍ਹਾਂ ਚੀਜ਼ਾਂ ਦੇ ਐਸ ਪ੍ਰਕਾਰ ਗਾਏ ਜਾਣ ਦਾ ਜ਼ਿਕਰ ਵੀ ਕਰ ਦੇਵੇਗਾ। ਸਪਸ਼ਟਤਾ ਦੀ ਖ਼ਾਤਰ ਮੈਂ ਬਤੌਰ ਮਿਸਾਲ ਦੇ ਇਕ ਰਾਗਮਾਲਾ ਕਿਸੇ ਦੀ ਲੈਂਦਾ ਹਾਂ, ਫੇਰ ਉਸਦੀ ਰੌਸ਼ਨੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਰਾਗਮਾਲਾ ਨੂੰ ਨਾਲ ਦੇ ਨਾਲ ਵਿਚਾਰਦਾ ਚਲਾਂਗਾ।

ਇਕ ਰਾਗਮਾਲਾ ਤਾਨਸੈਨ ਦੀ ਲਿਖੀ ਮਸ਼ਹੂਰ ਹੈ। ਤਾਨਸੈਨ ਦਾ ਓਹੋ ਹੀ ਜ਼ਮਾਨਾ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰਚਣ ਦਾ ਸਮਾਂ ਹੈ।

ਤਾਨਸੈਨ ਦੀ ਰਾਗਮਾਲਾ ਵਿਚ ਇਹ ਦੋਹਾ ਹੈ:-

*ਦੇਵਗਿਰੀ ਅਰੁ ਪੂਰਵੀ, ਜਿਤ ਗੌਰੀ ਇਕ ਠਾਮ।*
*'ਗਾਵਤ' ਗੌੜ ਮਿਲਾਇਕੈ ਰਾਗ ਪਰੋਵੀ ਨਾਮ॥੨੯੧॥*

ਏਥੇ ਹੁਣ ਕੌਣ ਗਾਉਂਦਾ ਹੈ? ਪਤਾ ਨਹੀਂ। ਤਾਨਸੈਨ ਦਾ ਮਤਲਬ ਹੈ ਕਿ ਇਹ ਆਮ ਪ੍ਰਚਲਤ ਗੱਲ ਹੈ ਕਿ 'ਪਰੋਵੀ ਰਾਗ' ਐਸਾ ਗਾਇਆ ਜਾਂਦਾ ਹੈ। ਤਾਨਸੈਨ ਨੇ ਲਫਜ਼ 'ਗਾਵਤ' ਵਰਤਿਆ ਹੈ। ਇਹ ਹੈ ਵਰਤਮਾਨ ਕ੍ਰਿਆ (Present Tense Verb)। ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਵੀ ਇਸ ਤਰ੍ਹਾਂ ਕਈ ਥਾਂਈਂ ਵਰਤਮਾਨ ਕ੍ਰਿਆ ਦੁਆਰਾ ਰਾਗ ਸੰਬੰਧ ਦੀ ਸੂਚਨਾ ਦਿੱਤੀ ਗਈ ਹੈ। ਯਥਾ:-

*ਪ੍ਰਥਮ ਭੈਰਵੀ ਬਿਲਾਵਲੀ॥ ਪੁੰਨਿਆਕੀ ਗਾਵਹਿ ਬੰਗਲੀ॥*

ਪਰ ਤਾਨਸੈਨ ਆਪਣੀ ਉਸੇ ਹੀ ਰਾਗਮਾਲਾ ਵਿਚ ਵਰਤਮਾਨ ਕ੍ਰਿਆ ਦੀ ਜਗ੍ਹਾ ਭੂਤਕਾਲ (Past Tense) ਵੀ ਵਰਤਦਾ ਹੈ। ਯਥਾ:-

*ਦੇਸੀ ਟੋਡੀ ਲਲਿਤ ਮਿਲ ਦੇਸਕਲੀ ਪਹਿਚਾਨ।*
*'ਗਾਯੋ' ਗੁਨਿਜਨ ਪ੍ਰੀਤਿ ਕਰ ਹਿਯ ਮੇਂ ਸੁਰ ਕੋ ਆਨਿ॥੨੬੭॥*

ਤਾਨਸੈਨ ਦਾ ਮਤਲਬ ਕੇਵਲ 'ਦੇਸਕਲੀ' ਦਾ ਸੰਬੰਧ ਦੱਸਣ ਦਾ ਹੈ, ਪਰ ਨਾਲ ਇਹ ਕਹਿ ਦੇਂਦਾ ਹੈ ਕਿ 'ਗਾਯੋ'। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਭੂਤਕਾਲਕ ਕ੍ਰਿਆ ਆਉਂਦੀ ਹੈ।

*ਖਸਟ ਰਾਗ ਉਨਿ 'ਗਾਏ' ਸੰਗਿ ਰਾਗਨੀ ਤੀਸ॥*
*ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ॥*

ਤਾਨਸੈਨ ਬਹੁਤੀ ਥਾਂਈਂ ਤਾਂ ਗਾਉਣ ਵਾਲਿਆਂ ਨੂੰ ਅਨਿਸ਼ਚਤ ਹੀ ਰੱਖਦਾ ਹੈ ਪਰ ਕਈ ਥਾਂਈਂ ਦੱਸ ਵੀ ਦੇਂਦਾ ਹੈ ਕਿ ਕੌਣ ਗਾਉਂਦੇ ਹਨ, ਜਾਂ ਕਿਨ੍ਹਾਂ ਨੇ ਗਾਇਆ। ਯਥਾ:-

*ਸਬ ਗੋਪਿਨ ਮਿਲਿ ਰਾਗ ਕਰਿ ਗਾਯੋ ਰਾਧਾ ਨਾਥ।*
*ਮਧੁਬਨ ਮੇਂ ਮਧੁ ਮਥਨ ਕਰਿ ਕਹਜੋ ਮਾਧਵੀ ਸਾਥ॥੨੯੪॥*

ਫੇਰ:- *ਕੇਦਾਰੋ ਅਰੁ ਹੀਰ ਕਾਨਰੋ ਮਿਲੇ ਜਹੀਂ ਸਬ।*
*ਪਰਿਹਾ ਹੋਇ ਨਾਟਕਾਂਦਵ ਗਾਯਾ ਬ੍ਰਹਮਾਦਿਕ ਸਕਲ ਸਬ।੨੮੧।*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਵੀ ਗਾਉਣ ਵਾਲਿਆਂ ਦੀ ਸੂਚਨਾ ਆ ਜਾਂਦੀ ਹੈ:-

*ਲਲਿਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ॥*
*ਅਸਟ ਪੁਤ੍ਰ ਭੈਰਵ ਕੇ ਗਾਵਹਿ 'ਗਾਇਨ' ਪਾਤ੍ਰ'॥*

ਤਾਨਸੈਨ 'ਤਾਨ' ਬਾਬਤ ਵੀ ਸੂਚਨਾ ਦੇਂਦਾ ਹੈ। ਯਥਾ:-

*ਨਟ ਸਾਰੰਗ ਸੰਜੋਗ ਸੋ ਮੇਘ ਰਾਗ ਕੀ 'ਤਾਨ'॥*
*ਮਿਲੇ ਏਕ ਕਰਿ ਗਾਇਯੇ ਏਹੈ ਮੱਲਾਰ ਸੁਜਾਨ॥੩੧੦॥*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ 'ਤਾਨ' ਦਾ ਜ਼ਿਕਰ ਆ ਜਾਂਦਾ ਹੈ। ਯਥਾ:-

*ਉਠਹਿ 'ਤਾਨ' ਕਲੋਲ ਗਾਇਨ ਤਾਰ ਮਿਲਾਵਹੀ॥*

ਤਾਨਸੈਨ ਆਪਣੀ ਰਾਗਮਾਲਾ ਵਿਚ ਗਾਈਏ ਆਦਿਕ ਸ਼ਬਦਾਂ ਦੇ ਨਾਲ 'ਸੁਰ' ਦਾ ਇਸ਼ਾਰਾ ਵੀ ਦੇ ਜਾਂਦਾ ਹੈ। ਯਥਾ:-

*ਮਾਰੂ ਧਵਲ ਧਨਾਸਿਰੀ ਤੇਹਿ ਭਾਰਯੇ ਚਾਰਿ॥*
*ਏਕੋ 'ਸੁਰ' ਕੈ ਗਾਇਯੇ ਪਟਮੰਜਰੀ ਵਿਚਾਰਿ॥੨੩੪॥*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ 'ਸੁਰ' ਦਾ ਜ਼ਿਕਰ ਆ ਜਾਂਦਾ ਹੈ:-


www.sikhbookclub.com

*ਊਚੈ 'ਸੁਰਿ' ਸੂਹਉ ਪੁਨਿ ਕੀਨੀ॥ ਮੇਘ ਰਾਗ ਸਿਉ ਪਾਚਉ ਚੀਨੀ॥*

ਇਸ ਤਰ੍ਹਾਂ ਅਨੇਕਾਂ ਦ੍ਰਿਸ਼ਟਾਂਤ ਦਿੱਤੇ ਜਾ ਸਕਦੇ ਹਨ। ਉਪਰ ਜੋ ਉਦਾਹਰਨ ਦਿੱਤੇ ਹਨ ਓਹ ਇਕ ਵੰਨਗੀ ਮਾਤ੍ਰ ਹਨ ਪਰ ਇਨ੍ਹਾਂ ਤੋਂ ਇਹ ਪਤਾ ਲਗ ਜਾਏਗਾ ਕਿ ਰਾਗਮਾਲਾ ਲਿਖਣ ਵਿਚ ਕੀ ਪਰਿਭਾਸ਼ਾ (Technicality) ਵਰਤੀ ਜਾਂਦੀ ਹੈ? 'ਗਾਏ' ਆਦਿਕ ਪਦ ਕਿਸੇ ਰਾਗਮਾਲਾ ਵਿਚ ਆ ਜਾਣੇ ਇਕ ਸੁਭਾਵਕ ਗੱਲ ਹੈ ਤੇ ਇਹ ਸੁਭਾਵਕਤਾ ਆਪਣੇ ਆਪ ਵਿਚ ਇਤਨੀ ਮੁਕੰਮਲ ਤੇ ਸਪਸ਼ਟ ਹੈ ਕਿ ਇਸ ਨੂੰ ਸਮਝਣ ਲਈ ਕਿਸੇ ਬਾਹਰ ਦੀ ਵਜਕਤੀ ਜੈਸੇ ਕਾਮਕੰਦਲਾ ਆਦਿਕ ਦੇ ਲਿਆਵਣ ਦੀ ਲੋੜ ਨਹੀਂ ਰਹਿੰਦੀ।

ਖੁਦ ਬੋਧਾ ਦੀ ਪੋਥੀ ਵਿਚ, ਜੋ ਕਾਮਕੰਦਲਾ ਬਾਬਤ ਹੈ, ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਰਾਗਮਾਲਾ ਨੂੰ ਗਾਉਣ ਵਾਲੇ ਕੋਈ ਹੋਰ ਹਨ, ਜ਼ਰੂਰੀ ਨਹੀਂ ਕਿ ਕਾਮਕੰਦਲਾ ਹੀ ਹੋਵੇ। ਯਥਾ:-

*ਪ੍ਰਥਮ ਭੈਰਵੀ ਗਾਵਤ ਲੋਈ॥ ਤਾਕੇ ਪਰੇ ਬਿਲਾਵਲ ਹੋਈ॥*

'ਗਾਵਤ ਲੋਈ' ਤੋਂ ਮਤਲਬ ਹੈ ਕਿ ਲੋਕ ਗਾਉਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਰਾਗਮਾਲਾ ਇਕ ਮੁਕੰਮਲ ਸੰਗੀਤਕ ਮਤ ਹੈ। ਉਸਦੀ ਲਿਖਤ ਤੇ ਪਦ ਜੋੜ, ਹਿਜੇ, (Spelling) ਲੰਗਾਂ ਮਾਤ੍ਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਨਿਯਮ ਅਨੁਸਾਰ ਹਨ।

ਪਵਿਤ੍ਰ ਆਦਿ ਬੀੜ ਸ੍ਰੀ ਕਰਤਾਰਪੁਰ ਵਿਚ ਵਿਦਮਾਨ ਹੈ। ਮੈਂ ਖੁਦ ਏਸ ਦੇ ਦਰਸ਼ਨ ਕੁਛ ਹੋਰ ਸਾਥੀਆਂ ਸਮੇਤ ਕੀਤੇ ਹਨ ਤੇ ਓਦੋਂ ਹੀ ਏਸ ਵਿਸ਼ਜ ਸੰਬੰਧ ਵਿਚ ਇਕ ਬਿਆਨ ਜਾਰੀ ਕੀਤਾ ਸੀ, ਜੋ ਅਗਲੇ ਪੰਨੇ ਤੇ ਹੈ:

–o–

## ਬਿਆਨ

**ਅਸੀਂ** ਅਜ ੨੩-੧੨-੧੯੪੫ ਨੂੰ ਸ੍ਰੀ ਕਰਤਾਰਪੁਰ ਗਏ। ਚਾਰ ਘੰਟੇ ਤਕ ਪਵਿਤ੍ਰ ਆਦਿ ਬੀੜ ਦੇ ਦਰਸ਼ਨ ਕਰਨ ਦਾ ਸੋਭਾਗ ਪ੍ਰਾਪਤ ਹੋਇਆ। ਇਤਨੇ ਸਮੇਂ ਵਿਚ ਜਿਤਨੀ ਪੜਤਾਲ ਮੁਮਕਿਨ ਹੋ ਸਕਦੀ ਸੀ ਉਸ ਤੋਂ ਬਾਦ ਅਸੀਂ ਏਸ ਨਿਸਚੇ ਤੇ ਪਹੁੰਚੇ ਕਿ ਇਹ ਬੀੜ, ਜਿਸ ਦੇ ਪੱਤਰੇ ੯੭੪ ਹਨ, ਅਸਲ ਆਦਿ ਬੀੜ ਹੈ। ਇਹ ਕਿਸੇ ਹੋਰ ਬੀੜ ਦਾ ਉਤਾਰਾ ਨਹੀਂ, ਇਹ ਗੱਲ ਉਸ 'ਸ਼ਬਦ ਸਾਮਿਗ੍ਰੀ' ਤੋਂ ਪ੍ਰਤੱਖ ਹੋ ਜਾਂਦੀ ਹੈ ਜੋ ਇਸ ਬੀੜ ਵਿਚ ਦਰਜ ਹੈ। ਸਾਡਾ ਪੂਰਾ ਨਿਸਚਾ ਇਸ ਗੱਲ ਉਪਰ ਵੀ ਹੋਇਆ ਕਿ ਰਾਗਮਾਲਾ ਜੋ ੯੭੪ ਪੱਤਰੇ ਉਪਰ ਹੈ, ਬੀੜ ਦੇ ਲਿਖੇ ਜਾਣ ਦੇ ਵੇਲੇ ਦੀ ਹੀ ਇਸ ਬੀੜ ਵਿਚ ਚੜ੍ਹੀ ਹੋਈ ਹੈ। ਤਤਕਰੇ ਦਾ ਇੰਦਰਾਜ ਵੀ ਇਸ ਗੱਲ ਵਿਚ ਪੂਰਾ ਸਪਸ਼ਟ ਹੈ। ਰਾਗਮਾਲਾ ਦੇ ਦਸਤਖਤ ਬਾਕੀ ਦੀ ਬੀੜ ਦੀ ਮੁੱਖ ਲਿਖਤ ਨਾਲ ਸੰਪੂਰਨ ਤੌਰ ਤੇ ਮਿਲਦੇ ਹਨ।

ਸਰਦਾਰ ਮਾਨ ਸਿੰਘ ਤੇ ਸਰਦਾਰ ਹੁਕਮ ਸਿੰਘ ਜੀ ਦੇ ਜਥੇ ਨੇ ੧੦ ਸਤੰਬਰ ੧੯੪੫ ਨੂੰ ਇਸ ਬੀੜ ਬਾਬਤ ਜੋ ਨੋਟ ਲੀਤੇ ਸਨ, ਉਨ੍ਹਾਂ ਦਾ ਮਿਲਾਣ ਕਰਕੇ ਦੇਖਿਆ ਗਿਆ, ਇਸ ਸਮੇਂ ਵਿਚ ਜਿਤਨੇ ਨੋਟ ਪੜਤਾਲੇ ਗਏ ਉਹ ਸਭ ਸਹੀ ਨਿਕਲੇ।

ਡਾਕਟਰ ਬਲਬੀਰ ਸਿੰਘ
ਪੀ.ਐਚ.ਡੀ.,ਅੰਮ੍ਰਿਤਸਰ

ਨਰੈਣ ਸਿੰਘ (ਸਰਦਾਰ ਸਾਹਿਬ)
ਰੀਟਾਇਰਡ ਰੇਲਵੇ ਅਫਸਰ, ਅੰਮ੍ਰਿਤਸਰ।

ਬੀੜ ਵਿਚ ਮੁੱਖ ਲਿਖਤ ਭਾਈ ਗੁਰਦਾਸ ਦੀ ਹੈ। ਸਿੱਖ ਇਤਿਹਾਸ ਤੋਂ ਵਾਕਫ਼ਕਾਰ* ਕੋਈ ਸੱਜਣ ਇਸ ਤੋਂ ਇਨਕਾਰੀ ਨਹੀਂ ਹੋ ਸਕਦਾ। ਭਾਈ ਗੁਰਦਾਸ ਦੀ ਕਲਮ ਦੀ ਗਵਾਹੀ ਭਾਈ ਕਾਹਨ ਸਿੰਘ ਜੀ ਵੀ ਇਸ ਤਰ੍ਹਾਂ ਭਰ ਗਏ ਹਨ। ਉਨ੍ਹਾਂ ਲਿਖਿਆ ਹੈ:-

---

* 'ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਭ ਤੋਂ ਪਹਿਲਾ ਗੁਰੂ ਗ੍ਰੰਥ ਸਾਹਿਬ ਜੋ ਗੁਰੂ ਅਰਜਨ ਦੇਵ ਜੀ ਨੇ ਲਿਖਵਾਇਆ, ਉਹ ਇਨ੍ਹਾਂ (ਭਾਈ ਗੁਰਦਾਸ ਜੀ) ਦੀ ਕਲਮ ਤੋਂ ਲਿਖਿਆ ਗਿਆ ਹੈ।' (ਮਹਾਨ ਕੋਸ਼ ਪੰਨਾ ੧੨੪੪)


www.sikhbookclub.com

'ਸ੍ਰੀ ਗੁਰੂ ਅਰਜਨ ਸਾਹਿਬ ਨੇ ਜੋ ਜਿਲਦ **ਭਾਈ ਗੁਰਦਾਸ ਜੀ ਦੀ ਕਲਮ ਤੋਂ ਲਿਖਵਾਈ,** ਉਸ ਦਾ ਪ੍ਰਸਿੱਧ ਨਾਉਂ ਭਾਈ ਗੁਰਦਾਸ ਵਾਲੀ ਹੋ ਗਿਆ।......ਇਹ ਬੀੜ ਹੁਣ ਕਰਤਾਰਪੁਰ ਹੈ, ਜਿਸ ਦੀ ਜਿਲਦ ਕਿਤਾਬੀ ਅਰ ਸਾਰੇ ਪੱਤਰੇ ੯੭੫; ਹਾਸ਼ੀਆ ਹਰੇਕ ਪੱਤਰੇ ਦਾ ਨਵਾਂ ਚੜ੍ਹਿਆ ਹੋਇਆ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦੀ ਕਲਮ ਤੋਂ ਜਪੁ ਦੇ ਆਦਿ ਦਾ ਮੂਲ ਮੰਤ੍ਰ ਹੈ ਅਤੇ ਪੰਨੇ ੫੪੧ ਪੁਰ ਗੁਰੂ ਹਰਿਗੋਬਿੰਦ ਸਾਹਿਬ ਦੇ ਦਸਤਖਤ ਹਨ।" (ਮਹਾਨ ਕੋਸ਼ ਪੰਨਾ ੧੩੦)

ਮੈਂ ਅੱਗੇ ਇਕ ਨਕਸ਼ਾ ਦੇਂਦਾ ਹਾਂ ਇਹ ਟ੍ਰੇਸਿੰਗ ਹੈ ਜੋ ਸ੍ਰੀ ਕਰਤਾਰਪੁਰ ਵਿਚ ਆਦਿ ਬੀੜ ਤੋਂ ਉਸ ਦਿਨ ਤਿਆਰ ਕੀਤਾ ਗਿਆ, ਜਿਸ ਦਿਨ ਮੈਂ ਬੀੜ ਦੇ ਦਰਸ਼ਨ ਕਰ ਰਿਹਾ ਸੀ। ਇਹ ਭਾਈ ਗੁਰਦਾਸ ਜੀ ਦੀ ਕਲਮ ਦਾ ਹੂਬਹੂ ਉਤਾਰਾ ਹੈ। ਪਵਿਤ੍ਰ ਆਦਿ ਬੀੜ ਦਾ ਮੂਲ ਮੰਤ੍ਰ ਉਨ੍ਹਾਂ ਹੀ ਅੱਖਰਾਂ ਵਿਚ ਟ੍ਰੇਸਿੰਗ ਦ੍ਵਾਰਾ ਆਪਦੇ ਸਾਹਮਣੇ ਹੈ ਜਿਨ੍ਹਾਂ ਦੁਵਾਰਾ ਇਹ ਬੀੜ ਅੱਖਰੀ ਨੁਹਾਰ ਵਿਚ ਰੂਪਵਾਨ ਹੋਈ। ਮੂਲ ਮੰਤ੍ਰ ਦੇ ਨਕਸ਼ੇ ਦੇ ਨਾਲ ਹੀ ਦੂਜਾ ਨਕਸ਼ਾ ਰਾਗਮਾਲਾ ਦੀਆਂ ਅਖੀਰਲੀਆਂ ਕੁਛ ਸਤਰਾਂ ਦਾ ਹੈ। ਪਾਠਕ ਏਸ ਤੋਂ ਸਹੀ ਕਰ ਸਕਦੇ ਹਨ ਕਿ ਪਵਿਤ੍ਰ ਆਦਿ ਬੀੜ ਦਾ ਮੂਲ ਮੰਤ੍ਰ ਤੇ ਰਾਗਮਾਲਾ ਦੇ ਆਖਰੀ ਛੰਦ ਇਕੋ ਕਲਮ ਦੀ ਲਿਖਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦਾ ਆਰੰਭ ਅਤੇ ਅੰਤ ਇਕੋ ਲੇਖਣੀ ਦਾ ਕਰਤੱਵ ਹੈ। ਇਹ ਨਕਸ਼ਾ ਜੋ ਸ੍ਰੀ ਕਰਤਾਰਪੁਰ ਵਾਲੀ ਬੀੜ ਤੋਂ ਤਿਆਰ ਕੀਤਾ ਗਿਆ, ਏਸ ਗੱਲ ਦੇ ਸਬੂਤ ਦੀ ਚੇਤਾਉਨੀ ਮਾਤ੍ਰ ਹੈ।


ਪਵਿਤ੍ਰ ਬੀੜ ਵਿਚ ਆਈ ਰਾਗਮਾਲਾ ਅਸਲ ਰਾਗਮਾਲਾ ਹੈ। ਉਸਦਾ ਨਾਮ ਭੀ ਉਥੇ 'ਰਾਗੁਮਾਲਾ' ਦਿੱਤਾ ਹੈ। ਪਰ ਏਹੋ ਚੀਜ਼ ਵੱਧ ਘੱਟ ਬਦਲਕੇ ਆਲਮ ਦੀ ਪੋਥੀ ਵਿਚ ਵਰਤੀ ਗਈ ਹੈ। ਜੋ ਵਰਤਾਰਾ ਇਸ ਦਾ ਆਲਮ ਨੇ ਕੀਤਾ ਹੈ ਉਸ ਤੋਂ ਪਤਾ ਲੱਗਦਾ ਹੈ ਕਿ ਉਸ ਨੇ 'ਰਾਗਮਾਲਾ' ਨੂੰ 'ਰਾਗ ਨਾਮਾਵਲੀ' ਕਰਕੇ (ਪਰ ਬਗ਼ੈਰ ਕਿਸੇ ਸਿਰਲੇਖ ਤੋਂ) ਵਰਤਿਆ ਹੈ। ਏਸ ਕਰਕੇ ਰਾਗਮਾਲਾ ਉਸਦੀ ਕਥਾ ਵਿਚ ਪ੍ਰਸੰਗ ਨਾਲ ਪੂਰੀ ਫ਼ਿੱਟ (Fit) ਨਹੀਂ ਹੋ ਸਕੀ। ਕੋਈ 'ਰਾਗਮਾਲਾ' ਕਿਸੇ ਰਾਗਨਾਮਾਵਲੀ ਦੀ ਕੁਰਸੀ ਉਪਰ ਨਿਠਕੇ ਨਹੀਂ ਬੈਠ ਸਕਦੀ। ਰਾਗਮਾਲਾ ਦੇ ਲਿਖਣ ਦੀ ਪਰਿਭਾਸ਼ਾ (Technical Language) ਏਸ ਗਲ ਦੀ ਬਾਧਕ ਹੈ।

-o-


www.sikhbookclub.com

## ਆਦਿ ਬੀੜ ਦਾ ਆਰੰਭ

ਸ੍ਰੀ ਕਰਤਾਰ ਪੁਰ ਵਾਲੀ ਆਦਿ ਬੀੜ
ਵਿਚੋਂ
ਭਾਈ ਗੁਰਦਾਸ ਜੀ ਦੀ ਕਲਮ ਦਾ ਲਿਖਿਆ
ਬੀੜ ਦਾ ਆਰੰਭ, ਜਪੁਜੀ ਸਾਹਿਬ ਦੇ
ਮੂਲ ਮੰਤ੍ਰ ਦਾ ਟ੍ਰੇਸਿੰਗ :-



# ਆਦਿ ਬੀੜ ਦਾ ਭੇਤ

ਸ਼੍ਰੀ ਕਰਤਾਰ ਪੁਰ ਵਾਲੀ ਆਦਿਬੀੜ ਵਿਚੋਂ ਭਾਈ ਗੁਰਦਾਸ ਜੀ ਦੀ ਕਲਮ ਦੀ ਲਿਖਤ
ਰਾਗਮਾਲਾ ਦੀਆਂ ਅੰਤਲੀਆਂ ਕੁਝ ਸਤਰਾਂ ਦਾ ਟ੍ਰੇਸਿੰਗ :—

ਸਾਗਰੇ ਗੁੰਡ ਕੁੰਭ ਅਉਰ ॥੧॥ ਖਸਟਮ ਮੇਘ ਰਾਗ ਵੈ ਗਾਵਹਿ ॥ ਪਾਂਚਉ ਸੰਗਿ ਬਰੰਗਨ ਲਾਇ
॥ ਸੋਰਠਿ ਗੋਂਡ ਮਲਾਰੀ ਧੁਨੀ ॥ ਪੁਨਿ ਗਾਵਹਿ ਆਸਾ ਗੁਨ ਗੁਨੀ ॥ ਊਚੈ ਸੁਰਿ ਸੂਹਉ ਪੁਨਿ
ਕੀਨੀ ॥ ਮੇਘ ਰਾਗ ਸਿਉ ਪਾਚਉ ਚੀਨੀ ॥੧॥ ਬੈਰਾਧਰ ਗਜਧਰ ਕੇਦਾਰਾ ॥ ਜਬਲੀ
ਧਰ ਨਟ ਅਉ ਜਲਧਾਰਾ ॥ ਪੁਨਿ ਗਾਵਹਿ ਸੰਕਰ ਅਉ ਸਿਆਮਾ ॥ ਮੇਘ ਰਾਗ ਪੁਤ੍ਰਨ ਕੇ
ਨਾਮਾ ॥੧॥ ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ ਸਭੈ ਪੁਤ੍ਰ ਰਾਗੰਨ ਕੇ ਅਠਾਰ
ਹ ਦਸ ਬੀਸ ॥੧॥੧॥

## ੨੦. ਆਲਮ ਦੀ ਰਾਗਮਾਲਾ ਅਤੇ ਗ਼ਲਤੀਨਾਮਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਰਾਗਮਾਲਾ ਬਾਬਤ ਕਈ ਪ੍ਰਕਾਰ ਦੇ ਸੰਕੇ ਕੀਤੇ ਜਾ ਚੁਕੇ ਹਨ। ਇਕ ਸਜਣ ਨੇ ਇਹ ਕਿਹਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੇ ਨਾਮ ਅਸ਼ੁੱਧ ਹਨ। ਉਸ ਨੇ ਏਸ ਗੱਲ ਤੋਂ ਇਹ ਨਤੀਜਾ ਕੱਢਿਆ ਹੈ ਕਿ ਕਿਸੇ ਅਨਜਾਣ ਲਿਖਾਰੀ ਦੇ ਹੱਥੋਂ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਵਿਚ ਨਕਲ ਹੋਈ ਹੈ।

ਏਸ ਮਤਲਬ ਦਾ ਇਕ ਸਵਿਸਤਾਰ ਲੇਖ 'ਰਾਗਮਾਲਾ ਬਾਰੇ ਅਸਲੀਅਤ' ਅਕਾਲੀ ਅਖਬਾਰ, ਪੰਜ ਅਗਸਤ ੧੯੪੫ ਵਿਚ ਛਪ ਚੁਕਾ ਹੈ। ਇਸ ਦਾ ਲੇਖਕ ਕੌਣ ਹੈ? ਮੈਨੂੰ ਏਸ ਗੱਲ ਨਾਲ ਵਾਸਤਾ ਨਹੀਂ। ਮੇਰੀ ਗ਼ਰਜ਼ ਕੇਵਲ ਮਜ਼ਮੂਨ ਨਾਲ ਹੈ, ਜ਼ਾਤੀਆਤ ਨਾਲ ਨਹੀਂ। ਨਾਮ ਨਾ ਦੱਸਣ ਨਾਲ ਮੈਂ ਸਮਝਦਾ ਹਾਂ ਕਿ ਅਸੀਂ ਚਰਚਾ ਵਿਚੋਂ 'ਸ਼ਖ਼ਸ਼ੀ ਬੋ' ਬਾਹਰ ਰੱਖ ਸਕਦੇ ਹਾਂ, ਜਿਸ ਨਾਲ ਬਹਸ ਤਲਬ ਨੁਕਤਿਆਂ ਦੀ ਛਾਣ ਬੀਣ ਜ਼ਿਆਦਾ ਸਰਲ ਭਾਵ ਨਾਲ ਹੋ ਸਕਦੀ ਹੈ, ਕੁਛ ਐਸ ਤਰ੍ਹਾਂ ਜਿਸ ਤਰ੍ਹਾਂ ਅਸਲ ਮਤਲਬ ਵਿਰੋਧੀਆਂ ਦੀ ਸਮਝ ਵਿਚ ਵੀ ਆ ਜਾਵੇ ਤੇ ਇੰਜ ਆਵੇ ਕਿ ਜਿਸ ਨਾਲ ਜ਼ਾਤੀ ਪਕੜ ਦਾ ਹਠ ਘੱਟ ਤੋਂ ਘੱਟ ਦਖਲ ਅੰਦਾਜ਼ੀ ਕਰੇ।

ਉਕਤ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚੋਂ ਛਾਂਟਕੇ ਇਹ ਅਸ਼ੁੱਧ ਲਫਜ਼ ਦੱਸੇ ਹਨ:- ਮਸਤ ਅੰਗ, ਪ੍ਰਬਲ, ਕਾਲੰਕਾ, ਸਾਲੂ, ਗੁਨਗੁਨੀ, ਸੂਹਉ। ਇਨ੍ਹਾਂ ਦੀ ਥਾਂਵੇਂ ਜੋ ਸ਼ੁਧ ਲਫਜ਼ ਫਰਜ਼ ਕੀਤੇ ਗਏ ਹਨ ਉਹ ਫੇਰ ਇਹ ਦੱਸੇ ਹਨ:- ਮਿਸ਼ਟਾਂਗ, ਬਰਬਲ, ਕਾਲਿੰਗਾ, ਮਾਲਵ, ਕੁੰਕਨੀ, ਸੂਹਵਿ। ਇਸ ਤਰ੍ਹਾਂ ਰਾਗਮਾਲਾ ਦਾ ਗ਼ਲਤੀ ਨਾਮਾ ਤਿਆਰ ਕੀਤਾ ਹੈ ਤੇ ਕਿਹਾ ਹੈ:-

**"ਇਸ ਗ਼ਲਤੀ ਨਾਮੇ ਦੇ ਸੁੱਧ ਪਾਠ ਆਲਮ ਦੀ ਮਾਧਵਾਨਲ ਕਾਮਕੰਦਲਾ ਵਿਚੋਂ ਲਏ ਹਨ ਤੇ ਗ਼ਲਤ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚੋਂ।"** ('ਅਕਾਲੀ' ੫-੮-੪੫)

ਸਾਡੇ ਕਈ ਪਾਠਕਾਂ ਨੂੰ ਯਾਦ ਹੋਣਾ ਹੈ ਕਿ ਸ਼ੁਰੂ ਸ਼ੁਰੂ ਵਿਚ ਆਰੀਆ ਸਮਾਜ ਦੇ ਪ੍ਰਚਾਰਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਐਸੇ ਲਫ਼ਜ਼ ਚੁਣਕੇ ਦੱਸਿਆ ਕਰਦੇ ਸਨ, ਜਿਨ੍ਹਾਂ ਤੋਂ ਉਨ੍ਹਾਂ ਲਫਜ਼ਾਂ ਦੇ ਅਸ਼ੁਧ ਹੋਣ ਦਾ ਦੋਸ਼ ਸਾਬਤ ਹੋਵੇ। ਸਾਲਾਂ ਬੱਧੀ ਲਫਜ਼ 'ਨਿਰਭਉ' ਆਰੀਆ ਲੇਖਾਂ ਵਿਚ ਤੇ ਲੈਕਚਰਾਂ ਵਿਚ ਟਿਚਕਰ ਬਾਜ਼ੀ ਦਾ ਨਿਸ਼ਾਨਾ ਬਣਿਆ ਰਿਹਾ, ਤੇ ਇਸਦੇ ਮੁਕਾਬਲੇ ਉਪਰ ਉਨ੍ਹਾਂ ਵਲੋਂ ਸਾਨੂੰ ਸਮਝਾਉਣ ਦਾ ਵਿਅਰਥ ਯਤਨ ਹੁੰਦਾ ਰਿਹਾ ਕਿ ਸ਼ੁਧ ਲਫਜ਼ 'ਨਿਰਭਯ' ਹੈ। ਪਰ ਜੋ ਅਸ਼ੁਧੀ ਦੀ ਗੱਲ ਆਰੀਆ ਦੇ ਉਪਦੇਸ਼ਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬਾਣੀ, ਜਪੁਜੀ ਸਾਹਿਬ ਵਿਚੋਂ ਛਾਂਟ ਕੇ ਦੱਸੀ ਸੀ, ਉਹ ਦੂਸ਼ਨ ਹੁਣ ਅਕਾਲੀ ਅਖਬਾਰ ਦਾ ਲੇਖਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਤਲੀ ਬਾਣੀ ਰਾਗਮਾਲਾ ਉਪਰ ਲਗਾ ਰਿਹਾ ਹੈ। ਇਸਦਾ ਨਤੀਜਾ ਇਹ ਹੈ ਕਿ ਬਕੌਲ ਆਰੀਆ ਤੇ ਅਕਾਲੀ ਲੇਖਕ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਰੰਭ ਤੇ ਅੰਤ ਦੋਨੋਂ ਹੀ ਅਸ਼ੁਧ ਹਨ।

ਪਰ ਆਲਮ ਦੇ ਸ਼ੁਧ ਪਾਠਾਂ ਦੀ ਹਕੀਕਤ ਬਹੁਤ ਅਜੀਬ ਹੈ। ਕੋਈ ਦੋ ਪ੍ਰਾਚੀਨ ਉਤਾਰੇ ਤੁਸਾਨੂੰ ਆਲਮ ਦੇ ਐਸੇ ਨਹੀਂ ਮਿਲਣਗੇ ਜਿਨ੍ਹਾਂ ਦਾ ਪਾਠ ਇਕੋ ਜੇਹਾ ਚਲਦਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦੇ ਅਨੇਕ ਲਿਖਤੀ ਉਤਾਰੇ ਹੋਏ ਤੇ ਸਦੀਆਂ ਤਕ ਹੁੰਦੇ ਰਹੇ, ਕਿਸੇ ਵੀ ਉਤਾਰੇ ਵਿਚ ਰਾਗਮਾਲਾ ਦੇ ਹਿਜਿਆਂ ਵਿਚ ਜਾਂ ਆਏ ਰਾਗਾਂ ਦੇ ਨਾਵਾਂ ਵਿਚ ਫ਼ਰਕ ਨਹੀਂ ਪਿਆ। ਪਰ ਆਲਮ ਦੇ ਲਿਖਤੀ ਉਤਾਰਿਆਂ ਵਿਚ ਜਿਤਨੀ ਘੜਮੱਸ ਚੌਦੇਂ ਮਚੀ ਹੈ ਉਸਤੋਂ ਪਤਾ ਲਗ ਜਾਵੇਗਾ ਕਿ ਕਿਨ੍ਹਾਂ ਅਣਜਾਣ ਲਿਖਾਰੀਆਂ ਦੇ ਰਹਿਮ ਉਤੇ ਉਸ ਦੀ ਪੁਸਤਕ ਜਾ ਪਈ ਸੀ, ਤੇ ਅਜ ਕਿਸੇ ਦਾ ਇਹ ਦਾਅਵਾ ਕਰਨਾ ਕਿ 'ਸ਼ੁੱਧ ਪਾਠ ਆਲਮ ਦੀ ਪੁਸਤਕ ਵਿਚੋਂ ਲੀਤੇ ਹਨ' ਕਿਤਨਾ ਨਿਰਮੂਲ ਹੈ।

ਮੇਰੇ ਸਾਹਮਣੇ ਐਸ ਵੇਲੇ ਆਲਮ ਦੇ ਕਿਤਨੇ ਹੀ ਉਤਾਰੇ ਪਏ ਹਨ। ਮੈਂ ਬਤੌਰ ਨਮੂਨੇ ਦੇ ਇਕ ਦੋ ਤੁਕਾਂ ਪੇਸ਼ ਕਰਦਾ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਇਕ ਤੁਕ ਹੈ:-

***ਪ੍ਰਬਲ ਚੰਡ ਕਉਸਕ ਉਭਾਰਾ॥*** (ਸ੍ਰੀ ਗੁਰੂ ਗ੍ਰੰਥ ਸਾਹਿਬ)

ਇਸਦੇ ਮੁਕਾਬਲੇ ਦੀ ਤੁਕ ਆਲਮ ਦੇ ਹਸਤ ਲਿਖਤ ਨੁਸਖਿਆਂ ਵਿਚ ਇਸ ਤਰ੍ਹਾਂ ਹੈ:-

(੧) ਧਵਲ ਚੰਦ ਕੌਸਕ ਅੰਭਾਰਾ॥ (ਪੰਜਾਬ ਯੂ: ਹਿੰਦੀ)
ਹਸਤ ਲਿਖਤ ਨੰ: ੬੬੯ ਦਾ ਉਤਾਰਾ ਪੰਡਤ ਰਲਿਆ ਰਾਮ ਸ਼ਾਸਤ੍ਰੀ।

(੨) ਵਰਵਲ ਚੰਦ ਅਕਾਸ਼ ਉਧਾਰਾ॥
(ਪੰ:ਯੂ:ਨੰ: ੬੬੫੫ ਉਤਾਰਾ: ਰਲਿਆ ਰਾਮ ਸ਼ਾਸਤ੍ਰੀ।)

(੩) ਵਰਵਲ ਚੰਦ ਉਕਾ ਅਨਾਰਾ॥
(ਪੰ:ਯੂ: ਨੰ: ੧੯੨੫, ਉਤਾਰਾ: ਰਲਿਆ ਰਾਮ ਸ਼ਾਸਤ੍ਰੀ।)

(੪) ਪ੍ਰਵਲ ਚੰਦ ਕੌਸਕਉ ਉਭਾਰਾ॥
(ਪੰ:ਯੂ: ਨੰ: ੩੪੮, ਉਤਾਰਾ: ਰਲਿਆ ਰਾਮ ਸ਼ਾਸਤ੍ਰੀ।)

ਪਾਠਕ ਏਸ ਤੋਂ ਅੰਦਾਜ਼ਾ ਲਗਾ ਲੈਣ ਕਿ ਸੁਧ ਅਤੇ ਅਸ਼ੁਧ ਦਾ ਫ਼ੈਸਲਾ ਕਿਸ ਤਰ੍ਹਾਂ ਕਰਨਾ ਹੈ। ਫੇਰ ਇਹ ਵੀ ਦੇਖ ਲੈਣ ਕਿ ਆਲਮ ਦੀਆਂ ਹਸਤ ਲਿਖਤਾਂ ਵਿਚ ਏਸ ਤਰ੍ਹਾਂ ਦੀ ਗੜਬੜੀ ਹੁੰਦਿਆਂ ਹੋਇਆਂ ਕੀ ਇਹ ਜਾਇਜ਼ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦੇ ਪਾਠ ਨੂੰ ਆਲਮ ਦੇ ਮੁਕਾਬਲੇ ਉਪਰ ਅਸ਼ੁਧ ਮੰਨਿਆਂ ਜਾਵੇ, ਤੇ ਏਸ ਅਸ਼ੁਧੀ ਦੀ ਦਲੀਲ ਨੂੰ ਵਸੀਲਾ ਬਨਾਇਆ ਜਾਵੇ ਬੀੜ ਵਿਚੋਂ ਰਾਗਮਾਲਾ ਨੂੰ ਬਾਹਰ ਕੱਢਣ ਦਾ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸ਼ੁੱਧੀ ਦੀ ਕਸਵੱਟੀ ਤੇ ਪਰਖਣ ਲਗਿਆਂ ਸਾਨੂੰ ਉਸ ਜ਼ਹਿਨੀਅਤ (Mentality) ਤੋਂ ਵੀ ਖ਼ਬਰਦਾਰ ਰਹਿਣਾ ਪਵੇਗਾ ਜਿਸ ਨਾਲ 'ਨਿਰਭਉ' ਨੂੰ ਅਸ਼ੁਧ ਕਿਹਾ ਗਿਆ ਸੀ। ਏਸ ਜ਼ਹਿਨੀਅਤ ਦੀ ਪਰਖ ਮੁਤਾਬਿਕ ਉਹ ਸਾਰੇ ਲਫ਼ਜ਼ ਅਸ਼ੁਧ ਹੋ ਜਾਣਗੇ, ਜੋ ਆਪਣੇ ਸਨਾਤਨ ਸਰੂਪ ਨੂੰ ਤਿਆਗ ਕੇ ਪ੍ਰਚਲਤ ਵਰਤਾਰੇ ਦਾ ਜਾਮਾ ਪਹਿਨ ਚੁਕੇ ਸਨ। ਪਰ ਆਲਮ ਵਿਚ ਆਏ ਪਾਰਿਭਾਸ਼ਕ (Technical) ਲਫਜ਼ਾਂ ਦਾ ਰੂਪ ਲਿਖਾਰੀਆਂ ਨੇ ਇਤਨਾ ਬਦਲ ਦਿੱਤਾ ਹੈ ਕਿ ਉਨ੍ਹਾਂ ਵਿਚੋਂ ਲਫ਼ਜ਼ ਦੇ ਅਸਲੀ ਪੁਰਾਤਨ ਸਰੂਪ ਨੂੰ ਸਮਝਣ ਲਈ ਕਾਫ਼ੀ ਮਿਹਨਤ ਦਰਕਾਰ ਹੈ, ਤੇ ਉਨ੍ਹਾਂ ਨੂੰ ਬਤੌਰ ਕਸਵੱਟੀ ਦੇ ਹੁਣ ਦੀ ਹਾਲਤ ਵਿਚ ਵਰਤ ਸਕਣਾ ਅਸੰਭਵ ਗੱਲ ਹੈ। ਇਕ ਮਿਸਾਲ ਦੇਣੀ ਸ਼ਾਇਦ ਕਾਫ਼ੀ ਨਾਂ ਹੋਵੇ, ਮੈਂ ਇਕ ਹੋਰ ਹਵਾਲਾ ਲੈ ਲੈਂਦਾ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਵਿਚ ਪਾਠ ਹੈ:-

***ਬੈਰਾਧਰ ਗਜਧਰ ਕੇਦਾਰਾ॥ ਜਬਲੀਧਰ ਨਟ ਅਉ ਜਲਧਾਰਾ॥***

ਆਲਮ ਦੀਆਂ ਹਥ ਲਿਖਤਾਂ ਵਿਚ ਇਹ ਤੁਕਾਂ ਇਸ ਤਰ੍ਹਾਂ ਹਨ:-

(੧) ਬੈਰਾਗਰ ਜਰੀਧਰ ਕੇਦਾਰਾ॥ ਚਲੇ ਧਰਨ ਨਟਿ ਔ ਜਲਧਾਰਾ॥
(ਪੰ:ਯੂ: ਹਿੰਦੀ ਹਸਤ ਲਿਖਤ ਨੰ: ੬੬੯, ਉਤਾਰਾ ਰਲਿਆ ਰਾਮ, ਸ਼ਾਸਤ੍ਰੀ।)

(੨) ਬੈਰਾਗਰ ਸੁਯੁੱਧ ਕੇਦਾਰਾ॥ ਜੀਲੀਧਰ ਨਟ ਅਰੁ ਜਲਧਾਰਾ॥
(ਪੰਜਾਬ ਯੂਨਵਰਸਿਟੀ ਨੰ:੬੬੫੫, ਉਤਾਰਾ ਰਲਿਆ ਰਾਮ ਸ਼ਾਸਤ੍ਰੀ।)

(੩) ਬੇਰਾਗਿਰ ਡੂੰਝਰ ਕੇਦਾਰਾ॥ ਜੀਲੀਧਰ ਨਟ ਅਰ ਜਲਧਾਰਾ॥
(ਪੰਜਾਬ ਯੂਨੀਵਰਸਿਟੀ ਨੰ: ੧੯੨੫, ਉਤਾਰਾ ਪੰ: ਰ:ਰਾਮ ਸ਼ਾਸਤ੍ਰੀ।)

(੪) ਵੈਰਾਗ ਰਾਗਜਧਰ ਗਹਿਦਾਰਾ॥ ਪਹਿਲੀ ਨਟ ਮੈ ਉੱਜਲਧਾਰਾ॥
(ਪੰਜਬ ਯੂਨੀਵਰਸਿਟੀ ਨੰ: ੩੪੮, ਉਤਾਰਾ: ਰਲਿਆ ਰਾਮ ਸ਼ਾਸਤ੍ਰੀ।)

ਮੇਰਾ ਖਿਆਲ ਹੈ ਕਿ ਸ਼ੁੱਧ ਅਤੇ ਅਸ਼ੁੱਧ ਦੇ ਨਿਰਣਯ ਦੀ ਖਾਤਰ ਅਗਰ ਇਕ ਤੁਕ ਮੈਂ ਵਿਆਖਿਆ ਲਈ ਜੇ ਹੋਰ ਪੇਸ਼ ਕਰਾਂ ਤਾਂ ਸਾਰਾ ਮਤਲਬ ਵਧੇਰੇ ਸਪਸ਼ਟ ਹੋ ਜਾਵੇਗਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਇਹ ਪਾਠ ਹੈ:-

***ਕਾਲੰਕਾ ਕੁੰਤਲ ਅਉਰਾਮਾ॥ ਕਮਲ ਕੁਸਮ ਚੰਪਕ ਕੇ ਨਾਮਾ॥***

ਆਲਮ ਵਿਚ ਇਹ ਤੁਕਾਂ ਏਸ ਤਰ੍ਹਾਂ ਹਨ:-

(੧) ਕਾਲਿੰਗਨ ਕੁੰਤਲ ਕੇ ਰਾਮਾ॥ ਕਵਲ ਕੁਸਮ ਪੰਚਮ ਕੇ ਨਾਮਾ।
(ਪੰਜਾਬ ਯੂਨੀਵਰਸਿਟੀ ਨੰ:੬੬੯, ਉਤਾਰਾ ਰਲਿਆ ਰਾਮ ਸ਼ਾਸਤ੍ਰੀ।)

(੨) ਕਾਲਿੰਗੀ ਕੂੰਤ ਔ ਰਾਮਾ॥ ਕਮਲਜੋ ਕੇ ਸੁਨਿ ਪੰਚਕ ਨਾਮਾ।
(ਪੰ:ਯੂ: ਨੰ: ੬੬੫੫, ਉਤਾਰਾ ਰਲਿਆ ਰਾਮ ਸ਼ਾਸਤ੍ਰੀ।)

(੩) ਕਾਲਿੰਗੀ ਕੁੰਤਲ ਅਰੁ ਰਾਮਾ॥ ਕਾਮ ਲੋਗ ਸੁਤ ਪੰਚਕ ਨਾਮਾ।
(ਪੰ: ਯੂ: ਨੰ: ੧੯੨੫, ਉਤਾਰਾ ਰਲਿਆ ਰਾਮ ਸ਼ਾਸਤ੍ਰੀ।)

(੪) ਕਾਲਿੰਗਾ ਕੁੰਤਲ ਅਰੁ ਰਾਮਾ। ਕਮਲ ਕੁਸਮ ਪਾਂਚ ਕੇ ਨਾਮਾ।
(ਪੰਜਾਬ ਯੂ: ਨੰ: ੩੪੮, ਉਤਾਰਾ ਰਲਿਆ ਰਾਮ ਸ਼ਾਸਤ੍ਰੀ।)

ਉਪਰ ਦਿੱਤੀਆਂ ਟੂਕਾਂ ਵਿਚੋਂ ਮੈਂ ਸਭ ਤੋਂ ਪਹਿਲੇ ਪਾਠਕਾਂ ਦਾ ਧਯਾਨ 'ਚੰਪਕ' ਵਲ ਦਿਵਾਉਂਦਾ ਹਾਂ, ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੁਕ ਵਿਚ ਹੈ। ਯਥਾ- ਕਮਲ ਕੁਸਮ ਚੰਪਕ ਕੇ ਨਾਮਾ॥ ਇਸ ਲਫ਼ਜ਼ 'ਚੰਪਕ' ਦੇ ਮੁਕਾਬਲੇ ਉਪਰ ਆਲਮ ਦੇ ਉਤਾਰਿਆਂ ਵਿਚ ਤਰਤੀਬਵਾਰ ਏਹ ਲਫਜ਼ ਆਏ ਹਨ:- (੧) ਪੰਚਮ, (੨) ਪੰਚਕ, (੩) ਪੰਚਕ, (੪) ਪਾਂਚ ਕੇ। ਆਲਮ ਦੇ ਚਾਰ ਉਤਾਰਿਆਂ ਵਿਚੋਂ ਦੋਂਹ ਵਿਚ ਲਫਜ਼ 'ਪੰਚਕ' ਗਿਆ ਹੈ। ਇਸ ਦਾ ਮਤਲਬ ਹੈ ਕਿ ਜੋ ਲਫਜ਼ ਗੁਰੂ ਗ੍ਰੰਥ ਸਾਹਿਬ ਵਿਚ 'ਚੰਪਕ' ਹੈ, ਉਹ ਆਲਮ ਵਿਚ 'ਪੰਚਕ' ਹੈ। ਦੋਨਾਂ ਵਿਚੋਂ ਸ਼ੁੱਧ ਕਿਹੜਾ ਹੈ? 'ਚੰਪਕ' ਅਤੇ 'ਪੰਚਕ' ਵਿਚ ਅਖਰ ਅਗਾਹਾਂ ਪਿਛਾਹਾਂ ਹੋ ਗਏ ਹਨ। ਭਾਸ਼ਾ ਵਿਗਯਾਨ ਦਾ ਕੋਈ ਜਾਣਕਾਰ ਹਰਫ਼ਾਂ ਦੀ ਅੰਦਰੂਨੀ ਅਗਾੜ ਪਿਛਾੜ ਨੂੰ 'ਵਰਣ ਵਯਤਯ' ਦੇ ਨਿਯਮ ਅਨੁਸਾਰ ਸਮਝਦਾ ਹੋਇਆ ਏਸ ਤਰ੍ਹਾਂ ਦੇ ਵਟਾਂਦ੍ਰੇ ਉਪਰ ਹੈਰਾਨ ਨਹੀਂ ਹੁੰਦਾ। ਉਸ ਲਈ 'ਕਾਚੂ' ਵੈਸਾ ਹੀ ਸਾਰਥਕ ਹੈ ਜੈਸਾ 'ਚਾਕੂ'। ਪਰ ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਬਿ ਉਪਰ ਇਹ ਸ਼ੰਕਾ ਉਠਾਈ ਹੈ, ਉਨ੍ਹਾਂ ਦੀ ਤਸੱਲੀ ਕਰਵਾਉਣੀ ਵੀ ਇਕ ਫਰਜ਼ ਹੈ, ਏਸ ਲਈ ਇਹ ਨਿਰਣਯ ਕਰਨਾ ਹੀ ਪਵੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਚੰਪਕ' ਠੀਕ ਹੈ ਕਿ ਆਲਮ ਦਾ 'ਪੰਚਕ'।

੫ ਅਗਸਤ ੧੯੪੫ ਤ੍ਰੀਕ ਦੇ ਅਕਾਲੀ ਅਖਬਾਰ ਵਿਚ ਇਕ ਖੇਮ ਕਰਣ ਦੀ ਰਾਗਮਾਲਾ ਦਾ ਨਕਸ਼ਾ ਉਸੇ ਲੇਖਕ ਨੇ ਛਪਵਾਇਆ ਸੀ ਤੇ ਦੱਸਿਆ ਸੀ ਕਿ ਇਸ ਵਿਚ ਆਏ ਰਾਗਾਂ ਦੇ ਨਾਮ ਸ਼ੁਧ ਹਨ। ਮੈਂ ਏਸ ਗੱਲ ਨੂੰ ਅਜੇ ਨਹੀਂ ਛੇੜਦਾ ਕਿ ਖੇਮ ਕਰਣੇ ਦੀ ਰਾਗਮਾਲਾ ਦੇ ਨਾਮ ਕਿਸ ਹੱਦ ਤਕ ਜਾਇਜ਼ ਹਨ, ਪਰ ਇਤਨਾ ਦੱਸਣਾ ਏਥੇ ਜ਼ਰੂਰੀ ਹੈ ਕਿ ਖੇਮ ਕਰਣ ਨੇ ਲਫਜ਼ 'ਚੰਪਕ' ਹੀ ਦਿੱਤਾ ਹੈ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ ਨਾ ਕਿ 'ਪੰਚਕ' ਜੋ ਕਿ ਆਲਮ ਦੇ ਉਤਾਰਿਆਂ ਵਿਚੋਂ ਦੋਂਹ ਵਿਚ ਮੌਜੂਦ ਹੈ ਤੇ ਬਾਕੀ ਵਿਚ ਫੇਰ ਪੰਚਕ ਦਾ ਵੀ ਅਗਾਂਹ ਵਿਗੜ ਕੇ 'ਪੰਚਮ' ਬਣ ਗਿਆ ਹੈ*।

* ਖੇਮ ਕਰਣ ਵਿਚ ਆਏ ਦੀਪਕ ਰਾਗ ਦੇ ਅੱਠ ਪੁਤ੍ਰਾਂ ਦੇ ਨਾਮਾਂ ਵਿਚੋਂ ਸਤਵੇਂ ਦਾ ਨਾਮ 'ਚੰਪਕ' ਦਿੱਤਾ ਹੈ। ਯਥਾ- ੧. ਕਮਲ, ੨. ਕੁਸਮ, ੩. ਰਾਮ, ੪. ਕੁੰਤਲ, ੫. ਕਲਿੰਗ, ੬. ਬਹੁਲ, ੭. ਚੰਪਕ, ੮. ਹੇਮਾਲ।


www.sikhbookclub.com

ਮੈਂ ਆਲਮ ਦੀ ਰਾਗਮਾਲਾ ਦੀਆਂ ਤੁਕਾਂ ਹਸਤ ਲਿਖਤ ਨੁਸਖ਼ਿਆਂ ਵਿਚੋਂ ਦਿੱਤੀਆਂ ਹਨ। ਇਹ ਚਾਰੇ ਨੁਸਖ਼ੇ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਲਾਇਬ੍ਰੇਰੀ ਵਿਚ ਮੌਜੂਦ ਹਨ। ਪਰ ਆਲਮ ਰਾਗਮਾਲਾ ਦਾ ਜ਼ਿਕਰ ਭਸੌੜ ਵਲੋਂ ਛਪੀ ਪੋਥੀ ਨੂੰ ਛੱਡਕੇ ਇਕ ਥਾਂਵੇਂ ਹੋਰ ਹੈ; ਉਹ ਹੈ ਸ੍ਰੀ ਮਾਨ ਭਾਈ ਕਾਹਨ ਸਿੰਘ ਜੀ ਰਚਿਤ ਮਹਾਨ ਕੋਸ਼। ਇਸ ਕੋਸ਼ ਦੇ ਸਫਾ ੩੦੭੭ ਉਪਰ ਆਲਮ ਦੀ ਰਾਗਮਾਲਾ ਦਾ ਨਕਸ਼ਾ ਦਿੱਤਾ ਹੈ। ਉਸ ਵਿਚ ਲਫ਼ਜ਼ 'ਚੰਪਕ' ਹੀ ਵਰਤਿਆ ਹੈ। ਇਹ ਆਲਮ ਦੇ ਕਿਸੇ ਹੋਰ ਨੁਸਖ਼ੇ ਵਿਖੇ ਦੇਖਣ ਵਿਚ ਨਹੀਂ ਆਇਆ। ਮਾਲੂਮ ਹੁੰਦਾ ਹੈ ਕਿ ਭਾਈ ਕਾਹਨ ਸਿੰਘ ਜੀ ਨੇ ਆ਼ਲਮ ਦੀ ਗ਼ਲਤੀ ਦੇਖਕੇ ਉਸਦੇ 'ਪੰਚਕ' ਨੂੰ ਸੋਧਕੇ 'ਚੰਪਕ' ਕਰ ਦਿੱਤਾ ਹੈ। ਪਰ ਭਾਈ ਕਾਹਨ ਸਿੰਘ ਜੀ ਨੇ ਆਲਮ ਦੀ ਕੇਵਲ ਏਸ ਭੁੱਲ ਨੂੰ ਹੀ ਨਹੀਂ ਸੀ ਸੋਧਿਆ ਉਨ੍ਹਾਂ ਉਸਦੀ ਹੋਰ ਵੀ ਸੁਧਾਈ ਕਰ ਦਿੱਤੀ ਸੀ। ਇਸਦੀ ਵੱਡੀ ਮਿਸਾਲ ਲਫਜ਼ 'ਸਾਲੂ' ਹੈ। ਇਹ ਲਫ਼ਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਆਉਂਦਾ ਹੈ। ਯਥਾ:- 'ਸਾਲੂਸਾਗਰ ਸਾਗਰਾ ਅਉਰ ਗੋਡ ਗੰਭੀਰ।'

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ 'ਅਸ਼ੁਧ' ਲਫਜ਼ ਚੁਣਨ ਵਾਲਿਆਂ ਏਸ 'ਸਾਲੂ' ਉਪਰ ਏਤ੍ਰਾਜ਼ ਕੀਤਾ ਹੈ ਤੇ ਦੱਸਿਆ ਹੈ ਕਿ ਆਲਮ ਵਿਚ ਇਸਦੀ ਥਾਂਵੇਂ ਲਫਜ਼ 'ਮਾਲਵ' ਹੈ। ਪਰ ਭਾਈ ਕਾਹਨ ਸਿੰਘ ਜੀ ਨੇ ਮਾਲਵ ਨੂੰ ਗ਼ਲਤ ਸਮਝਕੇ ਆਲਮ ਦੀ ਰਾਗਮਾਲਾ ਦੇ ਨਕਸ਼ੇ ਵਿਚ ਖਾਨਾਪੁਰੀ ਲਫਜ਼ 'ਸਾਲੂ' ਨਾਲ ਹੀ ਕੀਤੀ ਹੈ। ਇਸ ਲਈ ਦੇਖੋ ਮਹਾਨ ਕੋਸ਼ ਸਫਾ ੩੦੭੭।

ਮੇਰਾ ਖਿਆਲ ਹੈ ਭਾਈ ਕਾਹਨ ਸਿੰਘ ਜੀ ਮਾਲਵ ਤੇ ਸਾਲਵ (ਸਾਲੂ) ਵਿਚ ਕੋਈ ਬਹੁਤਾ ਫਰਕ ਨਹੀਂ ਸਨ ਸਮਝਦੇ। ਉਹ ਸ਼ਾਇਦ ਸਾਲਵ ਨੂੰ ਮਾਲਵ ਕੋਲੋਂ ਤਰਜੀਹ ਦੇਂਦੇ ਸਨ। ਉਨ੍ਹਾਂ ਨੇ ਵਿਸ਼ਨੂੰ ਪੁਰਾਣ ਪੜ੍ਹਿਆ ਹੋਇਆ ਸੀ, ਜਿਸ ਵਿਚ ਮਾਲਵ ਅਤੇ ਸਾਲਵ ਦੋਨੋਂ ਨਾਮ ਇਕ ਸੌਵੀਰ ਅੰਤਰਗਤ ਗਿਣੇ ਹਨ*।

---

* Much the same locality is assigned to Sauvira in the Vishnu Purana: "In the extreme west are Saurashtras Suras. abhiras, Arbedas; The Karushas and Malvas dwelling along the Paripatra mountain the Sauviras, the Saindhavas, the Hunas; the Salwas.

(Cunninghams. Ancient Geography of India. P.570.)


www.sikhbookclub.com

ਮਾਲਵ ਰਾਗ ਇਕ ਦੇਸੀ ਰਾਗ ਹੈ। ਇਸਦਾ ਮਤਲਬ ਹੈ ਕਿ ਮਾਲਵ ਰਾਗ ਦਾ ਨਾਮ ਮਾਲਵ ਦੇਸ਼ ਤੋਂ ਪਿਆ। ਮਾਲਵ ਅਤੇ ਸਾਲਵ ਨਾਲ ਨਾਲ ਲਗਦੇ ਹੋਣ ਕਰਕੇ ਭਾਈ ਕਾਹਨ ਸਿੰਘ ਜੀ ਨੇ, ਮਲੂਮ ਹੁੰਦਾ ਹੈ, ਆਲਮ ਦੀ ਸੁਧਾਈ ਕਰ ਦਿੱਤੀ ਸੀ, ਤੇ ਉਸਦੇ ਪਾਠ ਵਿਚ ਮਾਲਵ ਦੀ ਜਗ੍ਹਾ ਸਾਲੂ ਰਖ ਦਿੱਤਾ ਸੀ ਜਿਸਨੂੰ ਉਨ੍ਹਾਂ ਨਿਸਬਤਨ ਜ਼ਜਾਦਾ ਸ਼ੁਧ ਸਮਝਿਆ। ਜੇ ਜੋ ਕੁਛ ਮੈਂ ਵਜਹ ਦਿਤੀ ਹੈ ਉਹ ਦਰੁਸਤ ਨਹੀਂ ਤਾਂ ਜ਼ਰੂਰੀ ਹੈ ਕਿ ਜੋ ਹਸਤ ਲਿਖਤ ਪੁਸਤਕ ਆਲਮ ਦੀ ਭਾਈ ਕਾਹਨ ਸਿੰਘ ਜੀ ਪਾਸ ਸੀ ਉਸ ਵਿਚ ਪਾਠ 'ਸਾਲੂ' ਹੀ ਹੋਣਾ ਹੈ। ਪਰ ਖ਼ੈਰ ਜੋ ਕੁਛ ਵੀ ਹੋਵੇ ਮੈਂ ਲਫਜ਼ ਮਾਲਵ ਤੇ ਸਾਲਵ ਦੇ ਫਰਕ ਨੂੰ ਇਤਨੀ ਅਹਿਮੀਅਤ (Importance) ਆਪਣੇ ਮਨ ਵਿਚ ਨਹੀਂ ਦੇਂਦਾ ਕਿ ਰਾਗਮਾਲਾ ਵਿਚ ਲਫਜ਼ ਸਾਲੂ ਆ ਜਾਣ ਕਰਕੇ ਇਸਨੂੰ ਉਸ ਸ਼ੱਕ ਨਾਲ ਦੇਖਿਆ ਜਾਵੇ ਜਿਸ ਸ਼ੱਕ ਦੀ ਨਵਿਰਤੀ ਰਾਗਮਾਲਾ ਨੂੰ ਬਾਹਰ ਕੱਢਣ ਨਾਲ ਹੀ ਹੋ ਸਕਦੀ ਹੈ।

ਪਰ ਇਕ ਲਫਜ਼ ਹੋਰ ਹੈ ਜੋ ਧਿਆਨ ਦਾ ਮੁਥਾਜ ਹੈ, ਉਹ ਹੈ 'ਗੁਨਗੁਨੀ'। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤੁਕ ਹੈ, 'ਪੁਨਿ ਗਾਵਹਿ ਆਸਾ ਗੁਨਗੁਨੀ।' ਏਸ ਬਾਬਤ ਇਹ ਇਤ੍ਰਾਜ਼ ਕੀਤਾ ਗਿਆ ਹੈ ਕਿ ਇਹ ਅਸ਼ੁਧ ਹੈ ਤੇ ਦੱਸਿਆ ਗਿਆ ਹੈ ਕਿ ਇਸਦਾ ਸ਼ੁਧ ਸਰੂਪ 'ਕੁੰਕਨੀ' ਹੈ। ਆਲਮ ਦੇ ਨੁਸਖਿਆਂ ਦੀ ਜੇ ਪੜਤਾਲ ਕੀਤੀ ਜਾਵੇ ਤਾਂ ਉਨ੍ਹਾਂ ਵਿਚ ਇਹ ਪਾਠ ਇਉਂ ਹੈ:-

(੧) ਪੁਨ ਗਾਵੇ ਆਸਾ ਗੁਨ ਗੁਨੀ। (ਪੰ: ਯੂ: ਨੰ: ੬੬੯, ਉਤਾਰਾ ਰਲਿਆ ਰਾਮ)
(੨) ਫਿਰ ਗਾਵੈ ਆਸਾ ਗੁਨ ਗਣੀ। (ਪੰ: ਯੂ: ਨੰ: ੩੪੮, ਉਤਾਰਾ ਰਲਿਆ ਰਾਮ)
(੩) ਪੁਨਿ ਗਾਵਹਿ ਆਸਾ ਕੁੰਕਨੀ। (ਪੰ: ਯੂ: ਨੰ: ੧੯੨੫, ਉਤਾਰਾ ਰਲਿਆ ਰਾਮ)
(੪) ਪੁਨਿ ਗਾਵਹਿ ਆਸਾ ਕੁੰਭਨੀ। (ਹਸਤ ਲਿਖਤ ਸੰਮਤ ੧੭੭੪)
(੫) ਪੁਨਿ ਗਾਵਹਿ ਆਸਾ ਕੁੰਅਰੀ। (ਪੰ: ਯੂ: ਨੰ: ੬੬੫੫, ਉਤਾਰਾ ਰਲਿਆ ਰਾਮ ਸ਼ਾਸਤ੍ਰੀ)

'ਗੁਨਗੁਨੀ' ਜੋ ਲਫਜ਼ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਹੈ, ਕੀ ਇਹ ਪ੍ਰਚਲਤ ਲਫਜ਼ ਸੀ ਕਿ ਨਹੀਂ? ਇਸਦੀ ਪੜਤਾਲ ਬੀ ਹੋ ਸਕਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਤੋਂ ਤਕਰੀਬਨ ਢਾਈ ਸੌ ਬਰਸ ਬਾਅਦ ਬੋਧਾ ਕਵਿ ਨੇ ਆਪਣੀ ਪੁਸਤਕ ਵਿਰਹ-ਵਾਰੀਸ਼ ਲਿਖੀ ਤੇ ਉਸ ਮੁਲਕ ਵਿਚ ਲਿਖੀ ਜਿੱਥੇ ਮਾਦਰੀ ਜ਼ਬਾਨ ਹਿੰਦੀ ਹੈ। ਉਸਨੇ ਵੀ ਲਫਜ਼ 'ਕੁੰਕਨੀ' ਦੀ ਬਜਾਏ ਜੋ ਵਰਤਿਆ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਲਫਜ਼ ਦੇ ਕਿਤਨਾ ਨਜ਼ਦੀਕ ਹੈ ਤੇ 'ਕੁੰਕਨੀ' ਤੋਂ ਕਿਤਨੀ ਦੂਰ ਹੈ ਇਸ ਗੱਲ ਦਾ ਅੰਦਾਜ਼ਾ ਉਸਦੀ ਹੇਠ ਦਿੱਤੀ ਟੂਕ ਤੋਂ ਦਰੁਸਤ ਲਗ ਜਾਏਗਾ, ਜੋ ਇਹ ਹੈ:-

*ਪੁਨਿ ਨ੍ਰਿਪ ਮੇਘ ਬਖਾਨਿਯੇ ਬਾਲਾ ਮੇਘ ਮਰਾਲ।*
*ਆਸ ਗੁਨੀਗੁਨੀ ਗੁਨ ਫੁਨ ਫੁਨੀਸ਼ਾ ਯਥ ਧੁਰਿਯਧਾਰ।*

*(ਵਿਰਹ ਵਾਰੀਸ਼ ਸਫਾ ੭੬)*

ਉਪਰਲੀਆਂ ਤੁਕਾਂ ਵਿਚ ਬੋਧਾ ਕਵਿ ਨੇ ਮੇਘ ਰਾਗ ਦੀਆਂ ਇਸਤ੍ਰੀਆਂ ਗਿਣੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੇਘ ਦੀਆਂ ਇਸਤ੍ਰੀਆਂ ਵਿਚੋਂ ਹੀ ਇਕ ਦੇ 'ਗੁਨਗੁਨੀ' ਨਾਮ ਉਪਰ ਇਤ੍ਰਾਜ਼ ਉਠਾਇਆ ਗਿਆ ਹੈ। ਬੋਧਾ ਨੇ 'ਕੁੰਕਨੀ' ਨਾਮ ਨਹੀਂ ਵਰਤਿਆ ਜੋ ਕੁਛ ਵਰਤਿਆ ਹੈ ਉਹ 'ਗੁਨ ਗੁਨੀ' ਦੀ ਹੀ ਸਿੱਧ ਪੁੱਠ ਹੈ।

-o-


www.sikhbookclub.com

# ੨੧. ਆਲਮ ਦੀ ਰਾਗਮਾਲਾ ਅਤੇ ਬਾਣੀ ਦੀ ਸੁਧਾਈ

ਮੈਂ ਦੱਸ ਆਇਆ ਹਾਂ ਕਿ ਪੰਜ ਅਗਸਤ ੧੯੪੫ ਦੇ ਅਕਾਲੀ ਦੇ ਪਰਚੇ ਵਿਚ ਇਕ ਲੇਖਕ ਨੇ 'ਰਾਗਮਾਲਾ ਬਾਰੇ ਅਸਲੀਅਤ' ਨਾਮ ਦਾ ਲੇਖ ਛਪਵਾਇਆ ਹੈ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦਾ ਗ਼ਲਤੀ ਨਾਮਾ ਪ੍ਰਕਾਸ਼ਤ ਕੀਤਾ ਹੈ, ਤੇ ਦੱਸਿਆ ਹੈ ਕਿ ਉਸਨੇ ਸ਼ੁੱਧ ਪਾਠ ਆਲਮ ਦੀ ਰਾਗਮਾਲਾ ਵਿਚੋਂ ਲੀਤੇ ਹਨ ਤੇ ਅਸ਼ੁੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚੋਂ। ਮੈਂ ਇਹ ਵੀ ਕਹਿ ਆਇਆ ਹਾਂ ਕਿ ਮੈਂ ਇਸ ਲੇਖਕ ਦਾ ਨਾਮ ਬਹਿਸ ਵਿਚ ਨਹੀਂ ਲਿਆ ਰਿਹਾ ਤਾਂ ਕਿ ਵਿਚਾਰ ਨਿਰੋਲ ਬਹਿਸ ਤਲਬ ਨੁਕਤਿਆਂ ਦੀ ਹੱਦ ਬੰਦੀ ਵਿਚ ਰਹੇ ਤੇ ਕਿਸੇ ਵੀ ਸਜਣ ਨੂੰ ਉਸਦਾ ਜ਼ਾਤੀ ਤੱਤ, ਅਸਲੀਅਤ ਗ੍ਰਹਿਣ ਕਰਨ ਵਿਚ, ਬਾਧਕ ਨਾ ਪ੍ਰਤੀਤ ਹੋਵੇ।

ਆਲਮ ਦੇ ਕਲਮੀ ਨੁਸਖ਼ਿਆਂ ਦੀਆਂ ਜੋ ਟੂਕਾਂ ਅਸੀਂ ਪਿੱਛੇ ਦੇ ਆਏ ਹਾਂ ਉਸ ਤੋਂ ਪਾਠਕ ਅੰਦਾਜ਼ਾ ਲਗਾ ਲੈਣ ਕਿ 'ਅਕਾਲੀ' ਦੇ ਲੇਖਕ ਦਾ ਇਹ ਦਾਵਾ ਕਿ ਉਸਦੇ ਬਨਾਏ ਗ਼ਲਤੀਨਾਮੇ ਦੇ "ਸ਼ੁਧ ਪਾਠ ਆਲਮ ਦੀ ਮਾਧਵਾਨਲ ਕਾਮਕੰਦਲਾ ਵਿਚੋਂ ਲਏ ਹਨ" ਕਿਤਨਾ ਨਿਰਮੂਲ ਹੈ। ਕੀ ਉਸ ਪਾਸ ਕੋਈ ਆਲਮ ਦੀ ਆਦਿ ਪੋਥੀ ਮੌਜੂਦ ਹੈ? ਜਾਂ ਕੀ ਕੋਈ ਐਸੀ ਪੁਸਤਕ ਕਿਸੇ ਪਾਸ ਹੈ? ਕੀ ਕਿਸੇ ਨੇ ਆਲਮ ਦੇ ਪਾਠਾਂਤ੍ਰ ਭੇਦਾਂ ਦੇ ਮੇਲ ਮਿਲਾਪ ਤੋਂ ਕੋਈ ਪੁਸਤਕ ਤਿਆਰ ਕਰ ਦਿੱਤੀ ਹੈ ਜਿਸਨੂੰ ਸ਼ੁਧ ਕਿਹਾ ਜਾ ਸਕੇ? ਲੇਖਕ ਨੂੰ ਆਪਣੇ ਦਾਅਵੇ ਉਪਰ ਭਰੋਸਾ ਨਹੀਂ। ਉਹ ਆਪਣੇ ਦਾਅਵੇ ਦੇ ਖੋਖਲੇਪਨ ਦਾ ਜਾਣੂ ਹੈ, ਏਸ ਕਰਕੇ ਉਹ ਇਕ ਸੰਸਕ੍ਰਿਤ ਵਿਚ ਬਣੀ ਪੁਰਾਣੀ ਰਾਗਮਾਲਾ ਦਾ ਨਕਸ਼ਾ ਪੇਸ਼ ਕਰਦਾ ਹੈ ਤੇ ਇਸਦਾ ਮੁਕਾਬਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਨਾਲ ਕਰਦਾ ਹੈ। ਤੇ ਏਸ ਮੁਕਾਬਲੇ ਉਪਰ ਉਸਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੀ ਰਾਗਮਾਲਾ ਅਸ਼ੁੱਧ ਨਜ਼ਰ


www.sikhbookclub.com

ਆਉਂਦੀ ਹੈ। ਜੋ ਫ਼ਰਕ ਉਸਨੂੰ ਸੰਸਕ੍ਰਿਤ ਦੀ ਰਾਗਮਾਲਾ ਦੇ ਲਫ਼ਜ਼ਾਂ ਵਿਚ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦੇ ਲਫ਼ਜ਼ਾਂ ਵਿਚ ਨਜ਼ਰ ਆਉਂਦਾ ਹੈ ਓਹੋ ਫ਼ਰਕ ਉਸਨੂੰ ਸੰਸਕ੍ਰਿਤ ਦੀ ਰਾਗਮਾਲਾ ਦੇ ਲਫਜ਼ਾਂ ਵਿਚ ਤੇ ਆਲਮ ਦੀ ਰਾਗਮਾਲਾ ਦੇ ਲਫਜ਼ਾਂ ਵਿਚ ਨਜ਼ਰੀਂ ਪੈ ਜਾਂਦਾ ਹੈ, ਤੇ ਉਹ ਮਜਬੂਰਨ ਕਹਿੰਦਾ ਹੈ।

"ਇਹੋ ਫ਼ਰਕ ਆਲਮ ਦੀ ਲਗ ਪਗ ਹਰੇਕ ਪੋਥੀ ਵਿਚ ਹੈ, ਜੋ (ਆਲਮ ਦੀ) ਇਕ ਪੋਥੀ ਦੀ ਰਾਗਮਾਲਾ (ਆਲਮ ਦੀ) ਦੂਜੀ ਪੋਥੀ ਨਾਲ ਨਹੀਂ ਮਿਲਦੀ।" (ਅਕਾਲੀ ੫-੮-੪੫)

ਏਸ ਕੱਚੀ ਬੁਨਿਯਾਦ ਉਪਰ ਏਸ ਲਿਖਾਰੀ ਨੇ ਇਹ ਦਾਅਵਾ ਕੀਤਾ ਸੀ ਕਿ ਉਸਨੇ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦਾ ਗ਼ਲਤੀ ਨਾਮਾ ਤਿਆਰ ਕੀਤਾ ਹੈ ਜਿਸ ਬਾਬਤ ਇਹ ਕਿਹਾ:-

'ਇਸ ਗ਼ਲਤੀਨਾਮੇ ਦੇ ਸ਼ੁਧ ਪਾਠ ਆਲਮ ਦੀ ਮਾਧਵਾਨਲ ਕਾਮਕੰਦਲਾ ਵਿਚੋਂ ਲਏ ਹਨ ਤੇ ਗ਼ਲਤ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚੋਂ'। (ਅਕਾਲੀ ੫-੮-੪੫)

ਬਾਕੀ ਰਹੀ ਇਹ ਗੱਲ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਦੇ ਨਾਮ ਸੰਸਕ੍ਰਿਤ ਦੇ ਨਾਵਾਂ ਤੋਂ ਕਿਤਨੇ ਭਿੰਨ ਹੋ ਗਏ ਹਨ? ਤੇ ਏਸ ਭਿੰਨਤਾ ਨੂੰ 'ਅਸ਼ੁੱਧ' ਦਾ ਦਰਜਾ ਦੇਣਾ ਹੈ ਕਿ ਨਹੀਂ?

ਅਕਾਲੀ ਦਾ ਲੇਖਕ ਸਾਨੂੰ ਕਿਸ ਪਾਸੇ ਲਿਜਾ ਰਿਹਾ ਹੈ? ਉਹ ਕਹਿ ਰਿਹਾ ਹੈ ਕਿ ਸੰਸਕ੍ਰਿਤ ਦੇ ਅਸਲ ਰੂਪ ਤੋਂ ਰਾਗਮਾਲਾ ਦੇ ਲਫਜ਼ ਅਸ਼ੁਧ ਹਨ ਏਸ ਕਰਕੇ ਇਹ ਸਬੂਤ ਹੈ ਕਿ ਇਹ ਗੁਰੂ ਸਾਹਿਬ ਦੀ ਬਾਣੀ ਨਹੀਂ। ਉਹ ਕਹਿੰਦਾ ਹੈ-

'ਰਾਗਮਾਲਾ ਦੇ ਗੁਰੂ ਸਾਹਿਬ ਦੀ ਰਚਨਾ ਨਾ ਹੋਣ ਦਾ ਇਕ ਸਬੂਤ ਇਹ ਵੀ ਹੈ ਕਿ ਇਹ ਸ਼ੁਧ ਨਹੀਂ ਹੈ ਤੇ ਇਸ ਵਿਚ ਕਿਤਨੀਆਂ ਲਫਜ਼ੀ ਗ਼ਲਤੀਆਂ ਭਰੀਆਂ ਹੋਈਆਂ ਹਨ, ਜੋ ਗੁਰੂ ਸਾਹਿਬ ਦੀ ਰਚਨਾ ਵਿਚ ਹੋਣੀਆਂ ਅਸੰਭਵ ਹਨ।' (ਅਕਾਲੀ, ੫-੮-੪੫)

ਆਰਯਾ ਸਮਾਜ ਦੇ ਪੁਰਾਣੇ ਲੇਖਕਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਫਜ਼, ਸੰਸਕ੍ਰਿਤ ਦੇ ਸ਼ੁਧ ਸਰੂਪਾਂ ਨਾਲ ਨਾ ਮਿਲਣ ਕਰਕੇ ਇਹ

ਨਤੀਜਾ ਕੱਢਿਆ ਸੀ ਕਿ ਗੁਰੂ ਸਾਹਿਬ ਸੰਸਕ੍ਰਿਤ ਨਹੀਂ ਪੜ੍ਹੇ ਹੋਏ ਸਨ। ਉਨ੍ਹਾਂ ਨੇ ਫੇਰ ਏਸ ਗੱਲ ਦਾ ਡਾਢਾ ਮਖੌਲ ਬਣਾਇਆ ਸੀ, ਜੋ ਸਿਖਾਂ ਲਈ ਇਕ ਕਸ਼ਟ ਦਾ ਕਾਰਣ ਬਣ ਗਿਆ ਸੀ।

ਸ਼ਾਇਦ ਏਸੇ ਗੱਲ ਦਾ ਅਸਰ ਬਾਬੂ ਤੇਜਾ ਸਿੰਘ ਭਸੌੜ ਦੇ ਦਿਮਾਗ਼ ਉਪਰ ਸੀ ਕਿ ਉਸਨੇ ਦਸਮ ਗ੍ਰੰਥ ਦੀ ਬਾਣੀ ਸੋਧਣੀ ਆਰੰਭ ਦਿੱਤੀ। ਉਸਨੇ 'ਅਕਾਲ ਉਸਤਤਿ' ਦੀ ਸੁਧਾਈ ਇਸ ਤਰ੍ਹਾਂ ਕੀਤੀ ਜਿਸ ਤਰ੍ਹਾਂ ਕੋਈ ਸਕੂਲ ਦਾ ਉਸਤਾਦ ਕਿਸੇ ਮੁੰਡੇ ਦੇ ਜਵਾਬ ਮਜ਼ਮੂਨ ਦੀ ਕਾਪੀ ਦਰੁਸਤ ਕਰਦਾ ਹੈ। ਅਕਾਲ ਉਸਤਤਿ ਦੇ ੫੧ ਸਫਿਆਂ ਵਿਚ ੧੭੨ ਲਫਜ਼ ਬਾਬੂ ਤੇਜਾ ਸਿੰਘ ਦੇ ਹਥੋਂ ਸੋਧੇ ਗਏ*।

ਏਸ ਸੁਧਾਈ ਨਾਲ ਜੋ ਲਫਜ਼ ਸੰਸਕ੍ਰਿਤ ਸਰੂਪ ਤੋਂ ਪਰੇ ਹੋ ਗਏ ਸਮਝੇ ਗਏ ਉਨ੍ਹਾਂ ਨੂੰ ਮੁੜ ਅਸਲੀ ਸ਼ਕਲ ਵਿਚ ਲੈ ਆਂਦਾ ਗਿਆ। 'ਕਾਬ' ਦੀ ਥਾਂ 'ਕਾਵਜ' ਕਰ ਦਿੱਤਾ। ਅਕਾਲ ਉਸਤਤਿ ਵਿਚ ਅਸਲ ਤੁਕ ਸੀ:- 'ਕਈ ਕੋਕ 'ਕਾਬ' ਭਣੰਤ॥ ਕਈ ਬੇਦ ਭੇਦ ਕਹੰਤਿ' ਇਸਦੀ ਥਾਂ ਭਸੌੜ ਐਡੀਸ਼ਨ ਵਿਚ ਇਹ ਹੋ ਗਿਆ:- 'ਕਈ ਕੋਕ 'ਕਾਵਜ' ਭਣੰਤ। ਕਈ ਬੇਦ ਭੇਦ ਕਹੰਤ।'

ਫੇਰ ਇਕ ਤੁਕ ਸੀ:- 'ਕਈ ਦੇਸ ਦੇਸ ਫਿਰੰਤ॥ ਕਈ ਏਕ ਠੌਰ ਇਸਥੰਤ॥' ਇਸ ਵਿੱਚੋਂ 'ਇਸਥੰਤ' ਲਫਜ਼ ਸੁਧਾਈ ਲਈ ਚੁਣਿਆ ਗਿਆ। ਇਸ ਬਾਬਤ ਇਹ ਸਮਝਿਆ ਗਿਆ ਕਿ ਇਸ ਦੇ ਸੰਸਕ੍ਰਿਤ ਰੂਪ ਵਿਚ 'ਇ' ਨਹੀਂ ਹੈ ਤੇ ਸ,ਥ,ਜੁੜੇ ਹੋਏ ਹਨ। ਪਰ ਇਤਨੀ ਸੁਧਾਈ ਨਾਲ ਛੰਦ ਦੀ ਚਾਲ ਵਿਚ ਫਰਕ ਪੈ ਜਾਣਾ ਸੀ ਸੋ ਇਸ ਨੂੰ ਵਟਾ ਕੇ 'ਥਿਰੰਤ' ਕਰ ਦਿਤਾ; ਜਿਸ ਨਾਲ ਭਸੌੜ ਐਡੀਸ਼ਨ ਵਿਚ ਤੁਕ ਐਉਂ ਬਦਲੀ ਗਈ:- 'ਕਈ ਦੇਸ ਦੇਸ ਫਿਰੰਤ। ਕਈ ਏਕ ਠੌਰ ਥਿਰੰਤ'।"

ਦਸਮ ਗ੍ਰੰਥ ਦੀ 'ਸੁਧਾਈ' ਵਿਚ ਸਿਰਫ਼ ਸੰਸਕ੍ਰਿਤ ਦਾ ਹੀ ਖਿਆਲ ਨਹੀਂ ਸੀ ਰਖਿਆ ਗਿਆ, ਫ਼ਾਰਸੀ ਤੇ ਅਰਬੀ ਦੇ ਲਫਜ਼ਾਂ ਨੂੰ ਅਸਲੀ ਸ਼ਕਲ ਵਿਚ ਲਿਖਿਆ, 'ਜਮੀਂ' ਵਗੈਰਾ ਲਫਜ਼ਾਂ ਵਿਚੋਂ ਜਜੇ ਦੀ ਅਵਾਜ਼ ਕੱਟਕੇ 'ਜ਼ੇ' ਦੀ ਅਵਾਜ਼ ਪਾ ਦਿਤੀ।

---

* ਦੇਖੋ ਦਸਮ ਗੁਰੂ ਗਿਰਾ ਪ੍ਰਕਾਸ਼, ਭਸੌੜ।

ਲਫਜ਼ਾਂ ਦੇ ਅਸਲ ਸਰੂਪ ਨੂੰ ਛੱਡਕੇ ਬਾਬੂ ਤੇਜਾ ਸਿੰਘ ਦੀ ਸੁਧਾਈ ਦੇ ਕਈ ਹੋਰ ਕਾਰਨ ਸਨ। ਇਕ ਤੁਕ ਹੈ:-

*ਅਮ੍ਰਿਤੂ ਹਰੀ ਅਮਾਤ ਹਰੀ॥*

ਇਸ ਦੀ ਥਾਂਵੇਂ ਇਹ ਤੁਕ ਬਨਾਈ:-

*ਅਮ੍ਰਿਤ ਹਰੀ ਅਮਾਤ ਹਰੀ।*

'ਅਮਿਤ੍ਰੂ' ਲਫਜ਼ ਨੂੰ ਕੱਟ ਦਿਤਾ ਗਿਆ ਤੇ 'ਅਮ੍ਰਿਤ' ਕਰ ਦਿਤਾ ਗਿਆ। ਇਸ ਦੀ ਕੀ ਵਜਾ ਸੀ? ਸ਼ਾਇਦ ਇਕ ਇਹ ਸੀ ਕਿ ਹਰੀ ਨੂੰ ਗੁਰੂ ਗੋਬਿੰਦ ਸਿੰਘ ਜੀ 'ਅਮਿਤ੍ਰੂ' ਨਹੀਂ ਕਹਿ ਸਕਦੇ ਕਿਉਂਕਿ ਉਹ ਉਸੇ ਪਰਥਾਇ ਕਹਿ ਆਏ ਹਨ:-

*ਮਿਤ੍ਰੂ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।*

ਬਾਬੂ ਤੇਜਾ ਸਿੰਘ ਦੀ 'ਸੁਧਾਈ' ਕੇਵਲ ਭਾਸ਼ਾ ਦੇ ਸ਼ੁਧ ਸਰੂਪਾਂ ਦੇ ਖਿਆਲ ਤੋਂ ਹੀ ਨਹੀਂ ਸੀ, ਉਹ ਬਾਣੀ ਵਿੱਚੋਂ ਐਸੀਆਂ ਐਸੀਆਂ ਸਾਰੀਆਂ ਗੱਲਾਂ ਛਾਂਟਣੀਆਂ ਚਾਹੁੰਦਾ ਸੀ ਜੋ ਉਸ ਦੇ ਖਿਆਲ ਵਿਚ ਜ਼ਾਹਿਰਾ ਤੌਰ ਤੇ ਜ਼ਰਾ ਜਿਤਨਾ ਵੀ ਪਰਸਪਰ ਵਿਰੋਧ ਦੀ ਲੇਸ਼ ਵਾਲੀਆਂ ਸਨ, ਜਾਂ ਭਸੌੜ ਤੋਂ ਚਲਾਈ 'ਸਿਖੀ' ਦੇ ਆਸ਼ੇ ਅਨੁਕੂਲ ਨਹੀਂ ਸਨ।

ਫੇਰ ਅਕਾਲ ਉਸਤਤਿ ਵਿਚ ਤੁਕ ਹੈ, 'ਹਾਥੀ ਕੀ ਪੁਕਾਰ ਪਲ ਪਾਛ ਪਹੁਚਤ ਤਾਹਿ ਚੀਟੀ ਕੀ ਚਿੰਘਾਰ ਪਹਿਲ ਹੀ ਸੁਨੀਅਤ ਹੈ' ਇਸ ਤੁਕ ਨੂੰ ਬਾਬੂ ਤੇਜਾ ਸਿੰਘ ਨੇ ਇਸ ਤਰ੍ਹਾਂ ਸੋਧਿਆ ਹੈ:-

*ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ*
*ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ॥*

ਜਿਥੇ ਗੁਰੂ ਸਾਹਿਬ ਨੇ 'ਚੀਟੀ ਕੀ ਚਿੰਘਾਰ' ਲਿਖੀ ਸੀ ਉਥੇ ਭਸੌੜ ਨੇ 'ਚੀਟੀ ਕੀ ਪੁਕਾਰ' ਕਰ ਦਿਤਾ ਹੈ ਤੇ 'ਹਾਥੀ ਦੀ ਚਿੰਘਾਰ' ਕਰ ਦਿਤਾ ਹੈ। ਇਹ ਸੁਧਾਈ ਕਿਉਂ ਕੀਤੀ ਹੈ? ਸ਼ਾਇਦ ਏਸ ਕਰਕੇ ਕਿ ਉਰਦੂ ਦੀ ਪਹਿਲੀ ਕਿਤਾਬ ਵਿਚ ਲਿਖਿਆ ਹੈ:- 'ਹਾਥੀ

ਚਿੰਘਾੜਤੇ ਹੈਂ, ਸ਼ੇਰ ਦਹਾੜਤੇ ਹੈਂ'। ਗੁਰੂ ਸਾਹਿਬ ਨੇ ਜਿਸ ਵੇਲੇ 'ਚੀਟੀ ਕੀ ਚਿੰਘਾਰ' ਲਿਖ ਦਿਤਾ ਤਾਂ ਭਸੌੜ ਨੇ ਇਹ ਕੋਸ਼ਸ਼ ਨਹੀਂ ਕੀਤੀ ਸਮਝਣ ਦੀ ਕਿ ਇਸ ਵਿਚ ਸ਼ਾਇਦ ਕੋਈ ਖਾਸ ਮਤਲਬ ਹੋਵੇ। ਜਾਂ ਸ਼ਾਇਦ ਗੁਰੂ ਜੀ ਇਹ ਦੱਸਣਾ ਚਾਹੁੰਦੇ ਹੋਣ ਕਿ ਪਰਮੇਸ਼ਰ ਜੋ ਸਭ ਦੀਆਂ ਪੁਕਾਰਾਂ ਸੁਣਦਾ ਹੈ ਉਸ ਦੇ ਸਾਹਮਣੇ ਚੀਟੀ ਦੀ ਪੁਕਾਰ ਇਕ ਚਿੰਘਾੜ ਦੇ ਬਰਾਬਰ ਹੈ। ਪਰ ਨਹੀਂ, ਭਸੌੜ ਦੀਵਾਨ ਕੋਲ ਇਤਨੀ ਬਰੀਕ ਬੀਨੀ ਦੀ ਫੁਰਸਤ ਨਹੀਂ ਸੀ।

ਇਸ ਕਿਸਮ ਦੀ ਸੁਧਾਈ ਉਪਰ ਭਸੌੜ ਦਾ ਕਿਤਨਾ ਵਕਤ ਲਗਾ? ੧੯੦੭ ਵਿਚ ਬਾਬੂ ਤੇਜਾ ਸਿੰਘ ਨੇ ਦਸਮ ਗ੍ਰੰਥ ਦੀ ਬੀੜ ਬਾਬਤ ਕਿਹਾ ਸੀ:-

> 'ਇਸ ਦੀ ਇਕ ਬੀੜ ਰਹਿਣ ਨਾਲ ਖਾਲਸਾ ਪੰਥ ਨੂੰ ਨੁਕਸਾਨ ਹੈ ਇਸ ਲਈ ਸਭ ਨੂੰ ਵਖ ਵਖ ਗ੍ਰੰਥਾਂ ਦੀ ਸ਼ਕਲ ਵਿਚ ਕਰ ਦੇਣਾ ਚਾਹੀਦਾ ਹੈ*। ਜੋ ਇਸ ਗ੍ਰੰਥ ਵਿਚ ਸ੍ਰੀ 'ਮੁਖ-ਵਾਕ' ਬਾਣੀ ਹੈ ਉਹ ਅਲਗ ਕਰਕੇ ਉਸ ਦਾ ਨਾਮ 'ਦਸਮ ਗ੍ਰੰਥੀ' ਰਖ ਦੇਣਾ ਚਾਹੀਏ'।
>
> (ਖਾਲਸਾ ਰਹਿਤ ਪ੍ਰਕਾਸ਼-ਪੰਚ ਖਾਲਸਾ ਦੀਵਾਨ ਭਸੌੜ, ੧੯੦੭)

ਵਰ੍ਹਿਆਂ ਬੱਧੀ ਭਸੌੜ ਦੀ ਕੁਹਾੜੀ ਬਾਣੀ ਦੇ ਚੰਦਨ ਬਨ ਵਿਚ ਚਲਦੀ ਰਹੀ। ਦਸਮ ਗ੍ਰੰਥ ਕੀ ਬਣ ਗਿਆ? 'ਦਸਮ ਗ੍ਰੰਥੀ'।

ਅਕਾਲੀ ਦੇ ਲੇਖਕ ਨੇ ਰਾਗਮਾਲਾ ਦਾ 'ਗ਼ਲਤੀ ਨਾਮਾ' ਬਣਾਉਂਦਿਆਂ ਇਸ ਤੁਕ ਵਲ ਵਿਸ਼ੇਸ਼ ਧਿਆਨ ਦਿਤਾ ਹੈ:- 'ਊਚੈ ਸੁਰਿ ਸੂਹਉ ਪੁਨਿ ਕੀਨੀ॥ ਮੇਘ ਰਾਗ ਸਿਉ ਪਾਚਉ ਚੀਨੀ।' ਲੇਖਕ ਨੇ ਦੱਸਿਆ ਕਿ ਇਸ ਵਿਚ ਸ਼ਬਦ 'ਸੂਹਉ' ਅਸ਼ੁਧ ਹੈ। ਲੇਖਕ ਦੇ ਖਿਆਲ ਮੁਤਾਬਿਕ 'ਸੂਹਵਿ' ਸ਼ੁਧ ਹੈ। ਉਹ 'ਸੂਹਉ'ਤੇ 'ਸੂਹਵਿ' ਦਾ ਫਰਕ ਦੱਸਦਿਆਂ ਹੋਇਆਂ ਇਹ ਜਤਾਉਂਦਾ ਹੈ ਕਿ 'ਸੂਹਉ' ਪੁਲਿੰਗ ਹੈ ਤੇ 'ਸੂਹਵਿ' ਇਸਤ੍ਰੀ ਲਿੰਗ। ਤੇ ਫੇਰ ਕਹਿੰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ 'ਸੂਹਵਿ (ਇਸਤ੍ਰੀ ਲਿੰਗ) ਦੀ ਥਾਵੇਂ ਸੂਹਉ (ਪੁਲਿੰਗ)

---

* ਬੀੜ ਨੂੰ ਤੋੜਕੇ ਦਸਮ ਗ੍ਰੰਥ ਦੀਆਂ ਬਾਣੀਆਂ ਦੀਆਂ ਵਖਰੀਆਂ ਪੋਥੀਆਂ ਬਣਾ ਦੇਣ ਤੋਂ ਮੁਰਾਦ ਹੈ।


www.sikhbookclub.com

ਬਣ ਗਿਆ ਹੈ ਜੋ ਇਸਤ੍ਰੀ ਲਿੰਗ ਦੀ ਕ੍ਰਿਆ ਨਾਲ ਵੀ ਠੀਕ ਨਹੀਂ ਹੋ ਸਕਿਆ।'

ਮੈਂ ਇਹ ਗੱਲ ਕਿਸੇ ਖਾਲਸਾ ਮਿਡਲ ਸਕੂਲ ਦੇ ਵਜਾਕਰਣ ਪੜ੍ਹਾਉਣ ਵਾਲੇ ਮਾਸਟਰ ਉਪਰ ਛੱਡਦਾ ਹਾਂ ਕਿ ਉਹ ਇਹ ਦੱਸੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ 'ਸੂਹਉ' ਲਫਜ਼ ਪੁਲਿੰਗ ਹੈ ਕਿ ਇਸਤ੍ਰੀ ਲਿੰਗ। ਪਰ ਜਿਸ ਵੇਲੇ ਭਸੌੜ ਨੇ ਬਾਣੀ ਦੇ ਲਫਜ਼ਾਂ ਦੀ ਸੋਧ ਵਜਾਕਰਣ ਮੁਤਾਬਿਕ ਕਰ ਲੀਤੀ ਤੇ ਛਾਂਟ ਤੋਂ ਬਾਦ ਦਸਮ ਗ੍ਰੰਥ ਦਾ 'ਦਸਮ ਗ੍ਰੰਥੀ' ਕਰ ਦਿਤਾ ਤਾਂ ਬਗੈਰ ਸ਼ੱਕ ਦੇ ਉਹਨਾਂ ਨੇ ਇਕ ਪੁਲਿੰਗ ਨੂੰ ਇਸਤ੍ਰੀ ਲਿੰਗ ਬਣਾ ਦੇਣ ਦਾ ਕਰਤੱਵ ਦਿਖਾ ਦਿਤਾ ਸੀ। ਹੁਣ ਇਸਤ੍ਰੀ ਲਿੰਗ ਨੂੰ ਪੁਲਿੰਗ ਜਤਾਉਣ ਦਾ ਤਰੱਦਦ ਹੈ।

ਅਕਾਲੀ ਦੇ ਲੇਖਕ ਦਾ ਇਹ ਮਤਲਬ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਸ ਤੁਕ 'ਊਚੈ ਸੁਰਿ ਸੂਹਉ ਪੁਨਿ ਕੀਨੀ' ਵਿਚ 'ਸੂਹਉ' ਪੁਲਿੰਗ ਹੈ ਤੇ ਅਗੇ ਕ੍ਰਿਆ 'ਕੀਨੀ' ਇਸਤ੍ਰੀ ਲਿੰਗ ਹੈ, ਏਸ ਕਰਕੇ ਇਹ ਜੋੜ ਨਹੀਂ ਢੁੱਕਿਆ। ਉਸ ਦਾ ਖਿਆਲ ਹੈ ਕਿ 'ਸੂਹਉ' ਦੀ ਜਗ੍ਹਾ ਲਫਜ਼ 'ਸੂਹਵਿ' ਚਾਹੀਦਾ ਸੀ ਜੋ ਸ਼ੁੱਧ ਹੈ ਤੇ ਇਸਤ੍ਰੀ ਲਿੰਗ ਹੈ। ਹੁਣ ਜੇ ਅਸੀਂ ਜ਼ਰਾ ਆਲਮ ਵਿਚ ਦੇਖ ਲਈਏ ਕਿ ਇਹ ਤੁਕ ਕਿਸ ਤਰ੍ਹਾਂ ਆਈ ਹੈ ਤਾਂ ਇਸ ਵਿੱਚੋਂ ਵੀ ਕੋਈ ਸੁਆਦੀ ਗਲ ਨਿਕਲ ਸਕਦੀ ਹੈ। ਆਲਮ ਦੀਆਂ ਹਸਤ ਲਿਖਤਾਂ ਵਿਚ ਇਹ ਤੁਕ ਇਸ ਤਰ੍ਹਾਂ ਆਈ ਹੈ:-

(੧) ਉਪਜਹਿ ਸੁਰਤ ਸੁਤ ਸੌਂ ਲੀਨੀ॥ (ਪੰ:ਯੂ: ੬੬੯)

(੨) ਉਚੇ ਸੁਰ ਪੁਨਿ ਸੂਹੋ ਕੀਨੀ॥ (ਪੰ:ਯੂ: ੬੬੫੫)

(੩) ਉਚੇ ਸੁਰ ਸੈ ਸੂਹੋਂ ਕੀਨੀ॥ (ਪੰ:ਯੂ: ੧੯੨੫)

(੪) ਉਚੇ ਸੁਰ ਸੌਂ ਸੂਹਾ ਕੀਨਾ॥ (ਪੰ:ਯੂ: ੩੪੮)

ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਲਫਜ਼ 'ਸੂਹਉ' ਇਸਤ੍ਰੀ ਲਿੰਗ ਨਹੀਂ ਤਾਂ ਕੀ ਆਲਮ ਵਿਚ ਪਾਠ 'ਸੂਹਾ ਕੀਨਾ' ਜੋ ਉਪਰ ਚੌਥੀ ਟੁਕ ਵਿਚ ਹੈ ਇਸਤ੍ਰੀ ਲਿੰਗ ਹੈ? ਜਾਂ ਇਨ੍ਹਾਂ ਚੌਹਾਂ ਪਾਠਾਂ ਵਿਚੋਂ ਕਿਹੜਾ ਸ਼ੁਧ ਹੈ?

ਆਲਮ ਦੇ ਇਨ੍ਹਾਂ ਚਾਰਾਂ ਹੀ ਹਸਤ ਲਿਖਤ ਨੁਸਖ਼ਿਆਂ, ਜੋ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਲਾਹੌਰ ਦੇ ਹਨ, ਕਿਸੇ ਵਿਚ 'ਸੂਹਵਿ ਪਾਠ ਨਹੀਂ' ਜਿਸ ਨੂੰ ਅਕਾਲੀ ਦਾ ਲੇਖਕ ਸ਼ੁਧ ਮੰਨਦਾ ਹੈ ਤੇ ਜਿਸ ਬਾਬਤ ਉਹ ਕਹਿੰਦਾ ਹੈ ਕਿ ਰਾਗਮਾਲਾ ਦਾ ਗ਼ਲਤੀ ਨਾਮਾ ਤਿਆਰ ਕਰਨ ਵਿਚ ਉਸ ਨੇ ਸ਼ੁਧ ਪਾਠ ਆਲਮ ਤੋਂ ਲੀਤੇ ਹਨ।

ਅਕਾਲੀ ਦੇ ਲੇਖਕ ਦਾ ਇਹ ਵੀ ਕਹਿਣਾ ਹੈ ਕਿ ਰਾਗਮਾਲਾ ਵਿਚ ਗ਼ਲਤੀਆਂ ਇਸ ਕਰਕੇ ਗਈਆਂ ਹਨ ਕਿ ਕਿਸੇ ਅਨਜਾਣ ਲਿਖਾਰੀ ਨੇ ਫ਼ਾਰਸੀ ਅੱਖਰਾਂ ਵਿਚ ਲਿਖੇ ਮਸੌਦੇ ਤੋਂ ਰਾਗਮਾਲਾ ਨਕਲ ਕੀਤੀ ਹੈ। 'ਨਿਰਗੁਣਿਆਰਾ' ਪੰਜ ਸਤੰਬਰ ੧੯੪੫ 'ਵਿਚ ਇਕ ਗੈਜੂਏਟ ਸਿਖ ਦੀ ਕਲਮ ਤੋਂ' ਏਸ ਵਿਸ਼ਯ ਸੰਬੰਧ ਵਿਚ ਇਕ ਲੇਖ ਛਪ ਚੁਕਾ ਹੈ ਜਿਸ ਵਿੱਚੋਂ ਕੁਛ ਪ੍ਰਸੰਗਕ ਹਿੱਸਾ ਮੈਂ ਹੇਠ ਦੇਂਦਾ ਹਾਂ:-

"ਰਾਗਮਾਲਾ ਨੂੰ ਪਾਰਖਤੀ ਦੇਣ ਲਈ ਸਿਖਾਂ ਦੇ ਇਕ ਨੁਕਤਾ ਚੀਨ ਸਾਹਿਬ ਦੀ ਇਕ ਇਹ ਦਲੀਲ ਭੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿਚ ਰਾਗਮਾਲਾ ਫ਼ਾਰਸੀ ਅਖਰਾਂ ਦੇ ਕਿਸੇ ਲਿਖਤੀ ਮਸੌਦੇ ਤੋਂ, ਜਿੱਥੇ ਕਿ ਜ਼ੇਰਾਂ ਜ਼ਬਰਾਂ, ਪੇਸ਼ਾਂ; ਕਸ਼ਕਾਂ ਤੇ ਨੁਕਤਿਆਂ ਦੀ ਖਾਸ ਪਰਵਾਹ ਨਹੀਂ ਹੁੰਦੀ, ਚਾੜ੍ਹਨ ਲਗਿਆਂ ਕਿਸੇ ਅਨਜਾਣ ਨੇ ਬਰਬਲ, ਕਾਲਿੰਗਨ, ਮਾਲਵਾ, ਕੁੰਕਨੀ, ਸੂਹਵਿ, ਜਲੰਧਰ ਦੀ ਜਗ੍ਹਾ ਪ੍ਰਬਲ, ਕਾਲੰਕਾ, ਸਾਲੂ, ਗੁਨਗੁਨੀ, ਸੂਹਉ, ਜਬਲੀਧਰ ਆਦਿ ਲਫਜ਼ ਪਾ ਦਿਤੇ ਤੇ ਲਫਜ਼ਾਂ ਦਾ ਇਹ ਵਿਗਾੜ ਤਿਗਾੜ ਚੂੰਕੇ ਗੁਰੂ ਸਾਹਿਬ ਤੋਂ ਮੁਮਕਿਨ ਨਹੀਂ ਸੀ, ਇਸ ਲਈ ਇਹ ਗੁਰੂ ਸਾਹਿਬ ਨੇ ਨਹੀਂ ਚਾੜ੍ਹੀ। ਨੁਕਤਾ ਚੀਨ ਸਾਹਿਬ ਪਾਸੋਂ ਪੁੱਛਿਆ ਜਾ ਸਕਦਾ ਹੈ ਕਿ ਬੀੜ ਵਿਚ ਕਾਗਜ਼ ਦੀ ਬਜਾਏ 'ਕਾਗਦ' ਯਾ 'ਕਾਗਲ', ਵਕਤ ਦੀ ਬਜਾਏ ਵਖਤ, ਕਾਜ਼ੀ ਦੀ ਬਜਾਏ 'ਕਾਦੀ', ਪਰਵਰਦਗਾਰ ਦੀ ਬਜਾਏ 'ਪਰਵਦਗਾਰ', ਦਸਤਗੀਰ ਦੀ ਬਜਾਏ 'ਦਸਤੰਗੀਰ', ਨਾਦਾਨੀ ਦੀ ਬਜਾਏ 'ਨਦਾਨੀ', ਅਕਾਸ਼ ਦੀ ਬਜਾਏ 'ਆਗਾਸ', ਵਿਕਾਸ਼ ਦੀ ਬਜਾਏ 'ਵਿਗਾਸ', 'ਬ੍ਰਹਮੰਡ' ਦੀ ਬਜਾਏ 'ਵਰਭੰਡ' ਆਦਿ ਲਫਜ਼ ਕਿਸ ਅਨਜਾਣ ਨੇ ਫ਼ਾਰਸੀ ਅੱਖਰਾਂ ਦੇ ਕਿਸ ਮਸੌਦੇ ਵਿੱਚੋਂ ਨਕਲ ਕਰਨ ਲਗਿਆਂ ਪਾ ਦਿਤੇ?"

ਪਰ ਗੁਰੁ ਗ੍ਰੰਥ ਸਾਹਿਬ ਵਿਚ ਆਏ ਲਫਜ਼ਾਂ ਨੂੰ ਜਾਚਣ ਲਗਿਆਂ ਜੇ ਅਸੀਂ ਸੰਸਕ੍ਰਿਤ ਦੀ ਸ਼ੁਧ ਕਸਵੱਟੀ ਉਪਰ ਪਰਖਣ ਦੇ ਖਬਤ ਨੂੰ ਛੱਡ ਦੇਈਏ ਤੇ ਸ਼ਬਦਾਂ ਦੇ ਸਰੂਪ ਵਟਾਉ ਨੂੰ ਭਾਸ਼ਾ ਵਿਗਜਾਨ ਦੇ ਨੁਕਤੇ ਤੋਂ ਦੇਖੀਏ ਤਾਂ ਇਸ ਪੜਤਾਲ ਦਵਾਰਾ ਕਈ ਦਿਲਚਸਪ ਚੀਜ਼ਾਂ ਨਿਕਲ ਸਕਦੀਆਂ ਹਨ। ਦੇਸ਼ ਸਮੇਂ ਦੇ ਪ੍ਰਭਾਵ ਨਾਲ ਲਫ਼ਜ਼ ਆਪਣਾ ਸਰੂਪ ਸਥਿਰ ਨਹੀਂ ਰਖ ਸਕਦੇ। ਕਿਹੜਾ ਲਫਜ਼-ਕਿਸ ਜ਼ਮਾਨੇ ਵਿਚ ਕਿਸ ਪ੍ਰਚਲਤ ਜਾਮੇ ਵਿਚ ਸੀ? ਅਸੀਂ ਇਸ ਖੋਜ ਦੀ ਸੋਧ ਸਾਹਿਤਜਕ ਗ੍ਰੰਥਾਂ ਵਿੱਚੋਂ ਹੀ ਲੈ ਸਕਦੇ ਹਾਂ। ਜੇ ਸੰਸਕ੍ਰਿਤ ਦਾ ਪ੍ਰਾਚੀਨ ਲਫਜ਼ 'ਸੂਹਵਿ' ਹੀ ਹੈ ਜੋ ਅਕਾਲੀ ਦਾ ਲੇਖਕ ਖੇਮਕਰਣ ਦੀ ਰਾਗਮਾਲਾ ਦਾ ਹਵਾਲਾ ਦੇਕੇ ਦਸ ਰਿਹਾ ਹੈ ਤਾਂ ਮੇਰਾ ਖਿਆਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝਣ ਦੇ ਵੇਲੇ ਤਕ ਇਹ ਕਈ ਰੂਪ ਵਟਾ ਚੁਕਾ ਸੀ, ਜਿਨ੍ਹਾਂ ਵਿੱਚੋਂ ਇਕ 'ਸੂਹਉ' ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਮੌਜੂਦ ਹੈ। ਇਸ ਗੱਲ ਦੀ ਪ੍ਰੋੜਤਾ ਲਈ ਸਾਨੂੰ ਉਹ ਰਾਗ-ਪੁਸਤਕ ਦੇਖਣੇ ਪੈਣਗੇ ਜੋ ਪੈਦਾਇਸ਼ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਸਮਕਾਲੀ ਹਨ। ਐਸੀ ਇਕ ਪੁਸਤਕ ਤਾਨਸੈਨ ਦੀ ਰਾਗਮਾਲਾ ਹੈ। ਤਾਨਸੈਨ ਨੇ ਲਫਜ਼ 'ਸੂਹਵਿ' ਨਹੀਂ ਵਰਤਿਆ ਉਸ ਨੇ ਬੀ 'ਸੂਹੋ' ਕਰਕੇ ਲਿਖਿਆ ਹੈ; ਤੇ ਸੂਹੋ ਦਾ ਲਛਣ ਇਸ ਤਰ੍ਹਾਂ ਕੀਤਾ ਹੈ'

'ਸੂਹੋ'

*ਸ਼ੁਧ ਬਿਲਾਵਲ ਗਾਇਯੇ ਵਾਗੇਸਰੀ ਮਿਲਾਇ।*
*ਸੋਈ 'ਸੂਹੋ' ਜਾਨਿਯੇ ਸਭ ਕੋ ਸੁਨਤ ਸੁਹਾਇ॥੨੯੯॥*

ਤਾਨਸੈਨ ਨੇ ਸੂਹੋ ਲਫਜ਼ ਸਿਰਫ 'ਸੂਹੋ' ਦਾ ਲੱਛਣ ਦੱਸਣ ਲਈ ਹੀ ਨਹੀਂ ਵਰਤਿਆ, ਦੋ ਥਾਵਾਂ ਉਪਰ ਫੇਰ ਏਸ ਦਾ ਜ਼ਿਕਰ ਆ ਜਾਂਦਾ ਹੈ। ਯਥਾ:- 'ਨਾਗ ਧੁਨਿ'

*'ਸੂਹੋ ਮਿਲੈ ਮਲਾਰ ਸੋਂ ਕਾਦਾਰੋ ਸਮ ਭਾਗ॥*
*ਨਾਗ ਲੋਕ ਮੋਹਨ ਕਰੈ ਨਾਗਧੁਨਿ ਕੋ ਰਾਗ॥੨੩੭॥*

## 'ਕੁਰਾਈ'

*'ਸੂਹੋ' ਕਾਰਨ ਜੋ ਮਿਲੈ ਹਰਦਿ ਚੂਨ ਕੀ ਭਾਂਤ।*
*ਕਲਾ ਪ੍ਰਵੀਨ ਨਾਰਦਿ ਵਿਰਦ ਬੰਧਿ ਕੁਰਾਈ ਕਾਂਤਿ॥੩੦੪॥*

ਤਾਨਸੈਨ ਦੀ ਰਾਗਮਾਲਾ ਵਿਚ ਆਇਆ ਲਫਜ਼ 'ਸੂਹੋ' ਉਚਾਰਨ ਵਿਚ ਵੈਸਾ ਹੀ ਹੈ ਜੈਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸੂਹਉ'। ਹਿੱਜਿਆਂ ਵਿਚ ਜ਼ਰੂਰ ਫ਼ਰਕ ਹੈ, ਪਰ ਉਚਾਰਣ ਵਿਚ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੱਜਿਆਂ ਦਾ ਤਰੀਕਾ ਜਪੁਜੀ ਸਾਹਿਬ ਤੋਂ ਲੈ ਰਾਗਮਾਲਾ ਦੇ ਭੋਗ ਤਕ ਇਕੋ ਹੈ, ਜੋ ਹਿੰਦ ਦੀਆਂ ਬਾਕੀ ਬੋਲੀਆਂ ਕੋਲੋਂ ਵਿਲੱਖਣ ਹੁੰਦਾ ਹੋਇਆ ਆਪਣੀ ਵਿਲੱਖਣਤਾ ਨੂੰ ਸ਼ੁਰੂ ਤੋਂ ਅਖੀਰ ਤਕ ਤੋੜ ਨਿਭਾ ਗਿਆ ਹੈ।

-o-

 www.sikhbookclub.com

# ੨੨. ਅਸਟ ਪੁਤ੍ਰ ਦੀਪਕ ਕੇ ਜਾਨਾ

ਰਾਗਮਾਲਾ ਕਈ ਪ੍ਰਕਾਰ ਦੀਆਂ ਅਤੇ ਕਈ ਮਤਾਂ ਦੀਆਂ ਹਨ। ਜੋ ਵੰਡ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗਮਾਲਾ ਉਪਰ ਘਟਦੀ ਹੈ ਉਸ ਮੁਤਾਬਕ ਮੁੱਖ ਰਾਗ ਛੇ ਹਨ। ਫੇਰ ਇਨ੍ਹਾਂ ਛੇਆਂ ਵਿਚੋਂ ਹਰ ਇਕ ਰਾਗ ਦੇ ਨਾਲ ਪੰਜ ਰਾਗਣੀਆਂ ਹਨ ਤੇ ਅੱਠ ਰਾਗ ਪੁੱਤਰ ਹਨ। ਛੇ ਮੁੱਖ ਰਾਗ ਇਹ ਹਨ। ੧. ਭੈਰਉ, ੨. ਮਾਲ ਕਉਸ, ੩. ਹਿੰਡੋਲ, ੪. ਦੀਪਕ, ੫. ਸ੍ਰੀ ਰਾਗ, ੬. ਮੇਘ। ਉਪਰਲੀ ਗਿਣਤੀ ਵਿਚ ਚੌਥਾ ਰਾਗ 'ਦੀਪਕ' ਹੈ। ਹੋਰਨਾਂ ਰਾਗਾਂ ਵਾਕੁਣ ਇਸ ਦੇ ਵੀ ਅੱਠ ਪੁਤ੍ਰ ਚਾਹੀਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੀਪਕ ਦੇ ਪੁਤ੍ਰ ਇਸ ਤਰ੍ਹਾਂ ਗਿਣੇ ਹਨ:-

*ਕਾਲੰਕਾ ਕੁੰਤਲ ਅਉ ਰਾਮਾ॥ ਕਮਲ ਕੁਸਮ ਚੰਪਕ ਕੇ ਨਾਮਾ॥*
*ਗਉਰਾ ਅਉ ਕਾਨਰਾ ਕਲ੍ਯਾਨਾ॥ ਅਸਟ ਪੁਤ੍ਰ ਦੀਪਕ ਕੇ ਜਾਨਾ॥*

ਕਈ ਸਜਣਾਂ ਵਲੋਂ ਇਹ ਇਤ੍ਰਾਜ਼ ਹੈ ਕਿ ਇਹ ਨੌ ਨਾਮ ਹਨ:-

੧. ਕਾਲੰਕਾ, ੨. ਕੁੰਤਲ, ੩. ਰਾਮਾ, ੪. ਕਮਲ, ੫. ਕੁਸਮ, ੬. ਚੰਪਕ, ੭. ਗਉਰਾ, ੮. ਕਾਨਰਾ, ੯. ਕਲ੍ਯਾਨਾ।

ਸਾਡੇ ਸਾਹਮਣੇ ਹੁਣ ਇਹ ਸਵਾਲ ਹੈ ਕਿ ਆਇਆ ਇਹ ਨੌ ਨਾਮ ਹਨ ਕਿ ਅੱਠ? ਜੇ ਇਹ ਨੌ ਹਨ ਤਾਂ 'ਅਸਟ ਪੁਤ੍ਰ ਦੀਪਕ ਕੇ ਜਾਨਾ' ਵਾਲੀ ਤੁਕ ਸਾਰਥਕ ਨਹੀਂ ਹੁੰਦੀ ਤੇ ਜੇ ਇਹ ਅੱਠ ਹਨ ਤਾਂ ਇਹ ਗੱਲ ਕਿਸ ਤਰ੍ਹਾਂ ਹੈ? ਜਿਨ੍ਹਾਂ ਵਲੋਂ ਇਹ ਇਤਰਾਜ਼ ਉਠਾਇਆ ਗਿਆ ਹੈ ਉਨ੍ਹਾਂ ਦਾ ਮਤਲਬ ਕੋਈ ਰਾਗਾਂ ਬਾਬਤ ਨਿਰਣਯ ਪੂਰਬਕ ਖੋਜ ਨਹੀਂ; ਉਨ੍ਹਾਂ ਵਲੋਂ ਕੇਵਲ ਇਤਰਾਜ਼ ਹੈ ਤੇ ਉਹ ਵੀ ਏਸ ਖ਼ਾਤਰ ਕਿ ਇਹ ਦੱਸਿਆ ਜਾਵੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੀਪਕ ਦੇ ਪੁਤ੍ਰਾਂ ਦੀ ਗਿਣਤੀ ਅੱਠ ਦੀ ਬਜਾਏ ਨੌਂ ਹੈ। ਇਹ ਦੱਸ ਕੇ ਉਹ ਸਾਬਤ ਕਰਨ ਦਾ ਉਪਰਾਲਾ ਕਰਦੇ ਹਨ ਕਿ ਰਾਗਮਾਲਾ ਕਿਸੇ

 www.sikhbookclub.com

ਅਨਜਾਣ ਲਿਖਾਰੀ ਨੇ ਆਲਮ ਦੀ ਪੋਥੀ ਤੋਂ ਨਕਲ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ।

ਕੀ ਆਲਮ ਨੇ ਦੀਪਕ ਦੇ ਅੱਠ ਪੁਤ੍ਰ ਮੰਨੇ ਹਨ? ਕੀ ਆਲਮ ਦੀ ਲਿਖਤ ਵਿਚ ਨੌਂ ਵਾਲੇ ਭੁਲੇਖੇ ਦੀ ਗੁੰਜਾਇਸ਼ ਨਹੀਂ? ਇਸ ਲਈ ਮੈਂ ਆਪਣੀ ਰਾਏ ਦੇਣ ਦੀ ਬਜਾਏ ਭਾਈ ਕਾਹਨ ਸਿੰਘ ਦੀ ਰਾਏ ਪੇਸ਼ ਕਰਦਾ ਹਾਂ। ਉਹ 'ਮਹਾਨ ਕੋਸ਼' ਵਿਚ ਸਫਾ ੩੦੭੭ ਉਪਰ ਰਾਗਮਾਲਾ ਦੇ ਅਰਥ ਸੰਬੰਧ ਵਿਚ ਇਹ ਲਿਖਦੇ ਹਨ:-

'ਮਾਧਵਾਨਲ ਸੰਗੀਤ ਦੇ, ਆਲਮ ਕਵਿ ਕ੍ਰਿਤ, ਹਿੰਦੀ ਅਨੁਵਾਦ ਵਿਚੋਂ ੬੩ਵੇਂ ਛੰਦ ਤੋਂ ੭੨ਵੇਂ ਤੀਕ ਦਾ ਪਾਠ ਜਿਸ ਵਿਚ ਛੀ ਰਾਗ, ਉਨ੍ਹਾਂ ਦੀਆਂ ਪੰਜ ਪੰਜ ਰਾਗਣੀਆਂ ਅਤੇ ਅਠ ਅਠ ਪੁਤ੍ਰ ਦੱਸੇ ਹਨ। ਹੇਠ ਲਿਖੇ ਨਕਸ਼ੇ ਤੋਂ ਪਾਠਕ ਸਾਰੇ ਨਾਉਂ ਦੇਖ ਸਕਦੇ ਹਨ।'

ਏਸ ਨਕਸ਼ੇ ਵਿਚ ਦੀਪਕ ਦੇ ੮ ਪੁਤਰ ਭਾਈ ਕਾਹਨ ਸਿੰਘ ਜੀ ਨੇ ਇਹ ਗਿਣੇ ਹਨ- ੧. ਕਾਲੰਕਾ, ੨. ਕੁੰਤਲ, ੩. ਰਾਮਾ, ੪. ਕਮਲ ਕੁਸਮ, ੫. ਚੰਪਕ, ੬. ਗਉਰਾ, ੭. ਕਾਨਰਾ, ੮. ਕਲ੍ਯਾਨਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਨੌਂ ਨਾਵਾਂ ਉਪਰ ਇਤਰਾਜ਼ ਕੀਤਾ ਜਾਂਦਾ ਹੈ ਉਹ ਨੌਂ ਨਾਮ ਇਹ ਦੱਸੇ ਜਾਂਦੇ ਹਨ-

੧. ਕਾਲੰਕਾ, ੨. ਕੁੰਤਲ, ੩. ਰਾਮਾ, ੪. ਕਮਲ, ੫. ਕੁਸਮ, ੬. ਚੰਪਕ, ੭. ਗਉਰਾ, ੮. ਕਾਨਰਾ, ੯. ਕਲ੍ਯਾਨਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਹ ਨੌਂ ਨਾਮ ਭਾਈ ਕਾਹਨ ਸਿੰਘ ਵਿਚ ਅੱਠ ਕਿਸ ਤਰ੍ਹਾਂ ਰਹਿ ਗਏ? ਸਪਸ਼ਟ ਹੈ ਕਿ ਉਹਨਾਂ ਨੰਬਰ ੪. ਕਮਲ ਅਤੇ ਨੰਬਰ ੫. ਕੁਸਮ ਨੂੰ ਇਕੱਠਾ ਕਰਕੇ ਇਕ ਰਾਗ ਬਣਾ ਦਿਤਾ ਹੈ 'ਕਮਲ ਕੁਸਮ' ਤੇ ਦੱਸਿਆ ਹੈ ਕਿ ਇਹ ਆਲਮ ਦੀ ਗਿਣਤੀ ਹੈ, ਜਿਸ ਨਾਲ ਅੱਠ ਪੁਤਰ ਬਣਦੇ ਹਨ। ਆਇਆ 'ਕਮਲ' ਅਤੇ 'ਕੁਸਮ' ਦੋ ਵਖੋ-ਵਖ ਰਾਗ ਹਨ ਜਾਂ ਇਹ ਮੂਲੋਂ ਹੀ ਇਕ ਰਾਗ ਹੈ? ਇਸ ਗਲ ਦਾ ਨਿਰਣਯ ਵੀ ਹੋ ਸਕਦਾ ਹੈ? ਸਾਨੂੰ ਇਹੋ ਜਿਹੇ ਰਾਗੀ ਅਜ ਕਲ ਮਿਲਣੇ ਕਠਿਨ ਹਨ ਜੋ ਏਸ ਤਰ੍ਹਾਂ ਰਾਗਾਂ ਦੇ ਅਭਜਾਸੀ ਹੋਣ ਤੇ ਆਪਣੇ ਅਮਲ ਦੇ ਅਧਿਕਾਰ ਨਾਲ ਨਿਤਾਰਾ ਕਰਕੇ ਦੱਸ ਸਕਣ। ਸਾਨੂੰ ਮੁੜ ਘਿੜ ਕੇ ਏਸ ਮਾਮਲੇ ਵਿਚ ਪੁਸਤਕਾਂ ਦੀ ਹੀ ਸ਼ਰਣ ਲੈਣੀ ਪੈਂਦੀ ਹੈ।

ਖੇਮ ਕਰਣ ਦੀ ਰਾਗਮਾਲਾ, ਜੋ 'ਅਕਾਲੀ' ਅਖਬਾਰ ਵਿਚ ੫-੮-੪੫ ਨੂੰ ਛਪ ਚੁਕੀ ਹੈ, ਦੇ ਵਿਚ ਦੀਪਕ ਦੇ ਅਠ ਪੁਤਰਾਂ ਦੀ ਗਿਣਤੀ ਦਿੱਤੀ ਹੈ, ਨਾਮ ਇਹ ਗਿਣਦੇ ਹਨ- ੧. ਕਮਲ, ੨. ਕੁਸਮ, ੩. ਰਾਮ, ੪. ਕੁੰਤਲ, ੫. ਕਲਿੰਗ, ੬. ਬਹੁਲ, ੭. ਚੰਪਕ, ੮. ਹੇਮਾਲ।

ਏਥੇ ਕਮਲ ਅਤੇ ਕੁਸਮ ਵੱਖ ਵੱਖ ਗਿਣੇ ਹਨ, ਹੁਣ ਜੇ 'ਕਮਲ ਕੁਸਮ' ਨੂੰ ਮੂਲੋਂ ਹੀ ਇਕ ਰਾਗ ਮੰਨ ਲੀਤਾ ਜਾਵੇ ਤਾਂ ਖੇਮ ਕਰਣ ਦੀ ਰਾਗ ਮਾਲਾ ਵਿਚ ਦੀਪਕ ਦੇ ਅਠ ਪੁਤਰਾਂ ਦੀ ਬਜਾਏ ਸਤ ਰਹਿ ਜਾਣਗੇ।

ਬਨਾਰਸ ਦੀ ਨਾਗਰੀ ਪ੍ਰਚਾਰਨੀ ਸਭਾ ਵਾਲਿਆਂ 'ਕਮਲ' ਅਤੇ 'ਕੁਸਮ' ਦਾ ਵੱਖ ਵੱਖ ਹੋਣਾ ਹੋਰ ਤਰ੍ਹਾਂ ਨਿਰਣਯ ਕਰਕੇ ਦੱਸ ਦਿਤਾ ਹੈ।

ਕਮਲ ਬਾਬਤ ਉਹ ਲਿਖਦੇ ਹਨ:-

ਕਮਲ, (੧੧ਵਾਂ ਅਰਥ)- 'ਦੀਪਕ ਰਾਗ ਦਾ ਦੂਸਰਾ ਪੁਤ੍ਰ ਇਸ ਕੀ ਭਾਰਯਾ ਕਾ ਨਾਮ ਜਯਜਯਵੰਤੀ ਹੈ।

(ਹਿੰਦੀ ਸ਼ਬਦ ਸਾਗਰ, ਸਫਾ ੪੬੨)

ਕੁਸਮ (ਦੂਜਾ ਅਰਥ)- 'ਹਨੁਮਤ ਕੇ ਮਤ ਸੇ ਮੇਘ ਰਾਗ ਕਾ ਏਕ ਪੁਤ੍ਰ। ਯਹ ਖਾੜਵ ਜਾਤਿ ਕਾ ਰਾਗ ਹੈ ਔਰ ਇਸ ਕੇ ਗਾਨੇ ਕਾ ਸਮਯ ਦੋਪਹਿਰ ਹੈ।

(ਹਿੰਦੀ ਸ਼ਬਦ ਸਾਗਰ ਸਫਾ ੬੧੦)

ਹਿੰਦੀ ਸ਼ਬਦ ਸਾਗਰ ਵਿਚ ਆਈ ਵਾਕਫੀਅਤ ਦੇ ਮੁਤਾਬਿਕ ਕਮਲ ਅਤੇ ਕੁਸਮ ਵਿਚ ਇਤਨਾ ਫਰਕ ਹੈ ਕਿ ਕਮਲ ਤਾਂ ਦੀਪਕ ਦਾ ਪੁਤ੍ਰ ਹੈ ਅਤੇ ਕੁਸਮ ਦੂਜੇ ਰਾਗ ਦਾ, ਮੇਘ ਦਾ। ਏਥੋਂ ਇਹ ਗੱਲ ਸਪਸ਼ਟ ਹੈ ਕਿ ਆਲਮ ਦੇ ਅੱਠ ਪੁਤ੍ਰਾਂ ਦੀ ਗਿਣਤੀ ਪੂਰੀ ਕਰਨ ਲਈ ਭਾਈ ਕਾਹਨ ਸਿੰਘ ਜੀ ਨੇ ਕਮਲ ਅਤੇ ਕੁਸਮ ਦੋ ਰਾਗਾਂ ਨੂੰ ਜੋੜਕੇ ਇਕ ਬਨਾਇਆ ਹੈ, ਏਸ ਜੋੜ ਤੋਂ ਬਗੈਰ, ਜੋ ਆਲਮ ਦੀ ਰਾਗਮਾਲਾ ਦਾ ਨਕਸ਼ਾ ਉਹਨਾਂ ਮਹਾਨ ਕੋਸ਼ ਦੇ ਸਫਾ ੩੦੭੭ ਉਪਰ ਦਿਤਾ ਹੈ, ਉਸ ਵਿਚ, ਦੀਪਕ ਦੇ ਨੌਂ ਪੁਤ੍ਰ ਬਣ ਜਾਂਦੇ ਸਨ। ਮੇਰਾ ਇਤਰਾਜ਼ ਭਾਈ ਕਾਹਨ ਸਿੰਘ ਜੀ ਦੇ ਦੋ ਰਾਗਾਂ ਨੂੰ ਜੋੜਕੇ ਇਕ ਰਾਗ ਬਨਾਉਣ

ਤੋਂ ਨਹੀਂ। ਮੇਰਾ ਮਤਲਬ ਕੇਵਲ ਇਤਨਾ ਹੈ ਕਿ ਇਹ ਗੱਲ ਪਾਠਕਾਂ ਨੂੰ ਸਪਸ਼ਟ ਹੋ ਜਾਵੇ ਕਿ ਦੋ ਵੱਖ ਵੱਖ ਜਾਤੀਆਂ ਦੇ ਰਾਗਾਂ ਨੂੰ ਜੋੜਕੇ ਇਕ ਮੰਨ ਲੈਣਾ ਤੇ ਉਨ੍ਹਾਂ ਦੇ ਵੱਖ ਵੱਖ ਨਾਮਾਂ ਨੂੰ ਜੁੜਵਾਂ ਸਮਝ ਲੈਣਾ ਤੇ ਇਸ ਤਰ੍ਹਾਂ ਬੱਝੀ ਹੋਈ ਗਿਣਤੀ ਦੇ ਦਾਇਰੇ ਅੰਦਰ ਰਹਿ ਸਕਣਾ, ਇਹ ਵਿਦਵਾਨਾਂ ਦਾ ਮੰਨਿਆਂ ਪ੍ਰਮੰਨਿਆਂ ਤ੍ਰੀਕਾ ਹੈ। ਏਸ ਤਰੀਕੇ ਨੂੰ ਭਾਈ ਕਾਹਨ ਸਿੰਘ ਜੀ ਨੇ ਵਰਤਿਆ ਹੈ ਤੇ ਉਹਨਾਂ ਦੀ ਰਾਗਮਾਲਾ ਦੇ ਦਿੱਤੇ ਨਕਸ਼ੇ ਵਿਚ ਨੌਂ ਨਾਵਾਂ ਤੋਂ ਕੇਵਲ ਅੱਠ ਰਾਗ ਪੁਤਰ ਹੀ ਸਹੀ ਕੀਤੇ ਹਨ।

ਸਾਡੇ ਪਾਸ ਭਾਈ ਕਾਹਨ ਸਿੰਘ ਤੋਂ ਛੁਟ ਹੋਰ ਵੀ ਐਸੇ ਕਈ ਪ੍ਰਮਾਣ ਹਨ। ਟੋਡੀ ਅਤੇ ਭੈਰਵੀ ਵੱਖ ਵੱਖ ਰਾਗ* ਹਨ। ਇਹ ਦੋ ਇਤਨੇ ਪ੍ਰਸਿੱਧ ਹਨ ਕਿ ਇਨ੍ਹਾਂ ਦੇ ਵੱਖ ਵੱਖ ਹੋਣ ਵਿਚ ਕਿਸੇ ਨੂੰ ਸ਼ੰਕਾ ਨਹੀਂ ਹੋ ਸਕਦੀ। ਪਰ ਟੋਡੀ ਅਤੇ ਭੈਰਵੀ ਦੋਨਾਂ ਨੂੰ ਮਿਲਾ ਕੇ ਇਕ 'ਟੋਡੀ ਭੈਰਵੀ' ਰਾਗ ਵੱਖਰਾ ਬਣ ਗਿਆ ਜਿਸ ਦਾ ਲੱਛਣ ਇਹ ਹੈ:-

## ਟੋਡੀ ਭੈਰਵੀ ਲੱਛਣ

*ਲਲਿਤ ਧਨਾਸਰੀ ਧਵਲ ਮਿਲਿ ਏਕ ਟੋਡੀ ਕੋ ਅੰਗ।*
*ਸੁਧ ਸ਼ਜਾਮ ਭੈਰਵ ਮਿਲੇ ਹੋਇ ਭੈਰਵੀ ਰੰਗ।*
*(ਤਾਨਸੇਨ ਰਾਗਮਾਲਾ॥੩੦੬॥)*

ਇਹ ਤਾਨਸੈਨ ਦਾ ਜੁੜਵਾਂ 'ਟੋਡੀ ਭੈਰਵੀ' ਰਾਗ ਹੈ, ਇਸ ਵਿਚ ਦੇਖਣ ਵਾਲੀਆਂ ਗੱਲਾਂ ਇਹ ਹਨ:-

(੧) 'ਟੋਡੀ ਭੈਰਵੀ' ਇਹ ਨਾਮ ਤਾਨਸੈਨ ਨੇ ਦਿਤਾ ਹੈ, ਉਸ ਤੋਂ ਪਹਿਲੇ ਦੇ ਗ੍ਰੰਥਾਂ ਵਿਚ ਇਹ ਨਾਮ ਨਹੀਂ।
(੨) ਇਸ ਵਿਚ ਟੋਡੀ ਅਤੇ ਭੈਰਵੀ ਮਿਲੇ ਹੋਏ ਹਨ।
(੩) ਟੋਡੀ ਅਤੇ ਭੈਰਵੀ ਦਾ ਮਿਲਵਾਂ ਰਾਗ ਬਨਾਉਣ ਲਈ ਹੋਰ ਵੀ ਕਈ ਰਾਗ ਵਿੱਚ ਪਾਉਣੇ ਪਏ:- ਲਲਿਤ, ਧਨਾਸਰੀ, ਧਵਲ ਆਦਿਕ।

---

* ਮੈਂ ਸੰਖੇਪਤਾ ਦੀ ਖਾਤਰ ਲਫਜ਼ 'ਰਾਗ' ਵਰਤ ਰਿਹਾ ਹਾਂ, ਜਿਸ ਤੋਂ ਮੁਰਾਦ ਪ੍ਰਸੰਗ ਅਨੁਸਾਰ ਰਾਗ, ਰਾਗ ਪੁੱਤਰ, ਰਾਗ ਇਸਤ੍ਰੀ ਆਦਿਕ ਵੀ ਹੈ।


www.sikhbookclub.com

ਏਸੇ ਤਰ੍ਹਾਂ ਦਾ ਜੁੜਵਾਂ ਰਾਗ ਮਧੁ ਮਾਧਵ ਹੈ ਜਿਸ ਦਾ ਲੱਛਣ ਤਾਨਸੈਨ ਦੀ ਰਾਗਮਾਲਾ, ਦੋਹਾ ੨੮੭ ਵਿਚ ਦਿਤਾ ਹੈ।

ਕੀ ਜਿਸ ਤਰ੍ਹਾਂ ਟੋਡੀ ਭੈਰਵੀ ਜੁੜ ਗਏ ਹਨ ਉਸ ਤਰ੍ਹਾਂ 'ਕਾਨ੍ਹੜਾ' 'ਕਲਜਾਨ' ਵੀ ਜੁੜ ਸਕਦੇ ਹਨ? ਤਾਨਸੈਨ ਵਿਚ ਏਸ ਤਰ੍ਹਾਂ ਜੋੜਨ ਦੀ ਤਰਤੀਬ ਲਿਖੀ ਹੈ:-

*ਕਾਦਾਰੋ 'ਕਲਜਾਨ' ਮਿਲਿ 'ਕਾਨਰ' ਜੈ ਸ੍ਰੀ ਸਜਾਮ॥*
*ਮੰਗਲਾਸ਼ਟਕ ਨਾਮ ਇਹ ਗਾਯੋ ਗਿਰਪਤਿ ਨਾਮ॥੨੭੦॥*

ਇਸ ਤੋਂ ਸਪਸ਼ਟ ਹੈ ਕਿ ਕਾਨੜੇ ਅਤੇ ਕਲਜਾਨ ਦਾ ਮੇਲ ਕੁਛ ਵੈਸਾ ਹੀ ਹੈ ਜਿਸ ਨੂੰ ਉਹ ਮੰਗਲਾਸ਼ਟਕ ਕਹਿੰਦਾ ਹੈ, ਜੈਸਾ ਟੋਡੀ ਭੈਰਵੀ ਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਵਿਚ ਜੋ ਦੀਪਕ ਦੇ ਪੁਤਰ ਗਿਣੇ ਹਨ ਉਹ ਇਸ ਤਰਤੀਬ ਵਿਚ ਲਿਖੇ ਹਨ।

ਕਾਲੰਕਾ, ਕੁੰਤਲ ਅਤੇ ਰਾਮਾ, ਕਮਲ, ਕੁਸਮ, ਚੰਪਕ, ਗਉਰਾ ਅਤੇ ਕਾਨਰਾ ਕਲ੍ਯਾਨਾ।

ਇਸ ਤਰਤੀਬ ਵਿਚ ਲਿਖੇ ਹੋਏ ਨਾਵਾਂ ਵਿਚੋਂ ਜੇ ਦੋ ਨਾਮ ਸੰਕੇਤ ਹਨ ਇਕ ਜੁੜਵੇਂ ਰਾਗ ਦਾ ਤਾਂ ਉਹ ਜੁੜਵਾਂ ਰਾਗ ਅਸਾਨੀ ਨਾਲ ਇਹ ਹੋ ਸਕਦਾ ਹੈ:-

***ਕਾਲੰਕਾ ਕੁੰਤਲ, ਜਾਂ ਕਮਲ ਕੁਸਮ, ਜਾਂ ਕਾਨਰਾ ਕਲ੍ਯਾਨਾ।***

ਭਾਈ ਕਾਹਨ ਸਿੰਘ ਜੀ ਨੇ ਆਲਮ ਦੀ ਰਾਗਮਾਲਾ ਦੇ ਸੰਬੰਧ ਵਿਚ 'ਕਮਲ ਕੁਸਮ' ਦਾ ਜੋੜਾ ਚੁਣਿਆ। ਉਹਨਾਂ ਨੇ 'ਕਾਲੰਕਾ ਕੁੰਤਲ' ਜਾਂ 'ਕਾਨਰਾ ਕਲਜਾਨ' ਦਾ ਜੁੜਵਾਂ ਰਾਗ ਕਿਉਂ ਨਾ ਚੁਣਿਆਂ? ਇਸ ਦਾ ਉੱਤਰ ਉਹੋ ਹੀ ਦੇ ਸਕਦੇ ਸਨ ਜਾਂ ਹੁਣ ਉਹ ਸੰਗੀਤ ਆਚਾਰਯ ਦੇ ਸਕਦੇ ਹਨ ਜਿਨ੍ਹਾਂ ਨੂੰ ਜੁੜਵੇਂ ਰਾਗਾਂ ਦੀਆਂ ਪਾਰਿਭਾਸ਼ਕ (Technical) ਤਰਕੀਬਾਂ ਮਾਲੂਮ ਹਨ। ਪਰ ਜੇ ਭਾਈ ਕਾਹਨ ਸਿੰਘ ਜੀ 'ਕਮਲ ਕੁਸਮ' ਨੂੰ ਜੋੜਨ ਦੀ ਬਜਾਏ 'ਕਾਨਰਾ ਕਲਜਾਨ' ਦਾ ਜੋੜਾ ਲੈ ਲੈਂਦੇ ਤਾਂ ਇਹ ਉਹੋ ਤਰੀਕਾ ਹੋਣਾ ਸੀ ਜਿਸ ਦਵਾਰਾ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਛਪੇ ਗੁਰੂ ਗ੍ਰੰਥ ਕੋਸ਼ ਦੀ ਅੰਤਕਾ ਵਿਚ ਰਾਗਮਾਲਾ ਦੇ ਨਕਸ਼ੇ ਵਿਚ ਦੀਪਕ ਦੇ ਅੱਠ ਪੁਤਰ ਗਿਣੇ ਹਨ।

ਮੇਰਾ ਮਤਲਬ ਇਹ ਹੈ ਕਿ ਜੇ ਭਾਈ ਕਾਹਨ ਸਿੰਘ ਜੀ ਬਜਾਏ ਕਮਲ ਅਤੇ ਕੁਸਮ ਨੂੰ ਜੋੜਨ ਦੇ ਕਾਨੜਾ ਅਤੇ ਕਲਜਾਨ ਜੋੜ ਦੇਂਦੇ ਤਦ ਵੀ ਗਿਣਤੀ ਅੱਠ ਹੀ ਹੋ ਜਾਣੀ ਸੀ। ਇਹ ਤ੍ਰੀਕਾ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਛਪੇ ਸ੍ਰੀ ਗੁਰੂ ਗ੍ਰੰਥ ਕੋਸ਼ ਦੀ ਅੰਤਕਾ ਵਿਚ ਵਰਤਿਆ ਗਿਆ ਹੈ ਜਿਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਰਾਗਮਾਲਾ ਮੁਤਾਬਕ ਦੀਪਕ ਰਾਗ ਦੇ ਅੱਠ ਪੁਤਰ ਦਰਸਾਏ ਗਏ ਹਨ।

ਆਇਆ 'ਕਮਲ' ਅਤੇ 'ਕੁਸਮ' ਜੁੜ ਸਕਦੇ ਹਨ ਤੇ ਜੇ ਜੁੜ ਸਕਦੇ ਹਨ ਤਾਂ ਉਹਨਾਂ ਵਿਚ ਹੋਰ ਕਿਹੜੇ ਰਾਗਾਂ ਦੀ ਅੰਸ਼ ਮਿਲਾਉਣੀ ਪਵੇਗੀ? ਏਸ ਗੱਲ ਦਾ ਸਾਡੇ ਪਾਸ ਨਾ ਕੋਈ ਸਿੱਧਾਂਤ ਹੈ ਨਾ ਵਿਸਤਾਰ ਤੇ ਨਾ ਹੀ ਏਸ ਗੱਲ ਦੀ ਕਿਸੇ ਕਿਸਮ ਦੀ ਵਿਆਖਿਆ ਜਾਂ ਕਿਸੇ ਪ੍ਰਕਾਰ ਦੇ ਹਵਾਲੇ ਪੇਸ਼ ਕੀਤੇ ਗਏ ਹਨ ਉਹਨਾਂ ਵਲੋਂ ਜੋ ਆਲਮ ਦੀਆਂ ਗਿਣਤੀਆਂ ਨੂੰ ਦਰੁਸਤ ਮੰਨਦੇ ਹਨ। ਕਾਨੜੇ ਅਤੇ ਕਲਜਾਨ ਦੀ ਮਿਲਾਵਟ ਦੇ ਕਈ ਪ੍ਰਮਾਣ ਹਨ ਤੇ ਉਹ ਵਿਸਤਾਰ ਭੀ ਹੈ ਜਿਸ ਦਵਾਰਾ ਕਿਸੇ ਹੋਰ ਰਾਗ ਅੰਸ਼ ਦੇ ਵਿਚ ਪੈਣ ਨਾਲ ਇਨ੍ਹਾਂ ਦਾ ਮੇਲ ਸੰਪੂਰਣ ਹੋ ਜਾਂਦਾ ਹੈ।

ਪਰ ਇਕ ਗਲ ਸਪਸ਼ਟ ਹੈ ਕਿ ਰਾਗਾਂ ਦੇ ਜੁੜਵੇਂ ਨਾਮ ਦੇ ਅਸੂਲ ਨੂੰ ਜੇ ਗ੍ਰਹਿਣ ਨਾ ਕੀਤਾ ਜਾਵੇ ਤਾਂ ਅਨੇਕਾਂ ਹੀ ਰਾਗਮਾਲਾ ਗਿਣਤੀ ਦੇ ਲਿਹਾਜ਼ ਨਾਲ ਗ਼ਲਤ ਹੋ ਜਾਣਗੀਆਂ। ਪੰਜ ਅਗਸਤ ੧੯੪੫ ਦੇ ਅਕਾਲੀ ਵਿਚ ਪ੍ਰਕਾਸ਼ਤ ਕੀਤੀ ਗਈ ਖੇਮ ਕਰਣ ਦੀ ਰਾਗਮਾਲਾ ਪਬਲਿਕ ਦੇ ਸਾਹਮਣੇ ਆ ਚੁਕੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗ ਪੁਤਰਾਂ ਦੀ ਗਿਣਤੀ ਉਪਰ ਇਤਰਾਜ਼ ਕਰਨ ਵਾਲਿਆਂ ਹੀ ਖੇਮ ਕਰਣ ਦੀ ਰਾਗਮਾਲਾ ਦੇ ਸ਼ੁਧ ਹੋਣ ਦੀ ਸੂਚਨਾ ਦਿਤੀ ਹੈ।

ਖੇਮ ਕਰਣ ਦੀ ਰਾਗਮਾਲਾ ਵਿਚ ਸ੍ਰੀ ਰਾਗ ਦੇ ਪੁਤਰ ਇਹ ਗਿਣੇ ਹਨ:-

ਸਿੰਧੂ, ਮਾਲਵ, ਗੌਡ, ਗੰਭੀਰ, ਗੁਣ ਸਾਗਰ, ਵਿਗਾਡ, ਕੁੰਭ, ਕਲਜਾਣ, ਤੋਗਾਡ (ਭਗਾਡ) ਇਹ ਗਿਣਤੀ ਫੇਰ ਨੌਂ ਬਣਦੀ ਹੈ। ਖੇਮ ਕਰਣ ਦੀ ਰਾਗਮਾਲਾ ਵਿਚ ਜਦ ਬਾਕੀ ਰਾਗਾਂ ਦੇ ਠੀਕ ਅਠ ਅਠ ਪੁਤ੍ਰ ਨਿਕਲਦੇ ਹਨ ਤਾਂ ਸ੍ਰੀ ਰਾਗ ਦੇ ਕਿਉਂ ੯ ਹੋ ਗਏ?

ਖੇਮ ਕਰਣ ਦੀ ਰਾਗਮਾਲਾ ਵਿਚ ਪੁਤਰਾਂ ਨੂੰ ਛੱਡਕੇ ਇਕ ਥਾਂਵੇਂ ਇਸਤ੍ਰੀ ਵੀ ਵੱਧ ਗਿਣੀ ਹੈ। ਹੋਰ ਸਾਰੇ ਰਾਗਾਂ ਦੀਆਂ ਖੇਮ ਕਰਣ ਨੇ ਪੰਜ ਪੰਜ ਇਸਤ੍ਰੀਆਂ ਗਿਣੀਆਂ ਹਨ ਪਰ ਸ੍ਰੀ ਰਾਗ ਦੇ ਵੇਲੇ ਗਿਣਤੀ ਛੇ ਦੀ ਹੋ ਗਈ ਹੈ ਜੋ ਇਹ ਹੈ-ਵੈਰਾੜੀ, ਕਰਣਾਟੀ, ਗੌਡਿ, ਸਾਵੇਰੀ, ਰਾਮਗਿਰੀ, ਸੈਂਧਵੀ[੧]।

ਅਜ ਕਲ ਦੀ ਪ੍ਰਚਲਤ ਗਿਣਤੀ ਦੇ ਮੂਜਬ ਸ੍ਰੀ ਰਾਗ ਦੀਆਂ ਰਾਗਣੀਆਂ ਦੇ ਨਾਮ ਇਹ ਹਨ-੧. ਧਨਾਸਰੀ, ੨. ਆਸਾਵਰੀ, ੩. ਮਾਰਵਾ(ਮਾਰੂ), ੪. ਬਸੰਤ, ੫. ਮਾਲਸ੍ਰੀ[੨]।

ਕੋਈ ਵੀ ਰਾਗਮਾਲਾ ਗਿਣਤੀ ਦੇ ਹਿਸਾਬ ਸ਼ੁਧ ਨਹੀਂ ਬੈਠੇਗੀ ਜਿਤਨਾ ਚਿਰ ਰਾਗਮਾਲਾ ਦੇ ਲੇਖਕ ਦਾ ਆਸ਼ਾ, ਜੋ ਉਸਨੇ ਸੰਯੁਕਤ ਨਾਮ ਦੇ ਭੇਦ ਵਿਚ ਰਖਿਆ ਹੈ ਨਾ ਸਮਝਿਆ ਜਾਵੇ। ਖੇਮ ਕਰਣ ਵਿਚ ਸ੍ਰੀ ਰਾਗ ਦੇ ਪੁਤ੍ਰ ਹੇਠ ਨੌਂ ਨਾਮ ਹੋਣੇ ਤੇ ਸ੍ਰੀ ਰਾਗ ਦੀਆਂ ਇਸਤ੍ਰੀਆਂ ਦੀ ਗਿਣਤੀ ਹੇਠ ਛੇ ਨਾਮ ਹੋਣੇ, ਇਹਨਾਂ ਜ਼ਾਹਿਰਾਂ ਮੁਸ਼ਕਲਾਂ ਦਾ ਹੱਲ ਵੀ ਉਸੇ ਸੰਯੁਕਤ ਨਾਮ ਦੀ ਕੁੰਜੀ ਵਿਚ ਹੈ ਜੋ ਭਾਈ ਕਾਹਨ ਸਿੰਘ ਨੇ ਆਲਮ ਲਈ ਵਰਤੀ ਅਤੇ ਖਾਲਸਾ ਟ੍ਰੈਕਟ ਸੁਸਾਇਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਮਾਲਾ ਲਈ ਵਰਤੀ।

---

੧. ਦੇਖੋ ਅਕਾਲੀ ੫-੮-੪੫।

੨. ਦੇਖੋ ਸੰਗੀਤ ਪ੍ਰਕਾਸ਼, ਸ੍ਰੀ ਗੁਰਦੇਵ ਨਾਰਾਯਨ ਸਿਨਹਾ ਸਫਾ ੧੦੩ ਤੋਂ।